ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

Nawi Dunia

Free



13 ਅਪ੍ਰੈਲ - 1699 ਈ. ਨੂੰ
ਖਾਲਸਾ ਪੰਥ ਦੀ ਸਾਜਨਾ

ਸਾਲ: 1 ਅੰਕ: 4 Phone: 780 465 9118, 403 775 2100 Fax: 780 465 0661, e-mail: info@nawidunia.com ਅਪ੍ਰੈਲ 2010


ਡਾ. ਜਗਤਾਰ ਨਾਲ ਗੱਲਾਂ — ਸਫ਼ਾ 11 'ਤੇ



ਰਾਮ ਸਰੂਪ ਅਣਖੀ ਨਾਲ ਮੁਲਾਕਾਤ — ਸਫ਼ਾ 15 'ਤੇ



ਮੇਰੇ ਹਸਪਤਾਲ ਦਾ ਆਊਟਡੋਰ -ਉਰਫ਼ 9/11 — ਸਫ਼ਾ 27 'ਤੇ



ਇਕ ਹੋਰ ਅਸਲੀ ਇਨਸਾਨ ਦੀ ਕਹਾਣੀ — ਸਫ਼ਾ 36 'ਤੇ



ਪੰਜਾਬ ਦੱਸ ਰਿਹਾ ਹੈ ਮੀਡੀਆ ਦਾ ਭਵਿੱਖ — ਸਫ਼ਾ 38 'ਤੇ




## 1984– ਕੇਂਦਰੀ ਮੰਤਰੀ ਕਮਲਨਾਥ ਨੂੰ ਅਮਰੀਕੀ ਕੋਰਟ ਦਾ ਸੰਮਨ

**ਨਿਊਯਾਰਕ-ਨ ਦ ਬਿਊਰੋ :** 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਵਿਚ ਅਮਰੀਕਾ ਦੀ ਇਕ ਸੰਘੀ ਅਦਾਲਤ ਨੇ ਭਾਰਤ ਦੇ ਸੜਕ ਆਵਾਜਾਈ ਤੇ ਰਾਜ ਮਾਰਗ ਮੰਤਰੀ ਕਮਲਨਾਥ ਦੇ ਨਾਂ ਸੰਮਨ ਜਾਰੀ ਕੀਤਾ ਹੈ। ਅਮਰੀਕਾ ਵਿਚ 'ਸਿੱਖ ਫਾਰ ਜਸਟਿਸ' ਨਾਂਅ ਦੀ ਜਥੇਬੰਦੀ ਨੇ ਕਤਲੇਆਮ ਵਿਚ ਕਮਲਨਾਥ ਦੀ ਕਥਿਤ ਸ਼ਮੂਲੀਅਤ ਨੂੰ ਲੈ ਕੇ ਕੇਸ ਦਰਜ ਕੀਤਾ ਸੀ। 'ਏਲੀਅਨ ਟਾਟਰਸ ਕਲੇਮਜ਼ ਐਕਟ' ਤਹਿਤ ਦਰਜ ਇਸ ਕੇਸ ਵਿਚ ਪਟੀਸ਼ਨਕਰਤਾ ਨੇ ਕਮਲਨਾਥ ਤੋਂ ਮੁਆਵਜੇ ਅਤੇ ਉਨ੍ਹਾਂ ਨੂੰ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ ਹੈ। ਮਨੁੱਖਤਾ ਖਿਲਾਫ਼ ਅਪਰਾਧ ਅਤੇ ਗਲਤ ਉਦੇਸ਼ ਨਾਲ ਹੱਤਿਆ ਸਮੇਤ ਉਨ੍ਹਾਂ 'ਤੇ ਕਈ ਦੋਸ਼ ਲਾਏ ਗਏ ਹਨ।

ਕਮਲਨਾਥ ਇਨ੍ਹੀਂ ਦਿਨੀਂ ਅਮਰੀਕਾ ਵਿਚ ਹੈ। ਮੰਤਰੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਹੈਰਾਨੀ ਹੈ ਕਿ ਦੰਗਿਆਂ ਦੇ 25 ਸਾਲ ਬਾਅਦ ਇਹ ਕੇਸ ਦਰਜ ਹੋਇਆ ਹੈ। ਉਨ੍ਹਾਂ ਕਿਹਾ, 'ਮੇਰੇ ਕੋਲ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਮੈਨੂੰ ਇਸ ਦੀ ਪ੍ਰਮਾਣਿਕਤਾ ਅਤੇ ਜਾਇਜ਼ਤਾ ਬਾਰੇ ਵੀ ਪਤਾ ਨਹੀਂ ਹੈ।' ਉਨ੍ਹਾਂ ਨੇ 21 ਦਿਨ ਵਿਚ ਸੰਮਨ ਦਾ ਜਵਾਬ ਦੇਣਾ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਇਹ ਦੋਸ਼ ਦੰਗਿਆਂ ਦੇ ਦੋ ਦਹਾਕੇ ਬਾਅਦ ਕਿਉਂ ਸਾਹਮਣੇ ਆਏ ਹਨ ਅਤੇ ਉਹ ਵੀ ਵਿਦੇਸ਼ੀ ਜ਼ਮੀਨ 'ਤੇ। ਕਮਲਨਾਥ ਨੇ ਕਿਹਾ, 'ਪਿਛਲੇ 25 ਸਾਲ ਮੈਂ ਇਸ ਮਾਮਲੇ ਵਿਚ ਸ਼ਾਮਲ ਨਹੀਂ ਸੀ। 2010 ਵਿਚ ਮੈਂ ਅਚਾਨਕ ਇਸ ਵਿਚ ਸ਼ਾਮਲ ਹੋ ਗਿਆ। ਨਿਊਯਾਰਕ ਦੇ ਸੰਗਠਨ 'ਸਿੱਖਜ਼ ਫਾਰ ਜਸਟਿਸ' ਵੱਲੋਂ ਜਸਬੀਰ ਸਿੰਘ ਅਤੇ ਮਹਿੰਦਰ ਸਿੰਘ ਨੇ ਇਹ ਮਾਮਲਾ ਦਰਜ ਕਰਾਇਆ ਹੈ। ਉਨ੍ਹਾਂ ਦੇ ਐਟਾਰਨੀ ਗੁਰਪਤਵੰਤ ਪੰਨੂ ਨੇ ਦਾਅਵਾ ਕੀਤਾ ਹੈ ਕਿ ਜਸਬੀਰ ਨੇ ਕਤਲੇਆਮ ਵਿਚ ਆਪਣੇ ਪਰਿਵਾਰ ਦੇ 24 ਮੈਂਬਰ ਗੁਆਏ ਹਨ।

## 17 ਭਾਰਤੀਆਂ ਨੂੰ ਬਚਾਉਣ ਲਈ ਸ਼ਾਰਜਾਹ ਵਿਚ ਅਪੀਲ ਦਾਇਰ

**ਚੰਡੀਗੜ੍ਹ-ਨ ਦ ਬਿਊਰੋ :** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਮੌਤ ਦੀ ਸਜ਼ਾ ਪਾਉਣ ਵਾਲੇ 17 ਭਾਰਤੀ ਨੌਜਵਾਨਾਂ ਨੂੰ ਬਚਾਉਣ ਲਈ ਭਾਰਤ ਸਰਕਾਰ ਨੇ ਸ਼ਾਰਜਾਹ ਦੀ ਉਪਰਲੀ ਅਦਾਲਤ ਵਿਚ ਅਪੀਲ ਦਾਇਰ ਕੀਤੀ ਹੈ। ਕੇਂਦਰ ਸਰਕਾਰ ਨੇ ਇਹ ਜਾਣਕਾਰੀ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦੇ ਦਿੱਤੀ ਹੈ। ਸ੍ਰੀ ਬਾਦਲ ਨੇ ਬੀਤੇ ਦਿਨੀਂ ਇਸ ਸਬੰਧ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕੀਤੀ ਸੀ। ਜਿਸ ਵਿਚ ਉਨ੍ਹਾਂ ਨੇ ਸੰਕਟ ਵਿਚ ਫਸੇ ਭਾਰਤੀ ਨੌਜਵਾਨਾਂ ਨੂੰ ਹਰ ਸੰਭਵ ਕਾਨੂੰਨੀ ਸਹਾਇਤਾ ਤੁਰੰਤ ਮੁਹੱਈਆ ਕਰਾਉਣ ਲਈ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਸੀ।

## ਵਿਸਾਖੀ ਦੀਆਂ ਮੁਬਾਰਕਾਂ

*"ਨਵੀ ਦੁਨੀਆ" ਦੀ ਪ੍ਰਬੰਧਕੀ ਟੀਮ ਵਲੋਂ ਸਮੂਹ ਜਗਤ ਨੂੰ ਵਿਸਾਖੀ ਦੇ ਮੌਕੇ ਤੇ ਬਹੁਤ ਬਹੁਤ ਮੁਬਾਰਕਾਂ!!!*

*ਜਿੱਥੇ ਅਦਾਰਾ "ਨਵੀ ਦੁਨੀਆ" ਇਸ ਮੌਕੇ ਆਪਣੇ ਸਹਿਯੋਗੀਆਂ ਅਤੇ ਪਾਠਕਾਂ ਵਲੋਂ ਮਿਲੇ ਹੁੰਗਾਰੇ ਲਈ ਵਿਸ਼ੇਸ਼ ਧੰਨਵਾਦ ਕਰਦਾ ਹੈ ਉਥੇ ਹੀ ਆਉਣ ਵਾਲੇ ਸਮੇਂ 'ਚ ਵੀ ਸਹਿਯੋਗ ਪ੍ਰਤੀ ਆਸਵੰਦ ਹੈ। ਆਓ ਰਲ ਮਿਲ ਕੇ ਇਕ ਬਿਹਤਰ ਸਮਾਜ ਸਿਰਜਣ ਵੱਲ ਕਦਮ ਵਧਾਈਏ।*

## 58 ਦਲਿਤਾਂ ਦੇ ਕਤਲ ਕਾਂਡ ਵਿਚ 16 ਨੂੰ ਸਜ਼ਾ-ਏ-ਮੌਤ

ਪਟਨਾ (ਕ੍ਰਾਂਤੀ ਕੁਮਾਰ) ਲਖਸ਼ਮਨਪੁਰ ਬਾਥੇ ਵਿਚ 58 ਦਲਿਤਾਂ ਦੀ ਹੱਤਿਆ ਦੇ ਮਾਮਲੇ ਵਿਚ 12 ਸਾਲਾਂ ਬਾਅਦ ਪਟਨਾ ਸਿਵਲ ਕੋਰਟ ਨੇ ਆਪਣਾ ਇਤਿਹਾਸਕ ਫੈਸਲਾ ਸੁਣਾਇਆ। ਕੁਲ 26 ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਇਨ੍ਹਾਂ ਵਿਚ 16 ਦੋਸ਼ੀਆਂ ਨੂੰ ਸਜ਼ਾ-ਏ-ਮੌਤ ਮਿਲੀ, ਜਦਕਿ 10 ਨੂੰ ਸਖ਼ਤ ਉਮਰ ਕੈਦ ਦੀ ਸਜ਼ਾ ਮਿਲੀ। ਸਾਰੇ ਦੋਸ਼ੀਆਂ ਨੂੰ ਕੁਲ 13 ਲੱਖ ਰੁਪਏ ਜ਼ੁਰਮਾਨਾ ਵੀ ਲਾਇਆ ਗਿਆ ਹੈ। ਭੋਜਪੁਰ ਦੇ 19 ਦੋਸ਼ੀਆਂ ਨੂੰ ਸਬੂਤਾਂ ਦੀ ਘਾਟ ਵਿਚ ਕੋਰਟ ਨੇ ਬਰੀ ਕਰ ਦਿੱਤਾ ਹੈ। ਪਹਿਲੀ ਦਸੰਬਰ 1997 ਨੂੰ ਅਰਵਲ ਜ਼ਿਲੇ ਦੇ ਲਕਸ਼ਮਨਪੁਰ ਬਾਥੇ ਪਿੰਡ ਵਿਚ ਰਣਵੀਰ ਸੈਨਾ ਨੇ ਜਾਤੀ ਵਿਵਾਦ ਨੂੰ ਲੈ ਕੇ 58 ਦਲਿਤਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ।

## ਜੰਗੀ ਅਭਿਆਸ ਵਿਚ ਚੰਡੀਗੜ੍ਹ ਦੇ ਅਫਸਰ ਦੀ ਮੌਤ

**ਚੰਡੀਗੜ੍ਹ-ਨ ਦ ਬਿਊਰੋ :** ਰਾਜਸਥਾਨ ਵਿਚ ਸਰਹੱਦ ਉਪਰ ਚੱਲ ਰਹੇ ਜੰਗੀ ਅਭਿਆਸ ਦੌਰਾਨ ਚੰਡੀਗੜ੍ਹ ਦੇ ਲੈਫਟੀਨੈਂਟ ਨਿਸ਼ਾਂਤ ਕਰੋਲ ਦੀ ਮੌਤ ਹੋ ਗਈ। ਰੱਖਿਆ ਮੰਤਰਾਲੇ ਦੇ ਬੁਲਾਰੇ ਦਾ ਕਹਿਣਾ ਹੈ ਕਿ 23 ਸਾਲਾ ਲੈਫਟੀਨੈਂਟ ਨਿਸ਼ਾਂਤ ਕਰੋਲ ਯੁੱਧ ਅਭਿਆਸ ਵਿਚ ਇਕ ਟੈਂਕ ਦੀ ਅਗਵਾਈ ਕਰ ਰਹੇ ਸਨ ਕਿ ਉਹ ਖੱਡ ਵਿਚ ਜਾ ਡਿੱਗੇ।

ਹਾਲਾਂਕਿ, ਪਰਿਵਾਰ ਦੇ ਮੈਂਬਰਾਂ ਨੂੰ ਫੌਜ ਦੀ ਗੱਲ 'ਤੇ ਭਰੋਸਾ ਨਹੀਂ ਹੋ ਰਿਹਾ ਹੈ। ਫੌਜ ਦੀ ਸਦਰਨ ਵੈਸਟਰਨ ਕਮਾਨ ਨੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ।

## ਕਰਜ਼ਈ ਨੇ ਦਿੱਤੀ ਤਾਲਿਬਾਨ ਵਿਚ ਸ਼ਾਮਲ ਹੋਣ ਦੀ ਧਮਕੀ

**ਕਾਬੁਲ-ਵਾਸ਼ਿੰਗਟਨ – ਨ ਦ ਬਿਊਰੋ :** ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਧਮਕੀ ਦਿੱਤੀ ਹੈ ਕਿ ਜੇਕਰ ਸੁਧਾਰਾਂ ਨੂੰ ਲੈ ਕੇ ਲਗਾਤਾਰ 'ਬਾਹਰੀ ਦਬਾਅ' ਪੈਂਦਾ ਰਿਹਾ ਤਾਂ ਉਹ ਤਾਲਿਬਾਨ ਵਿਚ ਸ਼ਾਮਲ ਹੋ ਜਾਣਗੇ। ਵੈਬਸਾਈਟ 'ਚਾਈਨਾ ਡੇਲੀ' ਮੁਤਾਬਕ ਕਰਜ਼ਈ ਨੇ ਚੋਣਵੇਂ ਸੰਸਦ ਮੈਂਬਰਾਂ ਨਾਲ ਕੀਤੀ ਮੀਟਿੰਗ ਦੌਰਾਨ ਇਹ ਚਿਤਾਵਨੀ ਦਿੱਤੀ। ਇਸ ਤੋਂ ਇਕ ਦਿਨ ਪਹਿਲਾਂ ਇਸ ਤਰ੍ਹਾਂ ਦੀਆਂ ਖ਼ਬਰਾਂ ਆਈਆਂ ਸਨ ਕਿ 2009 ਦੀਆਂ ਆਮ ਚੋਣਾਂ ਵਿਚ ਹੇਰਾ ਫੇਰੀ ਦੇ ਪਿੱਛੇ ਵਿਦੇਸ਼ੀ ਤਾਕਤਾਂ ਦਾ ਹੱਥ ਸੀ ਜਿਸ ਨਾਲ ਇਕ ਕੂਟਨੀਤਕ ਬਹਿਸ ਛਿੜ ਗਈ ਸੀ।



ਪੂਰਬੀ ਪ੍ਰਾਂਤ ਨਾਂਗਰਹਾਰ ਦੀ ਅਗਵਾਈ ਕਰਨ ਵਾਲੇ ਫਾਰੂਕ ਮਾਰੇਨਈ ਨੇ ਦਸਿਆ, 'ਕਰਜ਼ਈ ਨੇ ਕਿਹਾ ਹੈ ਕਿ ਜੇਕਰ ਵਿਦੇਸ਼ੀ ਦਬਾਅ ਵਧਦਾ ਰਿਹਾ ਤਾਂ ਮੈਂ ਤਾਲਿਬਾਨ ਵਿਚ ਸ਼ਾਮਲ ਹੋ ਸਕਦਾ ਹਾਂ।' ਮਾਰੇਨਈ ਮੁਤਾਬਕ ਕਰਜ਼ਈ ਇਸ ਗੱਲ ਨੂੰ ਲੈ ਕੇ ਕਾਫੀ ਨਿਰਾਸ਼ ਦਿਖਾਈ ਦਿੱਤੇ ਕਿ ਉਨ੍ਹਾਂ ਦੇ ਕਾਨੂੰਨੀ ਸੁਧਾਰਾਂ ਨੂੰ ਸੰਸਦ ਵਿਚ ਅਸਵੀਕਾਰ ਕਰ ਦਿੱਤਾ ਗਿਆ, ਜਿਸ ਨਾਲ ਰਾਸ਼ਟਰਪਤੀ ਦੇ ਅਧਿਕਾਰਾਂ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕਦਾ ਸੀ। ਦੋ ਹੋਰ ਸੰਸਦ ਮੈਂਬਰਾਂ ਅਨੁਸਾਰ ਕਰਜ਼ਈ ਨੇ ਤਾਲਿਬਾਨ ਵਿਚ ਸ਼ਾਮਲ ਹੋਣ ਦੀ ਗੱਲ ਦੋ ਵਾਰ ਕਹੀ। ਨਾਮ ਨਾ ਦੱਸਣ ਦੀ ਸ਼ਰਤ 'ਤੇ ਇਨ੍ਹਾਂ ਸੰਸਦ ਮੈਂਬਰਾਂ ਨੇ ਕਿਹਾ ਕਿ ਕਰਜ਼ਈ ਨੇ ਇਸ ਪ੍ਰਤੀਕਿਰਿਆ ਨਾਲ ਅਮਰੀਕਾ ਨਾਲ ਸਬੰਧਾਂ ਦੇ ਪ੍ਰਭਾਵਤ ਹੋਣ ਦੇ ਖਦਸ਼ਿਆਂ ਨੂੰ ਖਾਰਜ ਕਰ ਦਿੱਤਾ। ਓਧਰ, ਅਫਗਾਨ ਰਾਸ਼ਟਰਪਤੀ ਹਾਮਿਦ ਕਰਜ਼ਈ ਦੀ ਅਮਰੀਕਾ ਵਿਰੋਧੀ ਟਿੱਪਣੀ 'ਤੇ ਚਿੰਤਾ ਪ੍ਰਗਟਾਉਂਦਿਆਂ ਓਬਾਮਾ ਪ੍ਰਸ਼ਾਸਨ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਇਸ ਨੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਜਨਤਕ ਮਾਮਲਿਆਂ ਦੇ ਸਹਾਇਕ ਵਿਦੇਸ਼ ਮੰਤਰੀ ਪੀ.ਜੇ. ਕ੍ਰਾਉਲੇ ਨੇ ਕਿਹਾ, 'ਕਰਜ਼ਈ ਦੀ ਟਿੱਪਣੀ ਸੋਚਣ ਲਈ ਮਜਬੂਰ ਕਰਦੀ ਹੈ।'

ਇਸੇ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਅਫਗਾਨੀ ਰਾਸ਼ਟਰਪਤੀ ਦੇ ਪੱਛਮ ਵਿਰੁੱਧ ਬਿਆਨ ਨੂੰ ਪੂਰੀ ਤਰ੍ਹਾਂ ਨਾ-ਮੰਨਣਯੋਗ ਕਰਾਰ ਦਿੰਦਿਆਂ ਕਿਹਾ ਹੈ ਕਿ ਕੈਨੇਡਾ ਦੇ ਵਸਨੀਕ, ਅਫਗਾਨੀਆਂ ਦੀ ਰਾਖੀ ਲਈ ਤਾਲੀਬਾਨਾਂ ਨਾਲ ਲੜ ਰਹੇ ਹਨ।

ਬਰਤਾਨੀਆ ਦੇ ਵਿਦੇਸ਼ ਸਕੱਤਰ ਡੈਵਿਡ ਮਿਲੀਬੈਂਡ ਨੇ ਅਫਗਾਨਿਸਤਾਨ ਵਿਚ ਆਮਨ ਬਹਾਲੀ ਲਈ 2-5 ਸਾਲ ਦੀ ਨੀਤੀ ਦੀ ਪੇਸ਼ਕਸ਼ ਕੀਤੀ ਹੈ। ਦੂਜੇ ਪਾਸੇ ਜਰਮਨ ਦੇ ਰੱਖਿਆ ਮੰਤਰੀ ਨੇ ਅਫਗਾਨਿਸਤਾਨ ਵਿਚ ਜੰਗ ਜਾਰੀ ਰੱਖਣ ਦੀ ਗੱਲ ਕਹੀ।


3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700



JAS LONGOWAL B.A, L.L.B., B.Ed, B.L.S, M.A.
Top Realtor 2007
ਕਿਸੇ ਵੀ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
PROFESSIONAL REALITY GROUP
Always stands for you
Cell: (780) 993•0898
"Its time you hired a professional"
# 101, 6005 Gateway Blvd. Edmonton, AB T6H 2H3
Associate Realtor
Bus:(780) 439-9818



For All Your Real Estate Needs & Best Services Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237



Sarbjeet Dodd REALTOR®
Contact For Buying & Selling of Residential & Commercial Property any where in Alberta
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902



LUTHRA LAW OFFICE
Sarjan Luthra, B.Sc, LL.B, Barrister and Solicitor



Sarjan Luthra
* Corporate Commercial
* Real Estate Transactions
* Immigration Appeals
* ਕੰਪਨੀ ਮਾਮਲੇ
* ਰੀਅਲ ਇਸਟੇਟ
* ਇਮੀਗਰੇਸ਼ਨ ਅਪੀਲ
Services Also in Hindi, Punjabi, Urdu & Arabic
# 10, 3908-97 Street, Edmonton, AB, T6E 6N2
780 466 4660, 780 463 4205 luthralaw@canada.com

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ਼
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
**Call: Shalu Badesha**
**Phone:780-660-3071**



*Sponsor by Canada Life & Access to all Major Insurance Companies in Canada*

GREAT WEST
CHRYSLER DODGE JEEP

**New & Used Vehicles Sales or Leasing**
ਨਵੀਆਂ ਅਤੇ ਪੁਰਾਣੀਆਂ ਗੱਡੀਆਂ ਖਰੀਦਣ ਲਈ ਹਮੇਸ਼ਾ ਯਾਦ ਰੱਖੋ
ਸੇਵਾਵਾਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਉਪਲਬਧ ਹਨ



Toll Free: 1-800-363-4332

ਸੁਰਜੀਤ ਨਾਹਲ

NISSAN • ACURA
HONDA • MITSUBISHI

17817-Stoney Plain Rd, Edmonton AB
780•483•5337
www.greatwestchrysler.com



Surjeet (Sam Nahal)
Cell: 780 951 3814

# EAGLE ROCK GOLF COURSE

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895




50549, Range Road 234
Edmonton, AB

Catering
Wedding
Banquet
Birthday Parties
Ladies Sangeet
Golf Tournaments

# ALPHA Tent Rentals

All Events Big or Small

We are in this Business Since 2001



Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
**Rana Pandher: 780 498 6375**
**Office: 780 490 5354**
www.alphatentrentals.com





# PASH DRIVING SCHOOL LTD.

"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week


Jas Badesha


Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।

**Shalu Badesha 780-660-3071**
**Jas Badesha 780-908-2296**
pashdrivingschool@ymail.com

Eat-In Take-Out

# Shan-E-Punjab Sweets & Restaurant

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
**Business Hours:** 11am-9pm

**Lunch Buffet & Dinner Buffet**

9393-34 Avenue,
Edmonton, AB.

Phone **(780) 434-7373**

Concept, Design and Installation

# Cambridge Windows Mfg. Inc.



ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਕੈਂਬਰਿਜ ਵਿੰਡੋ

**780-436-0111**

7941-Argyll Road Edmonton AB, T6C 4A9

www.cambridgewindow.com
Better Business Bureau ਦੇ ਮੈਂਬਰ

# ਅਲਬਰਟਾ ਸਰਕਾਰ ਨੇ ਤੇਲ ਅਤੇ ਗੈਸ ਦੇ ਰੌਇਲਟੀ ਰੇਟ ਘਟਾਏ

**ਐਡਮਿੰਟਨ–**

ਅਲਬਰਟਾ ਸਰਕਾਰ ਨੇ ਸਾਲ 2007 ਦੌਰਾਨ ਪੇਸ਼ ਕੀਤੇ ਸੁਧਾਰਾਂ ਸਬੰਧੀ ਤਜਵੀਜ਼ 'ਤੇ ਅਮਲ ਕਰਦਿਆਂ ਤੇਲ ਅਤੇ ਗੈਸ ਦੇ ਰੌਇਲਟੀ ਰੇਟਾਂ ਵਿਚ ਵੱਡੀ ਕਟੌਤੀ ਕੀਤੀ ਹੈ। ਇਹਨਾਂ ਨਵੇਂ ਨਿਯਮਾਂ ਦੇ ਚੱਲਦੇ, ਆਉਂਦੇ ਤਿੰਨ ਸਾਲਾਂ ਦੌਰਾਨ ਅਲਬਰਟਾ ਵਾਸੀਆਂ ਨੂੰ 828 ਅਮਰੀਕੀ ਡਾਲਰ ਦੀ ਅਦਾਇਗੀ ਕਰਨੀ ਪਵੇਗੀ। ਸੂਬੇ ਦੀ ਪ੍ਰਧਾਨ ਐਡ ਸਟੈਲਮੈਕ ਨੇ ਇਸ ਨੂੰ ਕੁਦਰਤੀ ਸੌਮਿਆਂ ਨੂੰ ਊਰਜਾ ਵਿਚ ਤਬਦੀਲ ਕਰਨ ਵਾਲੀਆਂ ਕੰਪਨੀਆਂ ਅਤੇ ਇਹਨਾਂ ਸੋਮਿਆਂ ਦੇ ਮਾਲਕਾਂ ਵਿਚਾਲੇ ਅਹਿਮ ਸਮਝੌਤਾ ਕਰਾਰ ਦਿੱਤਾ ਹੈ।

ਪਿਛਲੇ ਵਰ੍ਹੇ ਕੰਪਨੀਆਂ ਨੂੰ ਨਵੇਂ ਕੁਦਰਤੀ ਗੈਸ ਅਤੇ ਤੇਲ ਦੇ ਨਵੇਂ ਖੂਹਾਂ ਦਾ ਕਾਰੋਬਾਰ ਸ਼ੁਰੂ ਕਰਨ ਵਾਸਤੇ ਉਤਪਾਦਨ ਦੇ ਪਹਿਲੇ ਸਾਲ 5 ਫੀਸਦੀ ਰੌਇਲਟੀ ਰੇਟ ਦੇਣ ਦਾ ਫੈਸਲਾ ਲਿਆ ਗਿਆ ਸੀ ਜੋ ਕਿ ਹੁਣ ਸਥਾਈ ਤੌਰ 'ਤੇ ਲਾਗੂ ਕਰ ਦਿੱਤਾ ਜਾਵੇਗਾ।

ਸਰਕਾਰ ਮੁਤਾਬਿਕ ਜਦੋਂ ਤੇਲ ਦੀਆਂ ਕੀਮਤਾਂ ਲੋੜੋਂ ਵੱਧ ਵੱਧਣ ਦੀ ਸਥਿਤੀ ਪੈਦਾ ਹੋਵੇਗੀ ਤਾਂ ਰੌਇਲਟੀ ਰੇਟ 50 ਫੀਸਦੀ ਤੋਂ 40 ਫੀਸਦੀ 'ਤੇ ਲਿਆਂਦੇ ਜਾਣਗੇ ਤੇ ਇਸੇ ਤਰ੍ਹਾਂ ਕੁਦਰਤੀ ਗੈਸ ਦਾ ਰਾਇਲਟੀ ਰੇਟ 50 ਤੋਂ ਘਟਾ ਕੇ 36 ਫੀਸਦੀ ਕਰ ਦਿੱਤਾ ਜਾਵੇਗਾ। ਇਹ ਨਵੇਂ ਰੇਟ ਅਗਲੇ ਸਾਲ ਜਨਵਰੀ ਤੋਂ ਲਾਗੂ ਕਰ ਦਿੱਤੇ ਜਾਣਗੇ।

ਸਰਕਾਰ ਤੇਲ ਦੇ ਉਤਪਾਦਨ ਨੂੰ ਵਧਾਉਣ, ਤਕਨੀਕੀ ਵਿਕਾਸ ਅਤੇ ਨਵੇਂ ਤਰੀਕਿਆਂ ਦੀ ਖੋਜ ਲਈ ਵੀ ਕੰਮ ਕਰ ਰਹੀ ਹੈ। ਸਰਕਾਰ ਦੀ ਪੂਰੀ ਕੋਸ਼ਿਸ਼ ਹੈ ਕਿ ਇਸ ਖੇਤਰ ਵਿਚ ਛੇਤੀ ਤੋਂ ਛੇਤੀ ਵੱਧ ਤੋਂ ਵੱਧ ਵਿਕਾਸ ਹੋ ਸਕੇ ਜਿਸ ਨਾਲ ਅਰਥਚਾਰੇ ਨੂੰ ਨਵਾਂ ਹੁਲਾਰਾ ਮਿਲ ਸਕੇ।

ਜਿਕਰਯੋਗ ਹੈ ਕਿ ਤੇਲ ਅਤੇ ਗੈਸ ਦੇ ਰੌਇਲਟੀ ਰੇਟਾਂ ਦਾ ਮਸਲਾ ਲੰਮੇ ਸਮੇਂ ਤੋਂ ਅਲਬਰਟਾ ਦੀ ਵੱਡੀ ਸਮੱਸਿਆ ਬਣਿਆ ਹੋਇਆ ਹੈ ਤੇ ਇਸੇ ਮਸਲੇ ਦੇ ਆਧਾਰ 'ਤੇ ਹੀ ਸਟੈਲਮੈਕ ਨੇ 2006 ਵਿਚ ਚੋਣਾਂ ਲੜੀਆਂ ਸਨ ਤੇ ਅਪਣੇ ਕੀਤੇ ਵਾਦਿਆਂ ਪੂਰਾ ਨਿਭਾਇਆ ਵੀ ਹੈ।

## ਐਨ. ਡੀ. ਪੀ. ਨੇ ਲਾਇਆ ਦੋਸ਼

# ਰੌਇਲਟੀ ਰੇਟਾਂ ਦੀ ਕਟੌਤੀ ਸਰਕਾਰੀ ਕੂਟਨੀਤਕ ਫੈਸਲਾ

ਨੈਸ਼ਨਲ ਡੈਮੋਕਰੈਟਿਕ ਪਾਰਟੀ ਦੇ ਪ੍ਰਧਾਨ ਬ੍ਰਾਇਨਮੇਸਨ ਨੇ ਸਰਕਾਰ ਦੇ ਰੌਇਲਟੀ ਰੇਟਾਂ ਦੀ ਕਟੌਤੀ ਦੇ ਫੈਸਲੇ 'ਤੇ ਤਿੱਖੀ ਟਿੱਪਣੀ ਕਰਦਿਆਂ ਆਖਿਆ ਕਿ ਇਹ ਇਕ ਰਾਜਨੀਤਕ ਫੈਸਲਾ ਹੈ ਨਾਂ ਕਿ ਸੂਬੇ ਦੀ ਅਰਥਵਿਵਸਥਾ ਦੇ ਸੁਧਾਰ ਵਾਸਤੇ ਲਿਆ ਗਿਆ ਕਦਮ। ਮੇਸਨ ਮੁਤਾਬਿਕ ਸਟੈਨਮੈਕ ਨੇ ਆਖਰਕਾਰ ਸਿਆਸੀ ਦਬਾਅ ਅੱਗੇ ਝੁਕਦਿਆਂ ਇਹ ਫੈਸਲਾ ਲਿਆ ਹੈ। ਬੀਤੇ ਸਾਲਾਂ ਦੌਰਾਨ ਕੁਦਰਤੀ ਗੈਸ ਤੇ ਤੇਲ ਦੀਆਂ ਰੌਇਲਟੀ ਰੇਟ ਦਰਾਂ ਦੇ ਚੱਲਦੇ ਅਲਬਰਟਾ ਇਸ ਖੇਤਰ ਵਿਚ ਅਤੇ ਆਰਥਿਕ ਵਿਕਾਸ ਦੇ ਮਾਮਲੇ ਵਿਚ ਬਾਕੀ ਸੂਬਿਆਂ ਨਾਲੋਂ ਪਛੜ ਗਿਆ।

ਉਧਰ ਰੌਇਲਟੀ ਰੇਟਾਂ ਬਾਰੇ ਮਾਮਲਿਆਂ ਦੇ ਮਾਹਿਰ ਪੈਡਰੋ ਵੈਨ ਮੀਰਸ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਹ ਸਭ ਕੁਝ ਕਰਨ ਦੀ ਕੋਈ ਲੋੜ ਨਹੀਂ ਸੀ! ਜੋ ਲੋਕ ਸਰਕਾਰ ਦੀ ਆਲੋਚਨਾ ਕਰਦੇ ਨੇ, ਉਹਨਾਂ ਨੂੰ ਚਾਹੀਦਾ ਹੈ ਕਿ ਇਕ ਵਾਰੀ ਤ੍ਰੇਟਨ ਵੈਲੀ ਦਾ ਦੌਰਾ ਕਰਨ। ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਦੇਰ ਨਾਲ ਹੀ ਸਹੀ ਸਰਕਾਰ ਨੂੰ ਸਮਝ ਆ ਗਈ ਹੈ ਕਿ ਸਰਕਾਰ ਨੇ ਇਕ ਵੱਡੀ ਬੁਨਿਆਦੀ ਭੁੱਲ ਕੀਤੀ ਜਿਸ ਦਾ ਖ਼ਾਮਿਆਜ਼ਾ ਸੂਬੇ ਦੀ ਆਰਥਿਕਤਾ ਨੇ ਝੱਲਿਆ।

ਉਧਰ ਕੈਨੇਡੀਅਨ ਐਸੋਸੀਏਸ਼ਨ ਔਫ਼ ਪੈਟਰੋਲੀਅਮ ਪ੍ਰੋਡਿਊਸਰਜ਼ ਨੇ ਇਕ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਹਨਾਂ ਮੁਤਾਬਿਕ ਸਰਕਾਰ ਦਾ ਇਹ ਫ਼ੈਸਲਾ ਸਾਰੇ ਸੂਬਾ ਵਾਸੀਆਂ ਨੂੰ ਲਾਭ ਦੇਵੇਗਾ।

# ਐਡਮਿੰਟਨ 'ਚ ਹੈਲਥ ਸਿਸਟਮ ਅਤੇ ਡਾਕਟਰਾਂ ਵਿਰੁੱਧ ਸ਼ਿਕਾਇਤਾਂ ਦੀ ਦਰ ਹੋਈ ਹੋਰ ਉੱਚੀ

ਐਡਮਿੰਟਨ

ਐਡਮਿੰਟਨ ਵਿਖੇ ਬੀਤੇ ਵਰ੍ਹੇ ਡਾਕਟਰਾਂ ਦੀ ਅਣਗੌਲੀ ਵਾਲੇ ਰਵੱਈਏ ਵੇਟਿੰਗ ਟਾਈਮ ਵਿਚ ਹੋਰ ਵਾਧਾ ਵਰਗੇ ਮਸਲਿਆਂ ਨੂੰ ਲੈ ਕੇ ਲੋਕਾਂ ਦੀਆਂ ਸ਼ਿਕਾਇਤਾਂ ਦੀ ਦਰ ਬੀਤੇ ਵਰ੍ਹਿਆਂ ਨਾਲੋਂ ਵੀ ਜ਼ਿਆਦਾ ਦਰਜ ਕੀਤੀ ਗਈ ਹੈ, ਜਿਸ ਪਿੱਛੇ ਹੈਲਥ ਸਿਸਟਮ ਵਿਚਲੀਆਂ ਕਮੀਆਂ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ।

ਕਾਲਜ ਔਫ਼ ਫ਼ਿਜ਼ੀਸ਼ੀਅਨਸ ਅਤੇ ਸਰਜਨਸ ਔਫ਼ ਅਲਬਰਟਾ ਕੋਲ ਪਿਛਲੇ ਸਾਲ ਇਸ ਸਬੰਧੀ 756 ਸ਼ਿਕਾਇਤਾਂ ਆਈਆਂ ਜਦੋਂ ਸਾਲ 2008 ਵਿਚ 550 ਆਈਆਂ ਸਨ।

ਰਜਿਸਟਰਰ ਡਾ. ਟ੍ਰੇਵਰ ਥੀਮੈਨ ਮੁਤਾਬਕ ਪਿਛਲੇ ਦਸ ਸਾਲਾਂ ਵਿਚ ਕਦੀ ਅਜਿਹਾ ਰੁਝਾਨ ਦਰਜ ਨਹੀਂ ਕੀਤਾ ਗਿਆ। ਥੀਮੈਨ ਦਾ ਕਹਿਣਾ ਹੈ ਕਿ ਅਜਿਹਾ ਇਸ ਲਈ ਹੋ ਰਿਹਾ ਹੈ ਕਿਉਂਕਿ ਰੀਜਨਲ ਹੈਲਥ ਸਿਸਟਮ ਦੀ ਬਜਾਏ ਹੁਣ ਲੋਕਾਂ ਨੂੰ ਪ੍ਰੋਵਿਨਸ਼ਲ ਅਲਬਰਟਾ ਹੈਲਥ ਸਰਵਿਸਿਸ ਬੋਰਡ ਦੀਆਂ ਸੇਵਾਵਾਂ ਲੈਣੀਆਂ ਪੈ ਰਹੀਆਂ ਨੇ। ਇਸ ਕਾਰਨ ਮਰੀਜ਼ਾਂ ਦੇ ਨਾਲ ਨਾਲ ਡਾਕਟਰ ਵੀ ਉਲਝਣ ਵਿਚ ਨੇ।

ਦਰਅਸਲ ਲੋਕਾਂ ਨੂੰ ਅਤੇ ਹੈਲਥ ਕੇਅਰ ਸਿਸਟਮ ਨੂੰ ਕਈ ਮੁਸ਼ਕਿਲਾਂ ਦਾ ਇੱਕੋ ਵੇਲੇ ਸਾਹਮਣਾ ਕਰਨਾ ਪੈ ਰਿਹਾ ਹੈ। ਡਾਕਟਰਾਂ ਦੀ ਕਮੀ ਹੈ, ਡਾਕਟਰ ਤੱਕ ਪਹੁੰਚਣ ਤੇ ਫੇਰ ਇਲਾਜ ਕਰਾਉਣ ਤੱਕ ਲਈ ਲੰਮਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਡਾਕਟਰਾਂ ਅਤੇ ਮਰੀਜ਼ਾਂ ਵਿਚਾਲੇ ਵਧੀਆ ਸੰਪਰਕ ਨਹੀਂ ਹੋ ਪਾ ਰਿਹਾ ਅਤੇ ਸ਼ੌਰਟੇਜ ਕਾਰਣ ਪੈ ਰਹੇ ਕੰਮ ਦੇ ਬੋਝ ਕਾਰਨ ਡਾਕਟਰ ਤਨਾਅ ਦਾ ਸ਼ਿਕਾਰ ਹੋ ਰਹੇ ਹਨ।

ਜਨਵਰੀ ਵਿਚ ਅਲਬਰਟਾ ਦੇ ਹੈਲਥ ਸੁਪਰਬੋਰਡ ਨੇ ਐਲਾਨ ਕੀਤਾ ਸੀ ਕਿ ਹਿੱਪ ਅਤੇ ਸਰਜਰੀ, ਐਮਰਜੈਂਸੀ ਵੇਟ ਟਾਈਮ, ਮਰੀਜ਼ਾਂ ਦੀ ਹੈਲਥ ਕੇਅਰ ਸਿਸਟਮ ਬਾਰੇ ਤਸੱਲੀ ਬਖ਼ਸ਼ ਰਾਏ ਜਿਹੇ ਮਸਲਿਆਂ ਉਪਰ ਬਾਰੀਕੀ ਨਾਲ ਗ਼ੌਰ ਕੀਤਾ ਜਾਵੇਗਾ।

ਲੋਕਾਂ ਵਲੋਂ ਹਰ ਰੋਜ਼ ਦਰਜ ਹੋ ਰਹੀਆਂ ਸ਼ਿਕਾਇਤਾਂ ਇਸ ਗੱਲ ਦਾ ਸੂਚਕ ਨੇ ਕਿ ਉਹਨਾਂ ਨੂੰ ਸੂਬੇ ਦੇ ਹੈਲਥ ਕੇਅਰ ਸਿਸਟਮ ਉਪਰ ਹੁਣ ਬਹੁਤਾ ਭਰੋਸਾ ਨਹੀਂ ਰਹਿ ਗਿਆ।

# ਅਫਗਾਨੀ ਬੰਧੀਆਂ ਬਾਰੇ ਹਾਰਪਰ ਸਰਕਾਰ ਨੇ ਰਿਪੋਰਟ ਜਾਰੀ ਕੀਤੀ

## ਵਿਰੋਧੀ ਧਿਰ ਵਲੋਂ ਤਿੱਖਾ ਵਿਰੋਧ

ਕੈਨੇਡਾ ਦੀ ਕੇਂਦਰੀ ਸਟੀਫ਼ਨ ਹਾਰਪਰ ਸਰਕਾਰ ਨੇ ਬੀਤੇ ਮਹੀਨੇ ਇਕ 2,500 ਸਫ਼ਿਆਂ ਦੀ ਰਿਪੋਰਟ ਜਾਰੀ ਕੀਤੀ ਜਿਸ ਵਿਚ ਅਫਗਾਨੀ ਬੰਧੀਆਂ ਦੀ ਹਾਲਤ ਦਾ ਵੇਰਵਾ ਦਿੱਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਰਹੀ ਕਿ ਵਿਰੋਧੀ ਧਿਰ ਨੇ ਇਸ ਰਿਪੋਰਟ ਨੂੰ ਵੱਡਾ ਅਪਮਾਨ ਕਰਾਰ ਦਿੱਤਾ ਹੈ।

ਸੰਸਦੀ ਮਾਮਲਿਆਂ ਦੇ ਸੈਕਟਰੀ ਟੌਮ ਲਿਊਕਿਸਕੀ ਨੇ ਸੰਸਦ ਵਿਖੇ ਇਹ ਰਿਪੋਰਟ ਰੱਖੀ। ਇਸ ਤੋਂ ਇਕ ਹਫ਼ਤਾ ਪਹਿਲਾਂ ਹੀ ਲਿਬਰਲ ਪਾਰਟੀ, ਐਨ. ਡੀ. ਪੀ ਅਤੇ ਬੀ, ਕਊ ਨੇ ਮਿਲਕੇ ਮੰਗ ਕੀਤੀ ਸੀ ਕਿ ਸਰਕਾਰ ਉਪਰ ਇਸ ਦਸਤਾਵੇਜ਼ ਨੂੰ ਜਾਰੀ ਕਰਨ ਲਈ ਦਬਾਅ ਪਾਇਆ ਜਾਵੇ।

ਜੁਆਬ ਵਿਚ ਸਰਕਾਰ ਨੇ 2'500 ਸਫ਼ਿਆਂ ਦੀ ਰਿਪੋਰਟ ਜਾਰੀ ਕਰ ਦਿੱਤੀ, ਇਸ ਤੋਂ ਭੜਕੇ ਐਨ.ਡੀ. ਪੀ ਲੀਡਰ ਜੈਟ ਲੈਟਨ ਨੇ ਸਰਕਾਰ ਦੀ ਇਸ ਹਰਕਤ ਨੂੰ ਵਿਰੋਧੀ ਪਾਰਟੀਆਂ ਦਾ ਅਪਮਾਨ ਦੱਸਦਿਆਂ ਗੁੱਸੇ ਦਾ ਇਜ਼ਹਾਰ ਕੀਤਾ। ਜ਼ਾਹਿਰ ਹੈ ਕਿ ਐਡੀ ਵੱਡੀ ਰਿਪੋਰਟ ਨੂੰ ਪੂਰੀ ਤਰ੍ਹਾਂ ਅਤੇ ਬਰੀਕੀ ਨਾਲ ਪੜ੍ਹਨਾ ਸੰਭਵ ਨਹੀਂ ਤੇ ਨਾਂ ਹੀ ਉਨੀ ਛੇਤੀ ਅਫਗਾਨੀ ਬੰਧੀਆਂ ਨਾਲ ਹੋ ਰਹੇ ਸਲੂਕ ਸਬੰਧੀ ਜਾਂਚ ਨੂੰ ਨੇਪਰੇ ਚੜ੍ਹਾਇਆ ਜਾ ਸਕੇਗਾ ਜਿੰਨੀ ਛੇਤੀ ਵਿਰੋਧੀ ਪਾਰਟੀਆਂ ਚਾਹੁੰਦੀਆਂ ਨੇ।

# ਫੀਸਾਂ ਵਿਚ ਵਾਧੇ ਖ਼ਿਲਾਫ਼ ਅਲਬਰਟਾ ਦੇ ਹਜ਼ਾਰਾਂ ਵਿਦਿਆਰਥੀਆਂ ਵੱਲੋਂ ਮੁਜ਼ਾਹਰਾ

ਅਲਬਰਟਾ –

ਅਲਬਰਟਾ ਸੂਬਾ ਦੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਬੀਤੇ ਦਿਨੀਂ ਫੀਸਾਂ ਵਿਚ ਹੋਰ ਵਾਧਾ ਕਰਨ ਦੀ ਸੂਬੇ ਦੀ ਤਜਵੀਜ਼ ਵਿਰੁੱਧ ਅਲਬਰਟਾ ਵਿਧਾਨ ਸਭਾ ਅੱਗੇ ਰੋਸ ਮੁਜ਼ਾਹਰਾ ਕੀਤਾ।

500 ਵਿਦਿਆਰਥੀਆਂ ਦੇ ਇਸ ਗੁੱਸੇ ਨੂੰ ਵੇਖਦਿਆਂ ਸੂਬੇ ਦੇ ਸਿੱਖਿਆ ਮੰਤਰੀ ਅਤੇ ਤਕਨੀਕੀ ਮੰਤਰਾਲੇ ਦੇ ਨੇਤਾ ਡੌ ਹੌਰਨਰ ਨੇ ਫੀਸਾਂ ਵਿਚ ਹੋਣ ਜਾ ਰਹੇ ਸੰਭਾਵਿਤ ਵਾਧੇ ਨੂੰ ਰੋਕਣ ਲਈ ਤਜਵੀਜ਼ ਵਿਧਾਨ ਸਭਾ ਵਿਚ ਰੱਖਣ ਦਾ ਭਰੋਸਾ ਦਵਾਇਆ ਹੈ।

ਜ਼ਿਕਰਯੋਗ ਹੈ ਕਿ ਅਲਬਰਟਾ ਯੂਨੀਵਰਸਿਟੀ ਵਿਖੇ ਇਸ ਤੋਂ ਪਹਿਲਾਂ ਕਦੀ ਵੀ ਇਕੋਂ ਵਾਰੀ ਇਸ ਤਰ੍ਹਾਂ ਫੀਸ ਵਿਚ 290 ਅਮਰੀਕੀ ਡਾਲਰ ਦਾ ਵਾਧਾ ਨਹੀਂ ਕੀਤਾ ਗਿਆ।

ਵਿਦਿਆਰਥੀਆਂ ਦਾ ਕਹਿਣਾ ਹੈ ਕਿ ਅਲਬਰਟਾ ਵਿਖੇ ਪਹਿਲਾਂ ਹੀ ਸਕੂਲੀ ਸਿੱਖਿਆ ਮਗਰੋਂ ਉਚੇਰੀ ਵਿੱਦਿਆ ਲੈਣ ਲਈ ਦਾਖਲਾ ਲੈਣ ਵਾਲਿਆਂ ਦੀ ਦਰ ਬਹੁਤ ਘੱਟ ਹੈ।

ਡੌ ਹੌਰਨਰ ਦਾ ਕਹਿਣਾ ਹੈ ਕਿ ਉਹਨਾਂ ਨੂੰ ਵਿਦਿਆਰਥੀਆਂ ਨਾਲ ਪੂਰੀ ਹਮਦਰਦੀ ਹੈ ਅਤੇ ਉਮੀਦ ਕਰਦੇ ਨੇ ਕਿ ਯੂਨੀਵਰਸਿਟੀਆਂ ਵੀ ਉਹਨਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਦੇਣਗੀਆਂ।

ਇਕ ਸਵਾਲ ਦੇ ਜਵਾਬ ਵਿਚ ਉਹਨਾਂ ਸਾਫ਼ ਕਿਹਾ ਕਿ ਸਰਕਾਰ ਇੱਕਲੇ ਤੌਰ 'ਤੇ ਵਿਦਿਅਕ ਅਦਾਰਿਆਂ ਦੀ ਮੱਦਦ ਲਈ ਪੈਸਾ ਨਹੀਂ ਜੁਟਾ ਸਕਦੀ। ਇਸ ਵਾਸਤੇ ਅਦਾਰਿਆਂ, ਟੈਕਸ ਅਦਾ ਕਰਨ ਵਾਲਿਆਂ ਅਤੇ ਵਿਦਿਆਰਥੀਆਂ ਨੂੰ ਖ਼ੁਦ ਹੀ ਕੋਈ ਰਸਤਾ ਲੱਭਣਾ ਪਵੇਗਾ। ਮੈਡੀਸਨ, ਡੈਂਟਿਸਟਰੀ, ਬਿਜ਼ਨੈਸ, ਕਾਨੂੰਨ ਅਤੇ ਫਾਰਮੈਸੀ ਦੇ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਦੌਰਾਨ ਫੀਸ ਵਿਚ 4,000 ਡਾਲਰ ਦਾ ਸਲਾਨਾ ਵਾਧਾ ਝੱਲਣਾ ਪੈ ਸਕਦਾ ਹੈ ਅਤੇ ਇਹੀ ਹਾਲ ਸੂਬੇ ਦੇ ਵਿੱਦਿਅਕ ਅਦਾਰਿਆਂ ਵਿਖੇ ਪ੍ਰੋਫੈਸ਼ਨਲ ਕੋਰਸਾਂ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦਾ ਵੀ ਹੋ ਸਕਦਾ ਹੈ।

## ਮੂਲ ਨਿਵਾਸੀ ਅਤੇ ਉੱਚ ਸਿੱਖਿਆ

ਕਿਸੇ ਵੀ ਦੇਸ਼ ਦਾ ਭਵਿੱਖ ਉਸਦੀ ਸਿੱਖਿਆ ਵਿਚ ਨਜ਼ਰ ਆਉਂਦਾ ਹੈ। ਕੈਨੇਡਾ ਵਿਚ ਯੂਨੀਵਰਸਿਟੀਆਂ ਦੀ ਹਾਲਤ ਠੀਕ ਹੀ ਹੈ। ਪਰ ਇਕ ਮੁਸ਼ਕਿਲ ਹੈ। ਉੱਥੋਂ ਦੇ ਮੂਲ ਨਿਵਾਸੀ ਯੂਨੀਵਰਸਿਟੀਆਂ ਲਈ ਅੱਗੇ ਨਹੀਂ ਆ ਰਹੇ ਜਾਂ ਉਹਨਾਂ ਨੂੰ ਯੂਨੀਵਰਸਿਟੀਆਂ ਤੱਕ ਲਿਆਂਦਾ ਨਹੀਂ ਜਾ ਰਿਹਾ। ਅਪਣੇ ਮੂਲ ਨਿਵਾਸੀਆਂ ਦਾ ਸਿੱਖਿਆ ਪ੍ਰਤੀ ਇਹ ਰਵੱਈਆ ਕਿਸੇ ਵੀ ਸਮਾਜ ਲਈ ਇਹ ਚੰਗੀ ਗੱਲ ਨਹੀਂ ਹੈ। ਇਸ ਵਾਸਤੇ ਇਸ ਸਾਰੇ ਸਮਾਜ ਨਾਲ ਗੱਲਬਾਤ ਕਰਨੀ ਜ਼ਰੂਰੀ ਹੈ। ਕੇਨੈਡਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਹਨਾਂ ਨੂੰ ਅੱਗੇ ਲੈ ਕੇ ਆਵੇ। ਉਹਨਾਂ ਦੀ ਜ਼ਿੰਦਗੀ ਨੂੰ ਸੁਧਾਰਨ ਦੀ ਕੋਸ਼ਿਸ਼ ਕਰੇ। ਇਹ ਲੋਕ ਜਦੋਂ ਯੂਨੀਵਰਸਿਟੀ ਆਉਣਗੇ ਤਾਂ ਹੀ ਸਮਾਜ ਦੀ ਮੁੱਖ ਧਾਰਾ ਦਾ ਹਿੱਸਾ ਬਣਨਗੇ। ਅਖੀਰ ਕਦੋਂ ਤੱਕ ਕੋਈ ਵੀ ਦੇਸ਼ ਅਪਣੇ ਮੂਲ ਨਿਵਾਸੀਆਂ ਨੂੰ ਪਿੱਛੜਦਾ ਦੇਖ ਦਾ ਰਹੇਗਾ।

**ਗਲੋਬ ਐਂਡ ਮੇਲ, ਕੈਨੇਡਾ**

# ਮੇਅਰ ਸਟੀਫ਼ਨ ਮੈਂਡੈਲ ਹੈਟ੍ਰਿਕ ਦੇ ਰੌਂਅ 'ਚ

ਐਡਮਿੰਟਨ –

ਐਡਮਿੰਟਨ ਮੇਅਰ ਸਟੀਫ਼ਨ ਮੈਂਡੇਲ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਤੀਜੀ ਵਾਰੀ ਮੇਅਰ ਬਣਨ ਦੀ ਤਿਆਰੀ ਵਿਚ ਨੇ ਅਤੇ ਉਮੀਦਵਾਰ ਵਜੋਂ ਨਾਮਜ਼ਦਗੀ ਦਾਇਰ ਕਰਨ ਦਾ ਇਰਾਦਾ ਹੈ। ਇਸ ਤੋਂ ਪਹਿਲਾਂ ਮੈਂਡੈਲ ਨੇ ਸਾਲ 2004 ਵਿਚ ਐਡਮਿੰਟਨ ਮੇਅਰ ਦੀ ਕੁਰਸੀ ਸੰਭਾਲੀ ਸੀ ਅਤੇ ਇਸ ਨੂੰ ਕੈਪੀਟਲ ਸਿਟੀ ਯਾਨੀ ਸੂਬੇ ਦੀ ਰਾਜਧਾਨੀ ਦਾ ਵੱਕਾਰ ਮੁੜ ਬਹਾਲ ਕਰਵਾਉਣ ਵਿਚ ਕਾਮਯਾਬ ਰਹੇ ਸੀ।

ਮੈਂਡੈਲ ਤੀਜੀ ਵਾਰ ਮੇਅਰ ਬਣ ਕੇ ਅਪਣੇ ਪਿਛਲੇ ਅਧੂਰੇ ਰਹਿ ਗਏ ਕੰਮਾਂ ਨੂੰ ਪੂਰਾ ਕਰਨਾ ਚਾਹੁੰਦੇ ਹਨ ਜਿਸ ਵਿਚ ਸ਼ਹਿਰ ਵਿਚੋਂ ਬੇਘਰੇ ਲੋਕਾਂ ਦੀ ਗਿਣਤੀ ਖ਼ਤਮ ਕਰਨ ਦੀ 10 ਸਾਲਾ ਯੋਜਨਾ, ਐਲ. ਆਰ. ਟੀ. ਵੀ ਸੇਸਾਵਾਂ ਵਿੱਚ ਵਾਧਾ। ਐਕਸਪੈਂਸ਼ਨ, ਮਿਊਂਸਪਲ ਹਵਾਈ ਅੱਡੇ ਦੀ ਉਸਾਰੀ ਵਰਗੀਆਂ ਯੋਜਨਾਵਾਂ ਸ਼ਾਮਿਲ ਹਨ।



ਇਸ ਤੋਂ ਇਲਾਵਾ ਡਾਊਨ ਟਾਊਨ ਏਰੀਨਾ ਐਨਟਰਟੇਨਮੈਂਟ ਕੰਪਲੈਕਸ ਦੀ ਉਸਾਰੀ ਨੂੰ ਵੀ ਤਰਜ਼ੀਹ ਦੇ ਆਧਾਰ 'ਤੇ ਨੇਪਰੇ ਚੜਾਇਆ ਜਾਵੇਗਾ।




Nawi Dunia and people associated with it are not responsible for any claims made by the advertisers and do not endorse any product or services advertised in the Nawi Dunia. The contents of Nawi Dunia may not be reproduced without the written consent of the Publisher. The Publisher and/or Editor shall not be liable for any of the views expressed by the authors of articles or letters published in the Nawi Dunia, nor shall these opinions necessarily reflect those of the Published and/or Editor. Letters to the Editor become the property of Nawi Dunia, and may be Edited.

ਲੇਖਕਾਂ ਦੀਆਂ ਰਚਨਾਵਾਂ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤਿੰਨਾਂ ਵਿਚੋਂ ਦੋ ਕੈਨੇਡੀਅਨ ਵਿਟਾਮਿਟ ਡੀ ਦੀ ਕਮੀ ਦੇ ਸ਼ਿਕਾਰ

ਮਾਰਟਿਨ ਮਿਟਲਸਟੈਡ (ਕੈਨੇਡਾ)-

ਵਿਟਾਮਿਨ ਡੀ ਉਪਰ ਪਹਿਲੇ ਸਰਵੇ ਨੇ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਲਿਆਉਂਦਿਆਂ ਖੁਲਾਸਾ ਕੀਤਾ ਹੈ ਕਿ ਹਰ ਤਿੰਨ ਕੈਨੇਡੀਅਨ ਨਾਗਰਿਕਾਂ ਵਿਚੋਂ ਦੋ ਵਿਟਾਮਿਨ ਡੀ ਦੀ ਕਮੀ ਦੇ ਸ਼ਿਕਾਰ ਹਨ।

ਜਦੋਂ ਕਿ ਇਹ ਵਿਟਾਮਿਨ ਕੈਂਸਰ ਅਤੇ ਦਿਲ ਦੇ ਰੋਗਾਂ ਦੀ ਰੋਕਥਾਮ ਲਈ ਬੇਹੱਦ ਜ਼ਰੂਰੀ ਹੈ। ਸਟੈਟਿਸਟਿਕਸ ਕੈਨੇਡਾ ਵਲੋਂ ਕੀਤੇ ਗਏ ਇਸ ਸਰਵੇ ਮੁਤਾਬਿਕ ਹਰ 10 ਵਿਚੋਂ 1 ਵਿਚ ਇਸ ਦੀ ਐਨੀ ਜ਼ਿਆਦਾ ਕਮੀ ਹੈ ਕਿ ਉਹ ਅਪਣੀਆਂ ਹੱਡੀਆਂ ਦੀ ਵੀ ਸਹੀ ਸਾਂਭ-ਸੰਭਾਲ ਕਰਨ ਤੋਂ ਅਸਮਰੱਥ ਹਨ। ਇਸ ਤੋਂ ਇਲਾਵਾ ਇਹ ਪੱਖ ਵੀ ਸਾਹਮਣੇ ਆਇਆ ਹੈ ਕਿ ਗੋਰੇ ਲੋਕਾਂ ਦੇ ਮੁਕਾਬਲੇ ਕਾਲੇ ਲੋਕਾਂ ਵਿਚ ਇਸ ਦੀ ਕਮੀ ਜ਼ਿਆਦਾ ਹੈ ਅਤੇ ਇਹ ਉਹਨਾਂ ਦੇ ਮੁਕਾਬਲੇ ਸਰੀਰਕ ਤੌਰ 'ਤੇ ਅੰਦਰੋਂ ਕਮਜ਼ੋਰ ਹਨ ਤੇ ਕੁਪੋਸ਼ਣ ਦਾ ਸ਼ਿਕਾਰ ਹਨ। ਰਿਪੋਰਟ ਮੁਤਾਬਿਕ ਵੱਡੀ ਗਿਣਤੀ ਕੈਨੇਡੀਅਨ ਵਧੀਆ ਸਿਹਤ ਦੇ ਅੰਤਰ ਰਾਸ਼ਟਰੀ ਮਾਪਦੰਡਾਂ ਤੇ ਸਿਹਤ ਪੱਖੋਂ ਖਰੇ ਨਹੀਂ ਉੱਤਰਦੇ।

# ਭਾਰਤ ਵਿਚ ਆਉਣ ਨੂੰ ਤਿਆਰ ਕੈਨੇਡਾ ਦੇ ਵਿਸ਼ਵ ਵਿਦਿਆਲੇ

ਟੋਰਾਂਟੋ-

ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿਚ ਅਪਣੇ ਕਾਲਜ ਖੋਲ੍ਹਣ ਦੀ ਆਗਿਆ ਦੇਣ ਵਾਲੇ ਬਿਲ ਦੇ ਸੰਸਦ ਵਿਚੋਂ ਪਾਸ ਹੋਣ ਬਾਅਦ ਕੈਨੇਡਾ ਦੀਆਂ ਕਈ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਭਾਰਤ ਵਿਚ ਪ੍ਰਵੇਸ਼ ਕਰਨ ਦੀ ਸੰਭਾਵਨਾ ਹੈ।

ਪ੍ਰਸਤਾਵਿਤ ਬਿਲ ਨੂੰ ਇਕ ਸਵਾਗਤ ਯੋਗ ਕਦਮ ਦੱਸਦੇ ਹੋਏ ਕੈਨੇਡਾ-ਭਾਰਤ ਵਪਾਰ ਕੌਂਸਲ ਦੇ ਹੁਸੈਨ ਨੀਮਚਵਾਲਾ ਨੇ ਕਿਹਾ, ''ਇੰਡੋ-ਕੈਨੇਡਾ ਚੈਂਬਰਸ ਆਫ ਕਾਮਰਸ, ਕੈਨੇਡਾ-ਭਾਰਤ ਵਪਾਰ ਕੌਂਸਲ ਅਤੇ ਅਸੀਂ ਕੈਨੇਡਾ ਦੇ ਵਿਸ਼ਵ ਵਿਦਿਆਲਿਆਂ ਨੂੰ ਭਾਰਤ ਵਿਚ ਪੱਕੇ ਤੌਰ 'ਤੇ ਖੋਲ੍ਹਣ ਲਈ ਮਾਹੌਲ ਬਣਾ ਰਹੇ ਹਾਂ।''

ਵਿਦੇਸ਼ੀ ਵਿਸ਼ਵ ਵਿਦਿਆਲਿਆਂ ਨੂੰ ਭਾਰਤ ਵਿਚ ਪੱਕੇ ਤੌਰ 'ਤੇ ਸਥਾਪਿਤ ਕਰਨ ਲਈ ਆਗਿਆ ਦੇਣ ਵਾਲੇ ਪ੍ਰਸਤਾਵ ਨੂੰ ਮੰਤਰੀ ਮੰਡਲ ਨੇ ਮਨਜ਼ੂਰੀ ਦੇ ਦਿੱਤੀ।

ਵੀਜ਼ਾ ਅਤੇ ਅਨੇਕਾਂ ਸਮੱਸਿਆਵਾਂ ਦੇ ਕਾਰਨ ਭਾਰਤ ਦੇ 4,000 ਤੋਂ ਵੀ ਘੱਟ ਵਿਦਿਆਰਥੀ ਹਰ ਸਾਲ ਕੈਨੇਡਾ ਦੇ ਵਿਸ਼ਵ ਵਿਦਿਆਲਿਆਂ ਵਿਚ ਦਾਖ਼ਲਾ ਪਾਉਂਦੇ ਹਨ। ਇਸ ਦੀ ਤੁਲਨਾ ਵਿਚ ਅਮਰੀਕਾ ਵਿਚ ਹਰ ਸਾਲ 80,000, ਬ੍ਰਿਟੇਨ ਵਿਚ 50,000 ਅਤੇ ਆਸਟ੍ਰੇਲੀਆ ਵਿਚ 40,000 ਹਜ਼ਾਰ ਭਾਰਤੀ ਵਿਦਿਆਰਥੀ ਸਿੱਖਿਆ ਹਾਸਲ ਕਰਨ ਜਾਂਦੇ ਹਨ।

ਹੁਸੈਨ ਨੇ ਕਿਹਾ ਕਿ ਭਾਰਤੀ ਬਿਲ ਸਾਰੀਆਂ ਸਮੱਸਿਆਵਾਂ ਨੂੰ ਖ਼ਤਮ ਕਰ ਦੇਵੇਗਾ। ਇਸ ਨਾਲ ਭਾਰਤੀ ਵਿਦਿਆਰਥੀਆਂ ਦੇ ਲਈ ਵੀਜ਼ਾ ਸੰਬੰਧੀ ਸਾਰੀਆਂ ਸਮੱਸਿਆਵਾਂ ਖ਼ਤਮ ਹੋ ਜਾਣਗੀਆਂ।

# ਏਅਰਪੋਰਟ ਟੈਕਸੀ ਡਰਾਈਵਰ ਦੇ ਸੰਘਰਸ਼ ਦੀ ਜਿੱਤ

**ਐਡਮਿੰਟਨ-ਨ ਦ ਬਿਊਰੋ :** ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਏਅਰਪੋਰਟ ਟੈਕਸੀ ਸਰਵਿਸ ਦੇ ਡਰਾਈਵਰਾਂ ਨੂੰ ਉਸ ਵੇਲੇ ਵੱਡੀ ਸਫਲਤਾ ਜਦੋਂ ਮਾਲਕਾਂ ਨੂੰ ਟੈਕਸੀ ਡਰਾਈਵਰਾਂ ਦੇ ਲੰਬੇ ਚਿਰ ਤੋਂ ਲਟਕਦੇ ਮਸਲੇ ਇਕ ਹਫਤੇ ਦੇ ਅੰਦਰ ਗੱਲਬਾਤ ਰਾਹੀਂ ਹੱਲ ਕਰਨ ਦਾ ਭਰੋਸਾ ਦੇਣਾ ਪਿਆ। ਟੈਕਸੀ ਡਰਾਈਵਰਾਂ ਦੇ ਆਗੂਆਂ ਮੁਹੰਮਦ ਅਨਸਰ ਵੜੈਚ ਅਤੇ ਹਰਜਿੰਦਰ ਬਦੇਸ਼ਾ ਨੇ ਨਵੀਂ ਦੁਨੀਆ ਨੂੰ ਦੱਸਿਆ ਕਿ ਅਪਰੈਲ 2009 ਵਿੱਚ ਕੰਪਨੀ ਦੇ ਬਹੁਗਿਣਤੀ ਡਰਾਈਵਰਾਂ ਵੱਲੋਂ ਯੂਨੀਅਨ ਬਣਾਉਣ ਲਈ ਆਪਣੀ ਸਹਿਮਤੀ ਦੇਣ ਦੇ ਬਾਵਜੂਦ ਮਾਲਕ ਇਸ ਇਕਰਾਰਨਾਮੇ ਦਸਤਖ਼ਤ ਕਰਨ ਤੋਂ ਟਾਲ-ਮਟੋਲ ਕਰਦੇ ਆ ਰਹੇ ਸਨ। ਇਸਦੇ ਨਾਲ ਹੀ ਕੰਪਨੀ ਮਾਲਕਾਂ ਵੱਲੋਂ ਜਨਵਰੀ 2010 ਤੋਂ ਟੈਕਸੀ ਕਿਰਾਇਆਂ ਅਤੇ ਬੀਮਾ ਖਰਚਿਆ ਵਿਚ ਭਾਰੀ ਵਾਧਾ ਕਰ ਦਿੱਤਾ ਸੀ।ਏਅਰਪੋਰਟ ਟੈਕਸੀ ਡਰਾਈਵਰ ਜਿੱਥੇ ਇਸ ਭਾਰੀ ਵਾਧਾ ਵਿਰੁਧ ਸੰਘਰਸ਼ ਕਰ ਰਹੇ ਸਨ ਉਥੇ ਹੀ ਕੰਪਨੀ ਨਾਲ ਇਕਰਾਰਨਾਮੇ ਨੂੰ ਹੋਰ ਪਾਰਦਰਸ਼ੀ ਬਣਾਉਣ ਲਈ ਲੜਾਈ ਲੜ ਰਹੇ ਸਨ ਤਾਂ ਕਿ ਕੰਪਨੀ ਵੱਲੋਂ ਪਾਏ/ਵਧਾਏ ਖਰਚਿਆਂ ਦੀ ਜਾਇਜ਼ਤਾ ਦੀ ਸਹੀ ਜਾਣਕਾਰੀ ਮਿਲ ਸਕੇ। ਅਖੀਰ ਇਹਨਾਂ ਮੰਗਾਂ ਨੂੰ ਲੈ ਕੇ ਡਰਾਈਵਰਾਂ ਨੇ ਮਾਰਚ ਦੇ ਆਖਰੀ ਹਫਤੇ ਤੋਂ ਕੰਪਨੀ ਨੂੰ ਕਰਾਇਆ ਦੇਣਾ ਬੰਦ ਕਰ ਦਿੱਤਾ ਸੀ। ਮਾਲਕਾਂ ਵੱਲੋਂ ਡਰਾਈਵਰਾਂ ਅਤੇ ਉਹਨਾਂ ਦੇ ਆਗੂਆਂ ਨੂੰ ਧਮਕਾਉਣ ਅਤੇ ਕੰਮ ਤੋਂ ਬਰਖਾਸਤ ਕਰਨ ਵਰਗੇ ਹਥਕੰਡੇ ਅਸਫਲ ਰਹਿਣ ਤੋਂ ਬਾਅਦ, ਡਰਾਈਵਰਾਂ ਦੀ ਏਕਤਾ ਅੱਗੇ ਝੁਕਦਿਆਂ ਡਰਾਈਵਰਾਂ ਨੂੰ ਕੰਮ ਤੇ ਵਾਪਸ ਬੁਲਾਉਣਾ ਪਿਆ ਅਤੇ ਲੰਬੇ ਸਮੇ ਤੋਂ ਲਟਕ ਰਹੇ ਯੂਨੀਅਨ ਦੇ ਇਕਰਾਰਨਾਮੇ ਤੇ ਇਸੇ ਹਫਤੇ ਦਸਖਤ ਕਰਨ ਦੀ ਸਹਿਮਤੀ ਦਿੱਤੀ।

# ਯੂਨਾਈਟਿਡ ਟੈਕਸੀ ਕੈਬੀਜ਼ ਐਸੋਸੀਏਸ਼ਨ ਦੇ ਡਰਾਈਵਰਾਂ ਦਾ ਸੰਘਰਸ਼ ਹੋਰ ਗਰਮਾਇਆ

**ਐਡਮਿੰਟਨ-ਨ ਦ ਬਿਊਰੋ :** ਪਿਛਲੇ ਕਾਫੀ ਸਮੇਂ ਤੋਂ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਯੂਨਾਈਟਿਡ ਟੈਕਸੀ ਕੈਬੀਜ਼ ਐਸੋਸੀਏਸ਼ਨ ਦੇ ਡਰਾਈਵਰਾਂ ਦੇ ਰੋਹ ਨੇ ਉਸ ਵੇਲੇ ਤਿੱਖਾ ਰੂਪ ਧਾਰਣ ਕਰ ਲਿਆ ਜਦੋਂ ਟੈਕਸੀ ਮਾਲਕਾਂ ਵੱਲੋਂ ਸੰਘਰਸ਼ ਦੌਰਾਨ ਕੱਢੇ ਗਏ ਡਰਾਈਵਰ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। ਆਰਥਿਕ ਮੰਦੇ ਦੀ ਮਾਰ ਹੇਠ ਆਏ ਡਰਾਈਵਰ ਕੰਪਨੀ ਮਾਲਕਾਂ ਵੱਲੋਂ ਟੈਕਸੀ ਕਿਰਾਇਆਂ ਅਤੇ ਬੀਮਾ ਖਰਚਿਆਂ ਵਿਚ ਭਾਰੀ ਵਾਧੇ ਵਿਰੁਧ ਸੰਘਰਸ਼ ਕਰ ਰਹੇ ਸਨ। ਇਸੇ ਦੌਰਾਨ ਟੈਕਸੀ ਡਰਾਈਵਰਾਂ ਦੇ ਸੰਘਰਸ਼ ਅਤੇ ਏਅਰਪੋਰਟ ਟੈਕਸੀ ਡਰਾਈਵਰਾਂ ਵਲੋਂ ਉਨ੍ਹਾਂ ਨਾਲ ਇਕਜੁਟਤਾ ਪ੍ਰਗਟਾਉਣ ਤੋਂ ਗੁੱਸੇ 'ਚ ਆਏ ਕੰਪਨੀ ਮਾਲਕ ਫਿਲ ਸਟਰੌਂਗ ਨੇ ਡਰਾਈਵਰਾਂ ਦੀ ਅਗਵਾਈ ਟੀਮ ਦੇ ਮੈਂਬਰ ਜਤਿੰਦਰ ਦਿਉਲ ਨੂੰ ਕੰਮ ਤੋਂ ਬਰਖਾਸਤ ਕਰ ਕੇ ਡਰਾਈਵਰਾਂ ਨੂੰ ਧਮਕਾਉਣ, ਉਹਨਾਂ ਦੇ ਹੌਂਸਲੇ ਪਸਤ ਕਰਨ ਦੀ ਕੋਸ਼ਿਸ਼ ਕੀਤੀ। ਕੰਪਨੀ ਮਾਲਕਾਂ ਦੇ ਇਸ ਕਦਮ ਨੇ ਡਰਾਈਵਰਾਂ ਦੇ ਰੋਹ ਵਿੱਚ ਭਾਰੀ ਵਾਧਾ ਕੀਤਾ ਹੈ ਅਤੇ ਉਹਨਾਂ ਆਪਣੀ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਅਣਮਿਥੇ ਸਮੇਂ ਲਈ ਕੰਮਾਂ ਤੇ ਨਾ ਜਾਣ ਦਾ ਫੈਸਲਾ ਕਰਦਿਆ ਲਗਾਤਾਰ ਕੰਪਨੀ ਦਫਤਰ ਦਾ ਘਿਰਾਉ ਕੀਤਾ ਹੋਇਆ ਹੈ। ਇਸੇ ਸਮੇ ਦੌਰਾਨ ਐਡਮਿੰਟਨ ਦੇ ਵਾਰਡ 6 ਤੋਂ ਕੌਂਸਲਰ ਅਮਰਜੀਤ ਸੋਹੀ ਨੇ ਡਰਾਈਵਰਾਂ ਦੀਆਂ ਮੰਗਾਂ ਦੀ ਹਮਾਇਤ ਕਰਦਿਆਂ ਦੋਹਾਂ ਧਿਰਾਂ ਵਿਚਕਾਰ ਸਮਝੌਤੇ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿਤੀਆਂ ਹਨ।

# ਹਰ ਸਾਲ 119 ਲੱਖ ਟਨ ਭੋਜਨ ਸੁੱਟਿਆ ਜਾਂਦਾ ਹੈ ਬਰਤਾਨੀਆ 'ਚ

**ਲੰਡਨ-ਨ ਦ ਬਿਊਰੋ**

ਦੁਨੀਆ ਵਿਚ ਜਿੱਥੇ ਇਕ ਅਰਬ ਲੋਕਾਂ ਨੂੰ ਇਕ ਟਾਈਮ ਦਾ ਭੋਜਨ ਵੀ ਨਸੀਬ ਨਹੀਂ ਹੁੰਦਾ, ਉੱਥੇ ਸਭ ਤੋਂ ਸੱਭਿਅਕ ਤੇ ਸਮਝਦਾਰ ਸਮਝੇ ਜਾਣ ਵਾਲੇ ਬ੍ਰਿਟੇਨ ਦੇ ਲੋਕ ਹਰ ਸਾਲ 119 ਲੱਖ ਟਨ ਭੋਜਨ ਸੁੱਟ ਦਿੰਦੇ ਹਨ। ਇਸਦੀ ਸੜਨ ਤੋਂ 260 ਲੱਖ ਟਨ ਕਾਰਬਨ ਡਾਈ ਆਕਸਾਈਡ ਨਿਕਲਦੀ ਹੈ ਜਿਹੜੀ ਵਾਤਾਵਰਣ ਨੂੰ ਦੂਸ਼ਿਤ ਕਰਨ ਵਿਚ ਅਹਿਮ ਰੋਲ ਅਦਾ ਕਰਦੀ ਹੈ।

ਵੇਸਟ ਐਂਡ ਰਿਸਾਈਕਲਿੰਗ ਐਕਸ਼ਨ ਪ੍ਰੋਗਰਾਮ ਦੀ ਇਕ ਰਿਪੋਰਟ ਮੁਤਾਬਕ ਹਰ ਬਰਿਟਸ਼ ਘਰ ਤੋਂ ਹਰ ਸਾਲ ਤਕਰੀਬਨ ਅੱਧੇ ਟਨ ਭੋਜਨ ਦੇ ਨਾਲ ਜੁੜਿਆ ਕਚਰਾ ਨਿਕਲਦਾ ਹੈ। ਇਸ ਨੂੰ ਟਿਕਾਣੇ ਲਾਉਣ ਲਈ ਦੇਸ਼ ਦਾ 12 ਬਿਲੀਅਨ ਪੌਂਡ ਹਰ ਸਾਲ ਖਰਚ ਹੁੰਦਾ ਹੈ। ਜਾਂਚ ਵਿਚ ਇਹ ਵੀ ਪਾਇਆ ਗਿਆ ਹੈ ਕਿ ਜੇਕਰ ਲੋਕ ਚਾਹੁੰਦੇ ਤਾਂ ਕੁੱਲ ਜੂਠ 119 ਲੱਖ ਟਨ ਦਾ ਅੱਧਾ ਸੁੱਟਣਾ ਨਹੀਂ ਪੈਂਦਾ। ਜੇਕਰ ਇਸਦੀ ਸਹੀ ਵਰਤੋਂ ਕਰਦੇ ਜਾਂ ਜ਼ਰੂਰਤ ਅਨੁਸਾਰ ਹੀ ਭੋਜਨ ਖਰੀਦਦੇ ਤੇ ਬਣਾਉਂਦੇ ਤਾਂ ਇਸ ਉੱਪਰ ਹੋਇਆ ਖਰਚਾ ਵੀ ਬਚਦਾ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਹ ਅੰਕੜੇ ਸਰਕਾਰ ਉੱਪਰ ਇਸ ਗੱਲ ਲਈ ਦਬਾਅ ਵਧਾ ਸਕਦੇ ਹਨ ਕਿ ਉਹ ਇੰਨੇ ਵੱਡੇ ਪੈਮਾਨੇ ਉਪਰ ਪੈਦਾ ਹੋਈ ਜੂਠ ਨੂੰ ਰੋਕਣ ਲਈ ਨਵੀਆਂ ਯੋਜਨਾਵਾਂ ਲਾਗੂ ਕਰੇ। ਫੂਡ ਐਂਡ ਪੈਕੇਜਿੰਗ ਵੇਸਟ ਤੋਂ ਪਤਾ ਲੱਗਦਾ ਹੈ ਕਿ ਦੋ ਤਿਹਾਈ ਜੂਠ ਘਰਾਂ 'ਚੋਂ ਨਿਕਲਦੀ ਹੈ। ਹਾਲਾਂਕਿ ਇਹ ਖਾਣ ਦੇ ਯੋਗ ਹੁੰਦੀ ਹੈ। ਔਸਤਨ ਹਰ ਘਰ ਮਾਲਕ ਹਰ ਸਾਲ 420 ਪੌਂਡ ਦਾ ਭੋਜਨ ਸੁੱਟਦਾ ਹੈ। ਜੇਕਰ ਪੂਰੇ ਪਰਿਵਾਰ ਦੀ ਜੂਠ ਦਾ ਜੋੜ ਲਾਇਆ ਜਾਵੇ ਤਾਂ ਇਹ ਸਿਲਸਿਲਾ 610 ਪੌਂਡ ਤੱਕ ਪਹੁੰਚਦਾ ਹੈ। ਵਾਤਾਵਰਣ ਦੇ ਹਿਸਾਬ ਨਾਲ ਦੇਖੀਏ ਤਾਂ ਇਸਦੇ ਕਚਰੇ ਤੋਂ 200 ਲੱਖ ਟਨ ਕਾਰਬਨ ਡਾਈਆਕਸਾਈਡ ਨਿਕਲਦੀ ਹੈ। ਇਹਨਾਂ ਦੀ ਪੈਕਜਿੰਗ ਦੀ ਸੜਨ 60 ਲੱਖ ਟਨ ਹੋਰ ਕਾਰਬਨ ਡਾਈਆਕਸਾਈਡ ਪੈਦਾ ਕਰਦੀ ਹੈ।

**ਚਰਚਾ 'ਚ**

ਪੰਜਾਬ ਪਾਲ

## ਬ਼ਗੈਰ ਅਹੁਦਿਓਂ ਵੱਡਾ ਆਗੂ

ਕਾਂਗਰਸ ਪਾਰਟੀ ਸਥਾਪਨਾ ਦੀ 125 ਵੀਂ ਵਰ੍ਹੇਗੰਢ 'ਤੇ ਵਿਸ਼ੇਸ਼ ਸਮਾਗਮ ਅੰਮ੍ਰਿਤਸਰ ਵਿਖੇ ਹੋਣ ਜਾ ਰਿਹਾ ਹੈ। ਮਾਝਾ ਖੇਤਰ ਦੇ ਕਾਂਗਰਸੀਆਂ ਦੇ ਕਹਿਣ 'ਤੇ ਵਿਸ਼ੇਸ਼ ਸਮਾਗਮ ਦੀ ਤਿਆਰੀ-ਮੁਹਿੰਮ ਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਨੇ ਅਪਣੇ ਹੱਥ ਵਿਚ ਲੈ ਲਈ ਹੈ ਤੇ ਇਸ ਸਬੰਧੀ ਮੀਟਿੰਗਾਂ ਕਰਕੇ ਡਿਊਟੀਆਂ ਵੀ ਵੰਡ ਦਿੱਤੀਆਂ ਗਈਆਂ ਹਨ। ਮਾਝਾ ਖੇਤਰ ਦੇ ਕਾਂਗਰਸੀਆਂ ਨੇ ਪ੍ਰਗਟਾਵਾ ਕੀਤਾ ਸੀ ਕਿ ਕੇਵਲ ਕੈਪਟਨ ਹੀ ਸਮਾਗਮ ਲਈ ਵੱਡੀ ਗਿਣਤੀ 'ਚ ਲੋਕਾਂ



ਨੂੰ ਸਮਾਗਮ ਵਿਚ ਸ਼ਾਮਲ ਕਰਨ ਦਾ ਸਬੱਬ ਬਣ ਸਕਦਾ ਹੈ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਕੋਲ ਪੰਜਾਬ ਪ੍ਰਦੇਸ਼ ਕਾਂਗਰਸ ਕੋਲ ਕੋਈ ਮਹੱਤਵਪੂਰਨ ਅਹੁਦਾ ਨਹੀਂ ਹੈ। ਉਹ ਇਕ ਤਰ੍ਹਾਂ ਬਿਨਾਂ ਵੱਡੇ ਅਹੁਦਿਓਂ ਵੀ ਪਾਰਟੀ ਦਾ ਵੱਡਾ ਆਗੂ ਪ੍ਰਵਾਨ ਕੀਤਾ ਜਾ ਰਿਹਾ ਹੈ। ਕਾਂਗਰਸ ਦੇ ਨੌਜਵਾਨ ਆਗੂ ਤੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਵੀ ਮੀਡੀਆ 'ਚ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਇਸ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ ਦਾ ਸਭ ਤੋਂ ਮਜ਼ਬੂਤ ਨੇਤਾ ਹੈ।

ਦਰਅਸਲ, ਕਿਸੇ ਵੀ ਵਿਰੋਧੀ ਧਿਰ ਦੀ ਤਾਕਤ ਉਸ ਵਲੋਂ ਕੀਤੇ ਜਾਂਦੇ ਵਿਰੋਧ ਵਿਚ ਹੀ ਪਈ ਹੁੰਦੀ ਹੈ। ਜੇਕਰ ਵਿਰੋਧ ਠੋਸ ਆਧਾਰ ਉਪਰ ਦ੍ਰਿੜਤਾ ਪੂਰਬਕ ਹੋ ਰਿਹਾ ਹੋਵੇ ਤਾਂ ਵਿਰੋਧੀ ਧਿਰ ਦੀ ਤਾਕਤ ਹੋਰ ਵੀ ਵੱਧ ਜਾਂਦੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਅਪਣੀ ਸਰਕਾਰ ਦੇ ਪਤਨ ਤੋਂ ਮਗਰੋਂ ਬਾਦਲ ਸਰਕਾਰ ਦਾ ਮੁੱਦਿਆਂ 'ਤੇ ਅਧਾਰਤ ਵਿਰੋਧ ਨਿਰੰਤਰ ਜਾਰੀ ਰੱਖਿਆ ਹੋਇਆ ਹੈ। ਇਸੇ ਵਿਰੋਧ ਸਦਕਾ ਉਹ ਬਹੁਗਿਣਤੀ ਕਾਂਗਰਸੀਆਂ ਵਿਚ ਸਤਿਕਾਰਿਆ ਜਾਂਦਾ ਹੈ। ਉਹ ਅਜੇ ਵੀ ਬਾਦਲ ਪਿਉ-ਪੁੱਤਾਂ ਦੀ ਗਵਰਨੈਂਸ ਨੂੰ ਅਯੋਗ ਕਹਿਣ ਦੇ ਨਾਲ-ਨਾਲ ਇਸ ਪਰਿਵਾਰ ਉੱਪਰ ਲੱਗੇ ਹੋਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਸਹੀ ਠਹਿਰਾ ਰਿਹਾ ਹੈ।

ਅਦਾਲਤਾਂ 'ਚੋਂ ਸਿਆਸੀ ਆਗੂਆਂ ਉੱਪਰ ਲੱਗੇ ਭ੍ਰਿਸ਼ਟਾਚਾਰ ਦੇ ਕੇਸਾਂ ਨੂੰ ਵਾਪਸ ਲੈਣ ਦੀ ਤਜਵੀਜ਼ ਸਾਹਮਣੇ ਆਈ ਤਾਂ ਕੈਪਟਨ ਨੇ ਇਸਦਾ ਵਿਰੋਧ ਕਰਦਿਆਂ ਨਿਆਂ ਪਾਲਿਕਾ 'ਚ ਭਰੋਸਾ ਪ੍ਰਗਟਾਇਆ 'ਤੇ ਅਪਣੇ ਉਪਰੋਂ ਕੇਸ ਵਾਪਸ ਕਰਵਾਉਣ ਦੀ ਥਾਂ ਕਾਂਗਰਸੀ ਵਰਕਰਾਂ ਉੱਪਰੋਂ ਕੇਸ ਵਾਪਸ ਲੈਣ ਦੀ ਗੱਲ ਕਰਕੇ ਹੇਠਲੀ ਪੱਧਰ 'ਤੇ ਅਪਣੀ ਲੋਕਪ੍ਰਿਅਤਾ ਨੂੰ ਹੋਰ ਮਜ਼ਬੂਤ ਕਰ ਲਿਆ।

ਕੈਪਟਨ ਅਪਣੀ ਵਿਲੱਖਣ ਕਾਂਗਰਸੀ ਹਸਤੀ ਕਾਰਨ ਵੀ ਚਰਚਾ 'ਚ ਹੈ।

## 'ਦ ਲਾਸਟ ਸਨਸੈੱਟ; ਰਾਈਜ਼ ਐਂਡ ਫਾਲ ਆਫ਼ ਦ ਲਾਹੌਰ ਦਰਬਾਰ'

ਕੈਪਟਨ ਅਮਰਿੰਦਰ ਸਿੰਘ ਦੀ ਲਿਖੀ ਇਹ ਪੁਸਤਕ ਅੱਜਕੱਲ੍ਹ ਚਰਚਾ 'ਚ ਹੈ। ਇਤਿਹਾਸ ਨਾਲੋਂ ਲੇਖਕ ਦੀ ਇਤਿਹਾਸਕ ਦ੍ਰਿਸ਼ਟੀ ਕਾਰਨ ਇਹ ਪੁਸਤਕ ਵਧੇਰੇ ਧਿਆਨ ਆਕਰਸ਼ਿਤ ਕਰਦੀ ਹੈ। ਪੁਸਤਕ ਸਿੱਖ ਇਤਿਹਾਸ ਨੂੰ ਸਮਝਣ ਦਾ ਰਵਾਇਤੀ ਨਾਲੋਂ ਹਟਵਾਂ ਨਜ਼ਰੀਆ ਪੇਸ਼ ਕਰਦੀ ਹੈ। ਸਿਰਲੇਖ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ 'ਲਾਹੌਰ ਦਰਬਾਰ' ਦੇ ਕੋਡ ਨਾਲ ਦਰਸਾਉਂਦਾ ਹੈ ਨਾ ਕਿ 'ਸਿੱਖ ਰਾਜ' ਦੇ ਕੋਡ ਨਾਲ। ਪੁਸਤਕ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਇਕ ਇਕੱਲੇ ਸਿੱਖ ਰਾਜ ਵਜੋਂ ਨਹੀਂ ਦੇਖਿਆ ਗਿਆ ਅਤੇ ਨਾ ਹੀ ਮਾਹਰਾਜਾ ਰਣਜੀਤ ਸਿੰਘ ਨੂੰ ਇਕੱਲੇ ਸਿੱਖ ਸ਼ਾਸਕ ਵਜੋਂ। ਇਹ ਧਾਰਨਾ ਸਿੱਖ ਪੁਸਤਕ ਨੂੰ ਸਿੱਖਾਂ ਦੀ ਰਾਜਸੀ ਸ਼ਕਤੀ ਸੰਬੰਧੀ ਲਿਖੀਆਂ ਗਈਆਂ ਹੋਰਨਾਂ ਪੁਸਤਕਾਂ ਤੋਂ ਵੱਖਰਿਉਂਦੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਲਾਹੌਰ ਦਰਬਾਰ ਦੇ ਪਤਨ ਦੇ ਕਾਰਨ ਤਾਂ ਤਕਰੀਬਨ ਉਹ ਹੀ ਦੱਸੇ ਹਨ, ਜਿਹੜੇ ਇਤਿਹਾਸਕਾਰਾਂ ਵਲੋਂ ਆਮ ਹੀ ਥੋੜ੍ਹੇ-ਬਹੁਤ ਫ਼ਰਕ ਨਾਲ ਦੁਹਰਾਏ ਜਾਂਦੇ ਹਨ। ਜਿਵੇਂ ਰਾਣੀ ਜਿੰਦਾਂ ਦੀ ਅੰਗਰੇਜ਼ਾਂ ਨਾਲ ਮਿਲੀ ਭੁਗਤ, ਡੋਗਰਿਆਂ ਦੀ ਗ਼ੱਦਾਰੀ ਆਦਿ। ਇਸ ਤੋਂ ਅਗਾਂਹ ਵੱਧਦਿਆਂ ਕੈਪਟਨ ਨੇ ਮਹਾਰਾਜਾ ਰਣਜੀਤ ਸਿੰਘ ਦੀ ਸੱਤਾ ਦੀ ਭੁੱਖ ਦਾ ਵੀ ਵਿਸ਼ੇਸ਼ ਤੌਰ 'ਤੇ ਉਲੇਖ ਕੀਤਾ ਹੈ, ਜਿਸਦੇ ਵੱਸ ਹੋ ਕੇ ਉਹ ਸਾਰੀਆਂ ਸਿੱਖ ਰਿਆਸਤਾਂ (ਮਿਸਲਾਂ) ਨੂੰ ਨਿਗਲ ਗਿਆ। ਸਭ ਰਿਆਸਤਾਂ (ਸਿੱਖ) ਦੀ ਹੋਂਦ ਮਿਟਾ ਕੇ ਉਸਨੇ ਫੂਲਕੀਆ ਰਿਆਸਤ 'ਤੇ ਵੀ ਅੱਖ ਟਿਕਾ ਲਈ ਸੀ ਜਿਸ ਕਾਰਨ ਮਜ਼ਬੂਰ ਹੋ ਕੇ ਇਸ ਰਿਆਸਤ ਨੂੰ ਅੰਗਰੇਜ਼ਾਂ ਦੀ ਸਰਪ੍ਰਸਤੀ ਹੇਠ ਜਾਣਾ ਪਿਆ। ਇਉਂ ਫੂਲਕੀਆ ਸਿੱਖ ਰਾਜ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲੋਂ ਅਪਣੀ ਵੱਖਰੀ ਹੋਂਦ ਕਾਇਮ ਰੱਖੀ।

ਅਪਣੀ ਚਰਚਿਤ ਪੁਸਤਕ ਵਿਚ ਲਾਹੌਰ ਦਰਬਾਰ ਦੇ ਸਮਾਨੰਤਰ ਫੂਲਕੀਆ (ਪਟਿਆਲਾ) ਰਿਆਸਤ ਦੀ ਸਿੱਖ ਰਾਜ ਵਜੋਂ ਹੋਂਦ ਨੂੰ ਫੋਕਸ ਕਰਕੇ ਕੈਪਟਨ ਅਮਰਿੰਦਰ ਸਿੰਘ ਨੇ ਇਕ ਤਰ੍ਹਾਂ ਨਾਲ 'ਇੱਕੋ-ਇਕ ਸਿੱਖ ਰਾਜ' ਦੀ ਮਿੱਥ ਨੂੰ ਤੋੜਿਆ ਹੈ। ਸਿੱਖਾਂ ਦੀ ਰਾਜਸੀ ਤਾਕਤ ਸਬੰਧੀ ਕੈਪਟਨ ਅਮਰਿੰਦਰ ਸਿੰਘ ਦੀ ਇਹ ਧਾਰਨਾ ਭਵਿੱਖ ਵਿਚ ਸਿੱਖ ਰਾਜਨੀਤੀ ਨੂੰ ਇਕ ਨਵੀਂ ਦਿਸ਼ਾ ਦੇਵੇਗੀ। ਦਰਅਸਲ, ਇਹ ਅਜਿਹੇ ਹੀ ਉਦੇਸ਼ ਤੋਂ ਪ੍ਰੇਰਿਤ ਪ੍ਰਤੀਤ ਹੁੰਦੀ ਹੈ। ਪੁਸਤਕ ਚੰਗੀ ਵਿਕ ਰਹੀ ਹੈ।

## ਸੂਫ਼ੀ ਗਾਇਕ?

ਚਰਚਾ 'ਚ ਇਕ ਗਾਇਕ ਵੀ ਹੈ, ਸਤਿੰਦਰ ਸਰਤਾਜ। ਪੇਸ਼ਾਵਰ ਚਰਚਾਕਾਰ ਇਸ ਗਾਇਕ ਦੀ ਚਰਚਾ ਇਕ ਸੂਫ਼ੀ ਗਾਇਕ ਵਜੋਂ ਕਰ ਰਹੇ ਹਨ। ਇਸ ਦਾ ਗਾਇਨ ਵਿਕਣ ਲਈ ਬਾਜ਼ਾਰ ਵਿਚ ਆ ਗਿਆ ਹੈ ਤੇ ਇਸਦੀ ਗਾਇਕੀ ਦੇ ਵਿਸ਼ੇਸ਼ ਸ਼ੋਅ ਵੀ ਆਯੋਜਿਤ ਹੋ ਰਹੇ ਹਨ। ਹੌਲੀ-ਹੌਲੀ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਇਸਦੀ ਗਾਇਕੀ ਆਮ ਪੰਜਾਬੀ ਗਾਇਕਾਂ ਵਰਗੀ ਹੀ ਹੈ। ਚਰਚਾਕਾਰ ਮੱਲੋਜ਼ੋਰੀ ਹੀ ਇਸਨੂੰ ਸੂਫ਼ੀ ਗਾਇਕ ਬਣਾ ਰਹੇ ਹਨ, ਜਿਵੇਂ ਕਿ ਇਹ ਪਹਿਲਾਂ ਵੀ ਕਈ ਗਾਇਕਾਂ ਇਸ (ਸਰਤਾਜ) ਵਾਂਗ ਹੀ ਅਢੁਕਵੇਂ ਖ਼ਿਤਾਬ (ਸੂਫ਼ੀ ਗਾਇਕ) ਨਾਲ ਨਿਵਾਜ ਚੁੱਕੇ ਹਨ।

ਸੂਫ਼ੀਵਾਦ ਇਕ ਅਧਿਆਤਮਕ ਸੰਕਲਪ ਹੈ। ਸੂਫ਼ੀ ਸੰਵੇਦਨਾਂ ਦੇ ਵਜੂਦ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਸੰਵੇਦਨਾਂ ਨੂੰ ਕਾਫ਼ੀਆਂ ਵਿਚ ਪ੍ਰਗਟਾਵਾ ਮਿਲਿਆ ਹੈ ਤੇ ਇਸਦੀ ਇਕ ਵੱਖਰੀ ਨੁਹਾਰ ਵੀ ਹੈ। ਪ੍ਰੰਤੂ ਸੂਫ਼ੀ ਗਾਇਨ



ਦੀ ਬਕਾਇਦਾ ਕੋਈ ਪ੍ਰਥਾ ਅਤੇ ਰੀਤੀ ਨਹੀਂ ਹੈ। ਵੱਧ ਤੋਂ ਵੱਧ ਉਸ ਗਾਇਕ ਨੂੰ ਸੂਫ਼ੀ ਗਾਇਕ ਦਾ ਨਾਂ ਦਿੱਤਾ ਜਾ ਸਕਦਾ ਹੈ, ਜਿਹੜਾ ਕੇਵਲ ਕਾਫ਼ੀਆਂ ਗਾਉਂਦਾ ਹੈ। ਬੁੱਲ੍ਹੇ ਸ਼ਾਹ ਨੇ ਤਾਂ ਕਾਫ਼ੀਆਂ ਵੀ ਰਾਗਾਂ 'ਚ ਲਿਖੀਆਂ ਹਨ ਤੇ ਅਸੀਂ ਜਾਣਦੇ ਹਾਂ ਕਿ ਰਾਗ ਕਲਾਸੀਕਲ ਸੰਗੀਤ ਦਾ ਹਿੱਸਾ ਹਨ ਨਾ ਕਿ ਕਿਸੇ ਸੂਫ਼ੀ ਗਾਇਨ ਦਾ।

ਚਰਚਾਕਾਰ ਸਤਿੰਦਰ ਸਰਤਾਜ ਨੂੰ ਕਿਉਂ ਸੂਫ਼ੀ ਗਾਇਕ ਕਹਿ ਰਹੇ ਹਨ, ਇਹ ਗੱਲ ਏਨੀ ਵੀ ਸਮਝੋਂ ਬਾਹਰ ਨਹੀਂ ਹੈ। ਇਸ ਪਿੱਛੇ ਮਕਸਦ ਇਕ ਗਾਇਕ ਨੂੰ ਪੇਸ਼ੇਵਾਰਾਨਾ ਸਥਾਪਤੀ ਬਖ਼ਸ਼ਣਾਂ ਹੈ। ਪ੍ਰੰਤੂ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਕੋਈ ਪਟੇ ਖਿਲਾਰ ਕੇ, ਉੱਤੋਂ ਢਿੱਲੀ ਜਿਹੀ ਪੱਗ ਬੰਨ੍ਹ ਕੇ ਹੀ ਸੂਫ਼ੀ ਗਾਇਕ ਬਣ ਜਾਂਦਾ ਹੈ? ਕੀ ਸਤਿੰਦਰ ਸਰਤਾਜ ਦੇ ਗਾਏ ਗੀਤਾਂ ਦੇ ਇਹ ਮੁੱਖੜੇ ਉਸਨੂੰ ਸੂਫ਼ੀ ਗਾਇਕ ਵਜੋਂ ਪੇਸ਼ ਕਰਨ ਵਿਚ ਕੋਈ ਆਧਾਰ ਬਣਦੇ ਹਨ?

ਬਿੱਲੋ ਜੀ ਮੇਰੀ ਬਿੱਲੋ ਜੀ,
ਵੱਜ ਗਏ 10 ਛੱਡ ਦਿਉ ਪਿੱਲੋ ਜੀ।
ਪਿਆਰ ਟੋਲਦੀ ਕਿਤਾਬਾ ਰਹਿੰਦੀ ਫੋਲਦੀ
ਸਾਡੇ ਨਾਲ ਗੱਲ ਨਾ ਕਰੇ।
ਜਿੱਤ ਦੇ ਨਿਸ਼ਾਨ ਸਦਾ ਗੱਡੇ ਜਾਂਦੇ ਝੰਡੇ ਨਾਲ,
ਪਹਿਲਾ ਵਾਰ ਕਲਮਾਂ ਦਾ ਪਿੱਛੋਂ ਵਾਰ ਖੰਡੇ ਨਾਲ।
ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮਾ, ਹੋਰ ਦੱਸ ਕੀ ਭਾਲਦੀ,
ਪਾਲੀ ਜੀਨ ਪਰ੍ਹਾਂ ਸੁੱਟ ਤਾ ਪਜਾਮਾ, ਹੋਰ ਦੱਸ ਕੀ ਭਾਲਦੀ।

# ਪੰਜਾਬ ਅੱਜ-ਕੱਲ੍ਹ

ਸ਼ਖ਼ਸੀ ਆਜ਼ਾਦੀ ਬਨਾਮ ਦਰਿੰਦਗੀ

## ਨਵ-ਵਿਆਹੇ ਪ੍ਰੇਮੀ ਜੋੜੇ ਦਾ ਦਿਨ-ਦਿਹਾੜੇ ਕਤਲ

ਤਰਨ ਤਾਰਨ / ਨ ਦ ਬਿਓਰੋ

ਅਪਣਾ ਜੀਵਨ ਸਾਥੀ ਖ਼ੁਦ ਅਪਣੀ ਮਰਜ਼ੀ ਨਾਲ ਚੁਨਣ ਵਾਲਿਆਂ ਦੀ ਜੀਵਨ ਗਾਥਾ ਦਾ ਦੁਖਾਂਤਕ ਅੰਤ ਉਦੋਂ ਸਾਹਮਣੇ ਆਇਆ ਜਦੋਂ ਤਰਨਤਾਰਨ ਦੇ ਇਕ ਪ੍ਰੀਖਿਆ ਕੇਂਦਰ ਵਿਚੋਂ ਪੇਪਰ ਦੇ ਕੇ ਬਾਹਰ ਆਈ ਪ੍ਰਭਜੋਤ (19) ਨੂੰ ਉਸਦੇ ਕਾਨੂੰਨੀ ਤੌਰ 'ਤੇ ਪਤੀ ਪਰਦੀਪ (35) ਸਮੇਤ ਉਹਨਾਂ ਨੂੰ ਮਿਲੇ ਸੁਰੱਖਿਆ ਗਾਰਦਾਂ ਸਾਹਮਣੇ ਹੀ ਉਹਨਾਂ ਨੂੰ ਗੋਲੀਆਂ ਮਾਰ ਕੇ ਬੇਰਹਿਮੀ ਲਾਲ ਕਤਲ ਕਰ ਦਿੱਤਾ ਗਿਆ। ਪ੍ਰਭਜੋਤ ਤੇ ਪਰਦੀਪ ਦੀ ਕਹਾਣੀ ਬੜੀ ਅਜੀਬ ਜਿਹੀ ਜਾਪਦੀ ਹੈ। ਇਹ ਪੰਜਾਬੀ ਸੱਭਿਆਚਾਰ ਤੇ ਰਹੁ ਰੀਤਾਂ ਦੇ ਅਲੰਬਰਦਾਰਾਂ ਨੂੰ ਬੜੀ ਅਟਪਟੀ ਵੀ ਪ੍ਰਤੀਤ ਹੋ ਸਕਦੀ ਹੈ ਤੇ ਇਹਨਾਂ ਦੋਵਾਂ ਦੇ ਨਿਰਦੈਤਾ ਨਾਲ ਹੋਏ ਕਤਲ 'ਚੋਂ ਸ਼ਾਇਦ ਸਕੂਨ ਵੀ ਹਾਸਲ ਹੋਇਆ ਹੋਵੇ। ਪਰ ਇਹ ਘੋਰ ਅਮਾਨਵੀ ਹੀ ਹੈ ਤੇ ਮਨੁੱਖ ਜਾਤੀ ਨੂੰ ਸ਼ਰਮਸਾਰ ਕਰਨ ਵਾਲਾ ਹੈ।

ਪ੍ਰਭਜੋਤ ਰਾਮਗੜ੍ਹ, ਜ਼ਿਲ੍ਹਾ ਮੋਗਾ ਦੀ ਸੀ ਤੇ ਛੋਟੀ ਉਮਰੇ ਅਪਣੇ ਨਾਨਕੇ ਰਹਿਣ ਲੱਗ ਪਈ ਸੀ ਜਦ ਕਿ ਪਰਦੀਪ ਬੁਕੈਣਵਾਲਾ ਜ਼ਿਲ੍ਹਾ ਫਿਰੋਜ਼ਪੁਰ ਦਾ ਵਾਸੀ ਸੀ ਤੇ ਰਿਸ਼ਤੇ 'ਚੋਂ ਪ੍ਰਭਜੋਤ ਦਾ ਮਾਸੜ ਲੱਗਦਾ ਸੀ। ਦੋਵਾਂ ਨੇ ਭਾਈਚਾਰਕ ਤੇ ਪਰਿਵਾਰਕ ਨਰਾਜ਼ਗੀਆਂ ਦੇ ਚੱਲਦਿਆਂ ਸਾਰੀਆਂ ਅੜਚੜਾ ਪਾਰ ਕਰਦਿਆਂ ਕਾਨੂੰਨੀ ਤੌਰ 'ਤੇ ਵਿਆਹ ਕਰਵਾ ਲਿਆ ਸੀ। ਰਿਸ਼ਤੇਦਾਰਾਂ ਵਲੋਂ ਇਕ ਵਾਰ ਪਹਿਲਾਂ ਵੀ ਪਰਦੀਪ ਨੂੰ ਅਧ ਮੋਇਆ ਕਰਕੇ ਨਹਿਰ ਕਿਨਾਰੇ ਸੁੱਟ ਦਿੱਤਾ ਗਿਆ ਸੀ। ਹੁਣ ਉਹ ਦੋਵੇਂ ਪਤੀ-ਪਤਨੀ ਪੱਟੀ ਨਗਰ ਵਿਚ ਰਹਿ ਰਹੇ ਸਨ ਤੇ ਅਦਾਲਤ ਦੇ ਹੁਕਮਾਂ ਅਨੁਸਾਰ ਉਹਨਾਂ ਨੂੰ ਸੁਰੱਖਿਆ ਗਾਰਦ ਵੀ ਮੁਹੱਈਆ ਕਰਵਾਏ ਗਏ ਸਨ। ਬੀਤੇ ਦਿਨ ਜਦੋਂ ਤਰਨਤਾਰਨ ਦੇ ਇਕ ਸਕੂਲ ਵਿਚ ਪ੍ਰਭਜੋਤ ਬਾਰਵ੍ਹੀ ਦੀ ਪ੍ਰੀਖਿਆ ਦੇਣ ਆਈ ਤਾਂ ਕਾਤਲਾਂ ਨੇ ਪੈੜ ਕੱਢ ਲਈ ਤੇ ਦੋਵਾਂ ਨੂੰ ਮਾਰ ਮੁਕਾ ਕੇ ਫਰਾਰ ਹੋ ਗਏ।

ਜਿਵੇਂ ਕਿ ਸਾਮੰਤਸ਼ਾਹੀ ਕਦਰਾਂ ਕੀਮਤਾਂ ਦੀ ਜਕੜ ਤੋਂ ਮੁਕਤ ਹੋਏ ਸਾਰੇ ਸਮਾਜਾਂ 'ਚ ਹੀ ਵਾਪਰਦਾ ਹੈ, ਪੰਜਾਬੀ ਸਮਾਜ ਵਿਚ ਵੀ ਸ਼ਖ਼ਸੀ ਆਜ਼ਾਦੀ ਦਾ ਵਿਚਾਰ ਹੌਲੀ-ਹੌਲੀ ਅਪਣਾ ਪਾਸਾਰ ਕਰ ਰਿਹਾ ਹੈ, ਜਿਸਦੇ ਅਨੁਸਾਰ ਉਹੋ ਜਿਹੇ ਫੈਸਲੇ ਅਕਸਰ ਕਰ ਲਏ ਜਾਂਦੇ ਹਨ, ਇਹੋ ਜਿਹਾ ਪ੍ਰਭਜੋਤ ਦੇ ਪਰਦੀਪ ਨੇ ਕੀਤਾ ਸੀ। ਇਕ ਪਾਸੇ ਸ਼ਖ਼ਸੀ ਆਜ਼ਾਦੀ ਦਾ ਸੰਕਲਪ ਅਪਣੀ ਹੋਂਦ ਪ੍ਰਗਟਾਅ ਰਿਹਾ ਹੈ ਤੇ ਦੂਜੇ ਪਾਸੇ ਇਸ ਨੂੰ ਮੱਧ ਯੁਗੀ ਕਰੋਪੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਦੋਵਾਂ ਦੇ ਭੇੜ 'ਚ ਹੀ ਪਰਦੀਪ ਤੇ ਪ੍ਰਭਜੋਤ ਦੀ ਜ਼ਿੰਦਗੀ ਜਾਂਦੀ ਰਹੀ। ਯੂਰਪ ਵਿਚ ਇਹ ਵਿਆਹ ਇੱਜ਼ਤ-ਮਾਣ ਦਾ ਖਾਨਦਾਨੀ ਸਵਾਲ ਹੋਣ ਦੀ ਥਾਂ ਇਕ ਆਮ ਜਿਹੀ ਗੱਲ ਹੋਣੀ ਸੀ।

## ਪੰਜਾਬ ਦੇ 8,000 ਸਕੂਲਾਂ ਉੱਤੇ ਸੰਕਟ

ਚੰਡੀਗੜ੍ਹ -ਨ ਦ ਬਿਊਰੋ

ਸਿੱਖਿਆ ਦਾ ਅਧਿਕਾਰ ਲਾਗੂ ਹੋਣ ਦੇ ਨਾਲ ਹੀ ਪੰਜਾਬ ਦੇ ਲੱਗਪਗ 8,000 ਗੈਰ ਮਾਨਤਾ ਪ੍ਰਾਪਤ ਸਕੂਲਾਂ ਲਈ ਸੰਕਟ ਦਾ ਸਮਾਂ ਸ਼ੁਰੂ ਹੋ ਗਿਆ ਹੈ ਕਿ ਉਹ ਤਿੰਨ ਸਾਲ ਦੇ ਅੰਦਰ ਜਾ ਤਾਂ ਮਾਨਤਾ ਪ੍ਰਾਪਤ ਕਰ ਲੈਣ ਜਾਂ ਫੇਰ ਸਕੂਲਾਂ ਨੂੰ ਜਿੰਦਰੇ ਲਾ ਦੇਣ। ਹਾਲਾਂਕਿ ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਕਰਨ ਨੂੰ ਲੈ ਕੇ ਪੰਜਾਬ ਸਰਕਾਰ ਦੀਆਂ ਤਿਆਰੀਆਂ ਅਧੂਰੀਆਂ ਦਿਖਾਈ ਦੇ ਰਹੀਆਂ ਹਨ। ਮੁੱਖ ਮਾਮਲਾ ਕੇਂਦਰ ਅਤੇ ਰਾਜ ਸਰਕਾਰਾਂ ਦੇ ਵਿਚ ਪੈਸੇ ਦੇ ਬਟਵਾਰੇ ਨੂੰ ਲੈ ਕੇ ਪੈਦਾ ਹੋਏ ਭੇਦ-ਭਾਵ ਹੋਣ ਦਾ ਹੈ।

ਸੂਤਰਾਂ ਦੇ ਅਨੁਸਾਰ , ਪੰਜਾਬ ਵਿਚ 7995 ਗੈਰ ਮਾਨਤਾ ਅਤੇ ਕੇਵਲ 2537 ਮਾਨਤਾ ਪ੍ਰਾਪਤ ਸਕੂਲ ਹਨ। ਨਵੇਂ ਕਾਨੂੰਨ ਦੇ ਮੁਤਾਬਿਕ ਗੈਰ ਮਾਨਤਾ ਪ੍ਰਾਪਤ ਸਕੂਲਾਂ ਨੂੰ ਅਗਲੇ ਤਿੰਨ ਸਾਲਾਂ ਦੇ ਅੰਦਰ ਅੰਦਰ ਮਾਨਤਾ ਹਾਸਲ ਕਰਨੀ ਜ਼ਰੂਰੀ ਹੋਵੇਗੀ ਨਹੀਂ ਤਾਂ ਇਸ ਤਰ੍ਹਾਂ ਦੇ ਸਾਰੇ ਸਕੂਲ ਬੰਦ ਕਰ ਦਿੱਤੇ ਜਾਣਗੇ। ਨਿੱਜੀ ਸਕੂਲ ਮਾਲਕ ਜੇਕਰ ਸਕੂਲ ਬੰਦ ਨਹੀਂ ਕਰਨਗੇ ਤਾਂ ਉਹਨਾਂ ਉਪਰ ਇਕ ਲੱਖ ਰੁਪਏ ਜੁਰਮਾਨਾ ਕੀਤਾ ਜਾਵੇਗਾ ਅਤੇ ਸਾਲ ਦਰ ਸਾਲ ਜੁਰਮਾਨੇ ਦੀ ਰਕਮ ਵਧਾ ਦਿੱਤੀ ਜਾਵੇਗੀ। ਇੱਧਰ ਰਾਜ ਸਰਕਾਰ ਨੂੰ ਵੀ ਨਵਾਂ ਨਿਯਮ ਲਾਗੂ ਕਰਨ ਦੇ ਲਈ ਅਜੇ ਕਾਫੀ ਕੰਮ ਕਰਨੇ ਪੈਣਗੇ। ਸਰਕਾਰ ਦੇ ਲਈ ਫਿਲਹਾਲ ਨਵੇਂ ਕਾਨੂੰਨ ਦੇ ਅਨੁਸਾਰ ਨਿਯਮ ਬਨਾਉਣ ਦੇ ਨਾਲ ਹੀ ਨੇਬਰਹੁੱਡ ਸਕੂਲ ਦੀ ਪਰਿਭਾਸ਼ਾ ਵੀ ਤੈਅ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ ਮਾਨਤਾ ਦੇਣ ਲਈ ਸਕੂਲਾਂ ਦਾ ਨਿਰੀਖਣ ਕਰਨ ਵਾਲੀ ਕਮੇਟੀ ਦਾ ਗਠਨ ਵੀ ਹੁਣ ਤੱਕ ਨਹੀਂ ਹੋ ਸਕਿਆ ਹੈ। ਰਾਜ ਸਿੱਖਿਆ ਵਿਭਾਗ ਦੁਆਰਾ ਦਸੰਬਰ 2009 ਵਿਚ ਕਰਵਾਏ ਸਰਵੇਖਣ ਦੇ ਅਨੁਸਾਰ 65 ਹਜ਼ਾਰ ਬੱਚੇ ਸਕੂਲਾਂ ਤੋਂ ਬਾਹਰ ਹਨ। ਕਾਨੂੰਨ ਲਾਗੂ ਹੋਣ ਤੇ ਸਰਕਾਰ ਉੱਤੇ ਅਗਲੇ ਸਾਲਾਂ ਵਿਚ ਕਰੀਬ 2.5 ਲੱਖ ਬੱਚਿਆਂ ਦੀ ਫੀਸ ਦਾ ਖਰਚ ਵੀ ਵਧੂਗਾ ਕਿਉਂਕਿ ਨਿੱਜੀ ਸਕੂਲ ਕਮਜ਼ੋਰ ਵਰਗ ਦੇ ਜਿਹੜੇ 25 ਫੀਸਦੀ ਬੱਚਿਆਂ ਦਾ ਦਾਖਲਾ ਦੇਣਗੇ ਉਹਨਾਂ ਦੀ ਫੀਸ ਦਾ ਖਰਚ ਸਰਕਾਰ ਨੂੰ ਭਰਨਾ ਹੋਵੇਗਾ। ਫਿਲਹਾਲ ਰਾਜ ਦੇ ਨਿੱਜੀ ਸਕੂਲਾਂ ਵਿਚ ਲੱਗਪਗ 10 ਲੱਖ ਬੱਚੇ ਪੜ੍ਹ ਰਹੇ ਹਨ। ਰਾਜ ਸਰਕਾਰ ਨੂੰ ਕਰੀਬ 10710 ਅਧਿਅਪਕਾਂ ਦੀ ਭਰਤੀ ਕਰਨ ਦੇ ਨਾਲ ਹੀ ਸਕੂਲਾਂ ਵਿਚ ਲੱਗਪਗ 4,000 ਨਵੇਂ ਕਮਰਿਆਂ ਦੀ ਉਸਾਰੀ ਦੀ ਲੋੜ ਹੋਵੇਗੀ, ਸਿੱਖਿਆ ਵਿਭਾਗ ਦੇ ਡਾਇਰੈਕਟਰ ਕ੍ਰਿਸ਼ਨ ਕੁਮਾਰ ਨੇ ਕਿਹਾ ਹੈ ਕਿ ਕਾਨੂੰਨ ਨੂੰ ਲਾਗੂ ਕਰਨ ਵਿਚ ਵੱਡੀ ਪਰੇਸ਼ਾਨੀ ਨਹੀਂ ਹੈ। ਇਸ ਨੂੰ ਲੈ ਕੇ ਪਹਿਲਾਂ ਵੀ ਬਹੁਤ ਕੰਮ ਹੋ ਚੁੱਕਿਆ ਹੈ।

ਇਹ ਕੇਹੀ ਅੰਨ ਸੁਰੱਖਿਆ?

## ਖੁਲ੍ਹੇ ਅੰਬਰ ਹੇਠਾਂ ਸੜ ਰਿਹੈ ਲੱਖਾਂ ਟਨ ਅਨਾਜ

ਦੇਸ਼ ਦੀ ਵੱਧ ਰਹੀ ਜਨਸੰਖਿਆ ਦੇ ਮੱਦੇਨਜ਼ਰ ਅਨਾਜ ਸੁਰੱਖਿਆ ਦੇ ਮੁੱਦੇ ਨੂੰ ਕਾਫ਼ੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਅਨਾਜ ਉਤਪਾਦਨ ਦੇ ਮਾਮਲੇ 'ਚ ਦੇਸ਼ ਅੰਦਰ ਪੰਜਾਬ ਦੀ ਭੂਮਿਕਾ ਬਹੁਤ ਸ਼ਲਾਘਾਯੋਗ ਰਹੀ ਹੈ। ਪੰਜਾਬ ਨੇ ਭਾਰਤ ਨੂੰ ਅਨਾਜ ਦੇ ਮਾਮਲੇ 'ਚ ਆਤਮ ਨਿਰਭਰ ਬਨਾਉਣ ਲਈ ਮੋਹਰੀ ਭੂਮਿਕਾ ਨਿਭਾਈ ਹੈ ਤੇ ਕੇਂਦਰੀ ਅਨਾਜ ਭੰਡਾਰ ਵਿਚ ਇਸ ਵਲੋਂ 40 ਫੀਸਦੀ ਝੋਨਾਂ ਅਤੇ 60 ਫੀਸਦੀ ਕਣਕ ਭੇਜੀ ਜਾ ਰਹੀ ਹੈ। ਪੰਜਾਬ ਨੇ ਖੇਤੀ ਉਤਪਾਦਨ ਦਾ ਉੱਚਤਮ ਪੱਧਰ ਭਾਵੇਂ ਪ੍ਰਾਪਤ ਕਰ ਲਿਆ ਹੈ, ਫਿਰ ਵੀ ਖੇਤੀ ਮਾਹਿਰਾਂ ਦਾ ਖ਼ਿਆਲ ਹੈ ਕਿ ਹੁਣ ਵਾਲੇ ਅਨਾਜ-ਉਤਪਾਦਨ ਪੱਧਰ ਨਾਲ ਭਵਿੱਖ ਦੀਆਂ ਅਨਾਜ ਸਬੰਧੀ ਲੋੜਾਂ ਪੂਰੀਆਂ ਨਹੀਂ ਹੋ ਸਕਣਗੀਆਂ।

ਇਕ ਪਾਸੇ ਅਨਾਜ ਉਤਪਾਦਨ ਵਿਚ ਵਾਧੇ ਦੀਆਂ ਗੱਲਾਂ ਹੋ ਰਹੀਆਂ ਹਨ ਤਾਂ ਦੂਜੇ ਪਾਸੇ ਅਨਾਜ ਭੰਡਾਰਨ ਦਾ ਬੁਰਾ ਹਾਲ ਹੈ। ਲੱਖਾਂ ਟਨ ਅਨਾਜ ਖੁੱਲ੍ਹੇ ਅਸਮਾਨ ਥੱਲੇ ਪਿਆ ਗ਼ਲ ਸੜ ਰਿਹਾ ਹੈ। ਨਾ ਤਾਂ ਇਸ ਵਾਫ਼ਰ ਅਨਾਜ ਦੀ ਨਿਕਾਸੀ ਹੋ ਰਹੀ ਹੈ ਅਤੇ ਨਾ ਹੀ ਇਸ ਨੂੰ ਸੰਭਾਲਣ ਦੇ ਪੂਰੇ ਬੰਦੋਬਸਤ ਕੀਤੇ ਜਾ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਮਨਜੀਤ ਸਿੰਘ ਕੰਗ ਨੇ ਮਾਰਚ ਮਹੀਨੇ 'ਚ ਹੋਏ ਕਿਸਾਨ ਮੇਲੇ ਮੌਕੇ ਮੀਡੀਆ ਵਿਚ ਗੱਲ ਜ਼ੋਰ ਦੇ ਕੇ ਕਹੀ ਕਿ ਕੇਂਦਰ ਸਰਕਾਰ ਅਨਾਜ ਭੰਡਾਰਨ ਦੀ ਵਿਵਸਥਾ ਲਈ ਧਨ ਰਾਸ਼ੀ ਵਧਾਏ ਤਾਂ ਕਿ ਅਨਾਜ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਉਂਝ ਸਵਾਲਾਂ ਦਾ ਸਵਾਲ ਇਹ ਹੈ ਕਿ ਜੇਕਰ ਪਹਿਲਾਂ ਦਾ ਉਪਜਾਇਆ ਅਨਾਜ ਹੀ ਸਾਂਭਿਆ ਨਹੀਂ ਜਾ ਰਿਹਾ, ਜਾਂ ਫਿਰ ਜੇਕਰ ਇਸਨੂੰ ਕੋਈ ਖਰੀਦਦਾਰ ਨਹੀਂ ਮਿਲ ਰਿਹਾ ਤਾਂ ਅਨਾਜ ਉਤਪਾਦਨ ਦੇ ਵਾਧੇ 'ਤੇ ਜ਼ੋਰ ਦੇਣ ਦੀ ਭਲਾ ਕੀ ਤੁਕ ਬਣਦੀ ਹੈ।

ਦੂਜੇ ਪਾਸੇ, ਜੇਕਰ ਅਨਾਜ ਉਤਪਾਦਨ ਦੇਸ਼ ਵਾਸੀਆਂ ਦੀ ਭੁੱਖ ਨੂੰ ਮਿਟਾਉਣ ਲਈ ਕੀਤਾ ਜਾ ਰਿਹਾ ਹੈ ਤਾਂ ਇਸਨੂੰ ਬਾਜ਼ਾਰ ਵਿਚ ਮਹਿੰਗਾ ਰੱਖ ਕੇ ਖੁੱਲ੍ਹੇ ਅਸਮਾਨ ਥੱਲੇ ਗਲਣ-ਸੜਨ ਲਈ ਛੱਡਕੇ ਦੇਸ਼ ਵਾਸੀਆਂ ਤੋਂ ਦੂਰ ਕਿਉਂ ਰੱਖਿਆ ਜਾ ਰਿਹਾ ਹੈ। ਮਾਹਿਰਾਂ ਨੂੰ ਚਾਹੀਦਾ ਹੈ ਕਿ ਅਨਾਜ ਦੇ ਉਤਪਾਦਨ ਤੇ ਭੰਡਾਰਨ ਦੇ ਨਾਲ-ਨਾਲ ਇਸਦੇ ਵਿਤਰਣ ਨੂੰ ਵੀ ਅਨਾਜ ਸੁਰੱਖਿਆ ਦੇ ਪ੍ਰੋਗਰਾਮ ਵਿਚ ਸ਼ਾਮਲ ਕਰਨ।


Children's Education Funds Inc.

ਕੀ ਤੁਸੀਂ ਜਾਣਦੇ ਹੋ?

* ਕਿ ਕੈਨੇਡੀਅਨ ਗੌਰਮਿੰਟ ਨੇ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਰ ਮਹੀਨੇ 100 ਡਾਲਰ ਦੇਣ ਦਾ ਐਲਾਨ ਕੀਤਾ ਹੈ।
* ਕਿ ਇਹ 100 ਡਾਲਰ ਜੁਲਾਈ 2006 ਤੋਂ ਮਿਲਣਾ ਸ਼ੁਰੂ ਹੋਇਆ ਹੈ।
* ਕਿ ਤੁਸੀਂ ਜੇਕਰ ਇਹੀ 100 ਡਾਲਰ RESP ਪਲੈਨ ਵਿਚ ਪਾਉਂਦੇ ਹੋ ਤਾਂ ਤੁਹਾਨੂੰ ਫੈਡਰਲ ਅਤੇ ਪ੍ਰੋਵਿੰਸ਼ੀਅਲ ਗਰਾਂਟਾਂ ਮਿਲ ਸਕਦੀਆਂ ਹਨ।
* ਕਿ ਭਾਵੇਂ ਤੁਸੀਂ ਪਹਿਲਾਂ ਵੀ RESP ਪੀ ਕੀਤੀ ਹੋਈ ਹੋਵੇ ਤਾਂ ਇਸ 100 ਡਾਲਰਾਂ ਦੀ ਇਕ ਹੋਰ RESP ਲੈ ਸਕਦੇ ਹੋ।ਜਦੋਂ ਤਕ ਤੁਸੀਂ ਇਕ ਬੱਚੇ ਦਾ ਉਮਰ ਭਰ ਵਿਚ 50,000 ਡਾਲਰ ਤੋਂ ਵੱਧ ਨਾ ਪਾਉਂਦੇ ਹੋਵੇ।
* ਕਿ ਜੇਕਰ ਤੁਸੀਂ ਇਹੀ 100 ਡਾਲਰ ਦੀ ਪੰਜ ਸਾਲਾ CET ਦੀ ਪਲੈਨ ਲੈਂਦੇ ਹੋ ਅਤੇ ਪੰਜ ਸਾਲ ਤੋਂ ਬਾਦ ਕੁਝ ਵੀ ਨਹੀਂ ਪਾਉਂਦੇ ਤਾਂ ਤਕਰੀਬਨ 31,000 ਡਾਲਰ ਬੱਚੇ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਸਮੇ ਮਿਲ ਸਕਦਾ ਹੈ।
* ਸੈਨਟੇਨੀਅਲ ਗਰਾਂਟ (800 ਡਾਲਰ) ਬੱਚੇ ਦੇ 2 ਸਾਲ ਦਾ ਹੋਣ ਤੋਂ ਪਹਿਲਾਂ ਹੀ ਲੈ ਸਕਦੇ ਹੋ।

**Did You Know?**

* That Canadian Government announced to give $100 for every child up to 6 years of age?
* That this $100 will be coming to every parent for every child under 6 year of age starting the month of July 2006?
* That of you save money in your RESP, you can get all the Federal and Provincial Grants from the Government?
* That you can have as many RESP's as you want as long as total life time contribution per child is not over $50,000?
* That if you save $100 only for 5 years in CET Group Plan, it could add up to approximately $31,000* after 18 years?

*ਗੌਰਮਿੰਟ ਦੇ ਹੀ ਪੈਸਿਆਂ ਨੂੰ RESP ਵਿਚ ਪਾਕੇ ਗੌਰਮਿੰਟ ਦੀਆਂ ਹੀ ਫਰੀ ਗਰਾਂਟਾਂ ਦਾ ਫਾਇਦਾ ਉਠਾਓ।*

Save New Free Money From Government For Your Child's Education Plan & Get Grants From Government

*Want to know more about above all, please call today for FREE information* JESSIE SINGH C.A.I.B.
*(Branch Manager) of Children Education Funds Inc.*

403-830-7007




Jessie Singh C.A.I.B.


Based on post performance & actual educational assistance paid. This amount includes CESG, Enhanced CESG, CLB and ACES. This amount is not intended to reflect future results. Discretionary Enhancements are included in the value. The rate of return is not intended to reflect future values or returns on investments. Please refer to our prospectus for further details.

# ਭਾਰਤ — ਅੱਜ–ਕੱਲ੍ਹ

## ਦੇਸ਼ 'ਚ ਹਾਲੇ ਵੀ ਖਤਮ ਨਹੀਂ ਹੋਈ ਛੂਤ–ਛਾਤ

### ਤਾਮਿਲਨਾਡੂ ਦੇ 600 ਮੰਦਰਾਂ ਵਿਚ ਪੂਜਾ ਨਹੀਂ ਕਰ ਸਕਦੇ ਦਲਿਤ

ਛੂਤ ਛਾਤ ਪਾਪ ਹੈ। ਅਸੀਂ ਸਾਰਿਆਂ ਨੇ ਇਹ ਗੱਲ ਕਿਤਾਬਾਂ ਵਿਚ ਪੜ੍ਹੀ ਹੈ, ਪਰ ਹਕੀਕਤ ਵਿਚ ਛੂਤ ਛਾਤ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਹਾਲੇ ਵੀ ਇਕ ਸਮਾਜਿਕ ਬੁਰਾਈ ਹੈ। ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵੱਲੋਂ ਬਣਾਏ ਗਏ



ਛੂਤ ਛਾਤ ਖ਼ਤਮ ਕਰੋ ਫਰੰਟ ਦੇ ਕਨਵੀਨਰ ਸੰਪਤ ਦਾ ਕਹਿਣਾ ਹੈ, ''ਤਾਮਿਲਨਾਡੂ ਵਿਚ 41 ਰੂਪਾਂ ਵਿਚ ਛੂਤ ਛਾਤ ਹਾਲੇ ਵੀ ਜਾਰੀ ਹੈ।'' 16 ਮਈ, 2007 ਤੋਂ ਇਹ ਫਰੰਟ ਇਸ ਸਮਾਜਿਕ ਬੁਰਾਈ ਖ਼ਿਲਾਫ ਵਿਰੋਧ ਪ੍ਰਦਰਸ਼ਨ ਕਰਨ ਵਿਚ ਰੁੱਝਿਆ ਹੋਇਆ ਹੈ। ਇਸ ਫਰੰਟ ਨੇ ਅਪਣਾ ਧਿਆਨ ਵਿਸ਼ੇਸ ਤੌਰ ਤੇ ਹਿੰਦੂ ਮੰਦਰਾਂ 'ਤੇ ਕੇਂਦਰਤ ਕੀਤਾ ਹੈ, ਜਿੱਥੇ ਦਲਿਤਾਂ ਨੂੰ ਅੰਦਰ ਜਾਣ ਦੀ ਆਗਿਆ ਨਹੀਂ ਹੈ।

ਸੰਪਤ ਕਹਿੰਦਾ ਹੈ, ''ਤਾਮਿਲਨਾਡੂ ਵਿਚ 926 ਮੰਦਰ ਸਰਕਾਰ ਦੇ ਕੰਟਰੋਲ ਹੇਠ ਹਨ। ਉਨ੍ਹਾਂ ਵਿਚੋਂ ਛੇ ਸੌ ਤੋਂ ਵਧੇਰੇ ਮੰਦਰਾਂ ਵਿਚ ਦਲਿਤਾਂ ਦੇ ਪੂਜਾ ਕਰਨ 'ਤੇ ਪਾਬੰਦੀ ਹੈ। ਸਾਡੇ ਸੂਬੇ ਵਿਚ 7 ਹਜ਼ਾਰ ਤੋਂ ਵਧੇਰੇ ਪਿੰਡਾਂ ਵਿਚ ਛੂਤ ਛਾਤ ਇਕ ਸਮਾਜਿਕ ਰਵਾਇਤ ਵਜੋਂ ਜਾਰੀ ਹੈ।

ਸੀਪੀਆਈ (ਮਾਰਕਸਵਾਦੀ) ਵੱਲੋਂ ਨਿਯਮਤ ਰੂਪ ਵਿਚ ਇਸ ਬੁਰਾਈ ਖ਼ਿਲਾਫ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ ਅਤੇ ਕੱਟੜ ਵਿਰੋਧ ਦੇ ਬਾਵਜੂਦ ਦਲਿਤਾਂ ਨੂੰ ਮੰਦਰ ਵਿਚ ਪੂਜਾ ਲਈ ਲਿਜਾਇਆ ਗਿਆ ਹੈ। ਪਿਛਲੇ ਦੋ ਵਰ੍ਹਿਆਂ ਦੌਰਾਨ ਇਸ ਫਰੰਟ ਵੱਲੋਂ ਮੰਦਰਾਂ ਵਿਚ ਦਲਿਤਾਂ ਦੇ ਦਾਖ਼ਲੇ ਲਈ ਵੱਡੇ ਪੱਧਰ ਤੇ ਮੁਜ਼ਾਹਰੇ ਕੀਤੇ ਗਏ। ਇਨ੍ਹਾਂ ਕਾਰਨ ਸੂਬੇ ਦੇ ਵੱਖ–ਵੱਖ ਹਿੱਸਿਆਂ ਵਿਚ ਸਥਿਤ 8 ਮੰਦਰਾਂ ਵਿਚ ਦਲਿਤਾਂ ਨੂੰ ਜਾਣ ਦੀ ਆਗਿਆ ਮਿਲੀ ਹੈ। ਉਹ ਇਸ ਪ੍ਰਕਿਰਿਆ ਨੂੰ ਅਗਾਂਹ ਵਧਾਉਣ ਦੀ ਯੋਜਨਾ ਬਣਾ ਰਹੇ ਹਨ।

ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਨੇ ਨਾਗਾਪੱਟੀਨਮ ਜ਼ਿਲ੍ਹੇ ਦੇ ਚੇਤੀਪੁਲਮ ਪਿੰਡ ਦੇ ਇਕ ਮੰਦਰ ਵਿਚ ਦਾਖ਼ਲੇ ਲਈ ਸੰਘਰਸ਼ ਵਿੱਢਿਆ। ਜਦੋਂ ਪਾਰਟੀ ਨੇ ਦਲਿਤਾਂ ਨੂੰ ਲੈ ਕੇ ਮੰਦਰ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉੱਚੀ ਜਾਤ ਦੇ ਲੋਕਾਂ ਨੇ ਵਿਰੋਧ ਕੀਤਾ। ਦੋਵਾਂ ਧਿਰਾਂ ਵਿਚਾਲੇ ਟਕਰਾਅ ਹੋਇਆ। ਪੁਲਿਸ ਨੂੰ ਗੋਲੀ ਚਲਾਉਣ ਲਈ ਮਜਬੂਰ ਹੋਣਾ ਪਿਆ। ਉਦੋਂ ਤੋਂ ਹੀ ਪਿੰਡ ਵਿਚ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਤਣਾਅਪੂਰਨ ਹੈ। ਜ਼ਿਲ੍ਹਾ ਪ੍ਰਸ਼ਾਸਨ ਦੀ ਦਖ਼ਲਅੰਦਾਜ਼ੀ ਨਾਲ ਮੰਦਰ ਵਿਚ ਦਲਿਤਾਂ ਦੇ ਦਾਖ਼ਲੇ ਦਾ ਪ੍ਰਬੰਧ ਹੋਇਆ। ਭਾਵੇਂ ਚੇਤੀਪੁਲਮ ਪਿੰਡ ਵਿਚ ਕੀਤਾ ਗਿਆ ਸੰਘਰਸ਼ ਸਫ਼ਲ ਰਿਹਾ, ਪਰ ਇਸ ਤੋਂ ਖ਼ਫ਼ਾ ਹੋਏ ਉੱਚੀਆਂ ਜਾਤਾਂ ਦੇ ਲੋਕ ਹੁਣ ਦਲਿਤਾਂ ਨੂੰ ਆਪਣੇ ਖੇਤਾਂ ਵਿਚ ਕੰਮ ਕਰਨ ਦੀ ਆਗਿਆ ਨਹੀਂ ਦਿੰਦੇ।

ਚੇਤੀਪੁਲਮ ਦੀ ਘਟਨਾ ਕੋਈ ਇਕੋ ਇਕ ਘਟਨਾ ਨਹੀਂ ਹੈ। ਜਦੋਂ ਵੀ ਸੂਬੇ ਦੇ ਹੋਰਨਾਂ ਹਿੱਸਿਆਂ ਵਿਚ ਪ੍ਰੋਗਰਾਮ ਬਣਾਇਆ, ਉਨ੍ਹਾਂ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਭਾਵੇਂ ਧਾਰਮਿਕ ਪੱਖ ਤੋਂ ਕਮਿਊਨਿਸਟ ਪਾਰਟੀ ਮੰਦਰਾਂ ਨੂੰ ਰੱਬ ਦੇ ਘਰ ਵਜੋਂ ਨਹੀਂ ਵੇਖਦੀ, ਇਨ੍ਹਾਂ ਨੂੰ ਉੱਚੀਆਂ ਜਾਤਾਂ ਵੱਲੋਂ ਨੀਵੀਆਂ ਜਾਤਾਂ ਨੂੰ ਦਬਾ ਕੇ ਰੱਖਣ ਲਈ ਵਰਤੇ ਜਾਂਦੇ ਹਥਿਆਰ ਵਜੋਂ ਵੇਖਦੀ ਹੈ।

ਬਹੁਤੇ ਪਿੰਡਾਂ ਵਿਚ ਤਾਂ ਦਲਿਤ ਪੰਚਾਇਤ ਦਾ ਮੁੱਖੀ ਵੀ ਨਹੀਂ ਬਣ ਸਕਦਾ। ਕਾਰਨ ਇਹ ਹੈ ਕਿ ਜੇ ਉਹ ਪੰਚਾਇਤ ਦਾ ਮੁੱਖੀ ਬਣ ਜਾਂਦਾ ਹੈ ਤਾਂ ਮੰਦਰ ਦੀ ਨਿਗਰਾਨੀ ਉਸ ਦੇ ਅਧਿਕਾਰ ਹੇਠ ਆ ਜਾਵੇਗੀ। ਉਸ ਨੂੰ ਮੰਦਰ ਵਿਚ ਦੂਜਿਆਂ ਨਾਲੋਂ ਉੱਚਾ ਮਾਣ ਮਿਲੇਗਾ। ਇਸੇ ਕਰਕੇ ਹੀ ਦਲਿਤਾਂ ਨੂੰ ਪੰਚਾਇਤ ਮੁੱਖੀ ਬਣਨ ਦੀ ਆਗਿਆ ਨਹੀਂ ਹੈ।" ਇਸ ਸੰਸਥਾ ਵੱਲੋਂ ਪਿੰਡਾਂ ਵਿਚ ਛੂਤ ਛਾਤ ਦੇ ਵਰਤਾਰੇ ਬਾਰੇ ਖੋਜ ਵੀ ਕਰਵਾਈ ਗਈ ਹੈ।

ਰੱਬ ਦੇ ਸਾਹਮਣੇ ਸਾਰੇ ਬਰਾਬਰ ਹੁੰਦੇ ਹਨ, ਪਰ ਬਹੁਤੇ ਹਿੱਸਿਆਂ ਵਿਚ ਕੁਝ ਲੋਕ ਹਾਲੇ ਵੀ ਨਾਬਰਾਬਰੀ ਦਾ ਸ਼ਿਕਾਰ ਹਨ।

## ਲਿਸ਼ਕਦੇ ਭਾਰਤ ਵਿਚ ਮਿੱਟੀ ਖਾ ਰਹੇ ਹਨ ਭੁੱਖ ਨਾਲ ਵਿਲਕਦੇ ਬੱਚੇ

ਇਲਾਹਾਬਾਦ–ਨ ਦ ਬਿਓਰੋ

ਨਵੀਂ ਦਿੱਲੀ : ਜਦੋਂ ਦੇਸ਼ ਦੀ ਵਿਕਾਸ ਦਰ ਉਚੀ ਚੱਲ ਰਹੀ ਹੈ ਅਤੇ ਤੇਜ਼ੀ ਨਾਲ ਪ੍ਰਗਤੀ ਹੋ ਰਹੀ ਹੈ, ਜਦੋਂ ਰਾਜਧਾਨੀ ਵਿਚ ਵੱਖ ਵੱਖ ਮੰਤਰਾਲਿਆਂ ਦੇ ਮੰਤਰੀਆਂ ਅਤੇ ਉਚ ਅਧਿਕਾਰੀਆਂ ਦਾ ਵੱਡਾ ਜੱਥਾ ਸਾਂਝਾ ਪ੍ਰਗਤੀਸ਼ੀਲ ਗਠਜੋੜ ਦੀ ਮੁਖੀ ਸੋਨੀਆ ਗਾਂਧੀ ਦੇ ਦਬਾਅ ਹੇਠ ਗਰੀਬਾਂ ਨੂੰ ਭੋਜਨ ਦੀ ਸੁਰੱਖਿਆ ਦੇਣ ਨਾਲ ਸਬੰਧਤ ਬਿਲ ਨੂੰ ਅੰਤਿਮ ਰੂਪ ਦੇਣ ਵਿਚ ਰਾਤ–ਦਿਨ ਇਕ ਕਰ ਰਿਹਾ ਹੈ, ਇਲਾਹਾਬਾਦ ਦੇ ਇਕ ਪਿੰਡ ਵਿਚ ਭੁੱਖ ਨਾਲ ਵਿਲਕਦੇ ਬੱਚੇ ਹੋਰ ਕੋਈ ਚਾਰਾ ਨਾ ਦੇਖ ਮਿੱਟੀ ਖਾਣ ਦਾ ਇਲਮ ਸਿਖ ਰਹੇ ਹਨ। ਇਹ ਉਨ੍ਹਾਂ ਪਰਿਵਾਰਾਂ ਦੇ ਬੱਚੇ ਹਨ ਜਿਨ੍ਹਾਂ ਦੀ ਮਾਸਿਕ ਆਮਦਨ (ਪੰਜ ਮੈਂਬਰਾਂ ਦਾ ਪਰਿਵਾਰ) 400 ਰੁਪਏ ਹੈ, ਪਰ ਜੋ ਗਰੀਬਾਂ ਦੀ ਸਰਕਾਰੀ ਸੂਚੀ ਵਿਚ ਦਰਜ ਨਹੀਂ ਹਨ।

ਇਸ ਸਬੰਧੀ ਜਦੋਂ ਇਲਾਹਾਬਾਦ ਤੋਂ 45 ਕਿਲੋਮੀਟਰ ਦੂਰ ਅਤੇ ਨਜ਼ਦੀਕੀ ਸੜਕ ਤੋਂ 12 ਕਿਲੋਮੀਟਰ ਅੰਦਰ 'ਗਾਨੇ' ਪਿੰਡ ਦਾ ਦੌਰਾ ਕੀਤਾ ਗਿਆ ਤਾਂ ਦੇਖਿਆ ਕਿ ਉਥੇ ਦੀਆਂ ਪੱਥਰ ਦੀਆਂ ਖਾਨਾਂ ਦੇ ਨੇੜੇ–ਤੇੜੇ ਤਿੱਖੀ ਧੁੱਪ ਵਿਚ ਭੁੱਖੇ ਬੱਚੇ ਚੁੱਪਚਾਪ ਗਿੱਲੀ ਪਥਰੀਲੀ ਮਿੱਟੀ–ਸਿਲੀਕਾਨ ਦੇ ਗੋਲੇ ਜਮ੍ਹਾ ਕਰਕੇ ਆਪਣੇ ਝੋਲੇ ਵਿਚ ਰੱਖ ਰਹੇ ਹਨ। ਇਥੇ ਇਕ ਪਤਲੀ ਅਤੇ ਕੁਪੋਸ਼ਣ ਕਾਰਨ ਨਿਕਲੇ ਪੇਟ ਵਾਲੀ ਪੰਜ ਸਾਲ ਦੀ ਸੋਨੀ ਨੇ ਕਿਹਾ, 'ਇਸ ਦਾ ਸਵਾਦ ਛੋਲਿਆਂ ਦੇ ਸੱਤੂ ਵਰਗਾ ਹੈ, ਇਸ ਲਈ ਅਸੀਂ ਖਾਂਦੇ ਹਾਂ।' ਇਥੇ ਸੋਨੀ ਵਰਗੇ ਵੱਡੇ ਬੱਚੇ ਖੁਦਾਈ ਤੋਂ ਅਜਿਹੀ ਮਿੱਟੀ ਨਿਕਲਣ ਦਾ ਇੰਤਜ਼ਾਰ ਕਰਦੇ ਹਨ ਤਾਂ ਛੋਟੇ ਬੱਚੇ ਵੀ ਉਨ੍ਹਾਂ ਪਿੱਛੇ ਖੜੇ ਹੋ ਕੇ ਸਿੱਖਦੇ ਹਨ।

ਇਸ ਪਿੰਡ ਦੇ ਜ਼ਿਆਦਾਤਰ ਪਰਿਵਾਰ ਇਕ ਵਕਤ ਚੌਲ ਤੇ ਨਮਕ ਨਾਲ ਗੁਜ਼ਾਰਾ ਕਰਦੇ ਹਨ। ਕਦੇ ਪਾਣੀਦਾਰ ਸਬਜ਼ੀ ਮਿਲ ਗਈ ਤਾਂ ਕਿਸਮਤ ਖੁੱਲ੍ਹ ਗਈ। ਇਥੋਂ ਦੇ ਨੇੜੇ–ਤੇੜੇ ਦੇ 20 ਪੱਥਰਾਂ ਦੀਆਂ ਖਾਨਾਂ 'ਚੋਂ ਗਿੱਲੀ ਮਿੱਟੀ ਮੁਫ਼ਤ ਵਿਚ ਮਿਲ ਜਾਂਦੀ ਹੈ ਜਿਸ ਨੂੰ ਖਾ ਕੇ ਉਨ੍ਹਾਂ ਦੇ ਬੱਚੇ ਪੇਟ ਦੀ ਅੱਗ ਬੁਝਾਉਂਦੇ ਹਨ ਪਰ ਇਹ ਹੈ ਬਹੁਤ ਹੀ ਖਤਰਨਾਕ। ਇਹ ਮਿੱਟੀ ਕੁਪੋਸ਼ਣ ਅਤੇ ਬਿਮਾਰੀਆਂ ਦਾ ਘਰ ਹੈ। ਪਰ ਇਹ ਪਰਿਵਾਰ ਗਰੀਬਾਂ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਤਹਿਤ ਰਜਿਸਟਰਡ ਨਹੀਂ ਹਨ ਇਸ ਲਈ ਇਨ੍ਹਾਂ ਨੂੰ ਸਸਤੇ ਅਨਾਜ ਪ੍ਰੋਗਰਾਮ ਦਾ ਲਾਭ ਨਹੀਂ ਮਿਲਦਾ। ਗਾਨੇ ਪਿੰਡ ਦਾ ਸਰਵੇਖਣ ਕਰ ਚੁੱਕੇ ਡਾ. ਅਮਿਤ ਸ਼ੁਕਲਾ ਦੱਸਦੇ ਹਨ ਕਿ ਬੱਚਿਆਂ ਦੀਅ ਅੱਖਾਂ ਹਰ ਵੇਲੇ ਸੁੱਜੀਆਂ ਰਹਿੰਦੀਆਂ ਹਨ ਅਤੇ ਕਮਜ਼ੋਰੀ ਤਾਂ ਆਮ ਗੱਲ ਹੈ। ਗਾਨੇ ਪਿੰਡ ਵਿਚ 149 ਪਰਿਵਾਰ ਹਨ ਜਿਨ੍ਹਾਂ ਵਿਚ ਇਕ ਤਿਹਾਈ ਆਦਿਵਾਸੀ ਅਤੇ ਇਕ ਤਿਹਾਈ ਦਲਿਤ ਹਨ। ਇਨ੍ਹਾਂ ਵਿਚੋਂ ਸਿਰਫ਼ 49 ਪਰਿਵਾਰਾਂ ਨੂੰ ਹੀ ਬੀ.ਪੀ.ਐਲ. ਕਾਰਡ ਮਿਲਿਆ ਹੈ।



### ਹਾਏ–ਏ–ਹਿੰਦੁਸਤਾਨ

* ਮਿੱਟੀ ਖਾਣ ਕਾਰਨ ਮਰੇ ਬੱਚੇ ਕੁਪੋਸ਼ਣ ਕਾਰਨ ਹੋਈ ਮੌਤ ਦੀ ਸ਼੍ਰੇਣੀ ਵਿਚ ਨਹੀਂ ਆਉਂਦੇ। ਉਨ੍ਹਾਂ ਪਰਿਵਾਰਾਂ ਨੂੰ ਬੀ.ਪੀ.ਐਲ. ਕਾਰਡ ਮਿਲਿਆ ਹੈ ਜੋ ਖੁਸ਼ਹਾਲ ਹਨ ਅਤੇ ਪ੍ਰਧਾਨ ਜੀ ਦੇ ਕਰੀਬੀ ਹਨ

* ਖਾਨ ਦਾ ਠੇਕਾ ਅਤੇ ਸਸਤੇ ਗੱਲੇ ਦੀ ਦੁਕਾਨ ਵੀ ਪ੍ਰਧਾਨ ਦੇ ਪਰਿਵਾਰ ਕੋਲ

ਜਦ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਲਾਹਾਬਾਦ ਦੇ ਜ਼ਿਲ੍ਹਾ ਅਧਿਕਾਰੀ ਸੰਜੇ ਪ੍ਰਸਾਦ ਨੇ ਕਿਹਾ, 'ਮੈਂ ਉਥੇ ਇਕ ਟੀਮ ਭੇਜਾਂਗਾ। ਜੋ ਵੀ ਇਸ ਵਿਚ ਦੋਸ਼ੀ ਪਾਇਆ ਗਿਆ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਸਜ਼ਾ ਦਿੱਤੀ ਜਾਵੇਗੀ।' ਜ਼ਿਲ੍ਹਾ ਸਿਹਤ ਸੇਵਾ ਦੇ ਐਡੀਸ਼ਨਲ ਡਾਇਰੈਕਟਰ ਡਾ. ਐਸ.ਐਨ. ਪਾਠਕ ਨੇ ਪਹਿਲਾਂ ਤਾਂ ਕਿਹਾ ਕਿ ਉਹ ਭੁੱਖ ਦੀ ਰਿਪੋਰਟ ਨੂੰ ਦੇਖਣਗੇ। ਉਨ੍ਹਾਂ ਕਿਹਾ, 'ਕੁਪੋਸ਼ਣ ਕੋਈ ਨਵੀਂ ਗੱਲ ਨਹੀਂ ਹੈ ਪਰ ਬੱਚੇ ਮਿੱਟੀ ਖਾ ਰਹੇ ਹਨ ਇਹ ਬਹੁਤ ਭਿਆਨਕ ਹੈ। ਮੈਂ ਖੁਦ ਉਥੇ ਜਾਵਾਂਗਾ।' ਜਦੋਂ ਜ਼ਿਲ੍ਹਾ ਅਧਿਕਾਰੀਆਂ ਨਾਲ ਗੱਲ ਕਰਨ ਤੋਂ ਬਾਅਦ ਪਾਠਕ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦਾ ਮਿਜਾਜ਼ ਬਦਲਾ ਹੋਇਆ ਸੀ। ਬੋਲੇ, 'ਤੁਸੀਂ ਲੋਕ ਰਾਈ ਦਾ ਪਹਾੜ ਬਣਾ ਰਹੇ ਹੋ। ਇਥੇ ਕੋਈ ਕੁਪੋਸ਼ਣ ਨਹੀਂ ਹੈ।' ਹਾਲਾਂਕਿ ਸਥਾਨਕ ਸਿਹਤ ਅਧਿਕਾਰੀ ਬੀ.ਐਲ. ਪਟੇਲ ਨੇ ਔਸਤਨ 4 ਤੋਂ 5 ਕੁਪੋਸ਼ਣ ਦੇ ਮਾਮਲੇ ਸਵੀਕਾਰ ਕੀਤੇ।

ਗ੍ਰਾਮ ਸਭਾ ਦੇ ਪ੍ਰਧਾਨ ਮਨੀਸ਼ ਤ੍ਰਿਪਾਠੀ ਦੀ ਇਥੋਂ ਦੇ ਖਾਨ ਠੇਕੇਦਾਰਾਂ ਨਾਲ ਰਿਸ਼ਤੇਦਾਰੀ ਹੈ ਅਤੇ ਸਸਤੇ ਗੱਲੇ ਦੀ ਦੁਕਾਨ ਵੀ ਇਸੇ ਪਰਿਵਾਰ ਦਾ ਇਕ ਮੈਂਬਰ ਚਲਾਉਂਦਾ ਹੈ। ਚਸ਼ਮਾ ਅਤੇ ਜੀਨਜ਼ ਪਾਈ ਭਾਜਪਾ ਆਗੂ ਤ੍ਰਿਪਾਠੀ ਨੇ ਕਿਹਾ, 'ਸਿਹਤ ਸੇਵਾ ਵਾਲੇ ਦੋ ਤਿੰਨ ਸਾਲ ਤੋਂ ਇਥੇ ਨਹੀਂ ਆਏ।' ਜਦੋਂ ਉਨ੍ਹਾਂ ਤੋਂ ਗਰੀਬਾਂ ਨੂੰ ਬੀ.ਪੀ.ਐਲ. ਕਾਰਡ ਨਾ ਦਿੱਤੇ ਜਾਣ ਬਾਰੇ ਪੁੱਛਿਆ ਤਾਂ ਬੋਲੇ, 'ਜੋ ਮੇਰੇ ਕੋਲ ਆਇਆ ਉਸ ਨੂੰ ਮਿਲਿਆ। ਕਿਸ ਨੇ ਤੁਹਾਨੂੰ ਕਿਹਾ ਕਿ ਕਾਰਡ ਨਹੀਂ ਮਿਲਿਆ, ਉਸ ਦਾ ਨਾਂ ਦੱਸੋ।'

## ਜੂਠੇ ਬਰਤਨ ਮਾਂਜ ਰਿਹਾ ਹੈ ਇਨਕਲਾਬੀ ਦਾ ਪੁੱਤਰ

ਅਮਰਜੀਤ ਸਿੰਘ/ਚੰਡੀਗੜ੍ਹ/ਪਾਨੀਪਤ

**ਸੀਨ ਨੰਬਰ** 1. ਨਵਾਂਸ਼ਹਿਰ ਦੇ ਕੋਲੇ ਖਟਕੜ ਕਲਾਂ ਵਿਚ ਬਣੇ ਸਰਦਾਰ ਭਗਤ ਸਿੰਘ ਅਜਾਇਬ ਘਰ ਵਿਚ ਵੜਦਿਆਂ ਹੀ ਕ੍ਰਾਂਤੀ ਕੁਮਾਰ ਦੀ ਤਸਵੀਰ ਸਭ ਤੋਂ ਪਹਿਲਾਂ ਨਜ਼ਰ ਆਉਂਦੀ ਹੈ। ਜਿਨ੍ਹਾਂ ਦਾ ਅਸਲੀ ਨਾਂ ਉਨ੍ਹਾਂ ਦੀ ਬਾਂਹ ਉੱਤੇ ਹੰਸਰਾਜ ਖੁਣਵਾਇਆ ਹੋਇਆ ਹੈ। ਤਸਵੀਰ ਦੱਸਦੀ ਹੈ ਕਿ ਕ੍ਰਾਂਤੀ ਕੁਮਾਰ ਭਗਤ ਸਿੰਘ ਦੇ ਸਭ ਤੋਂ ਕਰੀਬੀ ਮਿੱਤਰ ਸਨ। ਜਿਨ੍ਹਾਂ ਨੇ ਆਜ਼ਾਦ ਭਾਰਤ ਦੇ ਹਰ ਹੱਥ ਨੂੰ ਕੰਮ ਅਤੇ ਹਰ ਗਰੀਬ ਨੂੰ ਇਕ ਘਰ ਅਤੇ ਕਿੱਤੇ ਦੀ ਇੱਛਾ ਕੀਤੀ ਸੀ।

**ਸੀਨ ਨੰਬਰ** 2. ਪਾਨੀਪਤ ਤੋਂ ਦਿੱਲੀ ਜਾਂਦੇ ਸਮੇਂ ਜੀ.ਟੀ ਰੋਡ ਉੱਤੇ ਬਣੇ ਸੰਜੇ ਚੌਂਕ ਤੋਂ ਅੱਗੇ ਇਕ ਰਸਤਾ ਹਰਿਦੁਆਰ ਨੂੰ ਜਾਂਦਾ ਹੈ, ਦੂਸਰਾ ਜਾਟਲ ਰੋਡ ਕਹਾਉਂਦਾ ਹੈ। ਏਸੇ ਮਾਰਗ ਉੱਤੇ ਰੇਲਵੇ ਕਰੋਸਿੰਗ ਪਾਰ ਕਰਦਿਆਂ ਹੀ ਥੋੜ੍ਹਾ ਅੱਗੇ ਜਾ ਕੇ ਦੋ ਸ਼ਰਾਬ ਦੇ ਠੇਕੇ ਹਨ। ਦੇਸੀ ਸ਼ਰਾਬ ਦੇ ਠੇਕੇ ਉੱਤੇ ਬਿਨੈ ਸ਼ਰਮਾ ਨਾਂ ਦਾ ਵਿਅਕਤੀ ਕਈ ਸਾਲਾਂ ਤੋਂ ਬਰਤਨ ਸਾਫ ਕਰਦਾ ਆ ਰਿਹਾ ਹੈ। 40 ਰੁਪਏ ਦਿਹਾੜੀ ਲੈਣ ਵਾਲੇ ਬਿਨੈ ਨੂੰ ਅਕਸਰ ਲੋਕਾਂ ਦੀ ਜੂਠ ਖਾਣੀ ਪੈਂਦੀ ਹੈ, ਕਿਉਂਕਿ ਏਨੇ ਘੱਟ ਪੈਸਿਆਂ ਨਾਲ ਦੋ ਜੂਨ ਦਾ ਗੁਜ਼ਾਰਾ ਨਹੀਂ ਹੁੰਦਾ। ਬਿਨੈ, ਕ੍ਰਾਂਤੀ ਕੁਮਾਰ ਦਾ ਪੁੱਤਰ ਹੈ।

ਸ਼ਹੀਦ ਕ੍ਰਾਂਤੀ ਕੁਮਾਰ ਦੀ ਪੁੱਤਰੀ ਉਰਵਸ਼ੀ ਸ਼ਰਮਾ ਦੱਸਦੀ ਹੈ, 'ਜਦੋਂ ਪਿਤਾ ਜੀ ਦਾ ਦਿਹਾਂਤ ਹੋਇਆ ਤਾਂ ਸ਼੍ਰੀਮਤੀ ਇੰਦਰਾ ਗਾਂਧੀ, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਜਗਜੀਵਨ ਰਾਮ, ਕਾਮਰਾਜ, ਯਮੁਨਾ ਦਾਸ ਅਖਤਰ ਜਿਹੇ ਸਿਰਕੱਢ ਲੀਡਰ ਇੱਥੇ ਆਏ ਸਨ ਅਤੇ ਸਾਨੂੰ ਬਹੁਤ ਕੁਝ ਦੇਣ ਦਾ ਵਾਅਦਾ ਵੀ ਕਰ ਗਏ ਸੀ, ਪਰ ਇਕ ਹੀ ਵਾਅਦਾ ਪੂਰਾ ਹੋਇਆ। 15 ਮਾਰਚ 1966 ਨੂੰ ਪਿਤਾ ਜੀ ਦਾ ਦਿਹਾਂਤ ਹੋਇਆ, ਉਪਰੰਤ ਸਿੱਖਿਆ ਮੰਤਰੀ ਪ੍ਰਬੋਧ ਚੰਦਰ ਨੇ 1 ਅਪ੍ਰੈਲ ਨੂੰ ਮੈਨੂੰ ਜੇ.ਬੀਟੀ ਦੀ ਨੌਕਰੀ ਦਿੱਤੀ ਪਰ ਇਸਦੀ ਆਮਦਨੀ ਛੇ ਭੈਣਾਂ ਅਤੇ ਦੋ ਭਰਾਵਾਂ ਲਈ ਬਹੁਤ ਹੀ ਘੱਟ ਸੀ। ਮਾਂ ਨੇ ਕੈਂਸਰ ਹੋਣ ਕਾਰਨ ਦਮ ਤੋੜ ਦਿੱਤਾ। ਪੰਜ ਭੈਣਾਂ ਦਾ ਵਿਆਹ ਲੋਕਾਂ ਦੀ ਮੱਦਦ ਨਾਲ ਹੋਇਆ, ਇਕ ਭਰਾ ਦਾ ਵਿਆਹ ਵੀ ਜਿਵੇਂ–ਤਿਵੇਂ ਕਰਵਾਇਆ ਪਰ ਬਿਨੈ ਦਾ ਵਿਆਹ ਨਹੀਂ ਹੋ ਸਕਿਆ। ਉਹ ਜਿਹੜਾ ਜੀਵਨ ਜਿਉਂ ਰਿਹਾ ਹੈ ਉਸ ਨੂੰ ਦੇਖ ਕੇ ਰੋਣਾਂ ਆਉਂਦਾ ਹੈ। 11 ਅਗਸਤ 1947 ਨੂੰ ਕ੍ਰਾਂਤੀ ਕੁਮਾਰ ਨੇ ਲਾਹੌਰ ਜੇਲ੍ਹ ਤੋਂ ਰਿਹਾ ਹੁੰਦਿਆਂ ਹੀ ਇਕ ਖ਼ੱਤ ਅਪਣੇ ਪਰਿਵਾਰ ਨੂੰ ਲਿਖਿਆ ਕਿ 15 ਅਗਸਤ ਨੂੰ ਭਾਰਤ ਆਜ਼ਾਦ ਹੋ ਰਿਹਾ ਹੈ, ਇਸ ਕਰਕੇ ਲਾਲ ਕਿਲ੍ਹੇ ਵਾਲੀ ਤਕਰੀਰ ਸੁਣਨ ਉਹ ਜ਼ਰੂਰ ਆਉਣ।

ਆਜ਼ਾਦੀ ਤੋਂ ਬਾਅਦ ਉਹ ਪਾਕਿਸਤਾਨ ਸਥਿਤ ਜ਼ਿਲ੍ਹੇ ਮਿੰਟਗੁੰਮਰੀ ਦੇ ਪਿੰਡ ਸਤਘਰਾ ਵਿਚ ਅਪਣਾ ਘਰ ਛੱਡ ਕੇ ਪਾਨੀਪਤ ਵਿਚ ਇਕ ਕਮਰੇ, ਇਕ ਰਸੋਈ ਵਾਲੇ ਘਰ ਵਿਚ ਰਹਿਣ ਲਈ ਆ ਗਏ ਜਿਹੜਾ ਕਿ ਉਨ੍ਹਾਂ ਦੀ ਪਤਨੀ ਨੂੰ ਪੇਕਿਆ ਤੋਂ ਮਿਲਿਆ ਸੀ। ਯੂ.ਪੀ.ਏ ਸੀ ਦਾ ਇਮਿਤਿਹਾਨ ਪਾਸ ਕਰਕੇ ਪ੍ਰੈੱਸ ਇਨਫਰਮੈਸ਼ਨ ਬਿਊਰੋ ਵਿਚ ਅਸਿਸਟੈਂਟ ਅਫਸਰ ਭਰਤੀ ਹੋ ਗਏ। ਕੇਵਲ ਦਸ ਸਾਲ ਦੀ ਨੌਕਰੀ ਤੋਂ ਬਾਅਦ 1957 ਵਿਚ ਰਿਟਾਇਰ ਹੋਏ ਤਾਂ ਪੈਨਸ਼ਨ ਮਿਲੀ 37 ਰੁਪਏ ਮਹੀਨਾਵਾਰ। ਫਿਰ ਇਕ ਅੰਗ੍ਰੇਜ਼ੀ ਦੈਨਿਕ ਵਿਚ ਸਵਤੰਤਰ ਪੱਤਰਿਕਾ ਕਰਨ ਲੱਗੇ। 15 ਮਾਰਚ 1966 ਦੀ ਗੱਲ ਹੈ ਪ੍ਰਦੇਸ਼ ਵਿਚ ਪੰਜਾਬੀ ਸੂਬੇ ਦੀ ਮੰਗ ਜ਼ੋਰਾਂ 'ਤੇ ਸੀ। ਉਰਵਸ਼ੀ ਦੇ ਅਨੁਸਾਰ ਉਸਦੀ ਭੈਣ ਉਰਮਿਲਾ ਨੇ ਕਾਲਜ ਤੋਂ ਆ ਕੇ ਦੱਸਿਆ ਕਿ ਸ਼ਹਿਰ ਵਿਚ ਅੰਦੋਲਨਕਾਰੀਆਂ ਉੱਤੇ ਗੋਲੀਆਂ ਚਲਾ ਕੇ ਪੁਲਿਸ ਨੇ ਇਕ ਮੁੰਡੇ ਨੂੰ ਮਾਰ ਦਿੱਤਾ ਹੈ। ਕ੍ਰਾਂਤੀ ਕੁਮਾਰ ਖ਼ਬਰ ਦੀ ਪੁਸ਼ਟੀ ਕਰਨ ਬਾਹਰ ਨਿਕਲ ਗਏ। ਦੋਸਤ ਦੀ ਦੁਕਾਨ ਵਿਚ ਬੈਠੇ ਸੀ ਕਿ ਅੰਦੋਲਨਕਾਰੀ ਆਏ ਅਤੇ ਦੁਕਾਨ ਬੰਦ ਕਰਨ ਦੀ ਜ਼ਿੱਦ ਕਰਨ ਲੱਗੇ। ਕ੍ਰਾਂਤੀ ਕੁਮਾਰ ਨੇ ਸਾਫ ਕਹਿ ਦਿੱਤਾ ਕਿ ਜੇਕਰ ਦੁਕਾਨਦਾਰ ਅੰਦੋਲਨਕਾਰੀਆਂ ਦੀ ਵਿਚਾਰਧਾਰਾ ਦਾ ਸਮਰਥਨ ਨਹੀਂ ਕਰਦੇ ਤਾਂ ਫੇਰ ਉਹ ਦੁਕਾਨਾਂ ਵੀ ਬੰਦ ਨਹੀਂ ਕਰਨਗੇ। ਇਸੇ ਦੌਰਾਨ ਕੁਝ ਲੋਕਾਂ ਨੇ ਪੈਟਰੋਲ ਮੰਗਵਾ ਲਿਆ ਤੇ ਦੁਕਾਨ ਦਾ ਸ਼ਟਰ ਹੇਠਾਂ ਸੁੱਟ ਕੇ ਅੱਗ ਲਾ ਦਿੱਤੀ। ਚਾਹੁੰਦੇ ਹੋਏ ਵੀ ਉਹ ਲੋਕ ਬਾਹਰ ਨਾ ਨਿਕਲ ਸਕੇ ਅਤੇ ਦੇਖਦੇ–ਦੇਖਦੇ ਹੀ ਕ੍ਰਾਂਤੀ ਕੁਮਾਰ ਅਪਣੇ ਦੋ ਦੋਸਤਾਂ ਸੰਤ ਰਾਮ ਲਾਂਬਾ ਅਤੇ ਦੀਵਾਨ ਚੰਦ ਟੱਕਰ ਦੇ ਨਾਲ ਸੜ ਕੇ ਸੁਆਹ ਹੋ ਗਏ। ਦੂਸਰੇ ਦਿਨ ਤੂਫ਼ਾਨ ਮੱਚ ਗਿਆ ਤੇ ਦੇਸ਼ ਦੇ ਸਨਮਾਨਿਤ ਨੇਤਾ ਪਾਨੀਪਤ ਵਿਖੇ ਇਨ੍ਹਾਂ ਨੂੰ ਸਰਧਾਂਜਲੀ ਦੇਣ ਆਏ।

ਕ੍ਰਾਂਤੀ ਕੁਮਾਰ 1920 ਵਿਚ ਮਹਾਤਮਾ ਗਾਂਧੀ ਦੇ ਸੱਦੇ ਉੱਤੇ ਕਾਂਗਰਸ ਵਿਚ ਸ਼ਾਮਲ ਹੋ ਗਏ। ਪਰ ਭਗਤ ਸਿੰਘ ਨਾਲ ਨੇੜਤਾ ਹੋਣ ਕਾਰਨ ਗਾਂਧੀ ਜੀ ਤੋਂ ਸਦਾ ਦੂਰੀ ਬਣਾਈ ਰੱਖੀ। ਭਗਤ ਸਿੰਘ ਨੂੰ ਫਾਂਸੀ ਤੋਂ ਬਾਅਦ ਮਹਾਤਮਾ ਗਾਂਧੀ ਉਨ੍ਹਾਂ ਨੂੰ ਸਰਧਾਂਜਲੀ ਦੇਣ ਲਾਹੌਰ ਆਏ। ਕ੍ਰਾਂਤੀ ਕੁਮਾਰ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਉਨ੍ਹਾਂ ਨੇ ਵੱਖਰੇ ਹੋ ਕੇ ਅਪਣਾ ਵਿਰੋਧ ਜ਼ਾਹਿਰ ਕਰਨਾ ਚਾਹਿਆ। ਉਹ ਲਾਹੌਰ ਤੋਂ ਪਹਿਲਾਂ ਇਕ ਅਜਿਹੇ ਸਟੇਸ਼ਨ ਜਾ ਪਹੁੰਚੇ ਜਿੱਥੇ ਗੱਡੀ ਰੁਕੀ ਤੇ ਜਿਸ ਵਿਚ ਗਾਂਧੀ ਜੀ ਸਨ। ਉਹ ਮਿਲਕੇ ਬੋਲੇ–ਅਸੀਂ ਭਗਤ ਸਿੰਘ ਦੇ ਸਾਥੀ ਹਾਂ ਇਸ ਕਰਕੇ ਅਸੀਂ ਅਪਣੇ ਤਰੀਕੇ ਨਾਲ ਫਾਂਸੀ ਦਾ ਵਿਰੋਧ ਕਰਨਾ ਚਾਹੁੰਦੇ ਹਾਂ। ਜਦੋਂ ਇਨ੍ਹਾਂ ਗਾਂਧੀ ਨੂੰ ਕਿਹਾ ਕਿ ਤੁਹਾਨੂੰ ਕਾਲੇ ਝੰਡੇ ਦੇ ਹੇਠਾਂ ਦੀ ਲੰਘਣਾ ਪਵੇਗਾ ਤਾਂ ਗਾਂਧੀ ਜੀ ਬਿਨਾਂ ਕਿਸੇ ਹਿਚਕਚਾਹਟ ਦੇ ਮੰਨ ਗਏ। ਗਾਂਧੀ ਜੀ ਲਾਹੌਰ ਪਹੁੰਚੇ, ਉੱਥੇ ਕ੍ਰਾਂਤੀ ਕੁਮਾਰ ਦੀ ਅਗਵਾਈ ਵਿਚ 12 ਨੌਜਵਾਨ ਕਾਲੇ ਝੰਡੇ ਲਈ 6–6 ਦੀ ਗਿਣਤੀ ਵਿਚ ਦੋ ਲਾਇਨਾਂ ਬਣਾ ਕੇ ਖੜ੍ਹੇ ਹੋ ਗਏ ਸਨ। ਗਾਂਧੀ ਜੀ ਵਾਅਦੇ ਅਨੁਸਾਰ ਇਨ੍ਹਾਂ ਕਾਲੇ ਝੰਡਿਆਂ ਦੇ ਵਿਚੋਂ ਦੀ ਲੰਘੇ । ਅੰਤ ਵਿਚ ਕ੍ਰਾਂਤੀ ਕੁਮਾਰ ਜੀ ਖੜ੍ਹੇ ਸਨ। ਉਨ੍ਹਾਂ ਨੇ ਅਪਣੀ ਜੇਬ ਵਿਚੋਂ ਇਕ ਬਲੇਡ ਅਤੇ ਇਕ ਕਾਲਾ ਗੁਲਾਬ ਕੱਢਿਆ। ਤਦ ਹੀ ਬਲੇਡ ਨਾਲ ਅਪਣਾ ਹੱਥ ਕੱਟ ਕੇ ਲਹੂ ਕੱਢਿਆ ਤੇ ਕਾਲੇ ਗੁਲਾਬ ਨੂੰ ਲਾਲ ਕਰਕੇ ਗਾਂਧੀ ਜੀ ਨੂੰ ਦਿੰਦੇ ਹੋਏ ਕਿਹਾ, ਇਹੀ ਸਾਡਾ ਵਿਰੋਧ ਹੈ।

# ਵਿਸ਼ਵ ਅੱਜ-ਕੱਲ੍ਹ

## ਚੀਨ ਪੈਦਾ ਕਰੇਗਾ 9 ਮਿਲੀਅਨ ਨਵੀਆਂ ਨੌਕਰੀਆਂ

ਸ਼ੰਘਾਈ- ਸ਼ੰਘਾਈ ਵਿਖੇ ਪ੍ਰੀਮੀਅਰ ਵੈਨ ਜਿਆਬਾਉ ਨੇ ਨੈਸ਼ਨਲ ਪੀਪਲਜ਼ ਕਾਂਗਰਸ ਅੱਗੇ ਮੁਲਕ ਦੀ ਆਰਥਿਕ ਤਰੱਕੀ ਦੀ ਰਿਪੋਰਟ ਪੇਸ਼ ਕਰਦਿਆਂ, ਮਹਿੰਗਾਈ ਦਰ ਕਾਬੂ ਵਿਚ ਰੱਖਣ ਅਤੇ ਇਸ ਨਾਲ ਨਵੇਂ ਕਾਮਿਆਂ ਲਈ ਸ਼ਹਿਰੀ ਖੇਤਰਾਂ ਵਿਖੇ 9 ਮਿਲੀਅਨ ਨਵੀਆਂ ਨੌਕਰੀਆਂ ਪੈਦਾ ਕਰਨ ਦਾ ਦਾਅਵਾ ਕੀਤਾ ਹੈ।

ਪ੍ਰੀਮੀਅਰ ਨੇ ਦਾਅਵਾ ਕੀਤਾ ਹੈ ਕਿ ਚੀਨ ਇਹਨਾਂ ਟੀਚਿਆਂ ਨੂੰ ਪੂਰਾ ਕਰ ਸਕਦਾ ਹੈ ਅਤੇ ਜੀ. ਡੀ. ਪੀ. ਅੱਠ ਫ਼ੀਸਦੀ ਤੇ ਰੱਖਦਿਆਂ ਹੋਇਆਂ ਸ਼ਹਿਰੀ ਖੇਤਰਾਂ ਵਿਚ ਬੇਰੁਜ਼ਗਾਰੀ ਦੀ ਦਰ 4.6 ਫ਼ੀਸਦੀ ਤੋਂ ਅੱਗੇ ਨਾ ਵਧਣ ਦੇਣ ਵਿਚ ਸਮਰੱਥ ਹੈ।




ਨੈਸ਼ਨਲ ਪੀਪਲਜ਼ ਕਾਂਗਰਸ ਚੀਨ ਦੀ ਇਕ ਉੱਚ ਪੱਧਰੀ ਵਿਧਾਨਕ ਸੰਸਥਾ ਹੈ, ਜਿਸਦੇ 2,939 ਡਿਪਟੀ ਚੀਨ ਭਰ ਤੋਂ ਚੁਣੇ ਗਏ ਨੇ। ਇਸ ਮੌਕੇ ਬੋਲਦਿਆਂ ਵੈਨ ਜਿਆਬਾਉ ਨੇ ਵਾਅਦਾ ਕੀਤਾ ਕਿ ਯੁਆਨ ਦੀ ਕੀਮਤ ਲੋਕਾਂ ਦੀ ਪਹੁੰਚ ਤੋਂ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਜਦੋਂ ਕਿ ਅਮਰੀਕਾ ਵਲੋਂ ਚੀਨ ਉਪਰ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ ਕਿ ਚੀਨੀ ਕਰੰਸੀ ਦੀ ਕੀਮਤ ਵਿਚ ਵਾਧਾ ਕੀਤਾ ਜਾਵੇ।

ਗ੍ਰੇਟ ਹਾਲ ਵਿਖੇ ਹੋਏ ਇਸ ਇਕੱਠ ਦੌਰਾਨ ਜਿਆਬਾਉ ਵਲੋਂ ਵੱਡੇ-ਵੱਡੇ ਵਾਅਦੇ ਅਤੇ ਦਾਅਵੇ ਕੀਤੇ ਗਏ ਜਿਹਨਾਂ ਬਾਰੇ ਆਮ ਜਨਤਾ ਅਤੇ ਉਹਨਾਂ ਦੇ ਪ੍ਰਤੀਨਿਧੀ ਪਹਿਲਾਂ ਵੀ ਬਹੁਤ ਕੁਝ ਸੁਣ ਚੁੱਕੇ ਨੇ। ਇਹਨਾਂ ਦਾਅਵਿਆਂ ਵਿਚ ਚੀਨ ਦੇ 230 ਮਿਲੀਅਨ ਪਰਵਾਸੀ ਕਾਮਿਆਂ ਦੀ ਹਾਲਤ ਸੁਧਾਰਨ ਤੇ ਉਹਨਾਂ ਨੂੰ ਵਧੇਰੇ ਸਹੂਲਤਾਂ ਦੇਣ ਦੀ ਗੱਲ ਵੀ ਸ਼ਾਮਿਲ ਹੈ ਜੋ ਪਹਿਲਾਂ ਕਈ ਵਾਰੀ ਕਹੀ ਜਾ ਚੁੱਕੀ ਹੈ।

## ਸ਼ਰੀਫ ਨਾਲ ਹੱਥ ਮਿਲਾਉਣ ਦੀ ਤਾਕ ਵਿਚ ਜ਼ਰਦਾਰੀ

ਇਸਲਾਮਾਬਾਦ-ਆਪਣੇ ਅਧਿਕਾਰ ਖੋਹੇ ਜਾਣ ਦਾ ਖੌਫ਼ ਝੱਲ ਰਹੇ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਹੁਣ ਵਿਰੋਧੀ ਪਾਰਟੀ ਪੀ.ਐਮ.ਐਲ.-ਐਨ ਦੇ ਮੁਖੀ ਨਵਾਜ ਸ਼ਰੀਫ ਨਾਲ ਨਜ਼ਦੀਕੀ ਵਧਾਉਣ ਵਿਚ ਜੁਟੇ ਗਏ ਹਨ। ਜਰਦਾਰੀ ਰਾਸ਼ਟਰਪਤੀ ਦੇ ਅਧਿਕਾਰਾਂ ਵਿਚ ਕਟੌਤੀ ਦਾ 18ਵਾਂ ਸੰਵਿਧਾਨ ਸੋਧ ਬਿਲ ਸੰਸਦ ਵਿਚ ਪੇਸ਼ ਕੀਤੇ ਜਾਣ ਨੂੰ ਲੈ ਕੇ ਉਨ੍ਹਾਂ ਨੂੰ ਵਧਾਈ ਦਿੱਤੀ। ਜ਼ਰਦਾਰੀ ਨੇ ਕਿਹਾ ਕਿ ਪੈਕੇਜ (ਬਿਲ) ਦਾ ਸਿਹਰਾ ਸਾਰੀਆਂ ਸਿਆਸੀ ਪਾਰਟੀਆਂ ਦੇ ਸਿਰ ਬੱਝਦਾ ਹੈ। ਉਨ੍ਹਾਂ ਨੇ ਵਿਆਪਕ ਦੇਸ਼ ਹਿੱਤ ਵਿਚ ਪਾਰਟੀ ਸਿਆਸਤ ਤੋਂ ਉਪਰ ਉਠ ਕੇ ਸਮਝਦਾਰੀ ਦਾ ਪਰਿਚੈ ਦਿੱਤਾ ਹੈ। ਰਾਸ਼ਟਰਪਤੀ ਨੇ ਉਮੀਦ ਪ੍ਰਗਟਾਈ ਕਿ ਬਿਲ ਨੈਸ਼ਨਲ ਅਸੈਂਬਲੀ ਜਾਂ ਹੇਠਲੇ ਸਦਨ ਵਿਚ ਜਲਦੀ ਹੀ ਪਾਸ ਹੋ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਸੱਤਾਧਾਰੀ ਪੀ.ਪੀ.ਪੀ. ਅਤੇ ਉਹ, ਸ਼ਰੀਫ ਨਾਲ ਮਿਲ ਕੇ ਮੇਲ-ਮਿਲਾਪ ਅਤੇ ਸਦਭਾਵਨਾ ਨਾਲ ਕੰਮ ਕਰਨਗੇ। 2008 ਵਿਚ ਪੀ.ਐਮ.ਐਲ.-ਐਨ ਦੇ ਪੀ.ਪੀ.ਪੀ. ਦੀ ਅਗਵਾਈ ਵਾਲੀ ਸਰਕਾਰ ਤੋਂ ਵੱਖ ਹੋ ਜਾਣ ਤੋਂ ਬਾਅਦ ਜ਼ਰਦਾਰੀ ਅਤੇ ਸ਼ਰੀਫ ਦੇ ਰਿਸ਼ਤੇ ਕਾਫੀ ਤਣਾਅਪੂਰਨ ਹੋ ਗਏ ਸਨ। ਉਸ ਸਮੇਂ ਸ਼ਰੀਫ ਨੇ ਜ਼ਰਦਾਰੀ 'ਤੇ ਆਪਣੇ ਕਈ ਵਾਅਦਿਆਂ ਤੋਂ ਮੁਕਰਨ ਦਾ ਦੋਸ਼ ਲਾਇਆ ਸੀ। ਸ਼ਰੀਫ ਨੇ ਨਾਰਥ ਵੈਸਟ ਫਰੰਟੀਅਰ ਪ੍ਰਾਂਤ ਦਾ ਨਾਂ ਬਦਲਣ ਅਤੇ ਜੱਜਾਂ ਦੀ ਨਿਯੁਕਤੀ ਦੇ ਤਰੀਕਿਆਂ 'ਤੇ ਇਤਰਾਜ਼ ਕੀਤਾ ਹੈ। ਸੰਵਿਧਾਨਕ ਸੁਧਾਰ ਪੈਕੇਜ ਨੂੰ ਇਸ ਹਫ਼ਤੇ ਨਵਾਜ ਦੀ ਪਾਰਟੀ ਦੀਆਂ ਚਿੰਤਾਵਾਂ ਦਾ ਹੱਲ ਕਰਨ ਤੋਂ ਬਾਅਦ ਆਖਰੀ ਰੂਪ ਦਿੱਤਾ ਗਿਆ ਸੀ।



ਜ਼ਰਦਾਰੀ ਰਾਸ਼ਟਰਪਤੀ ਬਣੇ ਤਾਂ ਮੇਰਾ ਖੂਨ ਜੰਮ ਗਿਆ ਸੀ-

ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਭਤੀਜੀ ਅਤੇ ਲੇਖਿਕਾ ਫਾਤਿਮਾ ਭੁੱਟੋ ਨੇ ਕਿਹਾ ਕਿ ਜਿਸ ਦਿਨ ਆਸਿਫ਼ ਅਲੀ ਜ਼ਰਦਾਰੀ ਦੇਸ਼ ਦੇ ਰਾਸ਼ਟਰਪਤੀ ਬਣੇ ਉਸ ਦਿਨ ਮੇਰਾ ਖੂਨ ਜੰਮ ਗਿਆ ਸੀ। ਫਾਤਿਮਾ ਨੇ ਕਿਹਾ, ਉਸੇ ਦਿਨ ਮੈਂ ਆਪਣੇ ਛੋਟੇ ਭਰਾ ਨੂੰ ਸੁਰੱਖਿਆ ਵਜੋਂ ਦੇਸ਼ ਤੋਂ ਬਾਹਰ ਭੇਜਣ ਦਾ ਫੈਸਲਾ ਕਰ ਲਿਆ ਸੀ। ਫਾਤਿਮਾ ਭੁੱਟੋ ਦੇ ਪਿਤਾ ਮੁਰਤਜਾ ਭੁੱਟੋ ਦੀ ਹੱਤਿਆ ਦੇ ਮਾਮਲੇ ਵਿਚ ਜ਼ਰਦਾਰੀ ਨੂੰ ਦੋਸ਼ੀ ਬਣਾਇਆ ਗਿਆ ਸੀ, ਪਰ ਬਾਅਦ ਵਿਚ ਕੋਰਟ ਨੇ ਉਨ੍ਹਾਂ ਨੂੰ ਇਨ੍ਹਾਂ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ। ਇਨ੍ਹੀਂ ਦਿਨੀਂ ਫਾਤਿਮਾ ਆਪਣੀ ਪੁਸਤਕ 'ਸਾਂਗਜ਼ ਆਫ ਬਲੱਡ ਐਂਡ ਸਾਰਡ' ਨੂੰ ਲੈ ਕੇ ਚਰਚਾ ਵਿਚ ਹੈ।

## ਦੁਨੀਆ ਤੋਂ ਵਿਦਾ ਹੋਏ ਕੰਪਿਊਟਰ ਦੇ ਮਸੀਹਾ




ਅਟਲਾਂਟਾ-ਨ ਦ ਬਿਓਰੋ

ਮਾਈਕਰੋਸਾਫਟ ਦੀ ਸਥਾਪਨਾ ਵਿਚ ਬਿਲ ਗੇਟਸ ਦੇ ਪ੍ਰੇਰਣਾ ਸਰੋਤ ਰਹੇ ਹੈਨਰੀ ਐਡਵਰਡ ਰਾਬਰਟਸ ਦਾ ਬੀਤੇ ਦਿਨੀਂ ਜਾਰਜੀਆ ਵਿਚ ਦੇਹਾਂਤ ਹੋ ਗਿਆ। ਉਹ 68 ਸਾਲਾਂ ਦੇ ਸਨ।

1941 ਵਿਚ ਮਿਆਮੀ ਵਿਚ ਜਨਮੇ ਰਾਬਰਟਸ ਨੇ ਕੈਰੀਅਰ ਵਿਚ ਕਈ ਦੌਰ ਦੇਖੇ ਜਿਸ ਵਿਚ ਕਿਸਾਨ ਅਤੇ ਬਾਦ ਵਿਚ ਡਾਕਟਰੀ ਦਾ ਪੇਸ਼ਾ ਪ੍ਰਮੁੱਖ ਹੈ। ਇਸ ਦੇ ਬਾਵਜੂਦ ਉਹ ਕੰਪਿਊਟਰ ਨੂੰ ਉਨਤ ਬਣਾਉਣ ਦੇ ਕੰਮ ਵਿਚ ਲੱਗੇ ਰਹੇ। ਪਰਸਨਲ ਕੰਪਿਊਟਰ ਦੇ ਵਿਕਾਸ ਦੇ ਸ਼ੁਰੂਆਤੀ ਦੌਰ ਵਿਚ ਰਾਬਰਟਸ ਦਾ ਕਾਫੀ ਮਹੱਤਵਪੂਰਨ ਯੋਗਦਾਨ ਰਿਹਾ। ਉਨ੍ਹਾਂ ਨੇ ਕੰਪਿਊਟਰ ਲਈ ਇਕ ਵਿਸ਼ੇਸ਼ ਕਿੱਟ ਬਣਾਈ, ਜਿਸ ਕਾਰਨ ਪਰਸਨਲ ਕੰਪਿਊਟਰ ਘਰ ਘਰ ਤੱਕ ਪਹੁੰਚਾਉਣ ਵਿਚ ਇਕ ਤਰ੍ਹਾਂ ਨਾਲ ਕ੍ਰਾਂਤੀ ਹੋਈ। ਇਸ ਵਿਕਾਸ ਨੇ ਹੀ ਬਿਲ ਗੇਟਸ ਅਤੇ ਉਨ੍ਹਾਂ ਦੇ ਦੋਸਤ ਪਾਲ ਏਲਨ ਨੂੰ ਮਾਈਕਰੋਸਾਫਟ ਦੀ ਸਥਾਪਨਾ ਦੀ ਪ੍ਰੇਰਣਾ ਦਿੱਤੀ, ਜਿਸ ਨਾਲ 1975 ਵਿਚ ਦੋਹਾਂ ਦਾ ਇਹ ਸੁਪਨਾ ਸਾਕਾਰ ਹੋਇਆ। ਦੋਹਾਂ ਨੇ ਇਸ ਤੋਂ ਪਹਿਲਾਂ ਪਾਪੂਲਰ ਇਲੈਕਟ੍ਰਾਨਿਕਸ ਵਿਚ ਐਮ.ਆਈ.ਟੀ.ਐਸ. ਅਲਟੇਅਰ 8800 ਬਾਰੇ ਇਕ ਲੇਖ ਪੜ੍ਹਿਆ ਸੀ।

**ਪਰਸਨਲ ਕੰਪਿਊਟਰ ਦੇ ਜਨਮਦਾਤਾ ਸਨ ਐਡਵਰਡ ਰਾਬਰਟਸ**

ਇਸ ਮਹਾਨ ਖੋਜੀ ਦੇ ਪੁੱਤਰ ਡੈਵਿਡ ਰਾਬਰਟਸ ਅਨੁਸਾਰ ਰਾਬਰਟਸ ਨੇ ਹਾਲ ਹੀ ਵਿਚ ਬਿਲ ਗੇਟਸ ਨੂੰ ਕਿਹਾ ਸੀ ਕਿ ਉਹ ਨਵੀ ਨੈਨੋਟੈਕਨਾਲੋਜੀ ਯੁਕਤ ਮਸ਼ੀਨਾਂ 'ਤੇ ਕੰਮ ਕਰਨ ਦੇ ਇਛੁੱਕ ਹਨ। ਪਰਿਵਾਰਕ ਮੈਂਬਰਾਂ ਅਨੁਸਾਰ ਰਾਬਰਟਸ ਦੀ ਮੌਤ ਮੈਕੋਨ ਹਸਪਤਾਲ ਵਿਚ ਹੋਈ। ਉਨ੍ਹਾਂ ਨੂੰ ਲੰਬੇ ਸਮੇਂ ਤੋਂ ਨਮੂਨੀਆ ਸੀ। ਗੇਟਸ ਅਤੇ ਏਲਨ ਨੇ ਇਕ ਸਾਂਝਾ ਬਿਆਨ ਦਿੱਤਾ ਸੀ, 'ਅਸੀਂ ਹਮੇਸ਼ਾ ਐਡਵਰਡ ਦੇ ਰਿਣੀ ਰਹਾਂਗੇ।'

### ਪੀ.ਸੀ. ਦੀ ਕਹਾਣੀ

ਸਭ ਤੋਂ ਪਹਿਲਾਂ ਰਾਬਰਟਸ ਨੇ 70 ਦੇ ਦਹਾਕੇ ਵਿਚ ਅਜਿਹਾ ਕੈਲਕੁਲੇਟਰ ਤਿਆਰ ਕੀਤਾ, ਜੋ ਜੋੜ, ਘਟਾਓ, ਗੁਣਾ ਤੇ ਤਕਸੀਮ ਕਰ ਸਕਦਾ ਸੀ।

1971 ਵਿਚ ਰਾਬਰਟਸ ਨੇ ਇਲੈਕਟ੍ਰਾਨਿਕ ਕੈਲਕੁਲੇਟਰ ਕਿੱਟ ਬਣਾਈ, ਜਿਸ ਨੂੰ ਲੋਕਾਂ ਨੇ ਕਾਫੀ ਪਸੰਦ ਕੀਤਾ ਅਤੇ ਬਹੁਤ ਖਰੀਦਿਆ

1974 ਵਿਚ ਰਾਬਰਟਸ ਨੇ ਅਲਟੇਅਰ 8800 ਨਾਮ ਦਾ ਪੀ.ਸੀ. ਤਿਆਰ ਕੀਤਾ, ਇਸ ਆਧਾਰ 'ਤੇ ਇੰਟੇਲ 8800 ਮਾਈਕ੍ਰੋਪ੍ਰੋਸੈਸਰ ਬਣਿਆ

1975 ਵਿਚ ਬਿਲ ਗੇਟਸ ਅਤੇ ਪਾਲ ਏਲਨ ਵੱਲੋਂ ਵਪਾਰਕ ਵਰਤੋਂ ਲਈ ਤਿਆਰ ਪੀ.ਸੀ. ਦਾ ਡਿਜ਼ਾਈਨ ਰਾਬਰਟਸ ਦੀ ਹੀ ਦੇਣ ਹੈ।



## ਅਫ਼ਗਾਨ ਬਾਲ ਵਹੁਟੀਆਂ ਅਤੇ ਲਾੜੇ

**ਰੁਖਸਾਨਾ**

ਅਫ਼ਗਾਨੀ ਮਾਪੇ ਤਿੰਨ ਤਿੰਨ ਸਾਲਾਂ ਦਿਆਂ ਬਾਲਾਂ ਦੇ ਵੀ ਵਿਆਹ ਪੱਕੇ ਕਰ ਦਿੰਦੇ ਹਨ। ਦੋ ਢਾਈ ਸਾਲਾਂ ਦੀ ਕੁੜੀ ਸੁਨਾਮ ਦੀ ਉਸਦੇ ਚਚੇਰੇ ਭਰਾ ਨਈਮ ਨਾਲ ਕੁੜਮਾਈ ਕਰ ਦਿੱਤੀ ਉਸਦੇ ਮਾਪਿਆਂ। ਭਾਵੇਂ ਸਰਕਾਰ ਅਤੇ ਇਨਸਾਨੀ ਹੱਕਾਂ ਵਾਲਿਆਂ ਟੋਲਿਆਂ ਬੜੀਆਂ ਕੋਸ਼ਿਸ਼ਾਂ ਕੀਤੀਆਂ,ਪਰ ਅਫ਼ਗਾਨਿਸਤਾਨ ਵਿਚ ਅਜੇ ਵੀ ਬਾਲਾਂ ਦੀਆਂ ਕੁੜਮਾਈਆਂ ਅਤੇ ਵਿਆਹ ਹੁੰਦੇ ਹਨ, ਖਾਸਕਰ ਗ਼ਰੀਬ, ਅਨਪੜ੍ਹ ਪਰਿਵਾਰ ਜਾਂ ਦੇਹਾਤੀ ਪਾਸਿਆਂ ਵਿਚ।

ਅਫ਼ਗਾਨਿਸਤਸਾਨ ਦੇ ਕੋਈ 16ਫ਼ੀਸਦੀ ਬੱਚੇ 15 ਸਾਲਾਂ ਤੋਂ ਛੋਟੀ ਉਮਰੇ ਵਿਆਹੇ ਜਾਂਦੇ ਹਨ, ਯੂਨੀਸੈਫ਼ ਦੇ ਨਵੇਂ ਅੰਕੜਿਆਂ ਮੁਤਾਬਕ, ਅਤੇ ਕਿਉਂਕਿ ਪਿਛਲੇ ਵਰ੍ਹਿਆਂ ਵਿਚ ਗਰੀਬੀ ਵਧੀ ਹੈ, ਇਸ ਲਈ ਕੁਝ ਪਾਸਿਆਂ ਵਿਚ ਉਮਰ ਦੀ ਹੱਦ ਹੋਰ ਵੀ ਛੋਟੀ ਹੋ ਰਹੀ ਹੈ। ਇਨ੍ਹਾਂ ਵਿਆਹਾਂ ਨਾਲ ਕੁਜੋੜ ਜੋੜੇ ਬਣ ਸਕਦੇ ਹੁੰਦੇ ਹਨ ਅਤੇ ਜੇ ਕੁੜੀਆਂ ਵਿਰੋਧ ਕਰਨ ਤਾਂ ਉਨ੍ਹਾਂ ਉਤੇ ਹਿੰਸਾ ਢਾਈ ਜਾਂਦੀ ਹੈ। ਸੁਨਾਮ ਦੇ ਪਿਓ ਨੇ ਆਪਣੀ ਭੈਣ ਨੂੰ ਤੁਹਫ਼ੇ ਵਿਚ ਦੇ ਦਿੱਤੀ ਸੀ ਆਪਣੀ ਧੀ। ਭੈਣ ਦੇ ਕੋਈ ਧੀ ਨਹੀਂ ਸੀ ਤੇ ਉਸ ਦੀ ਬਹੁਤ ਚਾਹ ਸੀ। ਕਾਬੁਲ ਦੇ ਇਕੋ ਵਿਚਤੇ ਵਿਚ ਦੋਵੇਂ ਪਰਿਵਾਰ ਰਹਿੰਦੇ ਹਨ। ਕਈ ਵਾਰ ਤਾਂ ਅਜਿਹੀਆਂ ਮੁਤਮਾਈਆਂ ਜਨਮ ਤੋਂ ਵੀ ਪਹਿਲਾਂ ਹੋ ਜਾਂਦੀਆਂ ਹਨ।

ਅਜਿਹੇ ਵਿਆਹਾਂ ਵਿਚ ਫ਼ਸੇ ਮਰਦ ਭਾਵੇਂ ਆਪਣੀ ਪਸੰਦ ਨਾਲ ਵੀ, ਹੋਰ ਵਿਆਹ ਵੀ, ਕਰਾ ਲੈਣ, ਪਰ ਔਰਤਾਂ ਤਾਂ ਫਸ ਹੀ ਜਾਂਦੀਆਂ ਹਨ। ਕਈ ਆਤਮ ਹੱਤਿਆ ਕਰ ਲੈਂਦੀਆਂ ਹਨ। ਇਕ 18 ਸਾਲ ਦੀ ਕੁੜੀ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ ਤੇ ਮਰ ਗਈ ਕਿਉਂਕਿ ਉਸਦੇ ਮਾਪੇ ਤਿੰਨ ਸਾਲਾਂ ਦੀ ਇਕ ਡਰੱਗ ਦੇ ਨਸ਼ਈ ਨਾਲ ਹੋਈ ਉਸਦੀ ਕੁੜਮਾਈ ਨਹੀਂ ਸੀ ਤੋੜ ਰਹੇ। ਕਈ ਘਰੋਂ ਭੱਜ ਜਾਂਦੀਆਂ ਹਨ ਤੇ ਕਈ ਵਾਰ ਮਾੜੇ ਨਸ਼ਿਆਂ ਜਾਂ ਵੇਸਵਾਗਿਰੀ ਵਿਚ ਫਸ ਜਾਂਦੀਆਂ ਹਨ। ਕਈ ਆਪਣੇ ਪਰਿਵਾਰਾਂ ਨੂੰ ਧਮਕਾਉਣ ਲਈ ਭੱਜ ਜਾਂਦੀਆਂ ਹਨ। ਕੋਈ ਕਾਨੂੰਨ ਤਾਂ ਨਹੀਂ ਹੈ ਭੱਜਣ ਦੇ ਖ਼ਿਲਾਫ਼ ਪਰ ਇੱਜ਼ਤ ਦਾ ਮਾਮਲਾ ਹੁੰਦਾ ਹੈ। ਕਈ ਵਾਰ ਇਹ ਪੈਂਤੜਾ ਕੰਮ ਵੀ ਦੇ ਜਾਂਦਾ ਹੈ।

ਘੱਟੋ ਘੱਟ ਵਿਆਹ ਦੀ ਉਮਰ ਅਫ਼ਗਾਨਿਸਤਾਨ ਵਿਚ ਭਾਵੇਂ ਕੁੜੀਆਂ ਲਈ 16 ਸਾਲ ਤੇ ਮੁੰਡਿਆਂ ਲਈ 18 ਸਾਲ ਹੈ। ਪਰ 43ਫੀਸਦੀ ਵਿਆਹ ਬਾਲ ਵਿਆਹ ਹੀ ਹੁੰਦੇ ਹਨ। ਵਜ੍ਹਾ ਅਕਸਰ ਆਰਥਿਕ ਹੁੰਦੀ ਹੈ। ਕੁੜੀ ਵਾਲਿਆਂ ਨੂੰ ''ਲਾੜੀ ਦੀ ਕੀਮਤ'' (ਹੱਕ ਮਿਹਰ) ਮਿਲਦੀ ਹੈ ਜੋ ਕਾਫ਼ੀ ਲਲਚਾਉਂਦੀ ਰਕਮ ਹੁੰਦੀ ਹੈ।

ਵਿਆਹ ਦਰਜ ਕਰਾਉਣੇ ਲਾਜ਼ਮੀ ਹੈ ਪਰ ਫੇਰ ਵੀ ਕਰਾਇਆ ਨਹੀਂ ਜਾਂਦਾ। ਸੁਨਾਮ ਤੇ ਨਈਮ ਦੇ ਪਰਿਵਾਰ ਕਹਿੰਦੇ ਹਨ ਕਿ ਜੇ ਵੱਡੇ ਹੁੰਦਿਆਂ ਦੌਰਾਨ ਇਨ੍ਹਾਂ ਨੂੰ ਇਕ ਦੂਜਾ ਪਸੰਦ ਨਾ ਆਇਆ ਤਾਂ ਕੁੜਮਾਈ ਤੋੜ ਦੇਣਗੇ। ਪਰ ਉਨ੍ਹਾਂ ਬੱਚਿਆਂ ਦੀ ਭੂਆ ਕਹਿੰਦੀ ਹੈ- ਅਸੀਂ ਪਸ਼ਤੂਨ ਹਾਂ। ਸਾਡੇ ਵਿਚ ਰਿਸ਼ਤੇ ਤੋੜੇ ਨਹੀਂ ਜਾਂਦੇ। ਇਨ੍ਹਾਂ ਦਾ ਵਿਆਹ ਹੋਵੇਗਾ ਹੀ ਹੋਵੇਗਾ। ਸਾਡੇ ਕਬੀਲੇ ਵਿਚ ਇਓਂ ਹੀ ਹੈ। ਤਲਾਕ ਵੀ ਨਹੀਂ ਕੀਤਾ ਜਾਂਦਾ ਸਾਡੇ।

ਕਈ ਵਾਰ ਤਾਂ, ਦੋ ਗਰਭਵਤੀਆਂ ਫੈਸਲਾ ਕਰ ਲੈਂਦੀਆਂ ਹਨ ਕਿ ਜੇ ਇਕ ਦੇ ਮੁੰਡਾ ਤੇ ਦੂਜੀ ਦੇ ਕੁੜੀ ਹੋਈ ਤਾਂ ਉਨ੍ਹਾਂ ਨੂੰ ਵਿਆਹ ਦੇਣਗੇ। ਪਿਓ ਮਹਿੰਟਰ ਕੁੜੀਆਂ ਨੂੰ ਸਭ ਤੋਂ ਮਾੜੇ ਸਾਕ ਮਿਲਦੇ ਹਨ। ਮੁਦੀਰਾ ਨੂੰ ਉਸ ਦੇ ਚਾਚੇ ਨੇ ਆਪਣੇ ਅਪਾਹਜ ਪੁੱਤਰ ਨਾਲ ਮੰਗ ਦਿੱਤਾ। ਜਦੋਂ ਪੁੱਤਰ ਮਰ ਗਿਆ ਤਾਂ ਦੂਜੀ ਵਾਰ, ਆਪਣੇ ਹੀ ਇਕ ਹੋਰ ਅਪਾਹਜ ਮੁੰਡੇ ਨਾਲ ਮੰਗ ਦਿੱਤਾ। ਵਿਮੈਨ ਫ਼ਾਰ ਅਫ਼ਗਾਨ ਵਿਮੈਨ ਨਾਂ ਦੇ ਗਰੁੱਪ ਨੇ ਢਾਈ ਮਹੀਨੇ ਗੱਲਬਾਤ ਕਰ ਕੇ ਉਸ ਨੂੰ ਉਸ ਦੀ ਕੁੜਮਾਈ ਤੋਂ ਆਜ਼ਾਦ ਕਰਾਇਆ।

ਇਕ ਅਜਿਹੀ ਹੀ ਮੁਟਿਆਰ, 22 ਸਾਲਾ ਦੀ, ਜੋ ਡਰ ਕਰਕੇ ਅਪਣਾ ਨਾਂ ਵੀ ਨਹੀਂ ਦੱਸਣਾ ਚਾਹੁੰਦੀ, ਕਹਿੰਦੀ ਹੈ ਕਿ ਉਹ ਅੱਠ ਸਾਲਾਂ ਤੋਂ ਇਕ 36 ਸਾਲਾਂ ਦੇ ਅਨਪੜ੍ਹ, ਪੁਰਾਣੇ ਖਿਆਲਾਂ ਦੇ ਅਤੇ ਜ਼ਾਲਿਮ ਬੰਦੇ ਨਾਲ ਮੰਗੀ ਹੋਈ ਹੈ- ''ਤਾਲਿਬਾਨ ਜਿਹੇ''- ਉਹ ਕਹਿੰਦੀ ਹੈ- ਪਰ ਉਹ ਕਹਿੰਦਾ ਹੈ ਕਿ ਜੇ ਉਹ ਮੁਕਰੀ ਉਹ ਉਸ ਨੂੰ ਮਾਰ ਦੇਵੇਗਾ। ਉਸਦੇ ਪਿਓ ਨੇ ਵੀ ਇਸ ਕੁੜੀ ਨੂੰ ਕੁੱਟਿਆ। ਕੁੜੀ ਦੀ ਮਾਂ ਕਹਿੰਦੀ ਹੈ ਕਿ ਮੈਂ ਕੀ ਕਰਾਂ, ਤੇਰਾ ਕੋਈ ਭਰਾ ਨਹੀਂ, ਪਿਓ ਵੀ ਨਹੀਂ। ਪਿਓ ਕਾਰ ਹਾਦਸੇ ਵਿਚ ਮਰ ਗਿਆ ਸੀ- ਜਦੋਂ ਇਹ 6 ਮਹੀਨਿਆਂ ਦੀ ਸੀ। ਉਦੋਂ, ਪਿਓ ਦੇ ਇਕ ਨਜ਼ਦੀਕੀ ਮਿੱਤਰ ਨੇ ਇਸ ਲਈ ਵਰ ਲੱਭਣ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ- ਤੇ ਲੱਭਿਆ ਆਪਣਾ ਹੀ ਪੁੱਤਰ। ਇਹ ਕੁੜੀ ਪੜ੍ਹੀ ਲਿਖੀ ਹੈ ਤੇ ਇਕ ਸਿਰਕੱਢ ਅੰਤਰਰਾਸ਼ਟਰੀ ਜੱਥੇਬੰਦੀ ਲਈ ਕੰਮ ਕਰਦੀ ਹੈ। ਉਸਦਾ ਇਹ ਮੰਗੇਤਰ ਇਕ ਦਰਜੀ ਹੈ। ਸਿਰਫ਼ ਅੱਠਵੀਂ ਪਾਸ।

''ਮੈਂ ਜਵਾਨ ਹਾਂ। ਮੈਂ ਹੋਰ ਪੜ੍ਹਨਾ ਚਾਹੁੰਦੀ ਹਾਂ। ਪਰ ਇਹ ਹੈ ਅਫ਼ਗਾ'ਨਿਸਤਾਨ। ਤਾਂ ਹੀ ਤੇ ਮੈਨੂੰ ਅਫ਼ਗਾਨਿਸਤਾਨ ਚੰਗਾ ਨਹੀਂ ਲੱਗਦਾ। ਮੈਂ ਅਫ਼ਗਾਨਿਸਤਾਨ ਤੋਂ ਚਲੀ ਜਾਵਾਂਗੀ।''

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

# ਨਕਸਲੀ ਸਮੱਸਿਆ ਜਾਂ ਸਮੱਸਿਆ ਕਰਕੇ ਨਕਸਲੀ

ਛਤੀਸਗੜ੍ਹ ਦੇ ਦਾਂਤੇਵਾੜਾ ਦੇ ਜੰਗਲਾਂ ਵਿਚ ਮਾਓਵਾਦੀਆਂ ਦੀ ਟੋਹ ਲੈਣ ਗਏ ਸੀ.ਆਰ.ਪੀ.ਐਫ. ਦੇ ਜਵਾਨਾਂ ਉਪਰ ਮਾਓਵਾਦੀਆਂ ਵੱਲੋਂ ਕੀਤਾ ਗਿਆ ਹਮਲਾ ਮੁਲਕ ਅੰਦਰ ਇਸ ਵਕਤ ਸਭ ਤੋਂ ਵੱਡੀ ਬਹਿਸ ਦਾ ਮੁੱਦਾ ਬਣ ਗਿਆ ਹੈ। ਬਹਿਸ ਦਾ ਕੇਂਦਰੀ ਨੁਕਤਾ ਇਹ ਬਣ ਰਿਹਾ ਹੈ ਕਿ ਮਾਓਵਾਦੀਆਂ ਨਾਲ ਕਿਵੇਂ ਸਿੱਝਿਆ ਜਾਵੇ? ਮਾਓਵਾਦੀਆਂ ਦੇ ਇਸ ਹਮਲੇ ਨੇ ਸਰਕਾਰੀ ਵਿਵਸਥਾ ਨੂੰ ਧੁਰ ਅੰਦਰ ਤੀਕ ਹਿਲਾ ਕੇ ਰੱਖ ਦਿੱਤਾ ਹੈ। ਹਕੂਮਤੀ ਧਿਰ ਦੇ ਨਾਲ ਹੀ ਵਿਰੋਧੀ ਪਾਰਟੀਆਂ ਦੇ ਵੱਡੇ ਆਗੂ ਅਤੇ ਪ੍ਰਸ਼ਾਸਕ ਅਧਿਕਾਰੀ ਮਾਓਵਾਦੀਆਂ ਨਾਲ ਸਿੱਝਣ ਲਈ ਆਪੋ-ਆਪਣੇ ਸੁਝਾਅ ਦੇਣ ਦਾ 'ਫਰਜ਼' ਨਿਭਾ ਰਹੇ ਹਨ ਪਰ ਸਰਕਾਰ ਦੇ ਵੱਖ ਵੱਖ ਹਿੱਸਿਆਂ ਵੱਲੋਂ ਆ ਰਹੇ ਬਿਆਨ ਆਪਾ ਵਿਰੋਧੀ ਹਨ। ਇਥੋਂ ਤੀਕ ਕਿ ਭਾਰਤ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਹਵਾਈ ਫੌਜ ਦੇ ਮੁਖੀ ਵੀ ਇਸ ਮੁੱਦੇ 'ਤੇ ਇਕ ਸੁਰ ਨਹੀਂ। ਗ੍ਰਹਿ ਮੰਤਰੀ ਪੀ. ਚਿੰਦਬਰਮ ਕਹਿ ਰਹੇ ਹਨ ਕਿ ਮਾਓਵਾਦੀਆਂ(ਨਕਸਲੀਆਂ) ਖ਼ਿਲਾਫ਼ ਮੁਹਿੰਮ ਵਿਚ ਹਵਾਈ ਫੌਜ ਦੀ ਵਰਤੋਂ ਉਪਰ ਵੀ ਵਿਚਾਰ ਹੋ ਸਕਦਾ ਹੈ ਜਦਕਿ ਹਵਾਈ ਫੌਜ ਦੇ ਮੁਖੀ ਕਹਿੰਦੇ ਹਨ ਕਿ ਉਹ ਨਿੱਜੀ ਪੱਧਰ 'ਤੇ ਇਸ ਮੁਹਿੰਮ ਵਿਚ ਹਵਾਈ ਫੌਜ ਦੀ ਵਰਤੋਂ ਦੇ ਖ਼ਿਲਾਫ਼ ਹਨ। ਉਧਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਮੁਤਾਬਕ ਤਾਂ ਸਰਕਾਰ ਹਾਲੇ ਤੈਅ ਤੱਕ ਹੀ ਨਹੀਂ ਕਰ ਪਾਈ ਕਿ ਨਕਸਲੀਆਂ ਨਾਲ ਸਿੱਝਣ ਦੀ ਰਣਨੀਤੀ ਵਿਚ ਕੀ-ਕੀ ਅਤੇ ਕਿਸ-ਕਿਸ ਤਰ੍ਹਾਂ ਦੇ ਬਦਲਾਅ ਕੀਤੇ ਜਾਣ। ਹਾਲੇ ਤੱਕ ਕੁਝ ਵੀ ਤੈਅ ਨਹੀਂ ਕੀਤਾ ਜਾ ਸਕਿਆ ਕਿ ਨਕਸਲੀਆਂ ਨਾਲ ਗੱਲਬਾਤ ਕਰਨ ਵੱਲ ਵਧਿਆ ਜਾਵੇ ਜਾਂ ਫਿਰ ਇਹਦਾ ਇਕੋ-ਇਕ ਹੱਲ ਨਕਸਲੀਆਂ ਵਿਰੁੱਧ ਹਥਿਆਰਬੰਦ ਅਤੇ ਫੌਜੀ ਜੰਗ ਹੀ ਹੈ।

ਸਾਡਾ ਸਵਾਲ ਹੋਰ ਹੈ। ਅਸੀਂ ਪੁੱਛਦੇ ਹਾਂ ਕਿ ਇਹ ਦੁਵਿਧਾ ਦੀ ਸਥਿਤੀ ਕਿਉਂ ਹੈ? ਕਿਸੇ ਕੋਲ ਇਹਦਾ ਜਵਾਬ ਨਹੀਂ ਹੈ। ਆਪਣੇ ਸਵਾਲ ਦਾ ਜੁਆਬ ਅਸੀਂ ਖੁਦ ਹੀ ਦਿੰਦੇ ਹਾਂ। ਦਰਅਸਲ, ਭਾਰਤ ਸਰਕਾਰ ਜਿਸ ਨਕਸਲਵਾਦ ਨੂੰ ਅੱਜ ਮੁਲਕ ਲਈ ਸਭ ਤੋਂ ਵੱਡਾ ਖ਼ਤਰਾ ਦੱਸ ਰਹੀ ਹੈ, ਖ਼ਤਰਾ ਉਹ ਨਕਸਲਵਾਦ ਨਹੀਂ ਹੈ, ਬਲਕਿ ਉਹ ਸਰਕਾਰੀ ਨੀਤੀਆਂ ਹਨ, ਜਿਨ੍ਹਾਂ ਕਰਕੇ ਹਾਲਾਤ ਇਥੋਂ ਤੀਕ ਪਹੁੰਚੇ ਹਨ। ਸਮਝਣ ਵਾਲੀ ਗੱਲ ਇਹ ਹੈ ਕਿ ਕੀ ਨਕਸਲਵਾਦ ਸਮਸਿਆ ਹੈ ਜਾਂ ਫਿਰ ਸਮਸਿਆ ਕਾਰਨ ਨਕਸਲਵਾਦ ਹੈ। ਬਹੁਤੀ ਦੂਰ ਜਾਣ ਦੀ ਲੋੜ ਨਹੀਂ ਹੈ। ਪਿਛਲੇ 5-4 ਮਹੀਨਿਆਂ ਦੌਰਾਨ ਹੀ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਇਸ ਮੁੱਦੇ 'ਤੇ ਵਾਰ ਵਾਰ ਆਪਣੇ ਸਟੈਂਡ ਬਦਲੇ ਹਨ। ਗ੍ਰਹਿ ਮੰਤਰੀ ਨੇ ਕਿਹਾ ਕਿ ਨਕਸਲੀ 72 ਘੰਟਿਆਂ ਲਈ ਹਿੰਸਾ ਛੱਡ ਦੇਣ ਤਾਂ ਗੱਲਬਾਤ ਦੀ ਮੇਜ਼ 'ਤੇ ਬੈਠਿਆ ਜਾ ਸਕਦਾ ਹੈ। ਨਕਸਲੀਆਂ ਨੇ ਤੁਰੰਤ ਜੁਆਬ ਦਿੱਤਾ-'ਸਰਕਾਰ ਗੱਲਬਾਤ ਕਰੇ, ਅਸੀਂ 72 ਘੰਟੇ ਤਾਂ ਕੀ 72 ਦਿਨ ਲਈ ਹਿੰਸਾ ਛੱਡ ਦਿਆਂਗੇ।' ਇਸ ਤੋਂ ਤੁਰੰਤ ਬਾਅਦ ਗ੍ਰਹਿ ਮੰਤਰੀ ਨੇ ਪਾਸਾ ਬਦਲ ਲਿਆ ਤੇ ਫੇਰ ਜਦ-ਜਦ ਵੀ ਸਰਕਾਰ ਵੱਲੋਂ ਕੋਈ ਤਿੱਖਾ ਬਿਆਨ ਆਇਆ ਤਦ-ਤਦ ਨਕਸਲੀ ਹਮਲੇ ਹੋਏ। ਬਿਨਾਂ ਸ਼ੱਕ ਕਿਸੇ ਵੀ ਕਿਸਮ ਦੀ ਰਾਜਸੀ ਹਿੰਸਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ ਪਰ ਇਹ ਗੱਲ ਹਰ ਧਿਰ 'ਤੇ ਲਾਗੂ ਹੋਣੀ ਚਾਹੀਦੀ ਹੈ। ਲੋੜ ਇਸ ਗੱਲ ਦੀ ਹੈ ਕਿ ਜ਼ਮੀਨੀ ਪੱਧਰ 'ਤੇ ਉਹ ਹਾਲਾਤ ਬਦਲੇ ਜਾਣ, ਜਿਨ੍ਹਾਂ ਕਰਕੇ ਭਾਰਤ ਦੇ ਆਦਿਵਾਸੀ ਕਬੀਲਿਆਂ ਅਤੇ ਗਰੀਬ ਗੁਰਬਿਆਂ ਨੂੰ ਲੱਗਦਾ ਹੈ ਕਿ ਇਹ ਜੀਣਾ ਵੀ ਕੋਈ ਜੀਣਾ ਹੈ। ਜਦੋਂ ਤੱਕ ਇਨ੍ਹਾਂ ਲੋਕਾਂ ਦੀਆਂ ਜੀਵਨ ਹਾਲਤਾਂ ਨੂੰ ਨਹੀਂ ਬਦਲਿਆ ਜਾਂਦਾ, ਓਨੀ ਦੇਰ ਤੱਕ ਇਕਸੁਰ ਅਤੇ ਸ਼ਾਂਤ ਮੁਲਕ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਨਕਸਲੀਆਂ ਨਾਲ ਸਿੱਝਣ ਦੇ ਬਹਾਨੇ ਹੇਠ ਭਾਰਤ ਦੀਆਂ ਸਾਰੀਆਂ ਹੀ ਪ੍ਰਗਤੀਸ਼ੀਲ ਧਿਰਾਂ ਨੂੰ ਕੁਚਲਣ ਦੀ ਸਰਕਾਰੀ ਨੀਤੀ ਹੋਰ ਵੀ ਤਬਾਹਕੁੰਨ ਸਿੱਟੇ ਕੱਢ ਸਕਦੀ ਹੈ। ਮੁਲਕ ਦੀਆਂ ਅਸਲੀ ਸਮਸਿਆਵਾਂ ਅਵਾਮ ਦੀ ਰੋਜ਼ੀ ਰੋਟੀ ਨਾਲ ਜੁੜੀਆਂ ਹੋਈਆਂ ਹਨ। ਭੁੱਖਮਰੀ ਦਾ ਦੈਂਤ, ਕਰੋੜਾਂ ਬੇਕਾਰ ਹੱਥ ਅਤੇ ਮਹਿੰਗਾਈ ਵਰਗੇ ਬੁਨਿਆਦੀ ਮਸਲੇ ਮੁਲਕ ਦੀ ਸਭ ਤੋਂ ਵੱਡੀ ਸਮਸਿਆ ਹੈ। ਇਹ ਮਸਲੇ ਹੀ ਬਾਕੀ ਦੇ ਮਸਲੇ ਪੈਦਾ ਕਰਦੇ ਹਨ। ਇਹਨਾਂ ਮਸਲਿਆਂ ਨਾਲ ਲੋਕ-ਪੱਖੀ ਪੈਂਤੜੇ ਨਾਲ ਦੋ-ਚਾਰ ਹੋ ਕੇ ਹੀ ਹਾਂ-ਪੱਖੀ ਸਿੱਟੇ ਕੱਢੇ ਜਾ ਸਕਦੇ ਹਨ। ਕਿਸੇ ਵੀ ਸਮਸਿਆ ਨਾਲ ਨਿਰੋਲ ਪ੍ਰਸ਼ਾਸਨ ਪੱਧਰ 'ਤੇ ਸਿੱਝਣ ਦੀ ਪ੍ਰਵਿਰਤੀ ਕਦੇ ਵੀ ਸਾਰਥਕ ਸਿੱਟੇ ਨਹੀਂ ਕੱਢਿਆ ਕਰਦੀ।

# ਪੰਜਾਬੀਆਂ ਨੂੰ ਕਰੰਟ

ਅੱਜ ਜਦੋਂ ਪੰਜਾਬ ਵਾਸੀ ਬਿਜਲੀ ਦੇ ਸੰਕਟ ਨਾਲ ਬੁਰੀ ਤਰ੍ਹਾਂ ਜੂਝ ਰਹੇ ਹਨ, ਐਨ ਉਦੋਂ ਹੀ ਪੰਜਾਬ ਰਾਜ ਬਿਜਲੀ ਬੋਰਡ ਦਾ ਭੋਗ ਪਾਉਣ ਦੀ ਪੂਰੀ ਤਿਆਰੀ ਕਰ ਲਈ ਗਈ ਹੈ। ਜਦੋਂ ਤੁਸੀਂ ਇਹ ਸਤਰਾਂ ਪੜ੍ਹ ਰਹੇ ਹੋਵੋਗੇ, ਉਦੋਂ ਤੱਕ ਪੰਜਾਬ ਦੇ ਬਿਜਲੀ ਬੋਰਡ ਦਾ ਨਿਗਮੀਕਰਨ ਕਰਨ ਦੇ ਨਾਂਅ 'ਤੇ ਇਹਦੇ ਤਿੰਨ ਟੋਟੇ ਕਰਨ ਦਾ ਪੂਰਾ ਨਕਸ਼ਾ ਖਿੱਚ ਲਿਆ ਗਿਆ ਹੋਵੇਗਾ। ਪੰਜਾਬ ਬਿਜਲੀ ਬੋਰਡ ਦੇ ਮੁਲਾਜ਼ਮਾਂ ਦੇ ਨਾਲ ਹੀ ਪੰਜਾਬੀ ਕਿਸਾਨੀ ਸਰਕਾਰ ਦੇ ਇਸ ਕਦਮ ਦਾ ਤਿੱਖਾ ਵਿਰੋਧ ਕਰਨ ਦੇ ਰੌਂਅ ਵਿਚ ਹੈ। ਦਰਅਸਲ ਬਿਜਲੀ ਬੋਰਡ ਨੂੰ ਨਿਗਮਾਂ ਵਿਚ ਵੰਡਣ ਪਿਛੇ ਅਸਲ ਸਾਜ਼ਿਸ਼ ਬਿਜਲੀ ਬੋਰਡ ਨੂੰ ਪੂਰੀ ਤਰ੍ਹਾਂ ਨਿੱਜੀ ਹੱਥਾਂ ਵਿਚ ਦੇਣ ਦੀ ਹੈ। ਇਹ ਪੰਜਾਬ ਦੇ ਲੋਕਾਂ ਨਾਲ ਵੱਡਾ ਧੋਖਾ ਹੈ। ਇਸ ਧੋਖੇ ਨੂੰ ਸਿਰੇ ਚੜ੍ਹਾਉਣ ਲਈ ਸ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਹਰ ਜਾਇਜ਼-ਨਜਾਇਜ਼ ਤਰੀਕਾ ਅਪਨਾਉਣ ਤੁਰ ਪਈ ਹੈ। ਲੋਕਾਂ ਦੇ ਸਖ਼ਤ ਵਿਰੋਧ ਨੂੰ ਭਾਂਪਦਿਆਂ ਸਰਕਾਰ ਨੇ ਬਹੁਤੇ ਜ਼ਿਲ੍ਹਿਆਂ ਵਿਚ ਦਫ਼ਾ 144 ਵੀ ਲਗਾ ਦਿੱਤੀ ਹੈ। ਬਿਜਲੀ ਮੁਲਾਜ਼ਮਾਂ ਦੇ ਵੱਡੇ ਆਗੂਆਂ ਅਤੇ ਕਿਸਾਨ, ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਦੀ ਟੋਹ ਲਾਉਣ ਲਈ ਸੂਹੀਏ ਛੱਡ ਦਿੱਤੇ ਗਏ ਹਨ। ਜਨਤਕ ਖੇਤਰ ਦੇ ਬਾਕੀ ਖੇਤਰਾਂ ਵਾਂਗ ਬਿਜਲੀ ਬੋਰਡ ਨੂੰ ਨਿੱਜੀ ਹੱਥਾਂ ਵਿਚ ਸੌਂਪ ਕੇ ਸਰਕਾਰ ਲੋਕਾਂ ਪ੍ਰਤੀ ਆਪਣੀ ਜ਼ੁੰਮੇਵਾਰੀ ਤੋਂ ਪੂਰੀ ਤਰ੍ਹਾਂ ਮੁਕਤ ਹੋਣਾ ਲੋਚਦੀ ਹੈ। ਬਹਾਨਾ ਕੇਂਦਰ ਸਰਕਾਰ ਵੱਲੋਂ 2003 ਵਿਚ ਬਣਾਏ ਗਏ ਬਿਜਲੀ ਐਕਟ ਦਾ ਲਾਇਆ ਜਾ ਰਿਹਾ ਹੈ ਪਰ ਇਸ ਗੱਲ ਦਾ ਕੋਈ ਜੁਆਬ ਨਹੀਂ ਦਿੱਤਾ ਜਾ ਰਿਹਾ ਕਿ ਉਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰਾ ਅਤੇ ਕਰਨਾਟਕਾ ਵਿਚ ਬਿਜਲੀ ਬੋਰਡ ਨੂੰ ਇਸੇ ਐਕਟ ਤਹਿਤ ਤੋੜ ਕੇ ਜਿਹੜਾ ਤਜਰਬਾ ਕੀਤਾ ਗਿਆ ਸੀ, ਉਹਦਾ ਕੀ ਬਣਿਆ? ਇਨ੍ਹਾਂ ਸੂਬਿਆਂ ਵਿਚ ਇਸ ਤਜਰਬੇ ਦੇ ਫੇਲ੍ਹ ਹੋਣ ਤੋਂ ਬਾਅਦ ਵੀ ਪੰਜਾਬ ਵਿਚ ਇਹਨੂੰ ਅਜ਼ਮਾਉਣ ਦੀ ਕੀ ਤੁੱਕ ਹੈ? ਪੰਜਾਬੀ ਲੋਕਾਂ ਦਾ ਵਿਸ਼ਾਲ ਏਕਾ ਹੀ ਕੇਂਦਰ ਅਤੇ ਰਾਜ ਸਰਕਾਰਾਂ ਦੀ ਜਨਤਕ ਖੇਤਰ ਨੂੰ ਵੇਚਣ ਦੀਆਂ ਸਾਜ਼ਿਸ਼ਾਂ ਨੂੰ ਰੋਕ ਸਕਦਾ ਹੈ। ਸਮੂਹਕ ਲੋਕ ਲੜਾਈ ਹੀ ਲੋੜ ਮੁਕਤੀ ਦਾ ਇਕੋ ਇਕ ਰਾਹ ਹੈ।

ਸੰਪਾਦਕੀ ਬੋਰਡ
ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ
ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਿਰੀ)

2nd Floor 3448 – 93
Street NW,
Edmonton T6E 6A4,
Alberta (Canada)
Phone: 780 465 9118
Fax: 780 465 0661
e-mail: info@nawidunia.com

# ਭ੍ਰਿਸ਼ਟਾਚਾਰ ਦੇ ਪੱਖ ਵਿਚ ਆਮ ਸਹਿਮਤੀ ਬਨਾਉਣ ਦੇ ਸਿਆਸੀ ਯਤਨ



ਪ੍ਰੋ. ਰਾਕੇਸ਼ ਰਮਨ

ਪੰਜਾਬ ਵਿਧਾਨ ਸਭਾ ਦਾ ਮਾਰਚ 2010 ਬਜਟ ਸੈਸ਼ਨ, ਪੰਜਾਬ ਸਰਕਾਰ ਦੇ ਅਗਾਮੀ ਵਿੱਤੀ ਵਰ੍ਹੇ ਦੇ ਬਜਟ ਲਈ ਬਿਲਕੁਲ ਚਰਚਾ 'ਚ ਨਹੀਂ ਰਿਹਾ। ਸੈਸ਼ਨ ਦਾ ਸੰਵਿਧਾਨਕ ਉਦੇਸ਼ ਹੋਰ ਸੀ ਜਦ ਕਿ ਚਰਚਾ ਦਾ ਮੁੱਦਾ ਸਦਨ ਦੇ ਅੰਦਰ ਵੀ ਤੇ ਬਾਹਰ ਵੀ ਕੋਈ ਹੋਰ ਹੀ ਰਿਹਾ। ਬਜਟ, ਜਿਸ ਨਾਲ ਹਰ ਵਰਗ ਦੇ ਲੋਕਾਂ ਦੀਆਂ ਕੁੱਝ ਨਾ ਕੁੱਝ ਉਮੀਦਾਂ ਜ਼ਰੂਰ ਜੁੜੀਆਂ ਹੁੰਦੀਆਂ ਹਨ, ਪ੍ਰਤੀ ਵਿਧਾਨ ਸਭਾ ਅੰਦਰ ਕਿਸੇ ਧਿਰ ਨੇ ਬਹੁਤੀ ਗੰਭੀਰਤਾ ਨਹੀਂ ਦਿਖਾਈ। ਹਾਕਮ ਧਿਰ ਨੇ ਰਸਮੀ ਤੌਰ 'ਤੇ ਬਜਟ ਨੂੰ 'ਵਿਕਾਸਮੁਖੀ' ਆਖ ਕੇ ਤੇ ਵਿਰੋਧੀ ਧਿਰ ਨੇ 'ਦਿਸ਼ਾਹੀਣ' ਤੇ 'ਲੋਕ ਵਿਰੋਧੀ' ਆਖਕੇ ਜ਼ਾਬਤਾ ਪੂਰਾ ਕਰ ਦਿੱਤਾ। ਜਦ ਕਿ ਆਰਥਿਕ ਮੁੱਦਿਆਂ 'ਤੇ ਬਹਿਸ ਬਹੁਤ ਭਖ਼ਵੀਂ ਹੋਣੀ ਚਾਹੀਦੀ ਸੀ ਕਿਉਂਕਿ ਪੰਜਾਬ ਅਪਣੀ ਰਾਜਕੀ ਆਰਥਿਕਤਾ ਦੇ ਹਰ ਖੇਤਰ ਵਿਚ ਹੀ ਗ਼ਹਿਰੇ ਸੰਕਟ 'ਚੋਂ ਗੁਜ਼ਰ ਰਿਹਾ ਹੈ। ਇਸ ਤਰ੍ਹਾਂ, ਬਜਟ ਸੈਸ਼ਨ ਕੇਵਲ ਨਾ ਦਾ ਹੀ ਬਜਟ ਸੈਸ਼ਨ ਸੀ, ਅਸਲ ਵਿਚ ਤਾਂ ਇਹ ਹਾਕਮ ਗੱਠਜੋੜ ਧਿਰ ਅਤੇ ਵਿਰੋਧੀ ਧਿਰ ਦਾ ਸਦਭਾਵਨਾ ਸੈਸ਼ਨ ਹੀ ਸੀ। ਜ਼ਿਕਰਯੋਗ ਹੈ ਕਿ ਇਸ ਸੈਸ਼ਨ ਵਿਚ ਵਿਰੋਧੀ ਧਿਰ ਦੀ ਨੇਤਾ ਨੂੰ ਸਪੀਕਰ ਦੀ ਮਾਣ ਮਰਯਾਦਾ ਨੂੰ ਠੇਸ ਪਹੁੰਚਾਉਣ ਦੇ ਮਾਮਲੇ ਵਿਚ ਸਪੀਕਰ ਵਲੋਂ ਬਿਨਾਂ ਸ਼ਰਤ ਹੀ ਮੁਆਫ਼ ਕਰ ਦਿੱਤਾ ਗਿਆ। ਸਰਕਾਰੀ ਧਿਰ ਦੀ ਇਸ ਦਰਿਆ ਦਿਲੀ ਦੀਆਂ ਤੰਦਾਂ ਵੀ ਵਾਸਤਵ ਵਿਚ ਉਸੇ ਮੁੱਦੇ ਨਾਲ ਜੁੜੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ, ਜਿਸ ਮੁੱਦੇ ਨੂੰ ਇਸ ਵਾਰ ਦਾ ਬਜਟ ਸੈਸ਼ਨ ਇਕ ਤਰ੍ਹਾਂ ਨਾਲ ਸਮਰਪਿਤ ਕਰ ਦਿੱਤਾ ਗਿਆ। ਇਹ ਮੁੱਦਾ ਭਾਵੇਂ ਜਨਤਕ ਮਹੱਤਵ ਵੀ ਰੱਖਦਾ ਹੈ ਪ੍ਰੰਤੂ ਉਹਨਾਂ ਅਰਥਾਂ ਵਿਚ ਨਹੀਂ ਜਿਹਨਾਂ ਅਰਥਾਂ 'ਚ ਮੁੱਦਾ ਉਭਾਰਨ ਵਾਲੇ ਇਸ ਨੂੰ ਆਖ ਰਹੇ ਹਨ।

> 'ਸਦਨ ਵਿਚ ਚੱਲ ਰਹੇ ਕੇਸਾਂ ਵਿਚ ਦਖ਼ਲ ਦੇਣ ਦੀ ਕੋਈ ਸ਼ਕਤੀ ਨਹੀਂ ਹੈ। ਇਹ ਪ੍ਰਤਾਪੀ ਸਦਨ, ਲੋਕ ਇੱਛਾ ਦੀ ਪ੍ਰਤੀਨਿਧਤਾ ਕਰਦਾ ਹੋਣ ਕਰਕੇ, ਵਿਧੀਪੂਰਵਕ, ਕੁੜੱਤਣ ਬਾਰੇ ਲੋਕਾਂ ਦੀਆਂ ਭਾਵਨਾਵਾਂ ਵੱਲ ਸਰਕਾਰ ਦਾ ਧਿਆਨ ਦੁਆ ਸਕਦਾ ਹੈ।'
>
> **ਹ. ਸ. ਮੱਤੇਵਾਲ**
> ਏ. ਜੀ. ਪੰਜਾਬ।

ਇਸ ਵਾਰ ਦੇ ਬਜਟ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਵੱਲੋਂ ਸਪੀਕਰ ਨੂੰ ਵਿਸ਼ੇਸ਼ ਖ਼ਤ ਲਿਖ ਕੇ ਮੰਗ ਕੀਤੀ ਗਈ ਕਿ ਆਮ ਸਹਿਮਤੀ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਕਾਰਜਕਾਲ ਤੋਂ ਲੈ ਕੇ ਹੁਣ ਤੱਕ ਹਾਕਮ ਤੇ ਵਿਰੋਧੀ ਧਿਰ ਦੇ ਸਿਆਸਤਦਾਨਾਂ ਉੱਪਰ ਅਦਾਲਤਾਂ 'ਚ ਚੱਲ ਰਹੇ ਸਾਰੇ ਕੇਸ ਵਾਪਸ ਲੈ ਲਏ ਜਾਣ। ਕੇਸ ਵਾਪਸ ਲਏ ਜਾਣ ਦੀ ਵਜ੍ਹਾ ਇਹ ਦੱਸੀ ਗਈ ਹੈ ਕਿ ਇਹ ਸਿਆਸੀ ਬਦਲਾਖ਼ੋਰੀ ਦੀ ਭਾਵਨਾ ਅਧੀਨ ਦਰਜ ਕਰਵਾਏ ਗਏ ਹਨ ਤੇ ਇਹਨਾਂ ਕਾਰਨ ਦੋਵਾਂ ਪਾਰਟੀਆਂ ਦਰਮਿਆਨ ਕੁੜੱਤਣ ਭਰਿਆ ਸਬੰਧ ਬਣਿਆ ਹੋਇਆ ਹੈ। ਆਪਸੀ ਕੁੜੱਤਣ ਨੂੰ ਖਤਮ ਕਰਨ ਲਈ ਅਤੇ ਦੋਵਾਂ ਧਿਰਾਂ ਦਰਮਿਆਨ ਸਦਭਾਵਨਾ ਦਾ ਰਿਸ਼ਤਾ ਕਾਇਮ ਕਰਨ ਲਈ ਉਠਾਏ ਜਾਣ ਵਾਲੇ ਕਦਮ ਵਜੋਂ ਮੌਜੂਦਾ ਸਰਕਾਰ ਵਿਧਾਨ ਸਭਾ ਵਿਚ ਸਰਬਸੰਮਤੀ ਕਰਕੇ ਸਾਰੇ ਦੇ ਸਾਰੇ ਕੇਸ ਵਾਪਸ ਲੈ ਲਵੇ।

ਕਾਂਗਰਸ ਦੇ ਇਕ ਵਿਧਾਇਕ ਵਲੋਂ ਡਿਪਟੀ ਸਪੀਕਰ ਦੇ ਇਸ ਖ਼ਤ ਸਬੰਧੀ ਪ੍ਰਸ਼ਨ ਪੁੱਛਿਆ ਗਿਆ ਤਾਂ ਇਹ ਪੱਤਰ ਵਿਧਾਨ ਸਭਾ ਵਿਚ ਆ ਗਿਆ। ਇਸ ਪੱਤਰ ਵਿਚਲਾ ਪ੍ਰਸਤਾਵ ਵਿਧਾਨ ਸਭਾ ਵਿਚ ਆਉਂਦਿਆਂ ਸਾਰ ਹੀ ਹਾਕਮ ਤੇ ਵਿਰੋਧੀ ਧਿਰ ਦੇ ਕਈ ਮੈਂਬਰਾਂ ਨੇ ਅਦਾਲਤਾਂ 'ਚੋਂ ਕੇਸ-ਵਾਪਸੀ ਦੇ ਪ੍ਰਸਤਾਵ ਦਾ ਸਮਰਥਨ ਵੀ ਕਰ ਦਿੱਤਾ । ਵਿਧਾਨ ਸਭਾ ਦੇ ਸਪੀਕਰ ਨੇ, ਜੋ ਕਿ ਖ਼ੁਦ ਵੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਅਦਾਲਤੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ, ਇਸ ਖ਼ਤ ਵਿਚਲੇ ਪ੍ਰਸਤਾਵ ਪ੍ਰਤੀ ਕੁੱਝ ਜ਼ਿਆਦਾ ਹੀ ਉਤਸ਼ਾਹ ਦਿਖਾਇਆ। ਉਹਨਾਂ ਨੇ ਨਾ ਕੇਵਲ, ਇਸ ਪ੍ਰਸਤਾਵ ਦੇ ਪੱਖ ਵਿਚ ਵਿਧਾਨ ਸਭਾ ਅੰਦਰ ਆਮ ਸਹਿਮਤੀ ਬਨਾਉਣ ਦਾ ਸੁਚੇਤ ਯਤਨ ਕੀਤਾ ਸਗੋਂ ਐਡਵੋਕੇਟ ਜਨਰਲ ਪੰਜਾਬ ਤੋਂ ਕੇਸ ਵਾਪਸ ਲੈਣ ਸਬੰਧੀ ਕਾਨੂੰਨੀ ਰਾਇ ਵੀ ਮੰਗ ਲਈ। ਇਸੇ ਦੌਰਾਨ ਇਸ ਪ੍ਰਸਤਾਵ ਉੱਪਰ ਸਦਨ ਬਾਹਰ ਵੀ ਚਰਚਾ ਛਿੜ ਪਈ। ਸਦਨ ਦੇ ਬਾਹਰ ਛਿੜੀ ਚਰਚਾ 'ਚੋਂ ਜੋ ਤਰਕ ਉੱਭਰਿਆ ਉਹ ਸਦਨ ਅੰਦਰਲੀ ਚਰਚਾ ਦੇ ਤਰਕ ਤੋਂ ਬਿਲਕੁਲ ਉਲਟ ਸੀ। ਸਦਨ ਅੰਦਰਲੇ ਅਤੇ ਸਦਨ ਬਾਹਰਲੇ ਤਰਕ ਦੇ ਤਿੱਖੇ ਵਿਰੋਧ ਨੇ ਇਸ ਸ਼ੱਕ ਨੂੰ ਵਧੇਰੇ ਉਭਾਰਿਆ ਕਿ ਸਦਨ ਅੰਦਰ ਹਾਕਮ ਤੇ ਵਿਰੋਧੀ ਧਿਰ ਦੀ ਕੋਈ ਮਿਲੀ ਭੁਗਤ ਹੈ। ਅਸਲ ਵਿਚ ਸੱਤਾ ਧਿਰ ਤੇ ਕੁਝ ਵਿਰੋਧੀ ਧਿਰ ਦੇ ਨੇਤਾ ਵਿਧਾਨਕ ਚੋਰ ਮੋਰੀਆਂ ਰਾਹੀਂ ਭ੍ਰਿਸ਼ਟਾਚਾਰ ਦੇ ਕੇਸਾਂ ਦੇ ਅਦਾਲਤੀ ਸਿੱਟਿਆਂ ਤੋਂ ਬਚਣਾ ਚਾਹੁੰਦੇ ਹਨ।

ਇਸ ਸਮੇਂ ਪੰਜਾਬ ਦੇ ਸਿਆਸੀ ਆਗੂਆਂ ਵਿਰੁੱਧ ਅਦਾਲਤਾਂ 'ਚ ਚੱਲ ਰਹੇ ਵਧੇਰੇ ਕੇਸ ਭ੍ਰਿਸ਼ਟਾਚਾਰ ਦੇ ਹਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਭ੍ਰਿਸ਼ਟਾਚਾਰ ਵਿਰੋਧੀ ਏਜੰਡਾ ਲੈ ਕੇ ਹੋਂਦ ਵਿਚ ਆਈ ਸੀ। ਸੱਤਾ ਸੰਭਾਲਦਿਆਂ ਹੀ ਇਸ ਸਰਕਾਰ ਵਲੋਂ ਬੜੇ ਜ਼ੋਰ-ਸ਼ੋਰ ਨਾਲ ਅਪਣਾ ਏਜੰਡਾ ਲਾਗੂ ਕੀਤਾ ਗਿਆ, ਜਿਸਦੇ ਤਹਿਤ ਕਈ ਸਿਖ਼ਰਲੇ ਅਕਾਲੀ ਆਗੂਆਂ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਦਰਜ ਕੀਤੇ ਗਏ। ਭ੍ਰਿਸ਼ਟਾਚਾਰ ਵੀ ਸਭ ਹੱਦਾਂ ਬੰਨੇ ਟੱਪ ਗਿਆ ਸੀ। ਸਰਕਾਰੀ ਨੌਕਰੀਆਂ ਲਈ ਮੋਟੀਆਂ ਰਕਮਾਂ ਦੀ ਵਸੂਲੀ ਆਮ ਜਿਹੀ ਗੱਲ ਹੋ ਗਈ ਸੀ। ਉਸ ਸਮੇਂ, ਜਦੋਂ ਕੈਪਟਨ ਸਰਕਾਰ ਵਲੋਂ ਅਪਣਾ ਭ੍ਰਿਸ਼ਟਾਚਾਰ ਵਿਰੋਧੀ ਏਜੰਡਾ ਅਮਲ ਵਿਚ ਲਿਆਂਦਾ ਜਾ ਰਿਹਾ ਸੀ, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਤਤਕਾਲੀ ਚੈਅਰਮੈਨ ਦੇ ਲਾਕਰਾਂ ਵਿਚੋਂ ਰਿਸ਼ਵਤ ਦੇ ਕਰੋੜਾਂ ਰੁਪਏ ਬਰਾਮਦ ਹੋਏ ਸਨ। ਸਰਕਾਰੀ ਨੌਕਰੀਆਂ ਦੀ ਭਰਤੀ ਦੇ ਮਾਮਲੇ 'ਚ ਬੇਨਿਹਾਮੀਆਂ ਵੀ ਵੱਡੇ ਪੱਧਰ 'ਤੇ ਸਾਹਮਣੇ ਆਈਆਂ ਸਨ। ਇਸ ਤਰ੍ਹਾਂ ਦੀ ਸਥਿਤੀ 'ਚ ਇਹ ਕਹਿਣਾ ਉਚਿਤ ਨਹੀਂ ਕਿ ਭ੍ਰਿਸ਼ਟਾਚਾਰ ਦੇ ਕੇਸ ਕੇਵਲ ਤੇ ਕੇਵਲ ਸਿਆਸੀ ਬਦਲਾਖ਼ੋਰੀ ਦੀ ਭਾਵਨਾ ਅਧੀਨ ਦਰਜ ਕੀਤੇ ਗਏ ਸਨ। ਹਾਂ, ਉਸ ਸਮੇਂ ਇਹ ਆਵਾਜ਼ਾਂ ਉੱਭਰਨੀਆਂ ਜ਼ਰੂਰ ਸ਼ੁਰੂ ਹੋ ਗਈਆਂ ਸਨ ਕਿ ਕੈਪਟਨ ਦੀ ਸਰਕਾਰ ਬਦਲਣ 'ਤੇ ਦਰਜ ਕਰਵਾਏ ਗਏ ਕੇਸਾਂ ਦਾ ਬਦਲਾ ਜ਼ਰੂਰ ਲਿਆ ਜਾਵੇਗਾ। ਇਹਨਾਂ ਪ੍ਰਤੀਕਰਮਾਂ ਤੋਂ ਹੀ ਦਾਇਰ ਹੋਏ ਸਾਰੇ ਕੇਸਾਂ ਨੂੰ ਸਿਆਸੀ ਬਦਲਾਖ਼ੋਰੀ ਦੇ ਹਵਾਲੇ ਨਾਲ ਜਾਣਿਆ ਜਾਣ ਲੱਗਾ।

ਡਿਪਟੀ ਸਪੀਕਰ ਦੇ ਪ੍ਰਸਤਾਵ ਪ੍ਰਤੀ ਸਦਨ ਦੇ ਅੰਦਰ ਤਾਂ ਕਿਸੇ ਵੀ ਪੱਖ ਦੇ ਬੁਲਾਰੇ ਨੇ ਅਸਹਿਮਤੀ ਨਹੀਂ ਪ੍ਰਗਟਾਈ ਪਰ ਸਦਨ ਬਾਹਰ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਮੁੱਢੋਂ ਹੀ ਨਾਕਾਰ ਦਿੱਤਾ। ਅਪਣੇ ਆਪ ਨੂੰ ਸਿਟੀ ਸੈਂਟਰ ਘੋਟਾਲੇ ਆਦਿ ਦੇ ਮਾਮਲਿਆਂ ਵਿਚ ਨਿਰਦੋਸ਼ ਦੱਸਦਿਆਂ ਉਹਨਾਂ ਨਿਆਂ ਪ੍ਰਣਾਲੀ 'ਚ ਪੂਰਣ ਭਰੋਸਾ ਪ੍ਰਗਟਾਇਆ ਤੇ ਨਾਲ ਹੀ ਕਿਹਾ ਕਿ ਆਖ਼ਰ ਮੌਜੂਦਾ ਸਰਕਾਰ ਨੇ ਮੰਨ ਹੀ ਲਿਆ ਹੈ ਕਿ ਉਸ ਵਲੋਂ ਕੇਸ (ਕੈਪਟਨ ਵਿਰੁੱਧ) ਸਿਆਸੀ ਬਦਲਾਖ਼ੋਰੀ ਅਧੀਨ ਦਾਇਰ ਕਰਵਾਏ ਗਏ ਹਨ ਕਿਉਂਕਿ ਉਹ ਕੇਸਾਂ ਦੀ ਵਾਪਸੀ ਲਈ ਇਹ ਮੰਨਕੇ ਜਾਂ ਐਲਾਨ ਕੇ ਜ਼ੋਰ ਪਾ ਰਹੀ ਹੈ ਕਿ ਇਹ ਸਿਆਸੀ ਬਦਲਾਖ਼ੋਰੀ ਦੇ ਚੱਲਦਿਆਂ ਦਾਇਰ ਹੋਏ ਹਨ। ਉਂਜ ਜੇਕਰ ਇਹ ਮੰਨ ਲਿਆ ਜਾਵੇ ਕਿ ਸਿਆਸੀ ਆਗੂਆਂ ਉੱਪਰ ਦਾਇਰ ਕੇਸ ਸਿਆਸੀ ਬਦਲਾਖ਼ੋਰੀ ਦੇ ਹੀ ਹਨ ਤਾਂ ਵੀ ਇਹਨਾਂ ਨੂੰ ਅਦਾਲਤਾਂ 'ਚੋਂ ਵਾਪਸ ਲੈਣ ਦੀ ਲਈ ਜ਼ੋਰ ਪਾਉਣ ਦੀ ਕੋਈ ਤੁਕ ਨਹੀਂ ਬਣਦੀ ਕਿਉਂਕਿ ਅਜਿਹਾ ਹੋਣ 'ਤੇ ਤਾਂ ਇਹ ਅਪਣੇ-ਆਪ ਹੀ ਅਦਾਲਤਾਂ 'ਚੋਂ ਖਾਰਜ ਹੋ ਜਾਣਗੇ ਜਦਕਿ ਅਦਾਲਤਾਂ ਇਹਨਾਂ ਮਾਮਲਿਆਂ ਦਾ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਹੀ ਦੇਣਗੀਆਂ।

ਪੰਜਾਬ ਵਿਚ ਆਤੰਕਵਾਦ ਦੇ ਦੌਰ ਦੀ ਸਮਾਪਤੀ ਮਗਰੋਂ ਭ੍ਰਿਸ਼ਟਾਚਾਰ ਠਾਠਾਂ ਮਾਰ-ਮਾਰ ਅੱਗੇ ਵਧਿਆ। ਨਿਰਸੰਦੇਹ, ਭ੍ਰਿਸ਼ਟਾਚਾਰ ਸਿਆਸੀ ਸਰਪ੍ਰਸਤੀ ਹੇਠ ਹੀ ਵਧ ਰਿਹਾ ਸੀ। ਸਿਆਸੀ ਸੱਤਾ ਦੀ ਵਰਤੋਂ ਰਾਹੀਂ ਭ੍ਰਿਸ਼ਟਾਚਾਰ ਦੇ ਕੁੱਲ ਤਾਣੇ-ਬਾਣੇ ਦਾ ਸੰਚਾਲਨ ਹੋ ਰਿਹਾ ਸੀ। ਸੱਤਾ ਵਿਚ ਰਹਿ ਕੇ ਜਿਹੜੇ ਸਿਆਸਤਦਾਨਾਂ ਨੇ ਭ੍ਰਿਸ਼ਟਾਚਾਰ ਦੇ ਵੱਧਣ-ਫੁੱਲਣ ਲਈ ਸਰਪ੍ਰਸਤੀ ਦਿੱਤੀ, ਉਹਨਾਂ ਸਿਆਸਤਦਾਨਾਂ 'ਚੋਂ ਹੀ ਅੱਜ ਦੀ ਸੱਤਾ ਧਿਰ ਤੇ ਵਿਰੋਧੀ ਧਿਰ ਹੋਂਦ ਵਿਚ ਆਈ ਹੈ। ਸੋ, ਚਿੱਟੇ ਦਿਨ ਵਾਂਗ ਸਪੱਸ਼ਟ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਦੋਵਾਂ ਹੀ ਧਿਰਾਂ ਦੇ ਸਿਆਸੀ ਆਗੂਆਂ ਨੂੰ ਅਪਣੇ-ਆਪ ਨੂੰ ਨਿਰਦੋਸ਼ ਸਾਬਤ ਕਰਨਾ ਔਖਾ ਹੋ ਰਿਹਾ ਹੈ। ਇਸ ਲਈ ਦੋਵੇਂ ਧਿਰਾਂ ਦੇ (ਖ਼ਾਸ ਕਰਕੇ ਵਿਧਾਨ ਸਭਾ ਅੰਦਰਲੇ) ਆਗੂਆਂ ਦੀ ਇੱਛਾ ਹੈ ਕਿ ਕਿਸੇ ਨਾ ਕਿਸੇ ਤਰੀਕੇ ਭ੍ਰਿਸ਼ਟਾਚਾਰ ਲਈ ਅਦਾਲਤਾਂ 'ਚ ਚੱਲ ਰਹੇ ਕੇਸਾਂ ਤੋਂ ਉਹਨਾਂ ਨੂੰ ਜਿੰਨੀ ਛੇਤੀ ਹੋ ਸਕੇ ਅਦਾਲਤਾਂ ਤੋਂ ਬਾਹਰ ਹੀ ਛੁਟਕਾਰਾ ਹਾਸਲ ਹੋ ਜਾਵੇ। ਪ੍ਰੰਤੂ ਅਜਿਹਾ ਹੋਣ 'ਤੇ ਜਿੱਥੇ ਦੇਸ਼ ਵਿਚ ਕਾਇਮ ਵਿਵਸਥਾ 'ਚੋਂ ਆਮ ਆਦਮੀ ਦਾ ਰਹਿੰਦਾ-ਖੂੰਹਦਾ ਵਿਸ਼ਵਾਸ ਖ਼ਤਮ ਹੋ ਜਾਵੇਗਾ, ਉੱਥੇ ਸਿਆਸਤਦਾਨਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਬਚਣ ਦਾ ਸੌਖਾ ਰਾਹ ਲੱਭ ਪਵੇਗਾ ਤੇ ਅੱਗੇ ਤੋਂ ਉਹ ਹੋਰ ਵੀ ਤਕੜੇ ਹੋ ਕੇ ਭ੍ਰਿਸ਼ਟਾਚਾਰ ਰਾਹੀਂ ਜਨਤਾ ਦੀ ਲੁੱਟ ਕਰਨਗੇ।

ਲੰਘੇ ਬਜਟ ਸੈਸ਼ਨ ਦੌਰਾਨ ਪੰਜਾਬ ਦੀ ਦੋ-ਧਿਰੀ ਵਿਧਾਨ ਸਭਾ ਸਿਆਸਤਦਾਨਾਂ ਤੇ ਚੱਲ ਰਹੇ ਮੁਕੱਦਮਿਆਂ ਨੂੰ ਸਮੂਹਿਕ ਰੂਪ ਵਾਪਸ ਲੈਣ ਲਈ ਜੋ ਆਮ ਸਹਿਮਤੀ ਬਨਾਉਣ ਦਾ ਯਤਨ ਕੀਤਾ ਉਹ ਅਸਿੱਧੇ ਰੂਪ ਵਿਚ ਭ੍ਰਿਸ਼ਟਾਚਾਰ ਦੇ ਪੱਖ ਵਿਚ ਆਮ ਸਹਿਮਤੀ ਬਨਾਉਣ ਦਾ ਯਤਨ ਹੀ ਸੀ। ਅਜਿਹੇ ਕਰਕੇ ਦੋਵਾਂ ਪੱਖਾਂ ਦੇ ਸਿਆਸਤਦਾਨਾਂ ਨੇ ਅਪਣੀ ਸ਼ਾਤਰਤਾ ਦਾ ਖੁੱਲ੍ਹੇ ਆਮ ਪ੍ਰਗਟਾਵਾ ਕੀਤਾ ਹੈ। ਸ਼ੁਕਰ ਹੈ ਕਿ ਉਹ ਅਪਣੇ ਯਤਨਾਂ ਵਿਚ ਸਫ਼ਲ ਨਹੀਂ ਹੋ ਸਕੇ।

## ਚਿੱਠੀ

'ਨਵੀਂ ਦੁਨੀਆ' ਦਾ ਤੀਸਰਾ ਅੰਕ ਮਿਲਿਆ ਹੈ। ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਵਿਚ ਇਸ ਦੀ ਆਮਦ ਹੀ ਕਾਫੀ ਨਿੱਗਰ ਦਿਖਾਈ ਦਿੰਦੀ ਹੈ। ਇਹ ਆਮ ਪੰਜਾਬੀ ਅਖ਼ਬਾਰਾਂ-ਰਸਾਲਿਆਂ ਤੋਂ ਬਿਲਕੁਲ ਵੱਖਰਾ ਹੈ। ਖ਼ਬਰਾਂ ਨੂੰ ਵੀ ਲੋਕ ਪੱਖੀ ਦ੍ਰਿਸ਼ਟੀ ਤੋਂ ਪੇਸ਼ ਕਰਨ ਦੀ ਸ਼ੈਲੀ ਕੈਨੇਡਾ ਵਿਚ ਅਸੀਂ ਪਹਿਲੀ ਵਾਰ ਤੱਕੀ ਹੈ। ਤੁਹਾਡੀ ਪੂਰੀ ਟੀਮ ਕਾਫੀ ਉਦਮ ਕਰਦੀ ਪ੍ਰਤੀਤ ਹੋ ਰਹੀ ਹੈ। ਇਹ ਠੀਕ ਹੈ ਕਿ ਕੈਨੇਡਾ ਵਰਗੇ ਮੁਲਕ ਵਿਚ ਪੰਜਾਬੀ ਦਾ ਕੋਈ ਅਖ਼ਬਾਰ ਸ਼ੁਰੂ ਕਰਨ ਵੇਲੇ ਇਸ਼ਤਿਹਾਰਾਂ ਦੀਆਂ ਥੰਮੀਆਂ ਦੀ ਲੋੜ ਮਹਿਸੂਸ ਹੁੰਦੀ ਹੈ। ਪਰ ਤੁਸੀਂ ਕਾਫੀ ਕੁਝ ਵੱਖਰਾ ਕਰਦੇ ਦਿਖਾਈ ਦੇ ਰਹੇ ਹੋ। ਖ਼ਬਰਾਂ ਦੇ ਨਾਲ ਨਾਲ ਪੰਜਾਬੀ ਪਾਠਕਾਂ ਦੀ ਸਾਹਿਤਕ ਭੁੱਖ ਸ਼ਾਇਦ ਕੈਨੇਡਾ ਵਿਚ ਇਹੀ ਇਕੋ ਇਕ ਪੰਜਾਬੀ ਪੇਪਰ ਪੂਰੀ ਕਰਨ ਦੀ ਸਮਰਥਾ ਰਖਦਾ ਹੈ। ਸਾਡੀਆਂ ਦੁਆਵਾਂ ਤੁਹਾਡੇ ਨਾਲ ਹਨ। ਡਟੇ ਰਹਿਣਾ। ਵਗਦੀਆਂ ਹਨੇਰੀਆਂ ਵਿਚ 'ਨਵੀਂ ਦੁਨੀਆ' ਵਰਗੇ ਚਿਰਾਗਾਂ ਦੀ ਸਦਾ ਹੀ ਲੋੜ ਬਣੀ ਰਹਿਣੀ ਹੈ। ਐਥੇ ਸਰੀਂ ਵਿਚ 'ਨਵੀਂ ਦੁਨੀਆ' ਨੂੰ ਘਰ ਘਰ ਪਹੁੰਚਾਉਣ ਦਾ ਜ਼ਿੰਮਾ ਚੁੱਕਣ ਲਈ ਅਸੀਂ ਤਿਆਰ ਹਾਂ। ਸੇਵਾ ਲਾਓ।

ਜਸਵੀਰ ਸਿੰਘ ਦੁਸਾਂਝ, ਕੁਲਵੰਤ ਸਿੰਘ ਦੁਸਾਂਝ, ਮੰਗਤ ਸਿੰਘ ਅਤੇ ਪਰਮਪਾਲ - ਸਰੀ, ਬੀ ਸੀ

# ਆਮ ਆਦਮੀ ਦੀ ਜੇਬ ਉੱਪਰ ਪਏਗਾ ਕਾਮਨ ਵੈਲਥ ਖੇਡਾਂ ਦੇ ਖ਼ਰਚੇ ਦਾ ਭਾਰ

ਕੇਂਦਰੀ ਸਰਕਾਰ ਨੇ ਤੇਲ, ਡੀਜ਼ਲ, ਘਰੇਲੂ ਗੈਸ ਅਤੇ ਰੋਜ਼ ਦੀਆਂ ਜ਼ਰੂਰਤਾਂ ਦੀ ਵਸਤਾਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਕਰਨ ਦਾ ਐਲਾਨ ਕੀਤਾ ਹੈ। ਸੁਨੇਹਾ ਸਪੱਸ਼ਟ ਹੈ ਕਿ ਇਸ ਸਾਲ ਭਾਰਤ ਵਿਖੇ ਹੋਣ ਜਾ ਰਹੀਆਂ ਕਾਮਨ ਵੈਲਥ ਖੇਡਾਂ ਦਾ ਖ਼ਰਚਾ 'ਆਮ ਆਦਮੀ' ਦੀ ਜੇਬ ਵਿਚੋਂ ਕੱਢਿਆ ਜਾਵੇਗਾ ਅਤੇ ਇਸ ਸਭ ਨੂੰ ਸਹੀ ਠਹਿਰਾਉਣ ਲਈ ਵਿੱਤ ਮੰਤਰੀ ਨੇ ਸੰਸਦ ਵਿਚ ਬਜਟ ਪੇਸ਼ ਕਰਦਿਆਂ ਦਲੀਲ ਦਿੱਤੀ ਕਿ , ਇਸ ਤੋਂ ਪਹਿਲਾਂ ਵੀ ਭਾਰਤ ਅਜਿਹੀ ਮਹਿੰਗਾਈ ਦਾ ਸਾਹਮਣਾ ਕਰ ਚੁੱਕਿਆ ਹੈ, ਇਸ ਲਈ ਇਹ ਕੋਈ ਬਹੁਤੀ ਵੱਡੀ ਗੱਲ ਨਹੀਂ।

ਇਹ ਸਾਰਾ ਰੁਝਾਨ ਇਕ ਪਾਸੇ ਜਿੱਥੇ ਸਰਕਾਰ ਦੀ ਖ਼ਸਤਾ ਹਾਲਤ ਨੂੰ ਦਰਸਾਉਂਦਾ ਹੈ, ਉੱਥੇ ਦੂਜੇ ਪਾਸੇ ਉਸ ਅੰਤਰ ਰਾਸ਼ਟਰੀ ਤਾਣੇ ਬਾਣੇ ਵਲ ਵੀ ਇਸ਼ਾਰਾ ਕਰਦਾ ਹੈ ਜਿਸ ਮੁਤਾਬਕ ਡਿੱਗਦੀ ਅਰਥ ਵਿਵਸਥਾ ਨੂੰ ਉੱਪਰ ਚੁੱਕਣ ਲਈ ਸਾਰਾ ਭਾਰ ਆਮ, ਗ਼ਰੀਬ ਤਬਕੇ 'ਤੇ ਪਾ ਦਿੱਤਾ ਜਾਂਦਾ ਹੈ ਤੇ ਵੱਡੀਆਂ ਕੰਪਨੀਆਂ ਅਤੇ ਅਮੀਰ ਵਰਗ ਨੂੰ ਫ਼ਾਇਦਾ ਪਹੁੰਚਾਇਆ ਜਾਂਦਾ ਹੈ। ਆਰਥਿਕ ਮੰਦੀ ਤੋਂ ਉਭਰਨ ਵਾਸਤੇ ਵੱਡੀਆਂ ਕੰਪਨੀਆਂ ਨੂੰ ਮੱਦਦ ਦੇ ਤੌਰ 'ਤੇ ਮੋਟੀਆਂ ਰਕਮਾਂ ਦਿੱਤੀਆਂ ਜਾਂਦੀਆਂ ਹਨ। ਜਿਸ ਨਾਲ ਸਿਰਫ਼ ਦੁਨੀਆ ਦੇ ਅਰਬ ਪਤੀਆਂ ਦੀ ਗਿਣਤੀ ਵਿਚ ਹੋਰ ਇਜ਼ਾਫ਼ਾ ਹੁੰਦਾ ਹੈ। ਇਕ ਰਿਪੋਰਟ ਮੁਤਾਬਕ ਬੀਤੇ ਇਕ ਸਾਲ ਦੌਰਾਨ ਦੁਨੀਆ ਦੇ ਸਭ ਤੋਂ ਅਮੀਰ ਅਰਬਪਤੀਆਂ ਦੀ ਗਿਣਤੀ 793 ਤੋਂ ਵੱਧ ਕੇ 1,011 ਹੋ ਗਈ।



ਸੀਤਾ ਰਾਮ ਯੈਚੁਰੀ

ਭਾਰਤ ਵਿਚ ਅਮਰੀਕਾ ਅਤੇ ਰੂੂਸ ਵਾਂਗ, ਅਮੀਰਾਂ ਨੂੰ ਹੋਰ ਅਮੀਰ ਬਣਾਉਣ ਦਾ ਇਹ ਵਰਤਾਰਾ ਵੀ ਜ਼ੋਰਾਂ 'ਤੇ ਹੈ। ਮੁਲਕ ਨੂੰ ਆਰਥਕ ਮੰਦਹਾਲੀ ਤੋਂ ਬਚਾਉਣ ਦੇ ਨਾਂਅ 'ਤੇ ਟੈਕਸ ਵਧਾਏ ਜਾ ਰਹੇ ਨੇ, ਸਮਾਜਕ ਸੁਰੱਖਿਆ ਲਈ ਰਾਂਖਵਾਂ ਪੈਸਾ ਘਟਾਇਆ ਜਾ ਰਿਹਾ ਹੈ, ਸਰਕਾਰੀ ਕਰਮਚਾਰੀਆਂ ਦੀਆਂ ਤਨਖ਼ਾਹਾਂ ਵਿਚ ਕਟੌਤੀ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਇਸ ਸਾਲ ਦੇ ਬਜਟ ਨੂੰ ਬਰੀਕੀ ਨਾਲ ਪੜ੍ਹਿਆਂ ਇਹ ਵੀ ਪਤਾ ਲੱਗਦਾ ਹੈ ਕਿ ਬੀਤੇ ਵਰ੍ਹੇ ਵੱਡੀਆਂ ਕੰਪਨੀਆਂ ਨੂੰ 80'000 ਕਰੋੜ ਰੁਪਏ ਦੀ ਅਦਾਇਗੀ ਤੋਂ ਛੋਟ ਦਿੱਤੀ ਗਈ ਅਤੇ ਕਈ ਅਮੀਰਾਂ ਕੋਲ 4,000 ਕਰੋੜ ਤੱਕ ਦਾ ਟੈਕਸ ਨਹੀਂ ਵਸੂਲਿਆ ਗਿਆ। ਜੇਕਰ ਇਹ ਬਣਦਾ ਪੈਸਾ ਵਸੂਲਿਆ ਗਿਆ ਹੁੰਦਾ ਅਤੇ ਸਹੀ ਥਾਂ ਇਸਤੇਮਾਲ ਕੀਤਾ ਗਿਆ ਹੁੰਦਾ ਤਾਂ ਮੁਲਕ ਵਿਚ ਰੁਜ਼ਗਾਰ ਦੇ ਬੇਸ਼ੁਮਾਰ ਮੌਕੇ ਪੈਦਾ ਹੋਏ ਹੋਣੇ ਸੀ।

ਇਸ ਤਰ੍ਹਾਂ ਭਾਰਤ ਦਾ ਆਮ ਆਦਮੀ ਵੱਧਦੀ ਮਹਿੰਗਾਈ ਅਤੇ ਰੁਜ਼ਗਾਰ ਦੇ ਘੱਟਦੇ ਮੌਕਿਆਂ -ਦੋਵਾਂ ਦੀ ਮਾਰ ਸਹਿ ਰਿਹਾ ਹੈ। ਮੌਜੂਦਾ ਹਾਲਾਤ ਨੂੰ ਵੇਖਦਿਆਂ ਖੱਬੇ ਪੱਖੀ ਪਾਰਟੀਆਂ ਵਲੋਂ ਅਪ੍ਰੈਲ ਨੂੰ ਜੇਲ੍ਹ ਭਰੋ ਅੰਦੋਲਨ ਦਾ ਦਿੱਤਾ ਗਿਆ ਸੱਦਾ ਆਮ ਆਦਮੀ ਦੇ ਸੰਘਰਸ਼ ਦੀ ਸ਼ੁਰੂਆਤ ਮੰਨੀ ਜਾਣੀ ਚਾਹੀਦੀ ਹੈ।

# ਅਮਰੀਕਾ ਕੋਲ ਲੁਕਾਉਣ ਲਈ ਕੀ ਹੈ

ਇਹ ਬਹੁਤ ਹੀ ਬੇ-ਸਿਰ ਪੈਰ ਦੀ ਪਰਿਸਥਿਤੀ ਹੈ। ਸੋਚ ਕੇ ਵੇਖੋ ਕਿ ਭਾਰਤੀ ਪੁਲਿਸ ਇਕ ਅਜਿਹੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਦੀ ਹੈ ਜਿਸ ਨੂੰ 9/11 ਦੀ ਸਾਜਿਸ਼ ਦੀ ਪਹਿਲਾਂ ਤੋਂ ਹੀ ਜਾਣਕਾਰੀ ਸੀ। ਉਸ ਨੇ ਨਾ ਸਿਰਫ਼ ਸਾਜ਼ਿਸ ਘੜ੍ਹਨ ਵਾਲਿਆਂ ਦਾ ਸਾਥ ਦਿੱਤਾ ਬਲਕਿ ਉਸਨੂੰ ਕਈ ਵਾਰ ਜਾਸੂਸੀ ਕਰਨ ਲਈ ਨਿਊਯਾਰਕ ਭੇਜਿਆ ਤਾਂ ਜੋ ਅੱਤਵਾਦੀ ਸਫ਼ਲਤਾਪੂਰਵਕ ਅਪਣੀਆਂ ਸਰਗਰਮੀਆਂ ਨੂੰ ਅੰਜਾਮ ਦੇ ਸਕਣ।

ਜ਼ਾਹਿਰ ਤੌਰ 'ਤੇ ਅਮਰੀਕਾ ਇਕ ਅਜਿਹੇ ਵਿਅਕਤੀ ਦੀ ਹਵਾਲਗੀ ਜ਼ਰੂਰ ਲੈਣਾ ਚਾਹੇਗਾ ਤਾਂ ਜੋ ਉਸ ਵਿਰੁੱਧ ਅਮਰੀਕੀ ਅਦਾਲਤਾਂ 'ਚ ਮੁਕੱਦਮਾ ਚਲਾਇਆ ਜਾ ਸਕੇ। ਇਕ ਅਜਿਹਾ ਵਿਅਕਤੀ ਜਿਸ ਦੀ ਹਾਲ ਹੀ ਦੀਆਂ ਭਿਆਨਕ ਘਟਨਾਵਾਂ ਵਿਚ ਸ਼ਮੂਲੀਅਤ ਰਹੀ ਹੋਵੇ। ਹੁਣ ਗੱਲ ਇਹ ਵੀ ਸੋਚਣ ਦੀ ਹੈ ਕਿ ਭਾਰਤ ਨੇ ਨਾ ਸਿਰਫ਼ ਹਵਾਲਗੀ ਬਾਰੇ ਗੱਲਬਾਤ ਕਰਨ ਤੋਂ ਇਨਕਾਰ ਕੀਤਾ ਹੈ ਸਗੋਂ ਫ਼ੈਡਰਲ ਬਿਊਰੋ ਆਫ਼ ਇਨਵੈਸਨੀਗੇਸ਼ਨ (ਐਫ.ਬੀ. ਆਈ) ਨੇ ਸ਼ੱਕੀ ਵਿਅਕਤੀ ਬਾਰੇ ਕੁਝ ਵੀ ਪੁੱਛਣ ਵਿਚ ਦਿਲਚਸਪੀ ਨਹੀਂ ਵਿਖਾਈ। ਐਫ.ਬੀ.ਆਈ ਵੱਲੋਂ ਵੀ ਇਹ ਦਬਾਅ ਬਣਾਇਆ ਜਾਵੇਗਾ ਕਿ ਜੋ ਕੁਝ ਉਹ ਵਿਅਕਤੀ ਦੱਸੇਗਾ ਉਹ ਭਾਰਤ ਨੂੰ ਦੱਸ ਦਿੱਤਾ ਜਾਵੇਗਾ।



ਵੀਰ ਸਾਂਘਵੀ

ਇਸ ਵਰਤਾਰੇ ਨੂੰ ਹੋਰ ਅੱਗੇ ਤੋਰਦਿਆਂ ਸੋਚੋ ਇੱਥੋਂ ਤੱਕ ਕਿ ਅਮਰੀਕਾ ਵੀ ਇਸ ਮਹੱਤਵਪੂਰਨ ਕੜੀ ਨੂੰ ਜੋੜਨ ਤੋਂ ਇਨਕਾਰੀ ਹੈ, ਉੱਥੇ ਭਾਰਤ ਨੇ ਇਹ ਐਲਾਨ ਕੀਤਾ ਹੈ ਕਿ ਉਸਦਾ ਇਸ ਵਿਅਕਤੀ ਨਾਲ ਸਮਝੌਤਾ ਹੋਇਆ ਹੈ। ਜੇ ਉਸ 'ਤੇ ਦੋਸ਼ ਆਇਦ ਹੁੰਦੇ ਵੀ ਹਨ ਤਾਂ ਉਸਨੇ ਭਾਰਤੀ ਕਾਨੂੰਨ ਮੁਤਾਬਿਕ ਮੌਤ ਦੀ ਸਜ਼ਾ ਨਹੀ ਹੋਵੇਗੀ। ਇਹ ਵੀ ਆਸਾਰ ਨਹੀਂ ਬਣਦੇ ਕਿ ਉਸਨੂੰ ਅਮਰੀਕੀ ਕਾਨੂੰਨ ਤਹਿਤ ਸਜ਼ਾ ਹੋ ਜਾਵੇ। ਇਸ ਸਮਝੌਤੇ ਦਾ ਇਕ ਪਹਿਲੂ ਇਹ ਵੀ ਹੈ ਕਿ ਅਸੀਂ ਉਸ ਵਿਅਕਤੀ ਨੂੰ ਭਰੋਸਾ ਦੇ ਦਿੱਤਾ ਹੈ ਕਿ ਅਸੀਂ ਉਸਦੀ ਹਵਾਲਗੀ ਨਹੀਂ ਲਵਾਂਗੇ। ਜਿੱਥੋਂ ਤੱਕ ਸਜ਼ਾ ਦਾ ਸਵਾਲ ਹੈ ਉਹ ਹਾਲੇ ਤੱਕ ਤੈਅ ਨਹੀਂ ਕੀਤੀ ਜਾ ਸਕੀ। ਸ਼ਾਇਦ ਇਹ ਵੀ ਉਸ ਸਮਝੌਤੇ ਨੂੰ ਧਿਆਨ 'ਚ ਰੱਖ ਕੇ ਹੀ ਤੈਅ ਕੀਤੀ ਹੋਵੇ। ਤੁਹਾਨੂੰ ਕੀ ਲੱਗਦਾ ਹੈ ਅਮਰੀਕਾ ਦੀ ਪ੍ਰਤੀਕਿਰਿਆ ਕੀ ਹੋਵੇਗੀ?



ਜ਼ਾਹਿਰ ਹੈ ਕਿ ਉਹ ਬਹੁਤ ਹੀ ਕੂਟਨੀਤੀ ਨਾਲ ਚੱਲੇਗਾ। ਦੇਸ਼ ਦੇ ਸਕੱਤਰ ਵੱਲੋਂ ਸਾਡੇ ਗ੍ਰਹਿ ਮੰਤਰੀ ਜਾ ਪ੍ਰਧਾਨ ਮੰਤਰੀ ਨੂੰ ਸੱਦਿਆ ਜਾਵੇਗਾ ਤੇ ਇਹ ਮਨਾਉਣ ਦੀ ਕੋਸ਼ਿਸ਼ ਹੋਵੇਗੀ ਕਿ ਅੱਤਵਾਦੀ ਨੂੰ ਐਫ. ਬੀ. ਆਈ ਦੇ ਸਪੁਰਦ ਕਰ ਦਿੱਤਾ ਜਾਵੇ। ਅੱਤਵਾਦ ਵਿਰੁੱਧ ਛਿੜੀ ਇਸ ਜੰਗ ਵਿਚ ਭਾਰਤ ਨੂੰ ਇਕ ਧੋਖੇਬਾਜ਼ ਵਜੋਂ ਵੇਖਿਆ ਜਾਵੇਗਾ ਕਿ ਜੋ ਵਿਅਕਤੀ ਅਮਰੀਕਾ 'ਚ ਤਬਾਹੀ ਫੈਲਾਉਣ ਵਿਚ ਸ਼ਾਮਲ ਹੋਵੇ ਉਸ ਉੱਤੇ ਭਾਰਤ ਕਿਵੇਂ ਮੁਕੱਦਮਾ ਦਾਇਰ ਕਰਕੇ ਪੁੱਛਗਿੱਛ ਕਰ ਸਕਦਾ ਹੈ। ਚਹੁੰ ਪਾਸੀ ਭਾਰਤ ਨਿੰਦਾ ਦਾ ਪਾਤਰ ਬਣ ਜਾਵੇਗਾ। ਬਾਹਰੋਂ ਮਿਲ ਰਹੀ ਸਹਾਇਤਾ ਜਾ ਹੋਰ ਕਿਸੇ ਕਿਸਮ ਦੀ ਮੱਦਦ ਖ਼ਤਮ ਹੋ ਜਾਵੇਗੀ। ਸਾਂਝੀ ਵਾਰਤਾ ਖ਼ਤਮ ਹੋ ਜਾਵੇਗੀ ਤੇ ਹੋਰ ਬਹੁਤ ਕੁਝ।

ਮੈਂ ਇਸ ਵਰਤਾਰੇ ਨੂੰ ਕੁਝ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਜੋ ਕੁਝ ਵਾਪਰ ਰਿਹਾ ਹੈ ਇਹ ਸੱਭ ਕੁਝ ਉਸ ਦੇ ਕਾਫ਼ੀ ਨੇੜੇ-ਤੇੜੇ ਹੈ। ਸਿਰਫ਼ ਇਕ ਗੱਲ ਜੋ ਇਸ ਮਾਮਲੇ 'ਚ ਵੱਖਰੀ ਹੈ ਕਿ ਅੱਤਵਾਦੀ 26/11 ਦੇ ਹਮਲਿਆਂ ਵਿਚ ਸ਼ਾਮਲ ਸੀ ਨਾ ਕਿ 9/11 ਦੇ। ਇਹ ਭਾਰਤ ਨਹੀਂ ਜੋ ਉਸਦੀ ਹਵਾਲਗੀ ਤੋਂ ਇਨਕਾਰੀ ਹੋ ਰਿਹਾ ਹੈ ਪਰ ਅਮਰੀਕਾ ਵਲੋਂ ਸਾਨੂੰ ਲੰਬੀ ਪੁਲਾਂਘ ਪੁੱਟਣ ਲਈ ਕਿਹਾ ਜਾ ਰਿਹਾ ਹੈ।

ਇਹ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ ਕਿ ਕਿਉਂ ਡੇਵਿਡ ਹੈਡਲੀ ਦੇ ਇਸ ਮਾਮਲੇ ਨੇ ਭਾਰਤੀਆਂ ਦੇ ਦਿਲਾਂ ਵਿਚ ਡੂੰਘੀ ਭਾਵਨਾ ਪੈਦਾ ਕਰ ਦਿੱਤੀ ਹੈ। ਸਾਡੇ ਲਈ 26/11 ਉਨਾਂ ਹੀ ਮਹੱਤਵ ਰੱਖਦਾ ਹੈ ਜਿੰਨਾ ਕਿ ਅਮਰੀਕਾ ਲਈ 9/11 ਦਾ ਹਮਲਾ। ਫ਼ਰਕ ਸਿਰਫ਼ ਏਨਾ ਹੈ ਕਿ ਅਮਰੀਕਾ ਨੂੰ 9/11 ਦੇ ਹਮਲਿਆਂ ਬਾਰੇ ਬਹੁਤ ਕੁਝ ਪਤਾ ਹੈ ਪਰ ਜੇ ਭਾਰਤ ਦੀ ਗੱਲ ਕਰੀਏ ਤਾਂ ਭਾਰਤ ਹਾਲੇ ਤੱਕ ਇਸ ਪੂਰੀ ਸਾਜਿਸ਼ ਬਾਰੇ ਤੱਥ ਇਕੱਠੇ ਕਰ ਰਿਹਾ ਹੈ। ਸੁਭਾਵਕ ਹੈ ਕਿ ਅਸੀਂ ਨਾ ਸਿਰਫ਼ ਅਜਿਹੇ ਵਿਅਕਤੀ ਨੂੰ ਸਜ਼ਾ ਦਿਵਾਉਣੀ ਚਾਹਾਂਗੇ ਸਗੋਂ ਇਹ ਵੀ ਚਾਹਾਂਗੇ 26/11 ਬਾਰੇ ਕੋਈ ਪੁਖਤਾ ਸਬੂਤ ਵੀ ਹੱਥ ਲੱਗ ਸਕੇ। ਸਾਨੂੰ ਹੋਰ ਇਹ ਵੀ ਸ਼ੱਕ ਹੈ ਕਿ ਹੈਡਲੀ ਨੇ ਪੁਣੇ ਨੂੰ ਸੰਭਾਵੀ ਨਿਸ਼ਾਨਾ ਮਿੱਥਿਆ ਸੀ। ਇਸ ਕਰਕੇ ਇਹ ਵੀ ਜਰੂਰੀ ਬਣ ਗਿਆ ਹੈ ਕਿ ਪਤਾ ਲੱਗ ਸਕੇ ਕਿ ਉਸ ਦੇ ਹੋਰ ਕਿਹੜੇ ਮੁੱਖ ਨਿਸ਼ਾਨੇ ਸਨ। ਜਦੋਂ ਤੱਕ ਅਸੀਂ ਉਸ ਕੋਲੋਂ ਪੁੱਛ-ਪੜਤਾਲ ਨਹੀਂ ਕਰਾਂਗੇ ਉਦੋਂ ਤੱਕ ਸਾਨੂੰ ਇਹ ਸਭ ਕੁਝ ਕਿਵੇਂ ਪਤਾ ਚੱਲੇਗਾ।

ਇਸ ਲਈ ਪਤਾ ਨਹੀਂ ਅਮਰੀਕਾ ਅਜਿਹਾ ਕਿਉਂ ਕਰ ਰਿਹਾ ਹੈ।

## ਪਾਕਿਸਤਾਨ ਵਿਚ ਹਿਟਲਰ

ਏਸ਼ੀਆ ਵਿਚ ਜਰਮਨੀ ਦੇ ਲੋਕ ਜ਼ਿਆਦਾ ਪਸੰਦ ਕੀਤੇ ਜਾਂਦੇ ਹਨ। ਪਾਕਿਸਤਾਨ ਵਿਚ ਵੀ ਜਰਮਨੀ ਲੋਕਾਂ ਲਈ ਪਿਆਰ ਅਤੇ ਇੱਜ਼ਤ ਹੈ। ਗਲਤ ਕਾਰਨਾਂ ਕਰਕੇ ਵੀ ਉਥੋਂ ਦੇ ਲੋਕ ਜਰਮਨੀ ਨੂੰ ਚਾਹੁੰਦੇ ਹਨ। ਸਾਡੀ ਜਰਮਨੀ ਵਿਚ ਹੀ ਭਾਵੇਂ ਹਿਟਲਰ ਨੂੰ ਨਫ਼ਰਤ ਨਾਲ ਦੇਖਿਆ ਜਾਂਦਾ ਹੋਵੇ ਪਰ ਪਾਕਿਸਤਾਨ ਵਿਚ ਨਾਜ਼ੀ ਲੀਡਰ ਨੂੰ ਹੀਰੋ ਦੀ ਤਰ੍ਹਾਂ ਦੇਖਿਆ ਜਾਂਦਾ ਹੈ। ਜਰਮਨੀ ਤੋਂ ਬਿਲਕੁਲ ਉਲਟ ਹੈ, ਪਾਕਿਸਤਾਨ। ਉਥੇ ਪਹਾੜ ਉੱਤਰ ਵਿਚ ਅਤੇ ਸਮੁੰਦਰ ਦੱਖਣ ਵਿਚ ਹੈ। ਉੱਥੋਂ ਦੇ ਆਰਥਿਕ ਹਾਲਾਤ ਪੱਛਮ ਵਿਚ ਠੀਕ ਹਨ ਅਤੇ ਪੂਰਬ ਵਿਚ ਹਾਲ ਬੁਰਾ ਹੈ। ਪਾਕਿਸਤਾਨ ਵਿਚ ਰਹਿਣ ਵਾਲੇ ਜਰਮਨ ਇਕ ਚੀਜ਼ ਨਹੀਂ ਹਜ਼ਮ ਕਰ ਪਾਉਂਦੇ ਅਤੇ ਉਹ ਹੈ ਹਿਟਲਰ ਲਈ ਪਿਆਰ। ਪਾਕਿਸਤਾਨ ਦੇ ਲੋਕ ਗੱਲਬਾਤ ਦੌਰਾਨ ਹਿਟਲਰ ਨੂੰ ਵਿਚ ਲੈ ਹੀ ਆਉਂਦੇ ਹਨ। ਮਸਲਨ, ਅਸੀਂ ਵੀ ਆਰੀਅਨ ਹਾਂ। ਫਿਰ ਹਿਟਲਰ ਤਾਂ ਮਿਲਟਰੀ ਜੀਨੀਅਸ ਸੀ। ਸ਼ਾਇਦ ਉਹ ਲੋਕ ਸਮਝਦੇ ਹਨ ਕਿ ਹਿਟਲਰ ਦੀ ਗੱਲਬਾਤ ਤੋਂ ਅਸੀਂ ਪ੍ਰਭਾਵਿਤ ਹੋਵਾਂਗੇ। ਲੱਗਦਾ ਹੈ ਜ਼ਿਆਦਾਤਰ ਲੋਕ ਨਹੀਂ ਜਾਣਦੇ ਕਿ ਹਿਟਲਰ ਨੇ ਕੀ ਕੀਤਾ ਸੀ।

**ਸਪੀਗਲ ਇੰਟਰਨੈਸ਼ਨਲ, ਜਰਮਨੀ।**

## ਵਿਦੇਸ਼ੀ ਅਖਬਾਰਾਂ 'ਚੋਂ

### ਕਾਰਪੋਰੇਟ ਕਲਚਰ

ਟੋਇਟਾ ਨੇ ਬਹੁਤ ਮਾਤਰਾ ਵਿਚ ਅਪਣੀਆਂ ਕਾਰਾਂ ਵਾਪਸ ਲੈ ਲਈਆਂ ਹਨ। ਉਸ ਨੇ ਜੋ ਵੀ ਕੀਤਾ ਹੈ ਸਭ ਕਾਰਪੋਰੇਟ ਕਲਚਰ ਦੇ ਲਈ ਇਕ ਸਬਕ ਹੈ। ਇੱਧਰ ਇਹ ਕਲਚਰ ਫੈਸ਼ਨ ਵਿਚ ਹੈ। ਪਰ ਟੋਇਟਾ ਦਾ ਅਨੁਭਵ ਦੱਸਦਾ ਹੈ ਕਿ ਕਿਸੇ ਵੱਡੇ ਸੰਕਟ ਨਾਲ ਸਿੱਝਣਾ ਹੋਵੇ ਤਾਂ ਉਹ ਤਿਆਰ ਨਹੀਂ ਹੁੰਦਾ। ਇਸੇ ਸੰਕਟ ਨਾਲ ਸਿੱਝਣ ਦੀ ਸਮਝਦਾਰੀ ਨੂੰ ਉਸ ਕਲਚਰ ਵਿਚ ਲਿਆਉਣ ਦੀ ਜ਼ਰੂਰਤ ਹੈ। ਚੀਨ ਵੀ ਤੇਜ਼ੀ ਨਾਲ ਅੰਤਰਰਾਸ਼ਟਰੀ ਮੰਡੀ ਵੱਲ ਜਾ ਰਿਹਾ ਹੈ। ਉਹਨਾਂ ਨੂੰ ਉਸ ਵਿਚ ਸਬਕ ਲੈਣ ਦੀ ਜ਼ਰੂਰਤ ਹੈ। ਸਭ ਤੋਂ ਪਹਿਲਾਂ ਸਾਨੂੰ ਦੇਖਣਾ ਚਾਹੀਦਾ ਹੈ ਕਿ ਸਮੱਸਿਆ ਨੂੰ ਕਿਵੇਂ ਜੜ੍ਹ ਤੋਂ ਨਸ਼ਟ ਕੀਤਾ ਜਾਵੇ? ਅਤੇ ਕਾਰਪੋਰੇਟ ਨੂੰ ਕਿਵੇਂ ਖ਼ਪਤਕਾਰ ਪ੍ਰਤੀ ਜ਼ਿੰਮੇਵਾਰ ਬਣਾਇਆ ਜਾਵੇ?

**ਪੀਪੁਲਸ ਡੇਲੀ, ਚੀਨ**

### ਜਾਪਾਨੀ ਰਾਜਨੀਤੀ ਨਹੀਂ ਬਦਲੀ

ਜਾਪਾਨ ਵਿਚ ਰਾਜਨੀਤੀ ਬਦਲੀ ਨੂੰ ਛੇ ਮਹੀਨੇ ਹੋ ਗਏ ਹਨ। ਪਰ ਪ੍ਰਧਾਨ ਮੰਤਰੀ ਹਾਤੋਯਾਮਾ ਨੇ ਕੁਝ ਖਾਸ ਨਹੀਂ ਕੀਤਾ ਹੈ। ਉਹਨਾਂ ਦੇ ਸਾਰੇ ਵਾਅਦੇ ਹਵਾ ਹੀ ਨਿਕਲੇ। ਹੁਣੇ ਹੀ ਹੋਏ ਇਕ ਸਰਵੇਖਣ ਵਿਚ ਉਹਨਾਂ ਦੇ ਕੈਬਨਿਟ ਦੀ ਰੇਟਿੰਗ ਬੁਰੀ ਤਰ੍ਹਾਂ ਵਿਗੜੀ ਹੋਈ ਦਿਖਾਈ ਦਿੰਦੀ ਹੈ। ਜਦੋਂ ਉਹ ਆਏ ਸੀ ਤਾਂ ਉਹਨਾਂ ਦੀ ਰੇਟਿੰਗ 71 ਫੀਸਦੀ ਸੀ ਤੇ ਹੁਣ ਉਹ ਤਿਲਕ ਕੇ 32 ਫੀਸਦੀ ਉੱਤੇ ਹੀ ਆ ਗਏ ਹਨ। ਛੇ ਮਹੀਨੇ ਹੀ ਤਾਂ ਹੋਏ ਨੇ, ਜਦੋਂ ਜਨਤਾ ਨੇ ਉਹਨਾਂ ਨੂੰ ਚੁਣਿਆ ਸੀ। ਉਹਨਾਂ ਦੀ ਚੋਣ ਦੇਸ਼ ਵਿਚ ਇਕ ਵੱਡੀ ਤਬਦੀਲੀ ਲਈ ਕੀਤੀ ਗਈ ਸੀ। ਹੁਣ ਤਾਂ ਇਹ ਸਮਝ ਆ ਰਿਹਾ ਹੈ ਕਿ ਹਾਤੋਯਾਮਾ ਲੋਕਾਂ ਦੀਆਂ ਆਸਾਂ ਉੱਪਰ ਖਰੇ ਨਹੀਂ ਉੱਤਰ ਰਹੇ। ਉਹ ਅਪਣੀ ਕੈਬਨਿਟ ਤੋਂ ਕੋਈ ਵੀ ਕੰਮ ਨਹੀਂ ਕਰਵਾਉਣ ਵਿਚ ਅਸਮਰਥ ਹੋ ਰਹੇ ਹਨ। ਪਿਛਲੀਆਂ ਚੋਣਾਂ ਵਿਚ ਸਭ ਤੋਂ ਵੱਡਾ ਮੁੱਦਾ ਪੈਸੇ ਅਤੇ ਰਾਜਨੀਤੀ ਦਾ ਦਾ ਘਟੀਆ ਗੱਠਜੋੜ ਸੀ। ਉਸਨੂੰ ਠੀਕ ਕਰਨ ਦੇ ਵਾਅਦਿਆਂ ਅਨੁਸਾਰ ਹੀ ਜਨਤਾ ਨੇ ਉਹਨਾਂ ਨੂੰ ਸੱਤਾ ਸੌਂਪੀ ਸੀ। ਹੁਣ ਲੋਕਾਂ ਨੂੰ ਮਹਿਸੂਸ ਹੋਣ ਲੱਗ ਪਿਆ ਹੈ ਕਿ ਜਾਪਾਨ ਦੀ ਰਾਜਨੀਤੀ ਵਿਚ ਕੋਈ ਵੀ ਬਦਲਾਵ ਨਹੀਂ ਆ ਰਿਹਾ। ਪਿਛਲੇ ਸਾਲ ਜਨਤਾ ਨੇ ਇਤਿਹਾਸਕ ਬਦਲਾਵ ਕੀਤਾ ਸੀ। ਉਹਨਾਂ ਨੂੰ ਹੁਣ ਅਪਣੀ ਹਿੱਸੇਦਾਰੀ ਚਾਹੀਦੀ ਹੈ। ਉਹਨਾਂ ਨੂੰ ਹੁਣ ਬਦਲਾਵ ਚਾਹੀਦਾ ਹੈ।

**ਅਸਾਹੀ ਸ਼ਿਮਬੁਨ, ਜਾਪਾਨ**

## ਧੁਖ਼ਦਾ ਕਾਲਮ

**ਸੁਸ਼ੀਲ ਦੁਸਾਂਝ**

### '.....ਵਿਸ਼ਵ ਦੇ ਸਭ ਪਿੰਡ ਮਿਟਾਏ ਜਾਣਗੇ'

ਬੜਾ ਪ੍ਰਚਾਰ ਹੋ ਰਿਹਾ ਹੈ ਕਿ ਸੰਸਾਰ ਇਕ ਪਿੰਡ ਬਣਦਾ ਜਾ ਰਿਹਾ ਹੈ। ਪੂਰਾ ਟਿੱਲ ਲਾ ਕੇ ਧੁਮਾਇਆ ਜਾ ਰਿਹਾ ਹੈ ਕਿ ਸੰਸਾਰ ਦੇ ਇਕ ਪਿੰਡ ਵਜੋਂ ਵਿਕਸਤ ਹੋਣ ਨਾਲ ਸੰਸਾਰ ਭਰ ਵਿਚ ਲਹਿਰਾਂ-ਬਹਿਰਾਂ ਹੋ ਜਾਣੀਆਂ ਹਨ, ਕੋਈ ਸਮਸਿਆਵਾਂ ਹੀ ਨਹੀਂ ਰਹਿਣਗੀਆਂ ਅਤੇ-'ਸੰਸਾਰ ਸਾਰਾ ਆਪਣਾ, ਜਦੋਂ ਮਰਜ਼ੀ ਜਿੱਥੇ ਜੀ ਚਾਹਵੇ ਆਓ-ਜਾਓ-ਸਭ ਦੂਰੀਆਂ ਖ਼ਤਮ-ਦੁਨੀਆਂ ਕਰ ਲਓ ਮੁੱਠੀ ਮੇਂ।' ਇਹ ਪ੍ਰਚਾਰ ਪੂਰੀ ਤਰ੍ਹਾਂ ਭਰਮਾਊ ਹੈ। ਵਿਸ਼ਵ ਵਪਾਰ ਸੰਗਠਨ ਦੇ ਇਸ਼ਾਰਿਆਂ 'ਤੇ ਹੁੰਦੇ ਇਸ ਪ੍ਰਚਾਰ ਕਰਕੇ ਅਸਲੀਅਤ ਹਜ਼ਾਰਾਂ-ਹਜ਼ਾਰ ਪੱਥਰਾਂ ਹੇਠ ਦੱਬੀ-ਘੁੱਟੀ ਗਈ ਹੈ। ਸੱਚ ਇਹ ਹੈ ਕਿ ਸੰਸਾਰ ਨੂੰ ਇਕ ਪਿੰਡ ਬਣਾਉਣ ਦੇ ਨਾਂਅ 'ਤੇ ਦੁਨੀਆ ਦੇ ਨਕਸ਼ੇ ਤੋਂ ਪਿੰਡਾਂ ਨੂੰ ਉਜਾੜਿਆ ਜਾ ਰਿਹਾ ਹੈ। ਪ੍ਰੋ. ਜਸਪਾਲ ਘਈ ਦੇ ਇਸ ਸ਼ਿਅਰ ਤੋਂ ਬਾਅਦ ਗੱਲ ਅੱਗੇ ਤੋਰਾਂਗੇ-

'ਵਿਸ਼ਵ ਨੂੰ ਇਕ ਪਿੰਡ ਬਣਾਵਣ ਵਾਸਤੇ
ਵਿਸ਼ਵ ਦੇ ਸਭ ਪਿੰਡ ਮਿਟਾਏ ਜਾਣਗੇ।'

ਦੇਖਣ ਅਤੇ ਸਮਝਣ ਵਾਲੀ ਗੱਲ ਇਹ ਹੈ ਕਿ ਜੋ ਹਾਲਾਤ ਅਸੀਂ ਆਪਣੇ ਪਿੰਡਾਂ 'ਚ ਦੇਖ ਰਹੇ ਹਾਂ, ਲਗਭਗ ਇਹੋ ਜਿਹੇ ਹਾਲਾਤ ਹੀ ਸੰਸਾਰ ਦੇ ਹੋਰਨਾਂ ਵਿਕਾਸਸ਼ੀਲ ਅਤੇ ਗ਼ਰੀਬ ਮੁਲਕਾਂ ਦੇ ਹਨ। ਦਰਅਸਲ, ਪਿੰਡਾਂ ਦਾ ਸੁੰਗੜਦੇ ਜਾਣਾ ਕੋਈ ਸਹਿਜ ਅਤੇ ਆਪੇ ਵਾਪਰਦਾ ਵਰਤਾਰਾ ਨਹੀਂ ਹੈ, ਇਹ ਸਾਮਰਾਜੀਆਂ ਵਲੋਂ ਸੰਸਾਰੀਕਰਨ ਦੇ ਨਾਂਅ ਹੇਠ ਵਿੱਢੀ ਗਈ ਕੌਮਾਂਤਰੀ ਸਾਜਿਸ਼ ਹੈ। ਸੰਸਾਰ ਦੇ ਸਾਰੇ ਹੀ ਪਿੰਡ ਖੇਤੀ ਉਪਰ ਨਿਰਭਰ ਹਨ। ਇਨ੍ਹਾਂ ਤਮਾਮ ਪਿੰਡਾਂ ਵਿਚ ਅੱਜ ਖੇਤੀ ਦੀ ਬਰਬਾਦੀ ਦਾ ਅਮਲ ਸ਼ੁਰੂ ਹੋ ਚੁੱਕਾ ਹੈ।

ਗੱਲ ਆਪਣੇ ਮੁਲਕ ਦੀ ਕਰਨੀ ਹੋਵੇ ਤਾਂ ਸਾਡਾ ਸੰਕਟ ਹੋਰ ਵੀ ਜ਼ਿਆਦਾ ਗੰਭੀਰ ਹੈ। ਸਾਡਾ ਮੁਲਕ ਤਾਂ ਹੈ ਹੀ ਪਿੰਡਾਂ ਦਾ ਤੇ ਇਨ੍ਹਾਂ ਪਿੰਡਾਂ ਵਿਚ ਹੁੰਦੀ ਖੇਤੀ ਨਾਲ ਹੀ ਸਾਡੇ ਮੁਲਕ ਦਾ 65 ਫੀਸਦੀ ਰੁਜ਼ਗਾਰ ਜੁੜਿਆ ਹੋਇਆ ਹੈ। ਜੇ ਇਨ੍ਹਾਂ ਪਿੰਡਾਂ ਦੀ ਖੇਤੀ 'ਤੇ ਸੰਕਟ ਹੈ ਤਾਂ ਰੁਜ਼ਗਾਰ ਵੀ ਖ਼ਤਰੇ ਵਿਚ ਹੈ। ਵਿਸ਼ਵ ਵਪਾਰ ਸੰਗਠਨ ਦੇ ਦਬਾਅ ਹੇਠ ਬਣਾਈ ਗਈ ਕਿਸਾਨ ਮਾਰੂ ਖੇਤੀ ਨੀਤੀ ਸਿੱਧੇ ਤੌਰ 'ਤੇ ਰੁਜ਼ਗਾਰ 'ਤੇ ਹਮਲਾ ਕਰਦੀ ਹੈ।

ਇਨ੍ਹਾਂ ਪ੍ਰਸਥਿਤੀਆਂ ਵਿਚ ਪਿੰਡ ਉੱਜੜ ਰਹੇ ਹਨ। ਇਕ ਅਨੁਮਾਨ ਮੁਤਾਬਕ 2025 ਤੱਕ ਸਾਡੇ ਮੁਲਕ ਦੀ ਅੱਧੀ ਪੇਂਡੂ ਵਸੋਂ (ਲਗਭਗ 40 ਕਰੋੜ ਲੋਕ) ਆਪੋ-ਆਪਣੇ ਪਿੰਡਾਂ ਤੋਂ ਉਠ ਕੇ ਸ਼ਹਿਰਾਂ ਵੱਲ ਆ ਚੁੱਕੀ ਹੋਵੇਗੀ। ਇੱਥੇ ਸਵਾਲ ਇਹ ਉਭਰਦਾ ਹੈ ਕਿ ਇਹ ਉਜੱੜੀ ਹੋਈ ਪੇਂਡੂ ਵਸੋਂ ਰਹੇਗੀ ਕਿੱਥੇ? ਅੱਜ ਦੀ ਤਰੀਕ ਵਿਚ ਵੀ ਸ਼ਹਿਰਾਂ ਦੀ ਕੁਲ ਵਸੋਂ ਦੀ ਲਗਭਗ 40 ਫੀਸਦੀ ਝੁੱਗੀਆਂ-ਝੌਂਪੜੀਆਂ ਜਾਂ ਸੜਕਾਂ ਦੇ ਕਿਨਾਰੇ ਰਾਤ ਕੱਟਦੀ ਹੈ। ਇਹ ਸਾਮਰਾਜੀਆਂ ਦੇ ਦਬਾਅ ਹੇਠ ਬਣਾਈ ਗਈ ਗਲਤ ਖੇਤੀ ਨੀਤੀ ਹੀ ਹੈ ਕਿ ਸਾਡੀਆਂ ਖੇਤੀ ਲਾਗਤਾਂ ਤਾਂ ਲਗਾਤਾਰ ਵੱਧ ਰਹੀਆਂ ਹਨ ਪਰ ਖੁੱਲ੍ਹੇ ਵਪਾਰ ਦੀ ਮਾਰ ਹੇਠ ਕਿਸਾਨੀ ਜਿਣਸਾਂ ਅਕਸਰ ਹੀ ਮੰਡੀਆਂ ਵਿਚ ਰੁਲਦੀਆਂ ਹਨ। ਇਸੇ ਕਾਰਨ ਕਿਸਾਨੀ ਸਿਰ ਕਰਜ਼ਿਆਂ ਦੀਆਂ ਪੰਡਾਂ ਲਗਾਤਾਰ ਵੱਧ ਰਹੀਆਂ ਹਨ ਅਤੇ ਖੁਦਕੁਸ਼ੀਆਂ ਦਾ ਰੁਝਾਨ ਜ਼ੋਰ ਫੜਦਾ ਜਾ ਰਿਹਾ ਹੈ।

ਵਿਸ਼ਵੀਕਰਨ ਦੇ ਇਸ ਦੈਂਤ ਨੇ ਸਿਰਫ ਖੇਤੀ ਅਤੇ ਰੁਜ਼ਗਾਰ ਹੀ ਨਹੀਂ ਕਰਨਾ ਸਗੋਂ ਸਾਡਾ ਸਭ ਕੁਝ ਹੀ ਹਜ਼ਮ ਕਰਨ ਵੱਲ ਇਹ ਬੜੀ ਤੇਜ਼ੀ ਨਾਲ ਵੱਧ ਰਿਹਾ ਹੈ। ਸਾਡੇ ਜੰਗਲ, ਲੋਕ ਭਾਸ਼ਾਵਾਂ, ਸਭਿਆਚਾਰ ਗੱਲ ਕੀ ਹਰ ਖੇਤਰ 'ਤੇ ਇਸ ਦੈਂਤ ਦਾ ਕਾਲਾ ਪ੍ਰਛਾਵਾਂ ਪੈ ਚੁੱਕਾ ਹੈ। ਲੋਕ ਭਾਸ਼ਾਵਾਂ ਦੇ ਮਾਮਲੇ ਵਿਚ ਵੀ ਇਕ ਸੱਚਾਈ ਇਹ ਹੈ ਕਿ ਲੋਕ-ਭਾਸ਼ਾਵਾਂ ਨੂੰ ਅਮਰੀਕਨ ਅੰਗਰੇਜ਼ੀ ਹੇਠ ਦਬਾਇਆ ਜਾ ਰਿਹਾ ਹੈ। ਇਹ ਵੀ ਇਕ ਕੌਮਾਂਤਰੀ ਵਰਤਾਰਾ ਹੀ ਹੈ। ਹੁਣ ਜੇਕਰ ਸਾਡੀ ਆਰਥਿਕਤਾ ਦੀ ਰੀੜ ਖੇਤੀ ਦੇ ਮਣਕੇ ਇਕ-ਇਕ ਕਰਕੇ ਟੁੱਟਦੇ ਜਾ ਰਹੇ ਹੋਣ, ਜੰਗਲਾਂ-ਬੇਲਿਆਂ ਨੂੰ ਸਾਮਰਾਜੀ ਦੈਂਤਾਂ ਦਾ ਟਿੱਡੀ ਦਲ ਚਰਨ ਆ ਵੜਿਆ ਹੋਵੇ, ਸਭਿਆਚਾਰ ਅਤੇ ਭਾਸ਼ਾ ਨੂੰ ਅਮਰੀਕਨ ਪੌਪ ਘੇਰੀ ਖੜਾ ਹੋਵੇ ਤਾਂ ਸਾਡਾ ਭਵਿੱਖ ਕਿਹੋ-ਜਿਹਾ ਹੋਵੇਗਾ? ਇਸਦਾ ਸਿਰਫ਼ ਕਿਆਸ ਹੀ ਲਾਇਆ ਜਾ ਸਕਦਾ ਹੈ।

ਪ੍ਰਚਾਰ ਭਾਵੇਂ ਸੰਸਾਰ ਨੂੰ ਖੁਲ੍ਹ ਦੇਣ ਦਾ ਹੋ ਰਿਹਾ ਹੈ ਪਰ ਅਸਲੀਅਤ ਵਿਚ ਇਹ ਖੁਲ੍ਹ ਸਿਰਫ਼ ਚੰਦ ਕੁ ਅਮੀਰਾਂ ਲਈ ਹੀ ਹੈ। ਜੇ ਸੰਸਾਰ ਸੱਚਮੁੱਚ ਇਕ ਪਿੰਡ ਹੁੰਦਾ ਤਾਂ ਕਦੇ ਮਾਲਟਾ ਕਿਸ਼ਤੀ ਵਰਗੇ ਹਾਦਸੇ ਨਾ ਹੁੰਦੇ। ਸੱਚ ਇਹ ਹੈ ਕਿ 'ਸੰਸਾਰ ਇਕ ਪਿੰਡ' ਦੇ ਨਾਅਰੇ ਹੇਠ ਪਿੰਡਾਂ ਦਾ ਵਿਕਾਸ ਨਹੀਂ ਵਿਨਾਸ਼ ਲੁਕਿਆ ਹੋਇਆ ਹੈ। ਇਹ ਉਸ ਪੂੰਜੀ ਦਾ ਵਿਕਾਸ ਹੈ, ਜਿਸਦੇ ਆਸਰੇ ਅਮਰੀਕਾ ਸੰਸਾਰ ਥਾਣੇਦਾਰ ਬਣਿਆ ਹੋਇਆ ਹੈ ਅਤੇ ਗਰੀਬ ਅਤੇ ਵਿਕਾਸਸ਼ੀਲ ਮੁਲਕਾਂ ਦੀਆਂ ਸਰਕਾਰਾਂ ਉਸਦੀਆਂ ਗੋਲੀਆਂ। ਸੰਸਾਰੀਕਰਨ ਦੇ ਦੈਂਤ ਨੂੰ ਰੋਕਣ ਦਾ ਇਕੋ-ਇਕ ਤਰੀਕਾ-ਗ਼ਰੀਬ ਅਤੇ ਵਿਕਾਸਸ਼ੀਲ ਮੁਲਕਾਂ ਦੇ ਲੋਕਾਂ ਦੀ ਇਕਮੁੱਠ ਸ਼ਕਤੀ ਕੋਲ ਹੈ। ਇਹ ਲੋਕ ਸ਼ਕਤੀ ਹੀ ਵਿਸ਼ਵ ਵਪਾਰ ਸੰਗਠਨ ਦੀਆਂ ਮਾਰੂ ਸਾਜਿਸ਼ਾਂ ਤੋਂ ਬਚਾਅ ਸਕਦੀ ਹੈ। ਇਹ ਲੋਕ ਸ਼ਕਤੀ ਹੀ ਬਚਾ ਸਕਦੀ ਹੈ ਆਪਣੇ ਪਿੰਡਾਂ ਨੂੰ, ਆਪਣੇ ਆਪ ਨੂੰ।

*ਵਿਸਾਖੀ 'ਤੇ ਵਿਸ਼ੇਸ਼*

# ਵਿਸਾਖੀ ਦੀ ਇਤਿਹਾਸਕ ਮਹੱਤਤਾ

**ਡਾ. ਕਰਮਜੀਤ ਸਿੰਘ**

ਵਿਸਾਖੀ ਦਾ ਮਹੱਤਵ ਆਮ ਲੋਕਾਈ ਲਈ ਰੁੱਤ ਨਾਲ ਜੁੜਿਆ ਹੋਇਆ ਹੈ। ਆਰੰਭ ਤੋਂ ਹੀ ਮਨੁੱਖ ਪ੍ਰਕ੍ਰਿਤੀ ਨਾਲ ਜੁੜਿਆ ਹੋਇਆ ਹੈ। ਉਹ ਪ੍ਰਕ੍ਰਿਤੀ ਦੀ ਪੂਜਾ ਵੀ ਕਰਦਾ ਹੈ ਅਤੇ ਉਸ ਵਿਚੋਂ ਸੱਭਿਆਚਾਰ ਦੀ ਉਸਾਰੀ ਵੀ ਕਰਦਾ ਹੈ। ਪ੍ਰਕ੍ਰਿਤੀ ਦੇ ਵਿਰਾਟ ਰੂਪ ਤੋਂ ਡਰਦਾ ਵੀ ਜੋ ਉਸਦੀ ਕੀਤੀ ਉੱਤੇ ਸਕਿੰਟਾਂ ਵਿਚ ਪਾਣੀ ਫੇਰ ਦਿੰਦੀ ਹੈ ਅਤੇ ਉਸਦੀ ਸ਼ਾਂਤਮਈ ਰੂਪ ਤੋਂ ਵਜਦ ਵਿਚ ਵੀ ਆਉਂਦਾ ਹੈ।



'ਵਿਸਾਖੀ ਦੇ ਮਹੀਨੇ ਦਾ ਨਾਂ ਵਿਸਾਖਾ ਨਖਸ਼ਤਰ ਤੋਂ ਰੱਖਿਆ ਗਿਆ ਹੈ। ਕਿਉਂ ਜੋ ਪੰਜਾਬ ਵਿਚ ਮਹੀਨਿਆਂ ਦੇ ਨਾਂ ਨਖਸ਼ਤਰਾਂ ਉੱਤੇ ਰੱਖੇ ਗਏ ਹਨ। ਵਿਸਾਖੀ ਸੂਰਜ ਵਰਸ਼ ਦਾ ਪਹਿਲਾ ਦਿਨ ਹੈ। ਇਸ ਦਿਨ ਸੂਰਜ ਪਹਿਲੀ-ਪਹਿਲੀ ਰਾਸ਼ੀ ਮੇਖ ਵਿਚ ਪ੍ਰਵੇਸ਼ ਕਰਦਾ ਹੈ। ਇਸੇ ਲਈ ਇਸ ਦਿਨ ਨੂੰ ਸੰਕ੍ਰਾਂਤੀ (ਸੰਗ੍ਰਾਂਦ) ਵੀ ਕਿਹਾ ਗਿਆ ਹੈ। ਧਾਰਨਾ ਹੈ ਵਿਸਾਖੀ ਵਾਲੇ ਦਿਨ ਰਾਤ ਇਕ ਬਰਾਬਰ ਹੁੰਦੇ ਹਨ, ਇਸ ਲਈ ਵਿਸਾਖੀ ਨੂੰ ਸੰਵਤਸਰ ਵੀ ਕਿਹਾ ਜਾਂਦਾ ਹੈ।'' (ਪੰਜਾਬੀ ਲੋਕਧਾਰਾ ਵਿਸ਼ਵਕੋਸ਼)

ਪੰਜਾਬ ਵਿਚ ਵਿਸਾਖੀ ਫਸਲ ਦਾ ਤਿਉਹਾਰ ਹੈ। ਇਸ ਦਿਨ ਕਣਕ ਦੀ ਕਟਾਈ ਸ਼ੁਰੂ ਕੀਤੀ ਜਾਂਦੀ ਹੈ। ਫਸਲ ਆਉਣ ਦੀ ਖ਼ੁਸ਼ੀ ਹੁੰਦੀ ਹੈ। ਇਹ ਤਿਉਹਾਰ ਉਦੋਂ ਤੋਂ ਹੀ ਮਨਾਉਣ ਦੀ ਰੀਤ ਤੁਰੀ ਆ ਰਹੀ ਹੈ ਜਦੋਂ ਮਨੁੱਖ ਨੇ ਫਸਲਾਂ ਬੀਜਣੀਆਂ, ਵੱਢਣੀਆਂ ਆਰੰਭ ਕੀਤੀਆਂ। ਲੰਬੇ ਇੰਤਜ਼ਾਰ ਤੋਂ ਬਾਅਦ ਫਸਲ ਦਾ ਘਰ ਆਉਣਾ ਸੱਚਮੁੱਚ ਖ਼ੁਸ਼ੀ ਦਾ ਸਿਖਰ ਹੈ। ਪੰਜਾਬੀਆਂ ਦੀ ਇਸ ਖ਼ੁਸ਼ੀ ਨੂੰ ਧਨੀ ਰਾਮ ਚਾਤ੍ਰਿਕ ਜਿਨ੍ਹਾਂ ਪੰਗਤੀਆਂ ਰਾਹੀਂ ਪੇਸ਼ ਕਰਦਾ ਹੈ ਉਹ ਲੋਕ ਸਾਹਿਤ ਵਾਂਗ ਹੀ ਉਚਾਰੀਆਂ ਜਾਂਦੀਆਂ ਹਨ।

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਮਾਲ ਟਾਂਡਾ ਸਾਂਭਣੇ ਨੂੰ ਚੂੜ੍ਹਾ ਛੱਡ ਕੇ
ਪੱਗ ਝੱਗਾ ਚਾਦਰਾ ਨਵਾਂ ਸਮਾਇਕੇ।
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇਕੇ।
ਕੱਛੇ ਮਾਰ ਵੰਝਲੀ ਆਨੰਦ ਆ ਗਿਆ।
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਚਾਤ੍ਰਿਕ ਵਿਸਾਖੀ ਨੂੰ ਸਿਰਫ਼ 'ਕਿਸਾਨੀ' ਨਾਲ ਜੋੜ ਦਿੰਦਾ ਹੈ, ਪਰੰਤੂ ਹਰ ਪੰਜਾਬੀ ਲਈ ਵਿਸਾਖੀ ਦਾ ਅਰਥ 'ਜ਼ਸ਼ਨ' ਹੈ। ਧਾਰਮਿਕ ਸਥਾਨਾਂ ਤੇ ਪੂਜਾ ਅਰਚਨਾ ਕਰਨ ਤੋਂ ਬਾਅਦ ਖਾਣ-ਪੀਣ ਦਾ ਜਸ਼ਨ ਨਵੇਂ ਕੱਪੜੇ ਪਾ ਕੇ ਮੇਲਿਆਂ ਦੀਆਂ ਰੌਣਕਾਂ ਦੇਖਣ ਦਾ ਮੌਕਾ। ਸਮੁੱਚਾ ਮਾਹੌਲ ਹੀ ਖ਼ੁਸ਼ੀ ਦੇ ਰੰਗਾਂ ਨਾਲ ਰੰਗਿਆਂ ਜਾਂਦਾ ਹੈ।

ਇਤਿਹਾਸਕ ਦੌਰਾਂ ਵਿਚ ਆਦਿ-ਕਾਲ਼ੀ ਮੇਲਿਆਂ ਵਿਚ ਬਹੁਤ ਕੁਝ ਜੁੜ ਜਾਂਦਾ ਹੈ। ਇਸ ਦਿਨ ਦੇ ਮਹੱਤਵ ਨੂੰ ਸਮਝ ਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਦਿਨ 1699 ਈ. ਨੂੰ ਖਾਲਸਾ ਪੰਥ ਦੀ ਸਾਜਨਾ ਕੀਤੀ ਜਾਂ ਇਉਂ ਕਹੋ ਕਿ ਗੁਰੂ ਨਾਨਕ ਸਾਹਿਬ ਤੋਂ ਤੁਰੀ ਆਉਂਦੀ ਸਿੱਖ ਪਰੰਪਰਾ ਨੂੰ ਅਸਲੋਂ ਨਵਾਂ ਰੂਪ ਦਿੱਤਾ। ਸਿੱਖ ਨੂੰ ਹਥਿਆਰਬੰਦ ਕਰਕੇ ਸਿੰਘ (ਸ਼ੇਰ) ਬਣਾ ਦਿੱਤਾ। ਸਿੱਖੀ ਨੂੰ ਡੈਮੋਕਰੈਟਕ ਲੀਹਾਂ 'ਤੇ ਤੋਰ ਦਿੱਤਾ। ਆਪ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਉਹਨਾਂ ਤੋਂ ਆਪ ਛਕਿਆ। ਸਿੱਖੀ ਨੂੰ ਨਵਾਂ ਸਰੂਪ ਦਿੱਤਾ। ਅੱਜ ਭਾਵੇਂ ਅਸੀਂ ਪੰਜ ਪਿਆਰਿਆਂ ਵਿਚ ਔਰਤ ਨੂੰ ਨਹੀਂ ਸ਼ਾਮਲ ਕਰਦੇ ਪਰ ਗੁਰੂ ਗੋਬਿੰਦ ਸਿੰਘ ਸਾਹਬ ਦੇ ਅੰਮ੍ਰਿਤ ਵਿਚ ਮਹਿਲਾਵਾਂ ਨੇ ਪਤਾਸਿਆਂ ਦੀ ਮਿਠਾਸ ਘੋਲ਼ੀ। 1699 ਤੋਂ ਲੈ ਕੇ ਅੱਜ ਤਕ ਸਿੱਖੀ ਨੇ ਅਨੇਕਾਂ ਪੜਾਅ ਤੈਅ ਕੀਤੇ। ਪਰਿਵਾਰ ਨੂੰ ਵਾਰਨਾ, ਬੰਦਾ ਬਹਾਦਰ ਦਾ ਸੰਘਰਸ਼, ਮਿਸਲਾਂ ਦਾ ਦੌਰ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਲੰਬੀ ਸਵਤੰਤਰਤਾ ਦੀ ਲੜਾਈ।



ਇਸੇ ਲੜਾਈ ਦੌਰਾਨ ਪੰਜਾਬੀਆਂ ਨੇ 1919 ਦੀ ਜਲ੍ਹਿਆਂ ਵਾਲੇ ਬਾਗ ਦੀ ਖ਼ੂਨੀ ਵਿਸਾਖੀ ਵੀ ਦੇਖੀ। ਜਨਰਲ ਡਾਇਰ ਨੇ ਪੰਜਾਬੀਆਂ ਨੂੰ ਸਬਕ ਸਿਖਾਉਣ ਲਈ ਨਿਹੱਥੇ ਲੋਕਾਂ ਉੱਪਰ ਗੋਲ਼ੀਆਂ ਦਾ ਮੀਂਹ ਵਰ੍ਹਾ ਦਿੱਤਾ। ਲੋਕਾਂ ਨੂੰ ਖ਼ੂਹਾਂ ਵਿਚ ਛਾਲ਼ਾਂ ਮਾਰਨੀਆਂ ਪਈਆਂ। ਕੰਧਾ ਟੱਪਦਿਆਂ ਜਾਨਾਂ ਗੁਆਣੀਆਂ ਪਈਆਂ । ਇਸ ਬਰਬਰ ਕਾਰਜ ਨੇ ਪੂਰੇ ਦੇਸ਼ ਵਿਚ ਸਾਮਰਾਜ ਵਿਰੁੱਧ ਲੜਾਈ ਨੂੰ ਏਨਾ ਤੇਜ਼ ਕਰ ਦਿੱਤਾ ਕਿ ਆਖਿਰ ਅੰਗਰੇਜ਼ਾਂ ਨੂੰ ਭਾਰਤ ਛੱਡ ਕੇ ਜਾਣਾ ਪਿਆ। ਇਸੇ ਆਹੁਤੀ ਵਿਚੋਂ ਕਰਤਾਰ ਸਿੰਘ ਸਰਾਭਾ ਪੈਦਾ ਹੋਇਆ ਅਤੇ ਉਸਦੀ ਲੋਅ ਨੂੰ ਭਗਤ ਸਿੰਘ ਲੈ ਕੇ ਅਗਾਂਹ ਤੁਰਿਆ।

ਇਉਂ ਵਿਸਾਖੀ ਪੰਜਾਬੀਆਂ ਲਈ ਇਕੋ ਵੇਲੇ ਜਸ਼ਨ ਦਾ ਮਾਹੌਲ ਵੀ ਸਿਰਜਦੀ ਹੈ ਤੇ ਜੋਸ਼ ਦਾ ਵੀ। ਗੁਰੂ ਗੋਬਿੰਦ ਸਿੰਘ ਸਾਹਬ ਦੇ ਇਤਿਹਾਸਕ ਕਾਰਜ ਨੂੰ ਯਾਦ ਕਰਕੇ ਨਵੇਂ ਰਾਹਾਂ 'ਤੇ ਤੁਰਨ ਦੀ ਜਾਚ ਵੀ ਸਿਖਾਉਂਦੀ ਹੈ ਅਤੇ ਪੰਜਾਬੀਆਂ ਦੀ ਸਾਮਰਾਜ ਦੇ ਖਿਲਾਫ਼ ਸੋਚ ਨੂੰ ਪ੍ਰਚੰਡ ਵੀ ਕਰਦੀ ਹੈ। ਅੱਜ ਸਾਮਰਾਜ ਨਵੇਂ ਦੌਰ ਵਿਚ ਸ਼ਾਮਲ ਹੋ ਚੁੱਕਾ ਹੈ, ਉਸਨੇ ਵਿਸ਼ਵੀਕਰਣ ਕਰਦਿਆਂ ਉੱਤਰ ਆਧੁਨਿਕਤਾ ਦਾ ਚੋਲ਼ਾ ਪਾ ਕੇ ਕਈ ਭੁਲਾਂਦਰੇ ਸਿਰਜੇ ਹਨ। ਪੰਜਾਬੀਆਂ ਨੇ ਇਹਨਾਂ ਭੁਲਾਂਦਰਿਆਂ ਨੂੰ ਸਮਝ ਕੇ ਨਵੇਂ ਰਾਹ ਬਣਾਉਣੇ ਹਨ ਤੇ ਨਵੇਂ ਤਰ੍ਹਾਂ ਦੇ ਸੰਘਰਸ਼ ਵਿੱਢਣੇ ਹਨ।

ਪੰਜਾਬੀਆਂ ਨੂੰ ਵਿਸਾਖੀ ਦੀਆਂ ਬਹੁਤ-ਬਹੁਤ ਵਧਾਈਆਂ। ਅਸੀਂ ਵੀ ਇਹਨਾਂ ਜਸ਼ਨਾਂ ਵਿਚ ਸ਼ਾਮਲ ਹਾਂ ਅਪਣੀਆਂ ਸੋਚਾਂ ਨੂੰ ਜਾਗਦਿਆਂ ਰੱਖ ਕੇ।

# ਸ਼ਿਵਨਾਥ ਦੀਆਂ ਤਿੰਨ ਕਵਿਤਾਵਾਂ

### ਵਿਡੰਬਨਾ

ਨਾ ਰਾਸ ਆਈ ਹੈ ਦੁਨੀਆਂ
ਤੇ ਨਾ ਰਾਸ ਆਇਆ ਹਾਂ,
ਮੈਂ ਉਸ ਨੂੰ।
ਇਸੇ ਕਾਰਨ ਹੀ ਹੁਣ ਮੈਂ , ਸ਼ਾਇਦ
ਇੰਨਾ ਰਹਿ ਗਿਆ ਪਿਛੋ।
ਮੈਂ ਬਣ ਸਕਿਆ ਨਹੀਂ ਇਕਵਾਰ ਵੀ
ਉਸ ਭੀੜ ਦਾ ਹਿੱਸਾ
ਜਿਦ੍ਹੇ ਕਾਰਨ ਉਹ ਅੱਗੇ, ਬਹੁਤ ਅੱਗੇ
ਨਿਕਲ ਜਾਂਦੀ ਏ।
ਉਹ ਮੇਰੀ ਕਮ-ਅਕਲੀ ਤੇ
ਬੜਾ ਹੱਸਦੀ ਏ ਕਈ ਵਾਰੀ
ਮੈਂ ਉਸ ਦੀ ਬੇਹਿਯਾਈ ਤੇ
ਮਨੋ-ਮਨ ਮੁਸਕ੍ਰਾਂਦਾ ਹਾਂ
ਤੇ ਆਪਣੀ ਮਾਨਸਿਕ ਜਿਹੀ,
ਜਿੱਤ ਦੇ ਡੰਕੇ ਵਜਾਂਦਾ ਹਾਂ।
ਨਾ ਰਾਸ ਆਈ ਹੈ ਦੁਨੀਆਂ
ਤੇ ਨਾ ਰਾਸ ਆਇਆ ਹਾਂ ਮੈਂ, ਉਸਨੂੰ
ਇਸੇ ਕਾਰਨ ਹੀ ਸ਼ਾਇਦ ਅੱਜ
ਇੰਨਾ ਰਹਿ ਗਿਆ ਪਿੱਛੇ।
ਮੈਂ ਪਿੱਛੇ ਰਹਿ ਕੇ ਵੀ ਉਸਨੂੰ
ਬੜਾ ਉਪਰਾਮ ਕਰਦਾ ਹਾਂ
ਕਿਉਂ ਮੈਂ ਅਜੇ ਉਸ ਵਾਂਗ
ਅੰਦਰੋਂ ਮਰ ਨਹੀਂ ਸਕਿਆ।

### ਪੁਰਜ਼ੇ

ਕਿਸੇ ਬਿਲਡਿੰਗ ਨੂੰ ਮੰਦਰ ਕਹਿਣ ਤੇ
ਮੰਦਰ ਨਹੀਂ ਬਣਦਾ।
ਨਾ ਹੋ ਸਕਦੀ ਉਸ ਵਿਚਲੀ
ਉਹ ਵਿੱਦਿਆ, ਲੋਕ ਹਿੱਤਕਾਰੀ।
ਅਸਾਂ ਇਹ ਵੇਖਣੈਂ ਕਿ ਫੀਸ
ਕਿੰਨੀ ਹੈ ਅਦਾਰੇ ਦੀ।
ਤੇ ਕੀ ਮਿਲਦਾ ਹੈ ਇਸ ਵਿਚੋਂ
ਕਿਸੇ ਟੀਚਰ ਨੂੰ ਫਲ ਉਸਦਾ
ਤੇ ਕਿਸ ਮਕਸਦ ਲਈ ਵਿਦਿਆਰਥੀ ਨੂੰ ਗਿਆਨ ਦੇਂਦੇ ਹਨ।
ਇਹ ਹੱਟੀਆਂ ਪਾ ਕੇ ਬੈਠੇ ਨੇ ਜੋ ਅੱਜ
ਸ਼ਹਿਰਾਂ 'ਚ ਵਣਜਾਰੇ
ਇਨ੍ਹਾਂ ਨੇ ਕੁਝ ਨਹੀਂ ਲੈਣਾ,
ਗੁਰੂ ਚੇਲੇ ਦੇ ਰਿਸ਼ਤੇ ਤੋਂ
ਨਾ ਇਹਨਾਂ ਨੂੰ ਕੋਈ ਚਿੰਤਾ ਹੈ
ਕਲ੍ਹ ਦੇ ਨੌਜਵਾਨਾਂ ਦੀ।
ਇਹ ਹਰ ਵਾਰੀ ਬਣਾ ਕੇ ਭੇਜਦੇ ਨੇ,
ਸੈਂਕੜੇ ਪੁਰਜ਼ੇ
ਜਿਨ੍ਹਾਂ 'ਤੇ ਮੋਹਰ ਹੁੰਦੀ ਏ, ਇਨ੍ਹਾਂ ਦੇ,
ਕਾਰਖ਼ਾਨੇ ਦੀ।
ਪਰ ਇਹ ਕਿਸ ਕੰਮ ਆਉਣੇ ਨੇ,
ਤੇ ਅੱਗੋਂ ਜਾਣਗੇ ਕਿੱਥੇ?
ਇਹ ਇਹਨਾਂ ਦੀ ਬਲ੍ਹਾ ਜਾਣੇ
ਜਾਂ ਜਾਣਨ ਆਪ ਇਹਨਾਂ ਦੇ
ਬਣਾਏ ਸੈਂਕੜੇ ਪੁਰਜ਼ੇ।

### ਪੰਜਾਬ

ਖੁੱਲ੍ਹੀ ਕੈਂਚੀ ਵਾਂਗ ਸੀ ਹੁੰਦਾ
ਕਦੇ ਇਹ ਦੇਸ਼ ਪੰਜਾਬ
ਪੰਜ ਦਰਿਆ ਸਨ ਵਹਿੰਦੇ ਜਿਸ ਵਿਚ
ਪਾਣੀ ਬੇ-ਹਿਸਾਬ।
ਪੰਜਾਂ ਵਿਚੋਂ ਢਾਈ ਰਹਿ ਗਏ
ਅੱਧਿਉਂ-ਬਹੁਤ ਗੁਆਇਆ
ਪਰ ਪੰਜਾਬ ਦਿਆਂ ਪੁੱਤਰਾਂ ਨੂੰ
ਫਿਰ ਵੀ ਸਬਕ ਨਾ ਆਇਆ।
ਅੱਧੇ 'ਚੋਂ ਵੀ ਤਿੰਨ ਬਣਾਏ
'ਹਿੰਮ', 'ਇਮਾ', ਪੰਜਾਬ।
ਨਾਲ ਜਿਨ੍ਹਾਂ ਦੇ ਖੜ੍ਹੇ ਹੋ ਗਏ
ਮਸਲੇ ਬੇ-ਹਿਸਾਬ।
ਛੋਟੇ ਹੁੰਦਿਆਂ ਬਾਂਦਰ ਵੰਡ ਦੀ
ਸੁਣੀ ਸੀ ਇਕ ਕਹਾਣੀ
ਪਰ ਉਸ ਤੋਂ ਕੁਝ ਸਿੱਖ ਨਾ ਸਕੀ
ਸਾਡੀ ਅਕਲ ਸਿਆਣੀ।
ਬਣ ਕੇ ਜ਼ਹਿਰੀ ਨਾਗ ਮੁਨਸਫ਼ਾਂ
ਐਸਾ ਡੰਗ ਚਲਾਇਆ
ਫ਼ੈਸਲਿਆਂ ਦਾ ਚੱਕਰ ਹਾਲੇ ਤੀਕ
ਰਾਸ ਨਾ ਆਇਆ।



*ਇਨ੍ਹੀਂ ਦਿਨੀਂ ਪੰਜਾਬੀ ਸਾਹਿਤ ਦੇ ਆਕਾਸ਼ ਵਿਚ ਉਦਾਸੀ ਦੇ ਬੱਦਲ ਛਾਏ ਹੋਏ ਹਨ। ਕਾਰਨ ਹੈ ਲਗਾਤਾਰ ਪੰਜਾਬੀ ਦੇ ਵੱਡੇ ਸਾਹਿਤਕਾਰਾਂ ਦਾ ਸਦਾ ਲਈ ਤੁਰੇ ਜਾਣ ਦਾ ਜਾਰੀ ਸਿਲਸਿਲਾ। ਸੰਤੋਖ ਸਿੰਘ ਧੀਰ, ਹਰਿੰਦਰ ਸਿੰਘ ਮਹਿਬੂਬ, ਡਾ. ਜੋਗਿੰਦਰ ਰਾਹੀ, ਡਾ. ਟੀ.ਆਰ.ਵਿਨੋਦ ਤੋਂ ਬਾਅਦ ਹੁਣ ਰਾਮ ਸਰੂਪ ਅਣਖੀ, ਡਾ. ਜਗਤਾਰ ਅਤੇ ਅਮਰੀਕ ਸਿੰਘ ਪੂਨੀ ਵੀ ਸਦਾ ਲਈ ਤੁਰ ਗਏ ਹਨ। 'ਨਵੀਂ ਦੁਨੀਆ' ਇਨ੍ਹਾਂ ਸਾਰੇ ਹੀ ਸਾਹਿਤਕਾਰਾਂ ਅੱਗੇ ਨਤਮਸਤਕ ਹੈ। ਪਿਛਲੇ ਅੰਕ ਵਿਚ ਤੁਸੀਂ ਸੰਤੋਖ ਸਿੰਘ ਧੀਰ ਹੁਰਾਂ ਨਾਲ ਕੀਤੀ ਹੋਈ ਲੰਮੀ ਮੁਲਾਕਾਤ ਦੇ ਅਹਿਮ ਅੰਸ਼ ਪੜ੍ਹੇ ਸਨ। ਇਸ ਅੰਕ ਵਿਚ ਸ਼ਰਧਾਂਜਲੀ ਵਜੋਂ ਡਾ. ਜਗਤਾਰ ਅਤੇ ਰਾਮ ਸਰੂਪ ਅਣਖੀ ਹੁਰਾਂ ਨਾਲ* **ਅਵਤਾਰ ਜੰਡਿਆਲਵੀ** *ਅਤੇ* **ਸੁਸ਼ੀਲ ਦੁਸਾਂਝ** *ਵੱਲੋਂ ਕੀਤੀਆਂ ਗਈਆਂ ਮੁਲਾਕਾਤਾਂ ਦੇ ਅਹਿਮ ਅੰਸ਼ ਛਾਪੇ ਜਾ ਰਹੇ ਹਨ।*

*ਜਗਤਾਰ ਨੇ ਆਧੁਨਿਕ ਪੰਜਾਬੀ ਕਵਿਤਾ ਦਾ ਲੰਮੇਰਾ ਪੰਧ ਵੀ ਬੜੇ ਸਿਦਕ ਅਤੇ ਸਿਰੜ ਨਾਲ ਤੈਅ ਕੀਤਾ ਹੈ। ਨਜ਼ਮ ਅਤੇ ਗ਼ਜ਼ਲ ਦੋਵਾਂ ਸਿਨਫਾਂ ਉੱਪਰ ਹੀ ਬਰਾਬਰ ਦੀ ਕੌਸ਼ਲਤਾ ਰੱਖਣ ਵਾਲੇ ਇਸ ਸ਼ਾਇਰ ਨੇ ਲਗਪਗ ਹਰ ਅਦਬੀ ਤਹਿਰੀਕ ਦਾ ਪ੍ਰਭਾਵ ਕਬੂਲਿਆ, ਪ੍ਰੰਤੂ ਉਸਦੀ ਵਿਸ਼ੇਸ਼ਤਾ ਇਹ ਰਹੀ ਕਿ ਉਹ ਕਿਸੇ ਵੀ ਤਹਿਰੀਕ ਦਾ ਪਿਛਲੱਗ ਸ਼ਾਇਰ ਨਹੀਂ ਬਣਿਆ। ਉਸ ਨੇ ਹਰ ਤਹਿਰੀਕ ਦੀ ਪਰਿਪੱਕ ਸ਼ਾਇਰੀ ਕੀਤੀ। ਉਸ ਨੇ ਹਰ ਤਹਿਰੀਕ ਨੂੰ ਹੀ ਗੁਣਾਤਮਿਕ ਯੋਗਦਾਨ ਦਿੱਤਾ ਅਤੇ ਹਰ ਧਾਰਾ ਦਾ ਸਫ਼ਲ ਤੇ ਪ੍ਰਮੁੱਖ ਕਵੀ ਬਣਿਆ। ਇਸ ਤਰ੍ਹਾਂ ਉਸ ਨੇ ਸਿਲਸਿਲੇਵਾਰ ਉੱਸਰ ਰਹੀ ਪੰਜਾਬੀ ਕਾਵਿ-ਪਰੰਪਰਾ ਦੀ ਉਸਾਰੀ ਵਿਚ ਭਰਪੂਰ ਯੋਗਦਾਨ ਪਾਇਆ। ਪੰਜਾਬੀ ਗ਼ਜ਼ਲ ਤਾਂ ਸਦਾ ਜਗਤਾਰ ਦੀ ਰਿਣੀ ਰਹੇਗੀ, ਜਿਸਦੀ ਬਾਕਮਾਲ ਪ੍ਰਤਿਭਾ ਸਦਕਾ ਉਹ ਤਿੱਖੇ ਵਿਰੋਧਾਂ ਦੇ ਬਾਵਜੂਦ ਅਪਣੀ ਹੋਂਦ ਬਚਾਈ ਰੱਖਣ ਵਿਚ ਕਾਮਯਾਬ ਹੋ ਗਈ। ਜਗਤਾਰ ਦੀ ਸ਼ਾਇਰੀ ਵਿਚ ਦੁਬਿਧਾ, ਆਤਮਗਿਲਾਨੀ, ਅੰਤਰਮੁਖਤਾ ਆਦਿ ਦੇ ਭਾਵ ਬਹੁਤ ਘੱਟ ਆਏ ਹਨ। ਮੁੱਖ ਰੂਪ ਵਿਚ ਉਹ ਸੰਘਰਸ਼, ਦ੍ਰਿੜ੍ਹਤਾ, ਮਾਨਵਤਾ ਅਤੇ ਆਤਮ ਸਨਮਾਨ ਆਦਿ ਮੁੱਲਾਂ ਨੂੰ ਪ੍ਰਣਾਇਆ ਰਿਹਾ ਹੈ। ਸਥਾਪਤੀ ਅੱਗੇ ਗਿੜਗਿੜਾਉਣ ਦਾ, ਨਤਮਸਤਕ ਹੋਣ ਦਾ ਸਿੱਧਾ-ਅਸਿੱਧਾ ਸੰਕੇਤ ਨਾ ਹੀ ਉਸਦੀ ਸ਼ਾਇਰੀ ਵਿਚ ਮਿਲਦਾ ਹੈ ਤੇ ਨਾ ਹੀ ਜੀਵਨ ਵਿਚ :*

*ਕਤਲਗਾਹ 'ਚ ਸਿਰ ਝੁਕਾ ਕੇ ਕਿਉਂ ਤੁਰਾਂ*
*ਮੈਂ ਕਿਸੇ ਕੀਤੀ 'ਤੇ ਸ਼ਰਮਿੰਦਾ ਨਹੀਂ*
*ਲੋਕ ਸ਼ਾਇਰ ਮੈਂ ਲਿਖਾਂ ਲੋਕਾਂ ਲਈ*
*ਸ਼ਹਿਨਸ਼ਾਹਾਂ ਦਾ ਮੈਂ ਕਰਿੰਦਾ ਨਹੀਂ*



**ਕਵਿਤਾ ਬਾਰੇ ਸੋਝੀ**

*? ਜਗਤਾਰ ਜੀ, ਤੁਹਾਡੇ ਅਨੁਸਾਰ ਚੰਗੀ ਕਵਿਤਾ ਕਿਹੋ ਜਹੀ ਹੁੰਦੀ ਹੈ। ਕੀ ਸਮੁੱਚੀ ਪੰਜਾਬੀ ਕਵਿਤਾ ਵਿਚੋਂ ਕੋਈ ਮਿਸਾਲ ਦੇ ਕੇ ਸਮਝਾਉਗੇ?*

– ਚੰਗੀ ਕਵਿਤਾ ਚੰਗੀ ਕਿਵੇਂ ਹੁੰਦੀ ਹੈ? ਬੜਾ ਅਜੀਬ ਜਿਹਾ ਸਵਾਲ ਹੈ।

ਹਰ ਕਵਿਤਾ ਦੇ ਪਾਠਕ ਅਲੱਗ-ਅਲੱਗ ਹੁੰਦੇ ਹਨ। ਅਕਸਰ ਕੁੜੀਆਂ ਮੁੰਡੇ ਰੁਮਾਂਟਿਕ ਕਵਿਤਾ ਪਸੰਦ ਕਰਦੇ ਹਨ, ਧਾਰਮਿਕ ਲੋਕ ਧਾਰਮਿਕ ਬਾਣੀ ਜਾਂ ਕਵਿਤਾ ਪਸੰਦ ਕਰਦੇ ਹਨ। ਕਿਸੇ ਵੇਲੇ ਪੰਜਾਬ ਦੇ ਡਾਂਗਰੀ ਅਸ਼ਲੀਲ ਕਵਿਤਾ ਦੇ ਚਾਹਵਾਨ ਸਨ। 50 ਕੁ ਸਾਲ ਪਹਿਲਾਂ ਆਮ ਤੌਰ 'ਤੇ ਲੋਕ ਕਿੱਸੇ ਪਸੰਦ ਕਰਦੇ ਸਨ। ਅੱਜ ਦੇ ਲੋਕ ਅਜਿਹੀਆਂ ਕਵਿਤਾਵਾਂ ਹੀ ਪਸੰਦ ਕਰਦੇ ਹਨ, ਜੋ ਉਨ੍ਹਾਂ ਦੇ ਜੀਵਨ ਨਿਰਬਾਹ ਦੀਆਂ ਲਖ਼ਾਇਕ ਜਾਂ ਜੀਵਨ ਸੰਕਟ ਦੀ ਮੁਕਤੀ ਦੀ ਗੱਲ ਦਰਸਾਉਂਦੀਆਂ ਹਨ। ਸੋ ਕਿਸੇ ਇਕ ਕਵਿਤਾ ਨੂੰ ਸਾਰੇ ਲੋਕ ਨਹੀਂ ਸਹਾਰ ਸਕਦੇ।

ਸਮੁੱਚੀ ਕਵਿਤਾ ਬਾਰੇ ਗੱਲ ਕੀ ਕਰੀਏ। ਬਾਬਾ ਫ਼ਰੀਦ ਜੀ ਤੋਂ ਲੈ ਕੇ ਅੱਜ ਤੱਕ ਦੀ ਕਵਿਤਾ ਦਾ ਪੂਰਨ ਅਧਿਐਨ ਤਾਂ ਸ਼ਾਇਦ ਕਿਸੇ ਕੀਤਾ ਵੀ ਨਹੀਂ।

ਜੇ ਮੈਂ ਕਿਸੇ ਕਵਿਤਾ ਨੂੰ ਪੰਜਾਬੀ ਦੀ ਸਭ ਤੋਂ ਚੰਗੀ ਕਵਿਤਾ ਕਹਾਂ ਵੀ ਤਾਂ ਜ਼ਰੂਰੀ ਨਹੀਂ ਉਹ ਸਭ ਨੂੰ ਚੰਗੀ ਲੱਗੇ।

*? ਕਣਕ ਦੇ ਪੂਰੇ ਖੇਤ ਵਿਚੋਂ ਜੇ ਮੈਂ ਕਹਾਂ ਕਿ ਤੁਹਾਨੂੰ ਕਿਹੜਾ ਬੂਟਾ ਚੰਗਾ ਲਗਦਾ ਹੈ ਤਾਂ ਤੁਸੀਂ ਕੀ ਕਹੋਗੇ?*

– ਪੰਜਾਬੀ ਵਿਚ ਬੇਸ਼ੁਮਾਰ ਕਵਿਤਾਵਾਂ ਚੰਗੀਆਂ ਹਨ ਅਤੇ ਚੰਗੀਆਂ ਤੋਂ ਵਧੇਰੇ ਮਾੜੀਆਂ ਹਨ। ਪਿਛਲੇ 20 ਸਾਲਾਂ ਵਿਚ ਕੂੜਾ ਕਰਕਟ ਕਵਿਤਾ ਵਧੇਰੇ ਲਿਖੀ ਗਈ ਹੈ।

**ਕੋਈ ਸ਼ਾਇਰ ਇਨਕਲਾਬੀ ਨਹੀਂ**

*? ਇੱਕ ਕਥਨ ਵਿਚ ਤੁਹਾਨੂੰ ਸੁਹਜਵਾਦੀ ਜਾਂ ਇਨਕਲਾਬੀ ਨਹੀਂ ਮਾਨਵਵਾਦੀ ਸ਼ਾਇਰ ਕਿਹਾ ਗਿਆ ਹੈ। ਕੀ ਤੁਸੀਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹੋ?*

– ਮੈਨੂੰ ਤਾਂ ਕੁਝ ਯਾਦ ਨਹੀਂ ਕਿ ਇਹ ਸਵਾਲ ਕਦੋਂ ਉਭਰੇ। ਵਾਸਤਵ ਵਿਚ ਪੰਜਾਬੀ ਵਿਚ ਕੋਈ ਵੀ ਸ਼ਾਇਰ ਇਨਕਲਾਬੀ ਨਹੀਂ। ਮੋਹਨ ਸਿੰਘ, ਅੰਮ੍ਰਿਤਾ, ਆਦਿ ਸਭ ਰੁਮਾਂਟਿਕ ਪ੍ਰਗਤੀਵਾਦੀ ਸ਼ਾਇਰ ਹਨ। ਏਸੇ ਲਈ ਮੋਹਨ ਸਿੰਘ ਆਦਿ ਦੀ ਕਵਿਤਾ ਤੋਂ ਉਕਤਾਏ ਲੋਕ ਪਾਸ਼ ਆਦਿ ਦੀ ਵਧੇਰੇ ਸਰਾਹਣਾ ਕਰਦੇ ਸਨ। ਮੇਰੇ ਬਾਰੇ ਲੋਕ ਕੀ ਕਹਿੰਦੇ ਹਨ, ਮੈਂ ਕਦੇ ਪਰਵਾਹ ਹੀ ਨਹੀਂ ਕੀਤੀ, ਪਰ ਦੁਨੀਆ ਭਰ ਵਿਚ ਮੇਰੇ ਪਾਠਕਾਂ ਦੀ ਗਿਣਤੀ ਬੇਸ਼ੁਮਾਰ ਹੈ। ਉਂਜ ਵੀ ਚੰਗੀ ਸ਼ਾਇਰੀ ਦੇ ਪ੍ਰਸ਼ੰਸਕ ਵੱਖੋ ਵੱਖਰੀ ਕਿਸਮ ਦੇ ਹੁੰਦੇ ਹਨ।

ਜੇ ਮੈਨੂੰ ਮਾਨਵਵਾਦੀ ਸ਼ਾਇਰ ਸਮਝਿਆ ਜਾਂਦਾ ਹੈ ਤਾਂ ਮੈਨੂੰ ਕੋਈ ਦੁੱਖ ਨਹੀਂ, ਜਿਹੜੇ ਲੋਕ ਮੈਨੂੰ ਮਾਨਵਵਾਦੀ ਕਹਿੰਦੇ ਹਨ, ਮੈਨੂੰ ਕਦੇ ਚੁਭੇ ਨਹੀਂ। ਇਕ ਮਿਸਾਲ ਦੇਣੀ ਚਾਹੁੰਦਾ ਹਾਂ–

ਕੀਟਸ ਅਪਣੇ ਜ਼ਮਾਨੇ ਦਾ ਮਹਾਨ ਕਵੀ ਸੀ। ਪਰ ਜਦੋਂ ਉਹਨੇ ਇਕ ਲੰਬੀ ਕਵਿਤਾ ENDYMION ਲਿਖੀ ਤਾਂ ਉਸ ਸਮੇਂ ਆਲੋਚਕਾਂ ਜੌਹਨ ਵਿਲਸਨ, ਕਰੋਕਰ ਅਤੇ ਜੌਹਨ ਗਿਬਸਨ ਨੇ ਉਸਦੇ ਵਿਰੁੱਧ ਬਹੁਤ ਕੁਝ ਕਿਹਾ। ਬਲਕਿ ਉਸਦੀ ਕਵਿਤਾ ਤੋਂ ਬਿਨਾ ਉਸਦੀ ਜ਼ਾਤ ਦਾ ਵੀ ਮੌਜੂ ਉਡਾਇਆ। ਕੀਟਸ ਦੀ ਬਿਮਾਰੀ ਦਾ ਕਾਰਨ ਵੀ ਮੈਂ ਇਸ ਤਰ੍ਹਾਂ ਦੇ ਆਲੋਚਕਾਂ ਨੂੰ ਸਮਝਦਾ ਹਾਂ ਪਰ ਅੱਜ ਕਿੱਥੇ ਹਨ ਉਹ ਆਲੋਚਕ? ਪਰ ਕੀਟਸ ਦਾ ਨਾਂ ਰਹਿੰਦੀ ਦੁਨੀਆ ਤੱਕ ਰਹੇਗਾ।

**ਜੀਵਨ ਦੀਆਂ ਤਲਖ਼ੀਆਂ**

*? ਸੁਣੀਆਂ ਸੁਣਾਈਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਤੁਹਾਡੀ ਜ਼ਿੰਦਗੀ ਬਹੁਤ ਤਲਖ਼ੀਆਂ ਵਿਚੋਂ ਲੰਘੀ ਹੈ। ਮੁੱਢ ਤੋਂ ਸ਼ੁਰੂ ਕਰੀਏ ਤਾਂ ਤੁਹਾਡਾ ਬਚਪਨ ਕਿਹੋ ਜਿਹਾ ਸੀ?*

– ਮੇਰੀ ਜ਼ਿੰਦਗੀ ਤਲਖ਼ੀਆਂ ਵਿੱਚੋਂ ਲੰਘੀ ਹੀ ਨਹੀਂ ਲੰਘ ਵੀ ਰਹੀ ਹੈ। ਸਾਡਾ ਪੂਰਾ ਪਿੰਡ ਰਾਜਗੋਮਾਲ ਇੱਕੋ ਬਰਾਦਰੀ ਨਾਲ ਸਬੰਧ ਰੱਖਦਾ ਹੈ। ਜਿਨ੍ਹਾਂ ਵਿਚ ਆਦਿਧਰਮੀ ਤੇ ਤਿੰਨ-ਚਾਰ ਘਰ ਰਾਮਗੜ੍ਹੀਆਂ ਦੇ ਸਨ। ਮੇਰੇ ਮਾਂ-ਪਿਉ ਅੱਜ ਤੋਂ 50-51 ਸਾਲ ਪਹਿਲਾਂ ਗੁਜ਼ਰ ਗਏ ਸਨ। ਸੋ ਛੋਟੇ-ਛੋਟੇ ਭੈਣ-ਭਰਾਵਾਂ ਦਾ ਭਾਰ ਵੀ ਮੈਨੂੰ ਚੁੱਕਣਾ ਪਿਆ।

ਮੇਰੇ ਤਾਇਆ ਜੀ ਸ. ਜਵਾਹਰ ਸਿੰਘ 1907-08 ਜਾਂ ਸ਼ਾਇਦ ਇਸ ਤੋਂ ਵੀ ਪਹਿਲਾਂ ਆਸਟਰੇਲੀਆ ਚਲੇ ਗਏ ਸਨ। ਉਹਨਾਂ ਦਾ ਇਕ ਬੇਟਾ ਹਜ਼ਾਰਾ ਸਿੰਘ ਸੀ, ਉਹ ਲਾਹੌਰ ਵਿਚ ਸੀ ਤਾਂ ਸਾਡੀ ਇਕ ਰਿਸ਼ਤੇਦਾਰ ਔਰਤ, ਜੋ ਸਾਡੇ ਪਿੰਡ ਦੀ ਹੀ ਸੀ, ਨੇ ਉਸ ਨੂੰ ਅਪਣੇ ਹੱਥਾਂ 'ਤੇ ਪਾ ਲਿਆ ਤੇ ਜਦੋਂ ਉਹਨੇ ਉਸ ਨਾਲ ਨਾਜਾਇਜ਼ ਸਬੰਧ ਜੋੜਨ ਦੀ ਕੋਸ਼ਿਸ਼ ਕੀਤੀ ਤਾਂ ਉਹ ਉਸ ਦੇ ਕਾਬੂ ਨਾ ਆਇਆ, ਉਸ ਨੇ ਜ਼ਹਿਰ ਦੇ ਕੇ ਮਾਰ ਦਿੱਤਾ। ਜਦੋਂ ਮੇਰੀ ਮਾਂ, ਜੋ ਵਾਸਤਵ ਵਿਚ ਮੇਰੀ ਤਾਈ ਸੀ, ਨੂੰ ਉਸ ਦੇ ਮਰਨ ਦੀ ਤਾਰ ਮਿਲੀ ਉਸ ਵੇਲੇ ਸਾਡਾ ਤਾਰਘਰ ਜੰਡਿਆਲਾ ਸੀ। ਤਾਰ ਵਾਲਿਆਂ ਓਥੋਂ ਹਰਕਾਰਾ ਭੇਜਣ ਦੀ ਥਾਂ ਤਾਰ ਡਾਕ ਵਿਚ ਪਾ ਦਿੱਤੀ, ਜਦੋਂ ਮਾਂ ਨੂੰ ਤਾਰ ਮਿਲੀ ਤਾਂ ਉਹ ਲਾਹੌਰ ਪਹੁੰਚੀ। ਓਦੋਂ ਤੱਕ ਮੇਰੇ ਭਰਾ ਦੀ ਲਾਸ਼ ਅਗਨ ਭੇਟ ਹੋ ਚੁੱਕੀ ਸੀ। ਇਸ ਸਾਜਿਸ਼ ਵਿਚ ਬਰਾਦਰੀ ਦੇ ਹੋਰ ਲੋਕ ਵੀ ਸ਼ਾਮਲ ਸਨ। ਮੇਰੇ ਨਾਨਾ ਜੀ ਦਾ ਘਰ ਕੰਬੋਵਾੜੇ ਵਿਚ ਵੇਖਣਯੋਗ ਸੀ। ਉਹ ਵੀ ਇਹ ਸਦਮਾ ਨਾ ਸਹਾਰ ਸਕੇ, ਉਹ ਉਦੋਂ ਗਲਗਿੱਤ ਵਿਚ ਸਨ। ਮਾਂ ਭਾਵ ਤਾਈ ਜੀ ਦਾ ਕੋਈ ਭੈਣ ਭਰਾ ਨਹੀਂ ਸੀ। ਸੋ ਲਾਹੌਰ ਵਾਲੀ ਹਵੇਲੀ ਨਾਨਾ ਜੀ ਦੇ ਭਾਈਚਾਰੇ ਨੇ ਸਾਂਭ ਲਈ। ਮਾਂ ਭਾਵ ਤਾਈ ਜੀ ਨੇ ਮੈਨੂੰ ਅਪਣਾ ਪਿਸਰ ਮੁਤਬੰਨਾ ਬਣਾ ਲਿਆ। ਪਹਿਲਾਂ ਲੜਕੀਆਂ ਬਾਪ ਦੀ ਜਾਇਦਾਦ ਦੀਆਂ ਹੱਕਦਾਰ ਨਹੀਂ ਸੀ ਹੁੰਦੀਆਂ, ਪਰ 1957 ਵਿਚ ਜਵਾਹਰ ਲਾਲ ਨਹਿਰੂ ਨੇ ਕਾਨੂੰਨ ਪਾਸ ਕਰਵਾ ਲਿਆ ਕਿ ਧੀਆਂ ਅਪਣੇ ਬਾਪ ਦੀ ਜਾਇਦਾਦ ਦੀਆਂ ਬਰਾਬਰ ਦੀਆਂ ਹੱਕਦਾਰ ਹਨ। ਸੋ ਜਦੋਂ 1960 ਵਿਚ ਮਾਂ ਦੀ ਮੌਤ ਹੋਈ, ਮੇਰੇ ਤਾਏ ਦੇ ਪੋਤਰੇ ਨੇ ਮੁਕੱਦਮਾ ਕਰ ਦਿੱਤਾ ਕਿ ਮੈਂ ਬਰਾਬਰ ਦਾ ਹੱਕਦਾਰ ਹਾਂ। ਇਹ ਇਕ ਲੰਬੀ ਕਹਾਣੀ ਹੈ ਮੇਰੀਆਂ ਤਲਖੀਆਂ ਦੀ।

1975 ਅਪ੍ਰੈਲ ਵਿਚ ਮੇਰੇ ਛੋਟੇ ਭਰਾ ਅਵਤਾਰ ਦਾ ਕਤਲ ਹੋ ਗਿਆ। ਮੇਰੇ ਬਹਿਨੋਈ ਨੇ ਵੀ ਮੇਰੀ ਕੋਈ ਸਹਾਇਤਾ ਨਾ ਕੀਤੀ ਕਿਉਂਕਿ ਮੇਰੀ ਭੈਣ (ਜੋ ਵੱਡੀ ਸੀ) 1960 ਵਿਚ ਚਲ ਵਸੀ ਤੇ ਬਹਿਨੋਈ ਨੇ ਹੋਰ ਸ਼ਾਦੀ ਕਰਵਾ ਲਈ। ਜੇ ਉਹ ਮੇਰੀ ਸਹਾਇਤਾ ਕਰਦਾ ਤਾਂ ਕਿਸੇ ਨੇ ਕੁਸਕਣਾ ਨਹੀਂ ਸੀ ਕਿਉਂਕਿ ਉਹ ਅਪਣੇ ਪਿੰਡ ਪੱਕਾ ਕਿਲ੍ਹਾ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਚਾਰ ਖ਼ੂਨ ਕਰ ਚੁੱਕਾ ਸੀ। ਚੌਹਾਂ ਵਿਚੋਂ ਉਹਨੂੰ ਕਿਸੇ ਵਿਚ ਵੀ ਸਜ਼ਾ ਨਹੀਂ ਸੀ ਹੋਈ। ਕੋਈ ਗਵਾਹ ਉਸਦੇ ਵਿਰੁੱਧ ਨਹੀਂ ਭੁਗਤਦਾ ਸੀ। ਉਂਜ ਵੀ ਉਹ ਜਾਗੀਰਦਾਰ ਸੀ। ਬੜੀਆਂ ਲੰਬੀਆਂ ਕਹਾਣੀਆਂ ਨੇ ਹੋਰ ਵੀ।

ਏਸੇ ਲਈ ਮੈਂ ਸਕੂਲ ਤੇ ਕਾਲਜ ਤੱਕ ਹੀ ਸੀਮਤ ਰਿਹਾ। ਫੇਰ ਪੰਜਾਬ ਯੂਨੀਵਰਸਿਟੀ ਵਿਚ ਐਮ.ਏ. ਵਿਚ ਦਾਖ਼ਲ ਹੋ ਗਿਆ। ਮੇਰੀ ਮੁਖ਼ਾਲਫ਼ਤ ਹਰਿਭਜਨ ਸਿੰਘ, ਅਤਰ ਸਿੰਘ ਆਦਿ ਸਾਰੇ ਕਰਦੇ ਸਨ। ਅਖ਼ੀਰ ਮੈਂ 31.7.76 ਤੱਕ ਡਾ. ਤਿਵਾੜੀ ਤੋਂ ਨਿੱਖੜ ਕੇ ਹੁਸ਼ਿਆਰਪੁਰ ਕਾਲਜ ਵਿਚ ਆ ਗਿਆ।

ਜੋ ਮੇਰੇ ਨਾਲ ਹੋਰ ਹਾਦਸੇ ਬੀਤੇ, ਉਹਨਾਂ ਦੀ ਕਹਾਣੀ ਪੂਰੀ ਪੁਸਤਕ ਦੀ ਮੰਗ ਕਰਦੀ ਹੈ। ਜ਼ਿੰਦਗੀ ਰਹੀ ਤਾਂ ਲਿਖਾਂਗਾ। ਮੇਰੀਆਂ ਦਾਸਤਾਨਾਂ ਨਾਲ ਤਾਂ ਤੁਹਾਡਾ ਰਸਾਲਾ ਭਰ ਜਾਵੇਗਾ। ਉਂਜ ਮੈਨੂੰ ਕਈਆਂ ਪ੍ਰਕਾਸ਼ਕਾਂ ਨੇ ਪੇਸ਼ਗੀ ਪੈਸੇ ਦੇ ਕੇ ਮੇਰਾ ਜ਼ਿੰਦਗੀਨਾਮਾ (ਸਵੈ ਜੀਵਨੀ) ਦੀ ਵੀ Offer ਕੀਤੀ ਹੈ, ਪਰ ਮੈਂ ਨਹੀਂ ਚਾਹੁੰਦਾ ਲੋਕਾਂ ਨੂੰ ਅਲਫ਼ ਨੰਗਿਆਂ ਕਰਕੇ ਚੁਰਾਹੇ ਵਿਚ ਖਿਲਾਰਾਂ। ਪਰ ਤੁਹਾਡੇ ਸਵਾਲਾਂ ਨੇ ਮੈਨੂੰ ਉਤਸ਼ਾਹਿਤ ਜ਼ਰੂਰ ਕੀਤਾ ਹੈ ਕਿ ਮੈਂ ਸਵੈਜੀਵਨੀ ਤੇ ਸਫ਼ਰਨਾਮੇ ਲਿਖਾਂ।

ਉਂਝ ਮੇਰੀ ਜ਼ਿੰਦਗੀ ਮੇਰੇ ਸ਼ਿਅਰਾਂ ਵਰਗੀ ਹੀ ਹੈ–

'ਇਸ 'ਚ ਵੀ ਰੌਣਕ ਸੀ, ਹੱਸਦੀ ਜ਼ਿੰਦਗੀ ਸੀ, ਰੰਗ ਸਨ,
ਇਕ ਜ਼ਮਾਨਾ ਸੀ ਇਹ ਘਰ ਸੀ ਇਸ ਤਰ੍ਹਾਂ ਮਲਬਾ ਨਾ ਸੀ

*? ਤੁਹਾਡੇ ਮਾਤਾ-ਪਿਤਾ, ਭੈਣ-ਭਰਾਵਾਂ ਆਦਿ ਦਾ ਤੁਹਾਡੇ ਨਾਲ ਕਿੰਨਾ ਕੁ ਤੇਹ ਸੀ? ਕੀ ਇਨ੍ਹਾਂ ਵਿਚੋਂ ਵੀ ਕਿਸੇ ਨੂੰ ਕਵਿਤਾ ਜਾਂ ਸਾਹਿਤ ਨਾਲ ਮਸ ਸੀ, ਜਿਥੋਂ ਤੁਹਾਨੂੰ ਸ਼ਿਅਰ ਕਹਿਣ ਦੀ ਲਾਗ ਲੱਗੀ ਹੋਵੇ?*

– ਮੇਰੇ ਭੈਣ ਭਰਾ ਮੇਰੀ ਅਪਣੇ ਬਾਪ ਜਿੰਨੀ ਕਦਰ ਕਰਦੇ ਸਨ ਪਰ ਹੁਣ ਇਕ ਭੈਣ ਹੀ ਜ਼ਿੰਦਾ ਹੈ, ਵੱਡੇ ਭਰਾ ਦੇ ਦੋ ਬੇਟੇ ਪਾਕਿਸਤਾਨ ਦੀ ਗੋਲਾਬਾਰੀ 'ਚ ਮਾਸੂਮ ਉਮਰੇ ਹੀ ਮਾਰੇ ਗਏ, ਪਰ ਉਹਨਾਂ ਦੀਆਂ ਲਾਸ਼ਾਂ ਅੱਜ ਤੱਕ ਨਹੀਂ ਮਿਲੀਆਂ।

ਵੱਡਾ ਭਰਾ ਨੀਮ ਪਾਗਲ ਹੋ ਗਿਆ ਸੀ ਫੇਰ ਘਰੋਂ ਕਿਤੇ ਚਲਾ ਗਿਆ। ਕਈ ਸਾਲਾਂ ਪਿੱਛੋਂ ਉਸ ਦੀ ਬਿਮਾਰੀ ਬਾਰੇ ਫਤਹਿਗੜ੍ਹ ਚੂੜੀਆਂ ਵਿਚੋਂ ਕਿਸੇ ਜੀਊਣ ਜੋਗੀ ਨਰਸ ਦੀ ਤਾਰ ਆਈ ਕਿ ਤੁਹਾਡਾ ਭਰਾ ਬੁਰੀ ਹਾਲਤ ਵਿਚ ਹੈ, ਆ ਕੇ ਲੈ ਜਾਓ। ਕਹਾਣੀਆਂ ਬਹੁਤ ਲੰਮੀਆਂ ਨੇ....। ਕਦੇ ਫੇਰ ਸਹੀ। ਮੇਰੇ ਕਿਸੇ ਭੈਣ-ਭਰਾ ਨੂੰ ਕਵਿਤਾ ਆਦਿ ਲਿਖਣ ਦਾ ਸ਼ੌਕ ਨਹੀਂ ਸੀ। ਮੇਰੀ ਵੱਡੀ ਬੇਟੀ ਕਵਿਤਾ ਲਿਖਦੀ ਹੈ। ਮੇਰੀਆਂ ਸਾਰੀਆਂ ਬੇਟੀਆਂ ਨੇ ਸਾਹਿਤ ਦੀ ਹੀ ਐਮ.ਏ. ਕੀਤੀ ਹੋਈ ਹੈ।

ਮੇਰੀ ਵੱਡੀ ਬੇਟੀ ਤਾਂ ਮੇਰੀ ਕਵਿਤਾ ਬਾਰੇ ਐਨੀ ਭਾਵੁਕ ਹੈ ਕਿ ਉਹ ਇੱਥੋਂ ਤੱਕ ਕਹਿ ਜਾਂਦੀ ਹੈ ਕਿ ਪਾਪਾ ਤੁਹਾਡੀਆਂ ਕਵਿਤਾਵਾਂ– ਦੁਆ ਕਦੇ ਕਤਲ ਨਹੀਂ ਹੁੰਦੀ, ਬਚਪਨ ਤੋਂ ਹੁਣ ਤੱਕ, ਨਿਆਸ਼ਾਲਾ ਵਿੱਚ ਲਿਆਂਦਾ ਗਿਆ ਦੋਸ਼ੀ, ਪਰਿੰਦੀਆਂ ਦਾ ਮਰਸੀਆ, ਸਰਕੱਪ ਨਾਲ ਵਾਰਤਾਲਾਪ ਆਦਿ ਸੰਸਾਰ ਦੀਆਂ ਬਿਹਤਰੀਨ ਕਵਿਤਾਵਾਂ ਵਿਚ ਸ਼ਮੂਲੀਅਤ ਰੱਖਦੀਆਂ ਹਨ।

**ਜਦੋਂ ਦਿਲ ਟੁੱਟਾ**

*? ਇੱਕ ਵਾਰ ਅੰਮ੍ਰਿਤਸਰ ਵਿਚ ਹੋਈ ਵੱਡੀ ਪੰਜਾਬੀ ਕਾਨਫਰੰਸ ਦੇ ਕਵੀ ਦਰਬਾਰ ਵਿਚ ਤੁਹਾਨੂੰ ਸਖ਼ਤ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਗੁਰਬਖ਼ਸ਼ ਸਿੰਘ ਨੇ ਸਰੋਤਿਆਂ ਨੂੰ ਤੁਹਾਡਾ ਦਿਲ ਨਾ ਤੋੜਨ ਦੀ ਅਪੀਲ ਕੀਤੀ ਸੀ। ਕੀ ਯਾਦ ਹੈ ਉਹ ਜਾਂ ਉਹੋ ਜਿਹਾ ਕੋਈ ਹੋਰ ਤਲਖ਼ ਤਜਰਬਾ?*

– ਅੰਮ੍ਰਿਤਸਰ ਵਾਲੀ ਘਟਨਾ ਮੈਨੂੰ ਯਾਦ ਹੈ। ਇਹ ਸ਼ਿਵ ਕੁਮਾਰ ਤੇ ਆਤਮ ਹਮਰਾਹੀ ਆਦਿ ਦੀ ਸ਼ਰਾਰਤ ਸੀ। ਪਰ ਲੱਭੂ ਰਾਮ ਜੋਸ਼ ਮਲਸਿਆਨੀ ਨੇ ਜੋ ਪ੍ਰਧਾਨਗੀ ਕਰ ਰਹੇ ਸਨ, ਕਿਹਾ ਸੀ,"ਪਹਿਲਾਂ ਉਹ ਸ਼ਾਇਰ ਹੀ ਪੜ੍ਹੇਗਾ ਤੇ ਫੇਰ ਕਵੀ ਦਰਬਾਰ ਅੱਗੇ ਚੱਲੇਗਾ।" ਮੇਰੇ ਪਿੱਛੋਂ ਸ਼ਿਵ ਕੁਮਾਰ ਕਵਿਤਾ ਪੜ੍ਹਨ ਲੱਗਾ ਤਾਂ ਮੇਰੇ ਸੰਗੀਆਂ ਨੇ ਰੌਲਾ ਪਾ ਦਿੱਤਾ। ਫੇਰ ਪ੍ਰੀਤਲੜੀ ਜੀ ਨੇ ਲੋਕਾਂ ਨੂੰ ਚੁਪ ਕਰਵਾਇਆ ਤੇ ਮੁਸ਼ਾਇਰਾ ਅੱਗੇ ਤੁਰਿਆ।

ਕਿਹੜੇ ਕਿਹੜੇ ਤਜਰਬੇ ਦੀ ਗੱਲ ਕਰਾਂ। ਇਕ ਵਾਰੀ ਜੰਡਿਆਲਾ ਮੰਜਕੀ ਦੇ ਕਾਲਜ ਵਿਚ ਕਵੀ ਦਰਬਾਰ ਹੋ ਰਿਹਾ ਸੀ। ਜਦੋਂ ਸ਼ਿਵ ਕੁਮਾਰ ਦੀ ਵਾਰੀ ਆਈ ਤਾਂ ਵਿਦਿਆਰਥੀਆਂ ਤੇ ਲੋਕਾਂ ਸ਼ਿਵ ਨੂੰ ਵੰਗਾਰਿਆ ਕਿ ਜਾਂ ਤਾਂ ਜਗਤਾਰ ਵਰਗੀ ਕ੍ਰਾਂਤੀਕਾਰੀ ਕਵਿਤਾ ਸੁਣਾ ਨਹੀਂ ਤਾਂ ਬਹਿ ਜਾ ਪਰ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਸਾਹਿਬ ਨੇ ਲੋਕਾਂ ਨੂੰ ਭਾਸ਼ਣ ਦੇ ਕੇ ਚੁੱਪ ਕਰਾਇਆ ਸੀ।

ਇਸ ਤਰ੍ਹਾਂ ਦੇ ਕਈ ਵਾਕਿਆਤ ਬੜੇ ਬੜੇ ਕਵੀਆਂ ਨਾਲ ਵਾਪਰੇ ਹਨ, ਪਰ ਤੁਸੀਂ ਸਾਰੀਆਂ ਕਹਾਣੀਆਂ ਤੋਂ ਵਾਕਿਫ਼ ਨਹੀਂ। ਮੈਨੂੰ ਅਜਿਹੇ ਕਈ ਕਿੱਸੇ ਯਾਦ ਹਨ ਪਰ ਕੀ ਲੈਣਾ ਫਰੋਲ ਕੇ।

*? ਅੱਜ ਕੱਲ੍ਹ ਜਦੋਂ ਗੀਤ ਕਲਚਰ ਪੰਜਾਬ 'ਤੇ ਪੂਰੀ ਤਰ੍ਹਾਂ ਭਾਰੂ ਹੈ, ਕੀ ਤੁਹਾਨੂੰ ਮਹਿਸੂਸ ਨਹੀਂ ਹੁੰਦਾ ਕਿ ਗੀਤ ਲਿਖਣੇ ਛੱਡਣੇ ਨਹੀਂ ਚਾਹੀਦੇ ਤੇ ਗਾਉਣੇ ਵੀ?*

– ਗੀਤ ਲਿਖਣੇ ਕੋਈ ਬੁਰੀ ਗੱਲ ਨਹੀਂ ਪਰ ਉਹ ਗੀਤ ਤਾਂ ਹੋਵੇ। ਸਾਡੇ ਦੋ ਤਿੰਨ ਕਵੀਆਂ ਦੇ ਮੁਕਾਬਲੇ ਵਿਚ ਕੋਈ ਵੀ ਗੀਤਕਾਰ ਕਾਮਯਾਬ ਨਹੀਂ। ਨੀਵੀਂ ਤੋਂ ਨੀਵੀਂ ਪੱਧਰ ਦੇ ਗੀਤ ਜਿਹੜੇ ਅੱਜ ਕੱਲ੍ਹ ਗਾਏ ਜਾਂਦੇ ਹਨ, ਉਹ ਟੱਬਰ ਵਿਚ ਬਹਿ ਕੇ ਸੁਣੇ ਵੀ ਨਹੀਂ ਜਾ ਸਕਦੇ।

ਮੈਂ ਅਪਣੀ ਮਰਜ਼ੀ ਨਾਲ ਲਿਖਦਾ ਹਾਂ ਕਿਸੇ ਦੇ ਕਹਿਣ 'ਤੇ ਕੁਝ ਨਹੀਂ ਲਿਖਦਾ।

ਉਂਝ ਜੇ ਇਹ ਪਿੜ ਖ਼ਾਲੀ ਪਿਆ ਹੈ ਤਾਂ ਤੁਸੀਂ ਦੋਵੇਂ ਗੀਤ ਕਿਉਂ ਨਹੀਂ ਲਿਖਦੇ।

*? ਪੰਜਾਬੀ ਵਿਚ ਅੱਜ ਕੱਲ੍ਹ ਮਣਾਂ ਮੂੰਹੀ ਕਵਿਤਾ ਲਿਖੀ ਜਾ ਰਹੀ ਹੈ। ਇੱਟ ਚੁਕੇ 'ਤੇ ਕਵੀ ਨਿਕਲਦਾ ਹੈ। ਪਰ ਪਾਠਕ*

*ਅਜੋਕੀ ਕਵਿਤਾ ਨੂੰ ਚੁਮਟੇ ਨਾਲ ਵੀ ਚੁਕਣਾ ਨਹੀਂ ਚਾਹੁੰਦੇ। ਤੁਹਾਡੇ ਅਨੁਸਾਰ ਇਹਦਾ ਕੀ ਕਾਰਣ ਹੈ?*

– ਤੁਹਾਡੀ ਗੱਲ ਬਿਲਕੁਲ ਦਰੁਸਤ ਹੈ ਪਰ ਇਸ ਤਰ੍ਹਾਂ ਦੀ ਕਵਿਤਾ ਕਿਉਂ ਲਿਖੀ ਜਾ ਰਹੀ ਹੈ? ਇਸ ਬਾਰੇ ਤੁਸੀਂ ਕਦੇ ਸੋਚਿਆ ਹੈ? ਕਿਉਂਕਿ ਇਸ ਤਰ੍ਹਾਂ ਦੀ ਕਵਿਤਾ ਦਾ ਵਿਰੋਧ ਨਹੀਂ ਹੋ ਰਿਹਾ। ਤੁਸੀਂ ਇਸ ਵਰ੍ਹੇ ਮਿਲੇ ਸਾਹਿਤ ਅਕਾਦਮੀ ਐਵਾਰਡ ਬਾਰੇ ਕੋਈ ਵਿਰੋਧ ਕੀਤਾ ਹੈ? ਅਜੇਹੀ ਕਵਿਤਾ ਲਿਖਣ ਵਾਲੀਆਂ ਕੁੜੀਆਂ ਤੇ ਮੁੰਡਿਆਂ ਦੀ ਲਾਈਨ ਬੜੀ ਲੰਬੀ ਹੈ। ਇਸ ਦੇ ਵਿਰੁੱਧ ਕੋਈ ਬੋਲਦਾ ਤੱਕ ਨਹੀਂ ਕਿਉਂਕਿ ਰੇਡਿਓ, ਟੀ.ਵੀ. ਪ੍ਰੋਗਰਾਮਾਂ ਤੇ ਯੂਨੀਵਰਸਿਟੀਆਂ ਦੇ ਮੁਫ਼ਾਦ ਅੱਗੇ ਆ ਖਲੋਂਦੇ ਹਨ। ਟੀ.ਵੀ. ਰੇਡਿਓ ਆਦਿ ਬਾਰੇ ਤੁਸੀਂ ਕਦੇ ਆਪ ਵੀ ਸੋਚਣਾ। ਮੈਂ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਤੋਂ ਕਰੀਬ-ਕਰੀਬ ਤਿੰਨ ਸਾਲਾਂ ਤੋਂ ਕਿਨਾਰਾਕਸ਼ੀ ਕਰ ਲਈ ਹੈ। ਕਹਿੰਦੇ ਹਨ ਉਥੇ ਹਿੱਸਾ ਪੱਤੀ ਵੀ ਚਲਦੀ ਹੈ। ਅਜੇਹੀਆਂ ਹਾਲਤਾਂ ਵਿਚ ਕਵਿਤਾ ਵਿਚ ਅਜੇ ਹੋਰ ਨਿਘਾਰ ਵੀ ਆਉਣ ਦੀ ਸੰਭਾਵਨਾ ਹੈ।

ਏਸ ਲਈ ਪੰਜ ਚਾਰ ਕਵੀਆਂ ਦੀ ਕਵਿਤਾ ਦੇ ਖਰੀਦਾਰ ਹੀ ਹਨ। ਬਾਕੀ ਸ਼ੌਕ ਪੂਰਾ ਕਰਦੇ ਹਨ। ਮੇਰੀਆਂ ਸਾਰੀਆਂ ਪੁਸਤਕਾਂ ਇਕੋ ਸਮੇਂ ਤਿੰਨ ਪਬਲਿਸਰਾਂ ਨੇ ਛਾਪੀਆਂ ਹਨ। ਪਰ ਹੁਣ ਮੈਂ ਸਾਰੇ ਹੱਕ ਕੇਵਲ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਨੂੰ ਦੇ ਦਿੱਤੇ ਹਨ। ਹਰ ਪਬਲਿਸ਼ਰ ਨੇ ਮੇਰੀਆਂ ਪੁਸਤਕਾਂ ਦੀ Royalty ਮਾਰੀ ਹੈ, ਪਰ ਲੋਕ ਗੀਤ ਵਾਲੇ ਇਸ ਤਰ੍ਹਾਂ ਨਹੀਂ ਕਰਦੇ। ਮੈਸੂਰ ਦੇ ਇਕ ਵਿਭਾਗ ਨੇ ਬੁਲ੍ਹੇ ਸ਼ਾਹ ਬਾਰੇ ਮੇਰੀ ਪੁਸਤਕ ਦੀਆਂ 350 ਕਾਪੀਆਂ ਖਰੀਦ ਕੇ 65 ਹਜ਼ਾਰ Royalty ਦਿੱਤੀ ਹੈ।

ਤੁਹਾਡੀ ਇਹ ਗੱਲ 90 ਪ੍ਰਤੀਸ਼ਤ ਦਰੁਸਤ ਹੈ ਕਿ ਅੱਜ ਦੇ ਪਾਠਕ ਅਜੋਕੀ ਕਵਿਤਾ ਨੂੰ ਚੁਮਟੇ ਨਾਲ ਵੀ ਚੁਕਣਾ ਨਹੀਂ ਚਾਹੁੰਦੇ, ਪਰ ਸਾਰੀ ਕਵਿਤਾ ਬਾਰੇ ਇਹ ਦਰੁਸਤ ਨਹੀਂ। ਕਾਰਨ ਸਾਫ ਹੈ ਕਿ ਪਾਠਕ ਚੰਗੀ ਕਵਿਤਾ ਦੇ ਖ਼ਰੀਦਦਾਰ ਹਨ। ਸੋ ਪੰਜ ਚਾਰ ਕਵੀ ਅਤੇ ਪੰਜ ਚਾਰ ਨਾਵਲਿਸਟ, ਕਹਾਣੀਕਾਰ ਆਦਿ ਹੀ ਵਧੇਰੇ ਛਪਦੇ ਤੇ ਵਿਕਦੇ ਹਨ। ਜ਼ਿਆਦਾਤਰ ਲੋਕ ਆਪ ਹੀ ਕਿਤਾਬਾਂ ਛਪਵਾਉਂਦੇ ਹਨ।

*? ਕੀ ਸ਼ਿਵ ਕੁਮਾਰ ਅਤੇ ਪਾਸ਼ ਜੋ ਹੁਣ ਸਮੇਂ ਦੇ ਫ੍ਰੇਮ ਵਿਚ ਜੜੇ ਗਏ ਹਨ, ਤੁਹਾਡੇ ਤੋਂ ਵੱਡੇ ਕਵੀ ਸਨ?*

– ਮੈਂ ਇਸ ਪ੍ਰਸ਼ਨ ਦਾ ਉੱਤਰ ਕੀ ਦੇਵਾਂ। ਉਹ ਦੋਵੇਂ ਬੜੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਹਨ। ਉਹਨਾਂ ਦੋਹਾਂ ਤੋਂ ਵਧੀਆ ਕਵੀ ਅੱਜ ਵੀ ਹਨ, ਪਰ ਵਿਕਣ ਦੇ ਹਿਸਾਬ ਪੱਖੋਂ ਨਹੀਂ। ਲਾਲ ਸਿੰਘ ਦਿਲ ਦੀ ਕਵਿਤਾ ਉਪਰੋਕਤ ਦੋਹਾਂ ਤੋਂ ਉਚੇਰੀ ਨਹੀਂ ਤਾਂ ਘੱਟ ਵੀ ਨਹੀਂ। ਮੈਂ ਅਪਣੇ ਬਾਰੇ ਆਪ ਕੁਝ ਨਹੀਂ ਕਹਿ ਸਕਦਾ। ਤੁਸੀਂ ਆਪ ਸੋਚੋ।

ਬਾਵਾ ਬਲਵੰਤ ਜਿਸ ਤਰ੍ਹਾਂ ਮੋਹਨ ਸਿੰਘ, ਅੰਮ੍ਰਿਤਾ ਤੇ ਸਫ਼ੀਰ ਆਦਿ ਤੋਂ ਕਿਤੇ ਵੱਡਾ ਕਵੀ ਸੀ ਪਰ ਉਸਦੀ ਦਰਵੇਸ਼ੀ ਕਾਰਨ ਉਹ ਏਨਾ ਪ੍ਰਸਿੱਧ ਨਾ ਹੋ ਸਕਿਆ, ਪਰ ਹੁਣ ਲੋਕ ਉਸ ਨੂੰ ਬਹੁਤ ਵੱਡਾ ਕਵੀ ਸਮਝਦੇ ਹਨ।

ਹਰਿਭਜਨ ਸਿੰਘ ਜੋ ਕਿਸੇ ਤਰ੍ਹਾਂ ਵੀ ਬਾਵਾ ਤੋਂ ਵੱਡਾ ਕਵੀ ਨਹੀਂ ਪਰ ਉਸਦੀ ਜੁਗਾੜਬੰਦੀ ਕਾਰਨ ਉਸਦੀ ਕਾਫ਼ੀ ਚਰਚਾ ਰਹੀ ਹੈ। ਇਕ ਸਮਾਂ ਸੀ ਜਦੋਂ ਜ਼ੌਕ ਦੀ ਬੜੀ ਪੁੱਛ ਪੜਤਾਲ ਸੀ, ਪਰ ਗ਼ਾਲਿਬ ਦੀ ਏਨੀ ਪੁੱਛ ਪੜਤਾਲ ਨਹੀਂ ਸੀ ਪਰ ਅੱਜ ਕਿੱਥੇ ਹੈ ਜ਼ੌਕ? ਕੇਵਲ ਮੀਰ ਤਕੀ ਮੀਰ, ਗ਼ਾਲਿਬ ਤੇ ਮੋਮਨ ਹੀ ਮਹਾਕਵੀ ਸਮਝੇ ਜਾਂਦੇ ਹਨ। ਸ਼ਿਵ ਕੁਮਾਰ ਕਾਲਜੀ ਮੁੰਡੇ ਕੁੜੀਆਂ ਦਾ ਸ਼ਾਇਰ ਸੀ ਤੇ ਪਾਸ਼ ਇਕ ਤੇ ਕੇਵਲ ਇਕ ਖਿੱਤੇ ਦਾ ਕਵੀ ਸੀ। ਪੂਰੀ ਨਕਸਲਵਾੜੀ ਮੂਵਮੈਂਟ ਵੀ ਉਸਦੇ ਪਿੱਛੇ ਸੀ। ਪਰ ਜ਼ਾਤੀ ਪਛੜੇਵੇਂ ਕਾਰਨ ਲਾਲ ਸਿੰਘ ਦਿਲ ਬਾਰੇ ਉਸਦੇ ਪੱਧਰ ਦੀ ਚਰਚਾ ਨਹੀਂ ਹੋਈ ਤੇ ਨਾ ਹੀ ਉਦਾਸੀ ਦੀ ਚਰਚਾ ਹੋਈ ਹੈ। ਏਥੇ ਸਾਹਿਤ ਦੀ ਗੱਲ ਜ਼ਾਤ ਤੇ ਜ਼ਾਤੀ ਸਾਂਝ ਦੁਆਰਾ ਹੀ ਹੁੰਦੀ ਹੈ। ਮੈਂ ਕਿਸੇ ਦੀ ਚਾਪਲੂਸੀ ਨਹੀਂ ਕਰਦਾ ,ਨਾ ਕੋਈ ਪਾਰਟੀ ਮੇਰੇ ਪਿੱਛੇ ਹੈ।

ਪਾਸ਼ ਦੀ ਪਹਿਲੀ ਪੁਸਤਕ ਵਿਚ ਤੀਸਰੇ ਦਰਜੇ ਦੀ ਸ਼ਾਇਰੀ ਹੈ। ਬਚਗਾਨਾ ਜਿਹੀਆਂ ਕਵਿਤਾਵਾਂ ਹਨ।

*? ਤੁਸੀਂ ਇਕ ਵਾਰੀ ਕਿਹਾ ਸੀ ਕਿ ਕਵਿਤਾ ਲਿਖਣੀ ਹਰ ਰੋਜ਼ ਮੁਰਗੀ ਦਾ ਆਂਡਾ ਦੇਣ ਵਰਗੀ ਗੱਲ ਨਹੀਂ। ਫੇਰ ਇਹ ਮਜਾਜਣ ਕਦੋਂ ਤੇ ਕਿਵੇਂ ਕਵੀ ਦੇ ਮਨ ਵਿਚ ਉਤਰਦੀ ਹੈ?*

– ਮੈਂ ਅੱਜ ਵੀ ਕਹਿੰਦਾ ਹਾਂ ਕਿ ਕਵਿਤਾ ਰੋਜ਼ ਨਹੀਂ ਲਿਖੀ ਜਾ ਸਕਦੀ, ਨਹੀਂ ਤਾਂ ਕਵੀ ਦੀ ਹਾਲਤ ਮੁਰਗੀ ਦੇ ਰੋਜ਼ ਆਂਡਾ ਦੇਣ ਬਰਾਬਰ ਹੁੰਦੀ ਹੈ। ਜਦੋਂ ਮੈਂ ਇਹ ਗੱਲ 30 ਕੁ ਵਰ੍ਹੇ ਪਹਿਲਾਂ ਆਖੀ ਸੀ ਉਦੋਂ ਕੁਝ ਕਵੀ ਨਕਲ ਆਦਿ ਮਾਰ ਕੇ ਰੋਜ਼ ਕਵਿਤਾ ਲਿਖਦੇ ਸਨ।

ਸਾਡੇ ਸਾਹਿਤ ਦੀ ਗਿਰਾਵਟ ਦੇ ਜ਼ਿੰਮੇਵਾਰ 'ਅਵਤਾਰ' ਜੀ ਤੁਹਾਡੇ ਭਰਾ ਭਾਈ ਜ਼ਿਆਦਾ ਹਨ, ਜਿਹਨਾਂ ਦੇ ਸਿਰ 'ਤੇ ਅੱਜ ਕਈ ਪ੍ਰਕਾਸ਼ਕ ਖੜ੍ਹੇ ਹਨ। 100 ਸਫੇ ਦੀ ਕਾਵਿ ਪੁਸਤਕ ਛਾਪਣ ਦਾ ਉਹ ਪੰਜ ਸੌ ਡਾਲਰ ਲੈਂਦੇ ਹਨ, ਜਿਹੜਾ ਕਿ 25000 ਦੇ ਬਰਾਬਰ ਹੈ। ਭਾਰਤ ਵਿਚ ਵੀ ਸਵਾਏ 15 ਕੁ ਲੇਖਕਾਂ ਦੇ ਕਿਸੇ ਨੂੰ Royalty ਨਹੀਂ ਮਿਲਦੀ ਸਭ ਪੈਸੇ ਕੋਲੋਂ ਖਰਚਦੇ ਹਨ।

*? ਪੰਜਾਬ ਸੰਕਟ ਦੌਰਾਨ ਲਿਖੀ ਤੁਹਾਡੀ ਨਜ਼ਮ-ਧੀਆਂ ਪਿੰਡ ਚਲੀਆਂ-ਅਜ ਹੋਰ ਵੀ ਪ੍ਰਸੰਗਕ ਹੋ ਗਈ ਹੈ, ਇਹ ਨਜ਼ਮ ਕਿਵੇਂ ਲਿਖੀ ਗਈ।*

– ਕਵਿਤਾਵਾਂ ਮੈਂ ਕਦੇ ਜ਼ੋਰ ਪਾ ਕੇ ਨਹੀਂ ਲਿਖੀਆਂ। ਏਸੇ ਲਈ ਮੈਂ ਅਪਣੇ ਸਮਕਾਲੀਆਂ ਤੇ ਉਤਰ ਸਮਕਾਲੀਆਂ ਜਿੰਨਾ ਨਹੀਂ ਲਿਖ ਸਕਿਆ। ਮੇਰੀਆਂ ਕਵਿਤਾਵਾਂ ਅਕਸਰ ਮੇਰੇ ਕੋਲ ਆਪ ਚੱਲ ਕੇ ਆਈਆਂ ਹਨ। ਸੋ ਮੇਰੀਆਂ ਕਵਿਤਾਵਾਂ ਨੇ ਆਪ ਆ ਕੇ ਮੇਰੇ ਜ਼ਿਹਨ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਹੈ। ਉਦਾਹਰਨ ਲਈ ਪੰਜਾਬ ਅੰਦਰ ਜਦੋਂ ਵਹਿਸ਼ੀਆਨਾ ਮਾਹੌਲ ਸੀ, ਉਸ ਸਮੇਂ ਵੀ ਮੈਂ ਜਿਹੜੀਆਂ ਕਵਿਤਾਵਾਂ ਲਿਖੀਆਂ, ਉਨ੍ਹਾਂ ਵਿਚੋਂ 90 ਪ੍ਰਤੀਸ਼ਤ ਕਵਿਤਾਵਾਂ ਦੀ ਆਮਦ ਹੋਈ ਹੈ ਆਵ੍ਰਦ ਨਹੀਂ।

ਪੰਜਾਬ ਵਿਚ 15 ਕੁ ਸਾਲ ਕਤਲੋਗਾਰਤ ਦੇ ਮਾਹੌਲ ਬਾਰੇ ਹਰਿਭਜਨ ਸਿੰਘ, ਦੁੱਗਲ, ਪਾਤਰ ਆਦਿ ਕਵੀਆਂ ਨੇ ਜਿਹੜੀਆਂ ਕਵਿਤਾਵਾਂ ਲਿਖੀਆਂ, ਉਨ੍ਹਾਂ ਦੀ ਪੈੜ ਵੀ ਅੱਜ ਨਹੀਂ ਲੱਭਦੀ। ਪਰ ਮੈਂ ਬੜਾ ਸੋਚ ਸਮਝ ਕੇ ਫ਼ੈਸਲਾ ਕੀਤਾ ਕਿ ਇਸ ਤਰ੍ਹਾਂ ਦਾ ਮਾਹੌਲ ਪੰਜਾਬ ਵਿੱਚ ਨਾ ਰਿਹਾ ਹੈ ਨਾ ਰਹੇਗਾ, ਪਹਿਲੇ ਘਲੂਘਾਰਿਆਂ ਦੀ ਪੈੜ ਵੀ ਵਕਤ ਪੈ ਕੇ ਮਿਟ ਗਈ।

ਮੇਰੀ ਬੀਵੀ ਉਹਨਾਂ ਦਿਨਾਂ ਵਿਚ ਪਿੰਡ 'ਰਾਜਗੋਮਾਲ' ਗਈ ਹੋਈ ਸੀ। ਉਹ ਤਿੰਨ ਚਾਰ ਦਿਨ ਨਾ ਮੁੜੀ ਤਾਂ ਮੇਰੀਆਂ ਧੀਆਂ ਘਬਰਾ ਕੇ ਉਸ ਨੂੰ ਪਿੰਡ ਜਾ ਕੇ ਲਿਆਉਣ ਲਈ ਬਹਿਬਲ ਹੋ ਗਈਆਂ। ਉਸ ਸਮੇਂ ਪਿੰਡ ਵਿਚ ਫ਼ੋਨ ਦੀ ਸੁਵਿਧਾ ਵੀ ਨਹੀਂ ਸੀ। ਹਾਰ ਕੇ ਮੈਂ ਮੰਨ ਗਿਆ ਕਿ ਉਹ ਜਾ ਕੇ ਉਸ ਨੂੰ ਲੈ ਆਉਣ।

ਜਾਣ ਤੋਂ ਪਹਿਲਾਂ ਉਹਨਾਂ ਨੇ ਘਰ ਤੇ ਮੇਰੇ ਬਾਰੇ ਜਿਹੜੀਆਂ ਨਸੀਹਤਾਂ ਕੀਤੀਆਂ ਮੈਂ ਸੁਣਦਾ ਰਿਹਾ। ਉਹਨਾਂ ਦੇ ਜਾਣ ਪਿੱਛੋਂ ਮੈਨੂੰ ਇੰਜ ਲੱਗਾ ਜਿਵੇਂ ਉਹ ਮੈਨੂੰ ਨਸੀਹਤਾਂ ਕਰਕੇ ਨਹੀਂ ਗਈਆਂ ਬਲਕਿ ਇਕ ਕਵਿਤਾ ਰਾਹੀਂ ਕੁਝ ਹਦਾਇਤਾਂ ਕਰਕੇ ਗਈਆਂ ਹਨ। ਅਜੇ ਉਹ ਰਸਤੇ ਵਿਚ ਹੀ ਹੋਣਗੀਆਂ ਕਿ ਮੇਰੀ ਕਵਿਤਾ 'ਧੀਆਂ ਪਿੰਡ ਚੱਲੀਆਂ' ਨੇ ਜਨਮ ਲਿਆ। ਕਵਿਤਾ ਵਿਚ ਘਰ ਦੇ ਮਾਹੌਲ ਬਾਰੇ ਤੇ ਮੇਰੇ ਬਾਰੇ ਉਹਨਾਂ ਦੇ ਡਰ ਭਰੇ ਵਾਕ ਕਵਿਤਾ ਦੀ ਸ਼ਕਲ ਵਿਚ ਉੱਭਰ ਆਏ-

**ਧੀਆਂ ਪਿੰਡ ਚੱਲੀਆਂ**

ਬਾਰ ਬਾਰ ਮੈਨੂੰ ਉਹ ਤਕੀਦ ਕਰ ਰਹੀਆਂ ਨੇ
ਜਿਵੇਂ ਵਿਚੋਂ ਵਿਚ ਡਰ ਰਹੀਆਂ ਨੇ
ਪਾਪਾ ਗੈਸ ਯਾਦ ਨਾਲ ਬੰਦ ਕਰ ਛੱਡਣੀ
ਦੁੱਧ ਨੂੰ ਫਰਿੱਜ ਵਿਚ ਫੇਰ ਤੁਸੀਂ ਧਰਨਾ
ਪਹਿਲੋਂ ਠੰਡਾ ਕਰਨਾ
ਰਾਤੀਂ ਸੌਣ ਵੇਲੇ ਬੱਤੀ ਵਿਹੜੇ ਦੀ ਬੁਝਾ ਦੇਣਾ
ਪਰ ਕੋਰੀ-ਡੋਰ ਦੀ ਜਗ੍ਹਾ ਦੇਣਾ।
ਬੱਦਲਾਂ ਦੀ ਰੁੱਤ ਏ
ਕਿੱਲੀ ਉੱਤੇ ਬ੍ਹਾਰ ਕੋਈ
ਕੱਪੜਾ ਨਾ ਰਹਿਣ ਦੇਣਾ
ਟੀ.ਵੀ. ਦੀ ਤਾਰ ਪਿੱਛੋਂ ਕੱਢ ਦੇਣੀ
ਦੁੱਧ ਵਾਲਾ, ਡਾਕੀਆ ਜਾਂ ਹੋਰ ਕੋਈ ਆਵੇ ਪਿੱਛੋਂ
ਪਹਿਲੋਂ ਕੰਧ ਉਪਰੋਂ ਦੀ ਵੇਖਣਾ
ਅਣਸੁਹੇ ਬੰਦੇ ਨੂੰ ਟਟੋਲਣਾ
ਫੇਰ ਬੂਹਾ ਖੋਲ੍ਹਣਾ।

ਮੈਂ ਕਹਿਣਾ ਚਾਹੁੰਦਾ ਹਾਂ,
ਸੰਭਲ ਕੇ ਬਸ ਵਿਚ ਚੜ੍ਹਨਾ
ਜਿੱਥੇ ਕਿਤੇ ਭੀੜ ਹੋਵੇ, ਉੱਥੇ ਨਹੀਓਂ ਖੜ੍ਹਨਾ
ਨਿੰਮ ਵਾਲੀ ਦਾਦੀ ਦੇ
ਤੇ ਮੰਦਰ ਜ਼ਰੂਰ ਜਾਣਾ
ਪਿੰਡ ਵਿਚ ਸਭ ਨੂੰ ਅਦਾਬ ਕਹਿਣਾ
ਐਵੇਂ ਨਾ ਅਭਿੱਜ ਰਹਿਣਾ
ਪਰ ਮੈਨੂੰ ਬੋਲਣ ਦਾ ਮੌਕਾ ਨਈਓਂ ਦਿੰਦੀਆਂ
ਧੀਆਂ ਪਿੰਡ ਚੱਲੀਆਂ।

ਕਵਿਤਾ ਦੇ ਪਹਿਲੇ ਭਾਗ ਵਿਚ ਇਕ ਲਫ਼ਜ਼ ਵੀ ਮੈਂ ਕੋਲੋਂ ਨਹੀਂ ਪਾਇਆ। ਪਰ ਦੂਸਰਾ ਭਾਗ ਮੈਂ ਆਪ ਲਿਖਿਆ ਹੈ।

ਸਭ ਤੋਂ ਅਨੋਖੀ ਗੱਲ ਇਹ ਹੈ ਕਿ ਮੈਂ ਕਦੇ ਪਿੰਗਲ ਦੇ ਇਸ ਬਹਿਰ ਵਿਚ ਕਦੇ ਨਹੀਂ ਸੀ ਲਿਖਿਆ। ਪਰ ਸ਼ਰੀਫ਼ ਕੁੰਜਾਹੀ (ਮਰਹੂਮ) ਦੀ ਏਸੇ ਬਹਿਰ ਵਿਚ ਲਿਖੀ ਕਵਿਤਾ 'ਵੀਰ ਤੂੰ ਕੁੰਜਾਹ ਦਾ ਏਂ, ਤੇਰਾ ਨਾਂ ਸ਼ਰੀਫ਼ ਏ।' ਮੈਨੂੰ ਉਸਦੀਆਂ ਕਵਿਤਾਵਾਂ ਵਿਚੋਂ ਸ਼ਾਹਕਾਰ ਪ੍ਰਤੀਤ ਹੁੰਦੀ ਰਹੀ ਤੇ ਅੱਜ ਵੀ ਸ਼ਾਹਕਾਰ ਪ੍ਰਤੀਤ ਹੋ ਰਹੀ ਹੈ। ਮੈਂ ਅਪਣੀ ਇਹ ਕਵਿਤਾ ਭਾਰਤ ਦੀਆਂ ਕਈ ਸਟੇਜਾਂ 'ਤੇ ਪੜ੍ਹੀ ਹੈ ਤੇ ਕਈ ਵਾਰੀ ਲੋਕਾਂ ਨੇ ਸਿਫ਼ਾਰਸ਼ਾਂ ਕਰਕੇ ਸੁਣੀ ਵੀ ਹੈ। ਭਾਰਤ ਦੀਆਂ ਕਈਆਂ ਜ਼ਬਾਨਾਂ ਵਿਚ ਅਨੁਵਾਦ ਹੋ ਕੇ ਵੀ ਛਪੀ ਹੈ।

ਅੱਜ ਦੇ ਮਾਹੌਲ ਵਿਚ ਭਾਰਤ ਦੀਆਂ ਸਥਿਤੀਆਂ ਕਾਰਨ ਇਸ ਵਿਚ ਹੋਰ ਵੀ ਤਾਜ਼ਗੀ ਆ ਰਹੀ ਹੈ। ਪਰ ਮੇਰੇ ਸਮਕਾਲੀਆਂ ਦੀਆਂ ਇਸ ਬਾਰੇ ਲਿਖੀਆਂ ਕਵਿਤਾਵਾਂ ਪੰਜਾਬ ਦੇ ਘੱਲੂਘਾਰੇ ਦੇ ਨਾਲ ਹੀ ਮਰ ਗਈਆਂ।

**ਹੋਰ ਦਸਦਾਂ–**

ਮੈਂ ਇਕ ਵਾਰੀ 1981 ਵਿਚ ਪਾਕਿਸਤਾਨ ਜਾ ਰਿਹਾ ਸਾਂ। ਘਰਦਿਆਂ ਨੇ ਬੜਾ ਰੋਕਿਆ, ਪਰ ਮੈਂ ਜ਼ਿੱਦ ਫੜ ਲਈ ਕਿ ਜ਼ਰੂਰ ਜਾਣਾ ਹੈ। ਦੋਸਤ ਵੀ ਕਹਿ ਰਹੇ ਸਨ ਕਿ ਹਾਲਾਤ ਠੀਕ ਨਹੀਂ ਤੂੰ ਨਾ ਜਾਵੇਂ ਤਾਂ ਚੰਗੀ ਗੱਲ ਹੈ। ਪਰ ਮੈਂ ਅੜਿਆ ਰਿਹਾ। ਆਖ਼ਰ ਜ਼ਿੱਦ ਕਰਕੇ ਤੁਰ ਹੀ ਪਿਆ! ਉਂਜ ਦਿਲ ਵਿਚ ਬੜਾ ਸਹਿਮ ਸੀ। ਪਰ ਮੁਨੀਰ ਅਹਿਮਦ ਸ਼ੇਖ਼-ਜੋ ਪਾਕਿਸਤਾਨ ਦੇ ਸਫ਼ਾਰਤਖਾਨੇ ਵਿਚ ਸਫ਼ੀਰ ਸੀ-ਨੇ ਮੈਨੂੰ ਵੀਜ਼ਾ ਦੇਣ ਲੱਗਿਆਂ ਬੜਾ ਕੁਝ ਸਮਝਾ ਦਿੱਤਾ। ਉਹ ਇਕ ਚੰਗਾ ਸ਼ਾਇਰ ਵੀ ਸੀ। ਉਸ ਨੇ ਸ਼ਫ਼ਕਤ ਤਨਵੀਰ ਮਿਰਜ਼ਾ, ਅਪਣੇ ਵਾਲਿਦ ਸਾਹਿਬ ਤੇ ਹੋਰ ਦੋਸਤਾਂ ਲਈ ਮੈਨੂੰ ਸਿਫ਼ਾਰਸ਼ੀ ਖ਼ਤ ਵੀ ਦਿੱਤੇ।

ਮੈਂ ਬੜੇ ਸਹਿਮੇ ਹੋਏ ਨੇ ਬਾਰਡਰ ਕਰਾਸ ਕੀਤਾ ਤਾਂ ਬਾਰਡਰ 'ਤੇ ਬੈਠੇ ਅਫ਼ਸਰਾਂ ਨੇ ਚਾਹ ਪਿਆਈ, ਭਾਰਤ ਬਾਰੇ ਗੱਲਾਂ ਕੀਤੀਆਂ ਤੇ ਸਾਮਾਨ ਚੈੱਕ ਕੀਤੇ ਬਿਨਾ ਹੀ ਮੇਰੇ ਪਾਸਪੋਰਟ 'ਤੇ ਮੋਹਰ ਲਗਾ ਦਿੱਤੀ।

ਪਾਕਿਸਤਾਨ ਵਿਚ ਮੇਰੀ ਏਡੀ ਵਾਕਫ਼ੀ ਵੀ ਨਹੀਂ ਸੀ। ਮੈਂ ਦਾਤਾ ਗੰਜ ਬਖ਼ਸ਼ ਨੇੜੇ ਇਕ ਹੋਟਲ ਵਿਚ ਡੇਰਾ ਜਾ ਲਾਇਆ। ਪਹਿਲੇ ਦਿਨ ਹੀ ਤੁਰਿਆਂ ਜਾਂਦਿਆਂ ਮੈਂ ਇਕ ਸੜਕ ਉੱਤੇ ਪਈ ਤੋਪ ਵੇਖੀ। ਇਕ ਆਦਮੀ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਇਹ ਭੰਗੀਆਂ ਦੀ ਤੋਪ ਹੈ। ਅਜਿਹੀ ਭਾਰੀ ਤੋਪ ਮੈਂ ਕਦੇ ਭਾਰਤ ਵਿਚ ਵੀ ਨਹੀਂ ਵੇਖੀ ਸੀ। ਉਸ ਦੇ ਮੂੰਹ ਵਿਚ ਸ਼ਾਰਕਾਂ ਨਿਕਲ ਤੇ ਵੜ ਰਹੀਆਂ ਸਨ। ਇਕ ਦਮ ਮੈਨੂੰ ਇਕ ਕਵਿਤਾ ਫੁਰੀ। ਜਿੰਨੇ ਚਿਰ ਵਿਚ ਇਹ ਕਵਿਤਾ ਫੁਰੀ, ਅੱਜ ਤੀਕ ਬਹੁਤ ਘੱਟ ਕਵਿਤਾਵਾਂ ਏਨੇ ਸਮੇਂ ਵਿਚ ਫੁਰੀਆਂ ਹਨ।

**ਓਪਰੇ ਸ਼ਹਿਰ ਦੀ ਗੱਲ**

ਅਜਨਬੀ ਸੀ ਸ਼ਹਿਰ ਤੇ ਮੈਂ ਸਾਂ ਉਦਾਸ
ਜੰਗ ਦੇ ਸੁਣ ਸੁਣ ਕੇ ਹੂਲੇ ਸਾਂ ਹਿਰਾਸ
ਸ਼ਹਿਰ ਵਿਚ ਆਵਾਰਾਗਰਦੀ ਕਰਦਿਆਂ
ਸਹਿਮਿਆਂ ਹੋਇਆਂ ਤੇ ਕੁਝ ਕੁਝ ਡਰਦਿਆਂ
ਇਕ ਕਿਲ੍ਹੇ ਅੰਦਰ ਅਜਾਇਬ ਘਰ 'ਚ ਡਿੱਠਾ
ਤੋਪ ਦੇ ਮੂੰਹ ਵਿਚ ਜਨੌਰਾਂ ਨੇ ਸੀ ਪਾਇਆ ਆਲ੍ਹਣਾ।

ਓਪਰੇ ਉਸ ਦੇਸ਼ ਤੇ ਓਭੜ ਸ਼ਹਿਰ ਵਿਚ
ਨਿੱਕਿਆਂ ਨਿੱਕਿਆਂ ਪੰਛੀਆਂ ਦਾ
ਤਕ ਕੇ ਵੱਡਾ ਹੌਸਲਾ
ਡਿਗ ਰਹੇ ਦਿਲ ਨੂੰ ਅਚਾਨਕ
ਮਿਲ ਗਿਆ ਸੀ ਠੁੰਮਣਾ।

ਉਂਜ ਤਾਂ ਹੋਰ ਵੀ ਮੇਰੀਆਂ ਬੜੀਆਂ ਕਵਿਤਾਵਾਂ ਹਨ, ਜਿਨ੍ਹਾਂ ਨੇ ਆਪ ਮੇਰੇ ਦਰਵਾਜ਼ੇ 'ਤੇ ਦਸਤਕਾਂ ਦਿੱਤੀਆਂ ਹਨ ਤੇ ਕਵਿਤਾ ਦਾ ਰੂਪ ਧਾਰਿਆ ਹੈ। ਪਰ ਇਸ ਕਵਿਤਾ ਵਿਚ ਜਿਸ ਗੱਲ ਨੇ ਬੇਹੱਦ ਪ੍ਰਭਾਵਿਤ ਕੀਤਾ ਸੀ, ਉਹ ਸੀ ਡਰ ਵਿਚ ਗਰਸੇ ਮਨ ਉੱਤੇ ਤੋਪ ਦੇ ਮੂੰਹ ਵਿਚ ਬੈਠੀਆਂ ਸ਼ਾਰਕਾਂ ਦਾ ਪ੍ਰਭਾਵ।

**ਪਾਸ਼ ਐਵਾਰਡ**

*? ਪਾਸ਼ ਦੇ ਜੀਉਂਦਿਆਂ ਤੁਸੀਂ ਉਹਦੀ ਕਵਿਤਾ ਨੂੰ ਛੁਟਿਆਉਂਦੇ ਹੁੰਦੇ ਸੀ, ਪਰ ਉਹਦੇ ਤੁਰ ਜਾਣ ਪਿੱਛੋਂ ਉਹਦੇ ਹੀ ਨਾਮ 'ਤੇ ਚਲਾਇਆ ਹੋਇਆ ਐਵਾਰਡ ਤੁਸੀਂ ਖ਼ੁਸ਼ੀ ਨਾਲ ਕਬੂਲ ਕਰ ਗਏ ਸੀ। ਕੀ ਇਹ ਹੱਦ ਦਰਜੇ ਦੀ ਮੌਕਾਪ੍ਰਸਤੀ ਨਹੀਂ?*

– ਜੇ ਤੁਸੀਂ ਸਮਝਦੇ ਹੋ ਕਿ ਮੈਨੂੰ ਪਾਸ਼ ਐਵਾਰਡ ਨਹੀਂ ਸੀ ਲੈਣਾ ਚਾਹੀਦਾ ਤਾਂ ਕਾਫ਼ੀ ਠੀਕ ਹੈ। ਪਰ ਮੈਂ ਕੁਝ ਲੋਕਾਂ ਦੇ ਪਤਿਆਵੇ ਵਿਚ ਆ ਗਿਆ ਸਾਂ। ਤੁਸੀਂ ਇਸ ਨੂੰ ਮੌਕਾਪ੍ਰਸਤੀ ਕਹਿ ਲਵੋ, ਪਰ ਜੋ ਕੁਝ ਮੈਂ ਉਸ ਵੇਲੇ ਦੇਸ਼ ਭਗਤ ਯਾਦਗਾਰ ਹਾਲ ਵਿਚ ਕਿਹਾ ਸੀ ਲੋਕ ਅੱਜ ਵੀ ਇਸ ਦੇ ਗਵਾਹ ਹਨ।

*ਤੁਹਾਨੂੰ ਪੰਜਾਬੀ ਅਤੇ ਉਰਦੂ ਦੀ ਸਮੁੱਚੀ ਕਵਿਤਾ ਵਿਚੋਂ ਕਿਹੜੇ ਕਵੀ ਸਭ ਤੋਂ ਪਿਆਰੇ ਲੱਗਦੇ ਹਨ ਅਤੇ ਕਿਉਂ?*

ਉਰਦੂ ਵਿਚ ਗ਼ਾਲਿਬ, ਮੋਮਨ, ਮੀਰ ਤਕੀ ਮੀਰ, ਫੈਜ਼ ਸਾਹਿਬ ਮੇਰੇ ਮਨਪਸੰਦ ਕਵੀ ਹਨ। ਪੰਜਾਬੀ ਵਿਚ ਗੁਰੂ ਨਾਨਕ, ਵਾਰਸ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਮੇਰੇ ਪਸੰਦੀਦਾ ਕਵੀ ਹਨ ਕਿਉਂਕਿ

ਉਹਨਾਂ ਵਰਗਾ ਹੋਰ ਕੋਈ ਨਜ਼ਰ ਨਹੀ ਆਉਂਦਾ।

ਆਧੁਨਿਕ ਸ਼ਾਇਰਾਂ ਵਿਚੋਂ ਨਜਮ ਹੁਸੈਨ ਸੱਯਦ, ਯੂਸਫ ਜ਼ਫਰ, ਨੂੰਨ ਮੀਮ ਰਾਸ਼ਿਦ, ਮੁਨੀਰ ਨਿਆਜ਼ੀ, ਨਸਰੀਨ ਅੰਜਮ ਭੱਟੀ ਆਦਿ ਮੇਰੇ ਮਨਪਸੰਦ ਲੇਖਕ ਹਨ।

ਬਾਕੀ ਪ੍ਰੋ. ਮੋਹਨ ਸਿੰਘ, ਈਸ਼ਵਰ, ਦਲੀਪ ਕੌਰ, ਸੰਤੋਖ ਸਿੰਘ ਸੰਤੋਖ, ਸੁਖਵਿੰਦਰ ਕੰਬੋਜ, ਮੁਸ਼ਤਾਕ, ਸੁਰਜੀਤ ਪਾਤਰ, ਕੁਲਵਿੰਦਰ, ਜਸਵਿੰਦਰ, ਵਿਜੇ ਵਿਵੇਕ, ਗੁਰਤੇਜ ਕੁਹਾਰਵਾਲਾ, ਪਾਲ ਢਿੱਲੋਂ, ਹਰਵਿੰਦਰ ਭੰਡਾਲ ਸਭ ਵਧੀਆ ਹਨ। ਕਈ ਨਾਂ ਯਾਦ ਵੀ ਨਹੀਂ ਆ ਰਹੇ।

ਮੈਂ ਆਪਣੇ ਇਨ੍ਹਾਂ ਸ਼ਾਇਰ ਮਿੱਤਰਾਂ ਨੂੰ ਇਹ ਹੀ ਕਹਿਣਾ ਚਾਹੁੰਦਾ ਹਾਂ –

ਮਿਰੇ ਯਾਰੋ!
ਮਿਰੇ ਪਿੱਛੋਂ
ਤੁਸੀਂ ਕਿਸ਼ਤੀ ਵੀ ਬਣਨਾ ਹੈ
ਤੁਸੀਂ ਚਰਖ਼ਾ ਵੀ ਬਣਨਾ ਹੈ
ਤੁਸੀਂ ਰੰਗੀਲ-ਪੀੜ੍ਹਾ ਵੀ
ਤੇ ਪੰਘੂੜਾ ਵੀ ਬਣਨਾ ਹੈ
ਮਗਰ ਕੁਰਸੀ ਨਹੀਂ ਬਣਨਾ।

ਤੁਹਾਡੀਆਂ ਗ਼ਜ਼ਲਾਂ ਦੇ ਕੁਝ ਸ਼ਿਅਰ ਏਨੇ ਪਿਆਰੇ ਹਨ ਕਿ ਇਹ ਸਹਿਜ ਸੁਭਾਅ ਹੀ ਅਵਾਮ ਦੀ ਜ਼ੁਬਾਨ 'ਤੇ ਚੜ੍ਹ ਗਏ। ਜਿਵੇਂ-

ਖ਼ੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ
ਏਸ ਦੀ ਰੰਗਤ ਕਦੇ ਜਾਣੀ ਨਹੀਂ
ਜਾਂ
ਗ਼ਮ ਨਾ ਕਰ ਜੇ ਗ਼ਮ ਹੀ ਗ਼ਮ ਤੇਰੇ ਚੁਫੇਰੇ
ਨਾਗ ਹੁੰਦੇ ਹੀ ਨੇ ਚੰਦਨ 'ਤੇ ਬਥੇਰੇ।

*? ਪਰ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਨੂੰ ਕਿਸੇ ਪ੍ਰਸਿੱਧ ਗਾਇਕ ਨੇ ਗਾਇਆ ਨਹੀਂ। ਇਹਦਾ ਕਾਰਨ?*

– ਪੰਜਾਬੀ ਗਾਇਕਾਂ ਵਿਚ ਕੋਈ ਗ਼ਜ਼ਲ ਗਾਇਕ ਹੀ ਨਹੀਂ, ਫੇਰ ਗਾਵੇ ਕੌਣ? ਗ਼ਾਲਿਬ, ਮੋਮਨ ਆਦਿ ਦੀਆਂ ਗ਼ਜ਼ਲਾਂ ਉਹਨਾਂ ਦੀ ਹਿਯਾਤ ਵਿਚ ਨਹੀਂ ਗਾਈਆਂ ਗਈਆਂ ਪਰ ਦਾਗ਼ ਦੀਆਂ ਗ਼ਜ਼ਲਾਂ ਬੇਹੱਦ ਗਾਈਆਂ ਹਨ, ਪਰ ਅੱਜ ਹਾਲਤ ਬਿਲਕੁਲ ਉਲਟ ਹੈ।

ਅੱਜ ਦੇ ਪੰਜਾਬੀ ਗਾਉਣ ਵਾਲਿਆਂ ਲਈ ਕੋਈ ਲਿਖਦਾ ਵੀ ਨਹੀਂ। ਜਦੋਂ ਵਕਤ ਆਵੇਗਾ ਤਾਂ ਪੰਜਾਬੀ ਗ਼ਜ਼ਲ ਗਾਇਕ ਪੈਦਾ ਹੋਣਗੇ ਤਾਂ ਫੇਰ ਗ਼ਜ਼ਲ ਗਾਉਣਗੇ ਵੀ। ਅਜੇ ਤਾਂ ਗਾਇਕ ਮੇਲਿਆਂ ਤੇ ਵਿਆਹਾਂ ਸ਼ਾਦੀਆਂ ਦੇ ਗਾਇਕ ਹਨ। ਮੇਰੇ ਖ਼ਿਆਲ ਅਨੁਸਾਰ ਪੰਜਾਬੀ ਗ਼ਜ਼ਲਾਂ ਗਾਉਣ ਦੇ ਅਸੂਲਾਂ ਤੋਂ ਵੀ ਅਜੇ ਵਾਕਿਫ਼ ਨਹੀਂ, ਨਾ ਸੁਣਨ ਵਾਲੇ ਨਾ ਗਾਉਣ ਵਾਲੇ।

*? ਪ੍ਰੌਢ ਉਮਰ ਵਿਚ ਆਮ ਤੌਰ 'ਤੇ ਕਵੀ ਵਾਰਤਕ ਲੇਖਨ ਵੱਲ ਵੀ ਤਿਲਕ ਜਾਂਦੇ ਹਨ। ਪਰ ਤੁਸੀਂ ਕੁਝ ਅਨੁਵਾਦਾਂ ਤੋਂ ਬਿਨਾ ਏਸ ਪਾਸੇ ਦਿਲਚਸਪੀ ਨਹੀਂ ਦਿਖਾਈ ਹਾਲਾਂਕਿ ਕਵੀ ਬਹੁਤ ਚੰਗੀ ਵਾਰਤਕ ਲਿਖਦੇ ਹਨ। ਕਿਉਂ?*

– ਮੈਂ ਵਾਰਤਕ ਵਾਲਿਆਂ ਦੀ ਕਦਰ ਕਰਦਾ ਹਾਂ ਪਰ ਮੈਂ ਘੋਰ ਰੁਝੇਵਿਆਂ ਕਾਰਨ ਏਧਰ ਧਿਆਨ ਨਹੀਂ ਦੇ ਸਕਿਆ। ਦੁਨੀਆ ਦੇ ਦਰਜਨਾਂ ਅਜਿਹੇ ਲੇਖਕ ਹਨ, ਜਿਹੜੇ ਮਹਾਂ-ਕਾਵਿ ਨਹੀਂ ਲਿਖ ਸਕੇ ਪਰ ਮਹਾਨ ਲੇਖਕ ਹਨ। ਮੇਰਾ ਕੰਮ ਸਿਰਫ਼ ਕਵਿਤਾ ਲਿਖਣ ਤੱਕ ਸੀਮਤ ਵੀ ਨਹੀਂ। ਮੈਂ ਹਿੰਦੁਸਤਾਨ ਦੇ ਤਮਾਮ ਚੋਣਵੇਂ ਕਿਲ੍ਹਿਆਂ ਦੀ ਫ਼ੋਟੋਗ੍ਰਾਫ਼ੀ ਕੀਤੀ ਹੈ। ਅਗਲੇ ਸਾਲ ਅੰਗਰੇਜ਼ੀ ਵਿਚ ਮੇਰੀ ਪੁਸਤਕ ਰਾਜਸਥਾਨ ਬਾਰੇ ਛਪੇਗੀ। ਛੇਤੀ ਹੀ ਸ਼ਾਹ ਹੁਸੈਨ ਬਾਰੇ ਮੇਰੀ ਖੋਜ ਭਰਪੂਰ ਪੁਸਤਕ ਛਪੇਗੀ। ਹੋਰ ਵੀ ਬੜਾ ਕੰਮ ਪਿਆ ਹੈ। ਜਿਵੇਂ ਸਵੈ ਜੀਵਨੀ, ਪਾਕਿਸਤਾਨੀ ਸਫਰਨਾਮਾ ਆਦਿ। ਹਿੰਦੀ ਦੇ ਪ੍ਰਸਿੱਧ ਅਖ਼ਬਾਰ 'ਭਾਸਕਰ' ਵਿਚ ਅਮਰੀਕਨ ਸਫ਼ਰਨਾਮੇ ਦੀਆਂ 20 ਕਿਸ਼ਤਾਂ ਛਪੀਆਂ, ਪਰ ਬਿਮਾਰ ਹੋਣ ਕਾਰਨ ਮੈਂ ਬਾਕੀ ਕਿਸ਼ਤਾਂ ਨਹੀਂ ਛਪਵਾ ਸਕਿਆ।

**ਸ਼ੇਰ ਦਾ ਸ਼ਿਕਾਰ**

*? ਕਵਿਤਾ ਤੋਂ ਬਿਨਾ ਤੁਹਾਨੂੰ ਫ਼ੋਟੋਗਰਾਫ਼ੀ ਦਾ ਅਤੇ ਐਨਟੀਕ ਦਾ ਸ਼ੌਕ ਵੀ ਹੈ। ਇਨ੍ਹਾਂ ਵਿਚ ਕੋਈ ਗੌਲਣਯੋਗ ਪ੍ਰਾਪਤੀਆਂ ਹੋਈਆਂ ਹਨ, ਖ਼ਾਸ ਕਰ ਐਨਟੀਕ ਵਿਚ ਕੋਈ ਦੁਰਲੱਭ ਵਸਤੂਆਂ ਇਕੱਤਰ ਕਰ ਸਕੇ?*

– ਸ਼ੌਕ ਤਾਂ ਮੈਨੂੰ ਹੋਰ ਵੀ ਬੜੇ ਹਨ, ਪਰ ਹੁਣ ਸਿਹਤ ਆਗਿਆ ਨਹੀਂ ਦਿੰਦੀ। ਐਨਟੀਕ ਦੀ ਮਾਰਕੀਟ ਬੜੀ ਹੀ ਮਹਿੰਗੀ ਹੈ। ਮਿਲਿਆ ਵੀ ਕਾਫ਼ੀ ਕੁਝ ਹੈ, ਮੈਂ ਵੇਚਣ ਦੇ ਹੱਕ ਵਿਚ ਵੀ ਹਾਂ ਪਰ ਜਲੰਧਰ ਕੀ ਪੰਜਾਬ ਵਿਚ ਵੀ ਅਜਿਹੀ ਕੋਈ ਮਾਰਕੀਟ ਨਹੀਂ। ਭਾਰਤੀ ਖ਼ਰੀਦਦਾਰ ਠੱਗੀਆਂ ਮਾਰਦੇ ਹਨ। ਮੈਨੂੰ ਸਫ਼ਰ ਕਰਨ ਦਾ ਬੇਹੱਦ ਸ਼ੌਕ ਹੈ। ਪਰ ਮੈਂ ਕਈ ਬਿਮਾਰੀਆਂ ਕਾਰਨ ਹੁਣ ਸਫ਼ਰ ਨਹੀਂ ਕਰ ਸਕਦਾ। ਸ਼ਿਕਾਰ ਖੇਡਣਾ ਬੰਦ ਕੀਤਾ ਹੋਇਆ ਹੈ। 25-30 ਸਾਲ ਪਹਿਲਾਂ ਜੋ ਸ਼ਿਕਾਰ ਖੇਡਿਆ, ਉਸ ਦਾ ਵੀ ਪਛਤਾਵਾ ਹੈ।

*? ਸ਼ਾਇਰ ਦੇ ਤੌਰ 'ਤੇ ਤੁਹਾਨੂੰ ਜੱਗ ਜਾਣਦਾ ਹੈ, ਪਰ ਜਗਤਾਰ ਦੇ ਅਵਲੜੇ ਸ਼ੌਕਾਂ ਬਾਰੇ ਨੇੜਲੇ ਮਿੱਤਰ ਹੀ ਜਾਣੂ ਹਨ, ਕੁਝ ਵਿਸਥਾਰ ਹੋ ਜਾਵੇ?*

– ਚਲੋ ਜੇ ਤੁਸੀਂ ਨਹੀਂ ਹਟਦੇ ਕੁਝ ਗੱਲਾਂ ਕਰ ਹੀ ਲੈਨਾਂ ਹਾਂ। ਸ਼ਿਕਾਰ ਤੋਂ ਗੱਲ ਤੋਰਦਾਂ।

ਸ਼ਿਕਾਰ ਮੈਂ 15- 20 ਸਾਲ ਕੀਤਾ। ਪਰ ਅੱਜ ਮੈਂ ਇਸ ਨੂੰ ਵਧੀਆ ਨਹੀਂ ਸਮਝਦਾ। ਮੈਨੂੰ ਲੱਗਦਾ ਕਿ ਜਾਨਵਰਾਂ ਦੀ ਜਾਨ ਲੈਣੀ ਜੁਰਮ ਹੈ।

ਮੈਂ ਹਜ਼ਾਰਾਂ ਜਾਨਵਰਾਂ ਦਾ ਸ਼ਿਕਾਰ ਕੀਤਾ। ਦਰਿਆਈ ਜਾਨਵਰਾਂ ਵਿਚੋਂ ਮੁਰਗਾਬੀਆਂ, ਕੂੰਜਾਂ ਤੇ ਪਿੰਡਾਂ ਵਿਚ ਬੋਹੜਾਂ 'ਤੇ ਹਰੀਅਲ, ਤਿੱਤਰ, ਬਟੇਰੇ, ਭਟਿੱਟਰ, ਤਲੀਅਰ ਤੇ ਖ਼ਰਗੋਸ਼ ਬੇਹਿਸਾਬ ਮਾਰੇ। ਹੁਸ਼ਿਆਰਪੁਰ ਦੀਆਂ ਪਹਾੜੀਆਂ ਵਿਚ ਖ਼ਰਗੋਸ਼ਾਂ ਤੋਂ ਇਲਾਵਾ ਹਿਰਨ ਅਤੇ ਨੀਲ ਗਾਵਾਂ ਦਾ ਵੀ ਸ਼ਿਕਾਰ ਕੀਤਾ। ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਪਿੰਡ ਵਿਚ ਮੇਰਾ ਇਕ ਮਿੱਤਰ ਰਹਿੰਦਾ ਸੀ ਜਸਵੰਤ ਸਿੰਘ ਖ਼ੁਮਾਰ। ਇਹਦੇ ਨਾਲ ਰਲ ਕੇ ਮੈਂ ਪਿੰਡ ਢਪਈ ਨੇੜਿਓਂ ਘੇਵੇ ਨਾਂ ਦੇ ਜਾਨਵਰ ਦਾ ਸ਼ਿਕਾਰ ਕੀਤਾ। ਇਹ ਮੋਰ ਵਰਗਾ ਹੁੰਦਾ ਹੈ। ਘੇਵੇ ਇਹਦਾ ਅਸਲੀ ਨਾਂ ਨਹੀਂ, ਹੁਣ ਮੈਨੂੰ ਇਹਦਾ ਅਸਲੀ ਨਾਂ ਯਾਦ ਨਹੀਂ ਆ ਰਿਹਾ, ਇਹਦਾ ਵਜ਼ਨ ਇਕ ਕਿੱਲੋ ਦੇ ਨੇੜੇ ਤੇੜੇ ਹੁੰਦਾ ਹੈ। ਘੇਵੇ ਪਹਾੜਾਂ ਤੋਂ ਆਉਂਦੇ ਸੀ ਤੇ ਨਵੰਬਰ ਤੋਂ ਫਰਵਰੀ ਤੱਕ ਪਿੰਡਾਂ ਵਿਚ ਪਾਣੀ ਦੇ ਟੋਭਿਆਂ ਵਿਚ ਰਹਿੰਦੇ ਸੀ। ਇਹਨਾਂ ਦਾ ਗੋਸ਼ਤ ਬਹੁਤ ਮਜ਼ੇਦਾਰ ਹੁੰਦਾ ਹੈ। ਅੱਜ ਕੱਲ੍ਹ ਇਹ ਕਿਤੇ ਦਿਖਾਈ ਨਹੀਂ ਦਿੰਦੇ। ਇਸ ਤੋਂ ਬਿਨਾਂ ਨੈਨੀਤਾਲ ਇਲਾਕੇ ਵਿਚ ਅਸੀਂ ਇਕ ਵਾਰੀ ਸ਼ੇਰ ਵੀ ਮਾਰਿਆ। ਭਾਵੇਂ ਗਿੱਦੜ ਕਿਸੇ ਕੰਮ ਨਹੀਂ ਸੀ ਆਉਂਦਾ, ਪਰ ਕਈ ਵਾਰੀ ਕੁਝ ਲੋਕਾਂ ਨੇ ਸਾਡੇ ਕੋਲ ਸਿਫਾਰਸ਼ ਕਰਕੇ ਗਿੱਦੜ ਵੀ ਮਰਵਾਇਆ। ਕਿਹਾ ਜਾਂਦਾ ਸੀ ਕਿ ਗਿੱਦੜ ਦਾ ਮੀਟ ਗਠੀਏ ਦੇ ਮਰੀਜ਼ ਨੂੰ ਠੀਕ ਕਰ ਦਿੰਦਾ ਹੈ।

ਜ਼ਿਲ੍ਹਾ ਨੈਨੀਤਾਲ ਵਿਚ ਖ਼ਰਗੋਸ਼ ਤੇ ਹਿਰਨ ਬੇਪਨਾਹ ਹਨ। ਸ਼ਿਕਾਰ ਕਰਨ ਦਾ ਤਰੀਕਾ ਸਾਡਾ ਇਹ ਹੁੰਦਾ ਸੀ ਕਿ ਅਸੀਂ ਟਰਾਲੀ 'ਤੇ ਬਿਸਤਰੇ ਲੱਦ ਕੇ ਉਹਨਾਂ ਵਿਚ ਬੰਦੂਕਾਂ ਲੁਕਾ ਕੇ ਲੈ ਜਾਣੀਆਂ। ਨੈਨੀਤਾਲ ਮੈਂ ਆਪਣੇ ਜਿਨ੍ਹਾਂ ਦੋਸਤਾਂ ਕੋਲ ਜਾਂਦਾ ਸੀ; ਉਨ੍ਹਾਂ ਨੇ ਵੱਡੇ ਪੱਧਰ 'ਤੇ ਜ਼ਮੀਨਾਂ ਠੇਕੇ 'ਤੇ ਲਈਆਂ ਹੁੰਦੀਆਂ ਸਨ। ਬੰਦੂਕਾਂ ਲੁਕਾ ਕੇ ਲੈ ਜਾਂਦਿਆਂ ਜਦੋਂ ਰਾਹ ਵਿਚ ਪੁਲਿਸ ਨੇ ਟਰਾਲੀ ਦੀ ਤਲਾਸ਼ੀ ਲੈਣ ਲਈ ਕਹਿਣਾ ਤਾਂ ਮੇਰੇ ਇਹਨਾਂ ਦੋਸਤਾਂ ਨੇ ਇਹ ਕਹਿ ਕੇ ਨਿਕਲ ਜਾਣਾ ਕਿ ਅਸੀਂ ਜ਼ਮੀਨ ਸਰਕਾਰ ਤੋਂ ਠੇਕੇ 'ਤੇ ਲਈ ਹੋਈ ਹੈ। ਉਸ ਇਲਾਕੇ ਵਿਚ ਬੇਹੱਦ ਸ਼ਿਕਾਰ ਸੀ, ਪਰ ਉਹ ਸਾਰਾ ਇਕ ਡਰ ਤੇ ਸਹਿਮ ਹੇਠ ਪੈਂਦਾ ਸੀ।

ਕਈ ਵਾਰ ਸ਼ਿਕਾਰ ਖੇਡਣ ਲਈ ਅਸੀਂ ਗੱਡੇ ਤੇ ਬਲਦ ਜੋੜ ਕੇ ਬੈਟਰੀਆਂ ਨਾਲ ਲਾਈਟਾਂ ਲਾ ਲੈਣੀਆਂ। ਇਕ ਵਾਰ ਨੈਨੀਤਾਲ ਨੇੜੇ ਭੀਮਤਾਲ 'ਚ ਇਕ ਮੁਸਲਮਾਨ ਵੀ ਸਾਡੇ ਨਾਲ ਸੂਰਾਂ ਦਾ ਸ਼ਿਕਾਰ ਖਿਡਾਉਂਦਾ ਰਿਹਾ। ਬੰਦੂਕਾਂ ਵੀ ਸ਼ਿਕਾਰ ਦੇ ਮੁਤਾਬਕ ਹੀ ਹੁੰਦੀਆਂ ਸਨ। ਵੱਡੇ ਸ਼ਿਕਾਰ ਲਈ ਜਾਂ ਇਹ ਕਹਿ ਲਓ ਸ਼ੇਰ ਦੇ ਸ਼ਿਕਾਰ ਲਈ 12 ਬੋਰ ਦੀ ਬੰਦੂਕ ਕੰਮ ਨਹੀਂ ਆਉਂਦੀ। ਇਸ ਲਈ ਨੈਨੀਤਾਲ ਵਿਚ ਉਥੋਂ ਦੇ ਦੋਸਤਾਂ ਦੇ ਹਥਿਆਰ ਹੀ ਅਸੀਂ ਵਰਤਦੇ। ਮੈਂ ਭਾਰਤ ਦੇ ਬਹੁਤ ਵੱਡੇ ਵੱਡੇ ਸ਼ਿਕਾਰੀਆਂ ਨਾਲ ਸ਼ਿਕਾਰ ਖੇਡੇ ਹਨ।

ਸ਼ਿਕਾਰ ਦਾ ਸ਼ੌਕ ਮੈਨੂੰ ਅਪਣੇ ਵੱਡੇ ਭਰਾ ਮਨਮੋਹਨ ਸਿੰਘ ਨੂੰ ਦੇਖ ਕੇ ਲੱਗਾ। ਉਹ ਵੀ ਸ਼ਿਕਾਰੀ ਸੀ। ਉਹ ਪਿੰਡਾਂ ’ਚ ਟੋਕਰਾ ਲਾ ਕੇ ਕਬੂਤਰ ਫੜਦਾ। ਕਣਕਾਂ ਵੱਢੀਆਂ ਜਾਣ ਤੋਂ ਬਾਅਦ ਉਹ ਮੈਨੂੰ ਨਾਲ ਲੈ ਕੇ ਜਾਲ ਲਾਉਂਦਾ ਤੇ ਅਸੀਂ ਤਿੱਤਰ ਬਟੇਰੇ ਫੜਦੇ। ਮੇਰੇ ਕਈ ਸਾਥੀ ਮੋਰ ਵੀ ਖਾ ਲੈਂਦੇ ਸੀ। ਪਰ ਮੈਂ ਕਦੇ ਮੋਰ ਨਹੀਂ ਖਾਧਾ। ਮੈਂ ਸਮਝਦਾ ਸੀ ਕਿ ਮੋਰ ਵਰਗੇ ਖ਼ੂਬਸੂਰਤ ਪੰਛੀ ਨੂੰ ਮਾਰਨਾ ਪਾਪ ਹੈ।

*? ਇਕ ਸ਼ਾਇਰ, ਸ਼ਿਕਾਰੀ ਕਿਵੇਂ ਬਣ ਗਿਆ ?*

– ਸ਼ਿਕਾਰ ਦਾ ਸ਼ੌਕ ਪੈਦਾ ਹੋਣ ਪਿੱਛੇ ਸਾਡੀਆਂ ਦੁਸ਼ਮਣੀਆਂ ਵੀ ਰਹੀਆਂ। ਜਦੋਂ ਜ਼ਮੀਨੀ ਝਗੜੇ ਸ਼ੁਰੂ ਹੋਏ ਤਾਂ ਮੈਨੂੰ ਅਪਣੀ ਰਾਖੀ ਲਈ ਬੰਦੂਕਾਂ ਖ਼ਰੀਦਣੀਆਂ ਪਈਆਂ। ਇਹ ਮੈਂ ਦੁਸ਼ਮਣੀ ਵਿਚ ਹੀ ਖ਼ਰੀਦੀਆਂ। ਉਦੋਂ ਮੈਨੂੰ ਕਈ ਬਦਮਾਸ਼ਾਂ ਨੇ ਕਿਹਾ ਕਿ ਅਸੀਂ ਤੇਰੇ ਨਾਲ ਹਾਂ ਪਰ ਮੈਂ ਅਪਣੇ ਆਪ ਵਿਚ ਹੀ ਰਹਿਣਾ ਚਾਹੁੰਦਾ ਸੀ। ਹੁਣ ਹਥਿਆਰ ਮੇਰੇ ਕੋਲ ਸਨ। ਇਨ੍ਹਾਂ ਹਥਿਆਰਾਂ ਨੇ ਵੀ ਸ਼ਿਕਾਰ ਦੇ ਮੇਰੇ ਸ਼ੌਕ ਨੂੰ ਹੁਲਾਰਾ ਦਿੱਤਾ। ਪਹਿਲਾਂ ਮੈਂ ਇਕ ਬੰਦੂਕ ਖਰੀਦੀ, ਫਿਰ ਦੂਜੀ,ਫਿਰ ਤੀਜੀ, ਫਿਰ ਗਿਆਰਾਂ ਗੋਲੀਆਂ ਦਾ ਰਿਵਾਲਵਰ ਵੀ ਖ਼ਰੀਦਿਆ। ਮੈਂ ਨਿਸ਼ਾਨਾ ਪਕਾਉਣ ਲਈ ਸ਼ਿਕਾਰ ਖੇਡਣਾ ਸ਼ੁਰੂ ਕੀਤਾ ਤੇ ਹੌਲੀ ਹੌਲੀ ਸ਼ਿਕਾਰੀ ਹੀ ਬਣ ਗਿਆ।

ਫਿਰ ਜਦੋਂ ਪੰਜਾਬ ਵਿਚ ਦਹਿਸ਼ਤਗਰਦੀ ਦਾ ਦੌਰ ਆਇਆ ਤਾਂ ਸਾਨੂੰ ਇਹ ਸ਼ੌਕ ਬੰਦ ਕਰਨਾ ਪਿਆ। ਕਿਉਂਕਿ ਦਹਿਸ਼ਤਗਰਦਾਂ ਦੇ ਟੋਲੇ ਬੰਦੂਕਾਂ ਆਦਿ ਖੋਹ ਲਿਆ ਕਰਦੇ ਸਨ।

**ਦੇਖਣ ਵਾਲ਼ੀ ਅੱਖ**

*? ਤੇ ਫ਼ੋਟੋਗ੍ਰਾਫੀ ਦਾ ਸ਼ੌਕ ਕਿਵੇਂ ਪਿਆ ?*

– ਮੇਰੀ ਘੁਮੰਤਰੂ ਫ਼ਿਤਰਤ ਕਰਕੇ ਮੈਂ ਸਾਰਾ ਹਿੰਦੁਸਤਾਨ ਗਾਹ ਮਾਰਿਆ। ਪਹਿਲਾਂ ਮੈਂ ਪੰਜਾਬ ਦਾ ਕੋਨਾ ਕੋਨਾ ਦੇਖਣ ਦਾ ਪ੍ਰਣ ਕੀਤਾ। ਘੁੰਮਣ ਫਿਰਨ ਦੇ ਸ਼ੌਕ ਨੇ ਹੀ ਮੈਨੂੰ ਫੋਟੋਗਰਾਫੀ ਦਾ ਸ਼ੌਕ ਲਾਇਆ। ਪੰਜਾਬ ਦੇ ਕੋਨੇ ਕੋਨੇ ’ਚ ਜਾ ਕੇ ਮੈਂ ਫੋਟੋਗਰਾਫੀ ਕੀਤੀ। ਗੁਰਦੁਆਰੇ, ਮਸੀਤਾਂ, ਮਹੱਲ, ਲੋਕਾਂ ਦੇ ਸ਼ਾਨਦਾਰ ਘਰਾਂ ਵਿਚਲੇ ਕੰਧ ਚਿਤਰ ਸਾਰਿਆਂ ਨੂੰ ਮੈਂ ਅਪਣੇ ਕੈਮਰੇ ਵਿਚ ਕੈਦ ਕਰਦਾ ਰਿਹਾ। ਦਰਅਸਲ ਸੈਰਸਪਾਟੇ ਅਤੇ ਫ਼ੋਟੋਗਰਾਫੀ ਦਾ ਸ਼ੌਕ ਵੀ ਮੈਨੂੰ ਇਕ ਵਿਰੋਧ ਵਿਚੋਂ ਹੀ ਲੱਗਿਆ।

1958-60 ਵਿਚ ਜਦੋਂ ਸੁਰਿੰਦਰ ਹੇਮ ਜੋਤੀ ਨੇ 'ਹੇਮਜੋਤੀ' ਨਾਂ ਦਾ ਪਰਚਾ ਕੱਢਿਆ ਤਾਂ ਉਦੋਂ ਉਹਨੇ ਅਪਣੇ ਨਾਲ ਕੰਵਰਜੀਤ ਸਿੰਘ ਕੰਗ ਵੀ ਰਲਾ ਲਿਆ। ਅਸੀਂ ਤਿੰਨਾਂ ਨੇ ਵੀ ਕਈ ਵਾਰ ਇਕੱਠਿਆਂ ਯਾਤਰਾ ਕੀਤੀ ਤੇ ਫੋਟੋਗ੍ਰਾਫੀ ਕੀਤੀ। ਸੁਰਿੰਦਰ ਹੇਮਜੋਤੀ ਬਹੁਤ ਹੀ ਇਮਾਨਦਾਰ ਬੰਦਾ ਸੀ। ਇਕ ਵਾਰ ਅਸੀਂ ਤਿੰਨੇ ਹਿਮਾਚਲ ਵਿਚ ਸੁਜਾਨਪੁਰ ਟੀਹਰਾ ਜਾ ਕੇ ਬੜੀਆਂ ਫੋਟੋਆਂ ਖਿੱਚੀਆਂ। ਇੱਥੇ ਦਰਿਆ ਦੇ ਕਿਨਾਰੇ ਇਕ ਮੰਦਰ ਹੈ, ਉੱਥੇ ਅਣਗਿਣਤ ਕਮਾਲ ਦੀਆਂ ਤਸਵੀਰਾਂ ਅਤੇ ਕੰਧ ਚਿੱਤਰ ਸਨ। ਹੁਣ ਉੱਥੇ ਕੁਝ ਨਹੀਂ ਰਿਹਾ। ਇਸ ਮੰਦਰ ਦੇ ਉੱਪਰਲੇ ਪਾਸੇ ਰਾਜੇ ਦਾ ਮਹੱਲ ਤੇ ਕਿਲ੍ਹਾ ਵੀ ਸੀ, ਉੱਥੇ ਵੀ ਸ਼ਾਨਦਾਰ ਕੰਧ ਚਿੱਤਰ ਸਨ। ਅਸੀਂ ਸਾਂਝੇ ਤੌਰ ’ਤੇ ਇੱਥੇ ਫੋਟੋਗ੍ਰਾਫੀ ਕੀਤੀ। ਬਹੁਤੀਆਂ ਫੋਟੋਆਂ ਮੈਂ ਹੀ ਖਿੱਚੀਆਂ। ਕੈਮਰਾ ਮੇਰਾ ਨਹੀਂ ਸੀ। ਉਹ ਕੰਵਰਜੀਤ ਸਿੰਘ ਕੰਗ ਦਾ ਸੀ। ਬਾਅਦ ਵਿਚ ਸੁਰਿੰਦਰ ਹੇਮਜੋਤੀ ਤਾਂ ਜਰਮਨੀ ਚਲਾ ਗਿਆ ਤੇ ਕੰਵਰਜੀਤ ਸਿੰਘ ਕੰਗ ਨੇ ਮੇਰੀਆਂ ਖਿੱਚੀਆਂ ਇਹ ਸਾਰੀਆਂ ਫੋਟੋਆਂ ਦੱਬ ਲਈਆਂ ਤੇ ਇਹਨਾਂ ਫੋਟੋਆਂ ਦੇ ਆਸਰੇ ਹੀ ਉਹਨੇ ਬਾਅਦ ਵਿਚ ਕੰਧ ਚਿੱਤਰਾਂ ਉੱਪਰ ਪੀ ਐਚ ਡੀ ਦਾ ਥੀਸਿਸ ਪੂਰਾ ਕੀਤਾ ਤੇ ਡਿਗਰੀ ਲਈ। ਮੇਰੇ ਮਨ ਵਿਚ ਇਸ ਗੱਲ ਦਾ ਬੜਾ ਗੁੱਸਾ ਰਿਹਾ। ਇਸ ਗੁੱਸੇ ਵਿਚ ਹੀ ਮੈਂ ਭਾਰਤ ਭ੍ਰਮਣ ਸ਼ੁਰੂ ਕਰ ਦਿੱਤਾ। ਉਦੋਂ ਹੀ ਫੋਟੋਗ੍ਰਾਫੀ ਦਾ ਸ਼ੌਕ ਜਨੂੰਨ ਤੱਕ ਪਹੁੰਚ ਗਿਆ। ਇਸ ਸ਼ੌਕ ਨੇ ਹਜ਼ਾਰਾਂ ਫੋਟੋਆਂ ਖਿਚਵਾਈਆਂ। ਪੰਜਾਬ ਤਾਂ ਪੰਜਾਬ ਭਾਰਤ ਦੇ ਕਿਸੇ ਵੀ ਹਿੱਸੇ ਵਿਚ ਜਿੱਥੇ ਕਿਤੇ ਵੀ ਮੈਨੂੰ ਦੱਸ ਪੈਂਦੀ, ਮੈਂ ਅਪਣਾ ਕੈਮਰਾ ਚੁੱਕ ਕੇ ਉੱਥੇ ਪਹੁੰਚ ਜਾਂਦਾ। ਮੈਂ ਪਾਕਿਸਤਾਨ ਦੇ ਇਤਿਹਾਸਕ ਗੁਰਦੁਆਰਿਆਂ, ਮਸੀਤਾਂ, ਕਿਲ੍ਹਿਆਂ ਤੇ ਕਬਰਾਂ ਦੀਆਂ ਫੋਟੋਆਂ ਵੀ ਖਿੱਚੀਆਂ। ਦੁਨੀਆ ਦੇ ਜਿਸ ਹਿੱਸੇ ਵਿਚ ਵੀ ਮੈਂ ਗਿਆ, ਮੇਰਾ ਕੈਮਰਾ ਮੇਰੇ ਨਾਲ ਰਿਹਾ। ਅੱਜ ਮੇਰੇ ਕੋਲ 4000 ਤੋਂ ਵੀ ਜ਼ਿਆਦਾ ਸਲਾਈਡਜ਼ ਪਈਆਂ ਹਨ, ਜਿਹਦੇ ਵਿਚ ਦੁਰਲਭ ਫੋਟੋਗ੍ਰਾਫੀ ਹੈ। ਮੇਰੇ ਇਸ ਸ਼ੌਕ ਕਰਕੇ ਭਾਵੇਂ ਮੇਰੇ ਪਰਿਵਾਰ ਨੂੰ ਕਾਫੀ ਮੁਸ਼ਕਲਾਂ ਵਿੱਚੋਂ ਗੁਜ਼ਰਨਾ ਪਿਆ, ਪਰ ਪਰਿਵਾਰ ਦਾ ਸਾਥ ਮੈਨੂੰ ਸਦਾ ਰਿਹਾ। ਬੱਚਿਆਂ ਨੇ ਕਦੇ ਕੋਈ ਜ਼ਿੱਦ ਨਹੀਂ ਕੀਤੀ, ਪਤਨੀ ਨੇ ਨਰਾਜ਼ਗੀ ਨਹੀਂ ਦਿਖਾਈ। ਮੈਂ ਅਪਣੀ ਤਨਖਾਹ ਦਾ ਇਕ ਹਿੱਸਾ ਘਰ ਦੇ ਦਿੰਦਾ ਸੀ ਤੇ ਕਹਿ ਦਿੰਦਾ ਸੀ- ਇਹਦੇ ਨਾਲ ਹੀ ਸਾਰੋ। ਉਂਝ ਪਿੰਡ ਦੀ ਜ਼ਮੀਨ ਦਾ ਠੇਕਾ ਆ ਜਾਂਦਾ ਸੀ। ਘਰ ਚੱਲੀ ਜਾਂਦਾ ਸੀ। ਇਸੇ ਕਰਕੇ ਮੈਂ ਅਪਣੇ ਸ਼ੌਕ ਪੂਰੇ ਕਰਦਾ ਰਿਹਾ।

ਮੇਰੇ ਫੋਟੋਗ੍ਰਾਫੀ ਦੇ ਸ਼ੌਕ ਨੂੰ ਅਸਲੀ ਦਿਸ਼ਾ ਬਖਸ਼ੀ ਬਰਤਾਨੀਆ ਦੀ ਸੰਸਾਰ ਪ੍ਰਸਿੱਧ ਫੋਟੋਗਰਾਫ਼ਰ ਵਰਜ਼ੀਨੀਆ ਫਾਸ ਨੇ। ਇਹ ਮੈਨੂੰ ਰਾਜਸਥਾਨ ਵਿਚ ਮਿਲੀ ਸੀ। ਇਹ ਭਾਰਤ ਦੀ ਇਕ ਸਟੇਟ ਸਮਥਰ ਦੇ ਰਾਜੇ ਰਣਜੀਤ ਸਿੰਘ ਦੀ ਦੋਸਤ ਸੀ। ਰਾਜੇ ਨੇ ਇਹਨੂੰ ਅਪਣਾ ਇਕ ਨੌਕਰ ਤੇ ਗੰਨਮੈਨ ਦਿੱਤਾ ਹੋਇਆ ਸੀ। ਇਹ ਉਦੋਂ ਭਾਰਤ ਦੇ ਕਿਲ੍ਹਿਆਂ ਉੱਪਰ ਫੋਟੋਗ੍ਰਾਫੀ ਕਰ ਰਹੀ ਸੀ। ਮੈਨੂੰ ਇਹ ਮਿਲੀ ਤੇ ਮੇਰਾ ਸ਼ੌਕ ਦੇਖ ਕੇ ਮੈਨੂੰ ਵਰਜ਼ੀਨੀਆ ਨੇ ਕਿਹਾ ਕਿ ਜੇ ਤੁਸੀਂ ਸੱਚਮੁੱਚ ਕੋਈ ਕੰਮ ਕਰਨਾ ਹੈ ਤਾਂ ਫਿਰ ਇਕ ਕੈਮਰੇ ਨਾਲ ਨਹੀਂ ਸਰਨਾ। ਹੋਰ ਕੈਮਰੇ ਖਰੀਦੋ। ਉਹਨੇ ਮੈਨੂੰ ਫੋਟੋਗ੍ਰਾਫੀ ਕਰਨ ਦੀ ਜਾਚ ਸਿਖਾਈ। ਉਹ ਮੈਨੂੰ ਉਦੋਂ ਪਹਿਲੀ ਤੇ ਆਖ਼ਰੀ ਵਾਰ ਮਿਲੀ। ਉਸ ਤੋਂ ਬਾਅਦ ਮੈਂ ਉਹਦੇ ਦੱਸੇ ਮੁਤਾਬਕ ਕੰਮ ਕਰਦਾ ਰਿਹਾ ਤੇ ਅੱਜ ਵੀ ਮੇਰੇ ਮਨ ਵਿਚ ਇਹ ਭਾਵਨਾ ਹੈ ਕਿ ਫੋਟੋਗ੍ਰਾਫੀ ਵਿਚ ਮੇਰੀ ਗੁਰੂ ਵਰਜ਼ੀਨੀਆ ਫਾਸ ਹੀ ਹੈ। ਵਰਜ਼ੀਨੀਆ ਨੇ ਸੰਸਾਰ ਭਰ ਦੇ ਕਿਲ੍ਹਿਆਂ ’ਤੇ ਕੰਮ ਕੀਤਾ ਹੈ। ਉਹਨੇ ਮੈਨੂੰ ਉਦੋਂ ਅਪਣੀ ਪੁਸਤਕ ਵੀ ਭੇਟ ਕੀਤੀ ਸੀ। ਇਸ ਪੁਸਤਕ ਵਿਚ ਉਹਨੇ ਭਾਰਤ ਦੇ ਕਿਲ੍ਹਿਆਂ ’ਤੇ ਸ਼ਾਨਦਾਰ ਫੋਟੋਗਰਾਫ਼ੀ ਕੀਤੀ ਹੈ। ਇਹ ਪੁਸਤਕ ਅੱਜ ਵੀ ਮੇਰੇ ਲਈ ਅਮੁੱਲ ਹੈ ਤੇ ਮੈਂ ਹਮੇਸ਼ਾ ਇਸ ਨੂੰ ਸਾਂਭ ਸਾਂਭ ਰੱਖਿਆ ਹੈ। ਇਕ ਵਾਰ ਮੈਂ ਉਹਦੇ ਮਹਾਰਾਜਾ ਦੋਸਤ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਸੀ, ਉਹਨੂੰ ਖ਼ਤ ਲਿਖਿਆ ਉਹਨੇਂ ਖਤ ਦਾ ਜਵਾਬ ਵੀ ਦਿੱਤਾ ਤੇ ਕਿਹਾ ਕਿ ਤੁਸੀਂ ਫਲਾਣੇ ਫਲਾਣੇ ਦਿਨ ਅਤੇ ਟਿਕਾਣੇ ’ਤੇ ਮੈਨੂੰ ਮਿਲ ਸਕਦੇ ਹੋ। ਪਰ ਮੈਂ ਜਾ ਨਹੀਂ ਸਕਿਆ।

ਫੋਟੋਗ੍ਰਾਫੀ ਦੇ ਸ਼ੌਕ ਨੇ ਕਈ ਵਾਰ ਮੈਨੂੰ ਮੁਸ਼ਕਲਾਂ ਵਿਚ ਵੀ ਪਾਇਆ। ਬਹੁਤ ਸਾਰੇ ਹਾਦਸੇ ਹੋਏ, ਸਾਰਿਆਂ ਦਾ ਜ਼ਿਕਰ ਸੰਭਵ ਨਹੀਂ, ਪਰ ਤਰਨਤਾਰਨ ਨੇੜ੍ਹੇ ਦੇ ਰਾਹ ਵਿਚ ਇਕ ਘਟਨਾ ਹਾਲੇ ਵੀ ਕਈ ਵਾਰ ਕੰਬਣੀ ਛੇੜ ਦਿੰਦੀ ਹੈ। ਮੈਨੂੰ ਪਤਾ ਲੱਗਾ ਕਿ ਤਰਨਤਾਰਨ ਨੇੜ੍ਹੇ ਇਕ ਪਿੰਡ ਵਿਚ ਮੰਦਰ ਤੇ ਉਸਦੀ ਜ਼ਮੀਨ ਉੱਪਰ ਨਿਹੰਗਾਂ ਨੇ ਕਬਜ਼ਾ ਕਰ ਲਿਆ ਹੈ। ਮੈਂ ਅਪਣੀ ਸਾਲੀ ਦੇ ਮੁੰਡੇ ਬਿੱਟੂ ਨੂੰ ਲੈ ਕੇ ਉੱਧਰ ਨੂੰ ਤੁਰ ਪਿਆ। ਪਿੰਡ ਦੇ ਅੱਡੇ ਤੇ ਉਤਰ ਕੇ ਉਸ ਪਿੰਡ ਜਾਣ ਲਈ ਰਿਕਸ਼ੇ ਵਿਚ ਬੈਠੇ, ਸਾਡੇ ਨਾਲ ਹੀ ਰਿਕਸ਼ੇ ਵਾਲੇ ਨੇ ਇਕ ਹੋਰ ਸਵਾਰੀ ਬਿਠਾ ਲਈ। ਅਸੀਂ ਅਪਣੀਆਂ ਗੱਲਾਂ ਕਰੀ ਜਾ ਰਹੇ ਸਾਂ। ਨਾਲ ਦੀ ਸਵਾਰੀ ਸਾਨੂੰ ਪੁਲਿਸ ਦੇ ਬੰਦੇ ਸਮਝ ਬੈਠੀ। ਉਹਨੇ ਰਿਕਸ਼ੇ ਤੋਂ ਉਤਰਦਿਆਂ ਸਾਰ ਹੀ ਸ਼ੂਟ ਵੱਟ ਲਈ ਤੇ ਨਿਹੰਗਾਂ ਦੇ ਮੋਹਤਬਰ ਨੂੰ ਜਾ ਦੱਸਿਆ ਕਿ ਪੁਲਿਸ ਦੇ ਬੰਦੇ ਇਨਕੁਆਰੀ ਕਰਨ ਆ ਰਹੇ ਹਨ। ਸਾਨੂੰ ਰਿਕਸ਼ੇ ਤੋਂ ਉਤਰ ਕੇ ਥੋੜ੍ਹੀ ਦੂਰ ਤੱਕ ਪੈਦਲ ਚੱਲਣਾ ਪਿਆ। ਉਦੋਂ ਤੱਕ ਨਿਹੰਗਾਂ ਨੇ ਸਾਨੂੰ ਘੇਰ ਲਿਆ ਤੇ ਅਪਣੇ ਮੁਖੀ ਕੋਲ ਲੈ ਗਏ। ਮੁਖੀ ਨੇ ਰੋਅਬਦਾਰ ਆਵਾਜ਼ ’ਚ ਪੁੱਛਿਆ, "ਤੁਸੀਂ ਪੁਲਿਸ ਦੇ ਬੰਦੇ ਹੋ।'' ਅਸੀਂ ਕਿਹਾ, "ਨਹੀਂ।'' ਉਹਨੇ ਕਿਹਾ,"ਪਰੂਫ ਦਿਖਾਓ।'' ਬਿੱਟੂ ਨੇ ਅਪਣਾ ਕਾਲਜ ਦਾ ਸ਼ਨਾਖਤੀ ਕਾਰਡ ਦਿਖਾ ਦਿੱਤਾ। ਮੇਰੇ ਕੋਲ ਕੁਝ ਨਹੀਂ ਸੀ। ਮੈਂ ਕਿਹਾ, "ਮੈਂ ਹੁਸ਼ਿਆਰਪੁਰ ਸਰਕਾਰੀ ਕਾਲਜ ਵਿਚ ਪ੍ਰੋਫੈਸਰ ਹਾਂ।'' ਉਹਨੇ ਉਲਟਾ ਸਵਾਲ ਕੀਤਾ, "ਤੂੰ ਹਰੀਆਂ ਵੇਲਾਂ ਵਾਲੇ ਦਾ ਵਾਕਫ਼ ਹੈਂ।'' ਮੈਂ ਕਿਹਾ, "ਮੈਂ ਜਾਣਦਾ ਹਾਂ ਇਕ ਵਾਰ ਉੱਥੇ ਫੋਟੋਗ੍ਰਾਫੀ ਵੀ ਕਰਨ ਗਿਆ ਸੀ। ਉਹ ਮੇਰੇ ਨਾਂ ਤੋਂ ਵਾਕਫ ਨਹੀਂ, ਪਰ ਮੈਂ ਉਹਨਾਂ ਨੂੰ ਮਿਲਿਆ ਕਈ ਵਾਰ ਹਾਂ।'' ਸਾਡੀ ਗੱਲਬਾਤ ਚੱਲ ਹੀ ਰਹੀ ਸੀ ਕਿ ਏਨੇ ਨੂੰ ਇਕ ਨਿਹੰਗ ਉੱਥੇ ਆ ਗਿਆ। ਉਹਨੇ ਸਾਨੂੰ ਨੰਗੀਆਂ ਚਿੱਟੀਆਂ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਤੇ ਕਿਹਾ, "ਇਹ ਪੁਲਿਸ ਦੇ ਬੰਦੇ ਆ, ਇਨ੍ਹਾਂ ਨੂੰ ਹੁਣ ਤੱਕ ਮਾਰਿਆ ਕਿਉਂ ਨਹੀਂ।'' ਬਿੱਟੂ ਬਹੁਤ ਘਬਰਾ ਗਿਆ। ਮੈਂ ਅੰਦਰੋਂ ਡਰ ਤਾਂ ਗਿਆ ਪਰ ਸੁਰਤ ਵਿਚ ਰਿਹਾ। ਨਿਹੰਗਾਂ ਦੇ ਮੁਖੀ ਨੇ ਉਸ ਨਿਹੰਗ ਨੂੰ ਘੂਰਿਆ ਤੇ ਕਿਹਾ, "ਚੁੱਪ ਕਰ ਬਈ, ਮੈਂ ਪ੍ਰੋਫੈਸਰਾਂ ਦੀ ਕਦਰ ਕਰਦਾਂ।'' ਤੇ ਫਿਰ ਸਾਡੇ ਵੱਲ ਮੁਖ਼ਾਤਬ ਹੋ ਕੇ ਕਿਹਾ, ਤੁਸੀਂ ਜਾ ਸਕਦੇ ਹੋ, ਪਰ ਇੱਥੇ ਫੋਟੋਆਂ ਨਹੀਂ ਖਿੱਚਣੀਆਂ। ਉਹਨੇ ਨਾਲ ਹੀ ਕਿਹਾ ਇਨ੍ਹਾਂ ਨੂੰ ਗਰਮਾ ਗਰਮ ਦੁੱਧ ਪਿਆਓ ਬਈ। ਬਿੱਟੂ ਨੂੰ ਹਾਲੇ ਵੀ ਤ੍ਰੇਲੀਆਂ ਆਈ ਜਾਣ। ਅਸੀਂ ਮਸਾਂ ਮਸਾਂ ਦੁੱਧ ਪੀਤਾ ਤੇ ਉੱਥੋਂ ਦਬਾ ਦਬ ਮੁੜ ਆਏ।

ਇਸੇ ਤਰ੍ਹਾਂ ਪੰਜਾਬੋਂ ਬਾਹਰ ਵੀ ਕਈ ਧਾਰਮਿਕ ਅਸਥਾਨਾਂ ਵਾਲਿਆਂ ਨੇ ਸਾਨੂੰ ਫੋਟੋਗ੍ਰਾਫੀ ਕਰਨ ਤੋਂ ਰੋਕਿਆ। ਇਕ ਵਾਰ ਅਸੀਂ ਗੜ੍ਹ ਕੁੰਡਾਰ ਕਿਲ੍ਹੇ ਦੀਆਂ ਫੋਟੋਆਂ ਖਿੱਚਣ ਬਾਰੇ ਤਿੰਨ ਸਾਲ ਲਗਾਤਾਰ ਸੋਚਦੇ ਰਹੇ ਤੇ ਜਦੋਂ ਅਸੀਂ ਉੱਧਰ ਨੂੰ ਗਏ ਤਾਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਹਾਲਤਾਂ ਸਨ। ਉਸ ਕਿਲ੍ਹੇ ਤੱਕ ਪਹੁੰਚਣਾ ਬਹੁਤ ਔਖਾ ਸੀ। ਝਾਂਸੀ ਤੋਂ ਅੱਗੇ ਇਹਦੇ ਰਾਹ ਵਿਚ ਜੰਗਲ ਹੈ। ਅਸੀਂ ਚਾਰ ਜਣੇ ਸਾਂ। ਰਾਹ ਵਿਚ ਇਕ ਚਾਹ ਦੀ ਦੁਕਾਨ ਵਾਲੇ ਤੋਂ ਪੁੱਛਿਆ ਤਾਂ ਉਹਨੇ ਸਾਫ਼ ਕਿਹਾ, "ਤੁਸੀਂ ਮਰਨਾ ਹੈ, ਕੀ ਘਰਦਿਆਂ ਨੂੰ ਤੁਹਾਡੀ ਲੋੜ ਨਹੀਂ?''

ਇਸੇ ਦੌਰਾਨ ਉੱਥੇ ਇਕ ਬੱਸ ਆਈ, ਕੁਝ ਸਵਾਰੀਆਂ ਉਤਰੀਆਂ ਤਾਂ ਉਸੇ ਚਾਹ ਵਾਲੇ ਨੇ ਉਹਨਾਂ ਨੂੰ ਕਿਹਾ, "ਇਨ੍ਹਾਂ ਸਿੱਖਾਂ ਨੂੰ ਸਮਝਾਓ ਇਹ ਮਰਨਗੇ।'' ਸਾਡੇ ਮਨ ਵਿਚ ਡਰ ਬੈਠ ਰਿਹਾ ਸੀ ਪਰ ਅਸੀਂ ਰੁਕੇ ਨਹੀਂ। ਉਂਝ ਮੈਂ ਅਪਣੀ ਗੁਰੂ ਵਰਜ਼ੀਨੀਆ ਦੀ ਕਿਤਾਬ ਪੜ੍ਹ ਚੁੱਕਾ ਸਾਂ। ਜਿਸ ਵਿਚ ਇਸ ਕਿਲ੍ਹੇ ਬਾਰੇ ਵੀ ਜ਼ਿਕਰ ਸੀ ਕਿ ਉੱਥੇ ਤੱਕ ਪਹੁੰਚਣਾ ਬੇਹੱਦ ਖ਼ਤਰਨਾਕ ਹੈ। ਅਸੀਂ ਥੋੜ੍ਹੇ ਹੋਰ ਅੱਗੇ ਗਏ ਤਾਂ ਇਕ ਬੰਦਾ ਟੱਕਰਿਆ। ਉਹਨੂੰ ਪੁੱਛਿਆ, "ਕੀ ਕਿਲ੍ਹੇ ਵੱਲ ਜਾਂਦਿਆਂ ਰਾਹ ਵਿਚ ਕੋਈ ਖ਼ਤਰਾ ਹੈ।'' ਤਾਂ ਉਹਨੇ ਕਿਹਾ, "ਖ਼ਤਰਾ ਤਾਂ ਸਦਾ ਹੀ ਹੁੰਦਾ ਹੈ, ਪਰ ਅੱਜ ਨਹੀਂ ਹੈ, ਕਿਉਂਕਿ ਡਾਕੂ ਕੱਲ੍ਹ ਹੀ ਆ ਕੇ ਗਏ ਨੇ। ਅੱਜ ਉਹ ਨਹੀਂ ਆਉਣਗੇ।'' ਸੋ ਅਸੀਂ ਇਸ ਰੁਮਾਂਚ ਅਤੇ ਡਰ ਭਰੇ ਮਾਹੌਲ ਵਿਚ ਉਸ ਕਿਲ੍ਹੇ ਤੱਕ ਪਹੁੰਚੇ ਤੇ ਉਹਦੀ ਫੋਟੋਗਰਾਫ਼ੀ ਕੀਤੀ।

**ਵਿਕਾਊ ਹਨ ਸਿੱਕੇ**

*? ਹਜ਼ਾਰਾਂ ਦੀ ਤਦਾਦ ਵਿਚ ਇੱਕਠੇ ਕੀਤੇ ਸਿੱਕਿਆਂ ਦਾ ਹੁਣ ਕੀ ਕਰਨਾਂ ਹੈ?*

– ਸਿੱਕੇ ਇਕੱਠੇ ਕਰਨ ਦਾ ਸ਼ੌਕ ਮੈਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਸਕੂਲ ਦੇ ਪ੍ਰਿੰਸੀਪਲ ਤੋਂ ਲੱਗਾ। ਉਹਨੂੰ ਸ਼ੌਕ ਤਾਂ ਸੀ, ਪਰ ਕਿਉਂਕਿ ਉਹਨੂੰ ਅਰਬੀ, ਫਾਰਸੀ ਬਹੁਤੀ ਨਹੀਂ ਸੀ ਆਉਂਦੀ, ਇਸ ਕਰਕੇ ਉਹਨੂੰ ਸਿੱਕਿਆਂ ਦੀ ਪਹਿਚਾਣ ਕਰਨ ਵਿਚ ਬਹੁਤ ਮੁਸ਼ਕਲ ਪੇਸ਼ ਆਉਂਦੀ ਸੀ। ਉਹ ਇਹਦੇ ਲਈ ਮੇਰੇ ਤੋਂ ਮੱਦਦ ਲੈਂਦਾ। ਪਹਿਲਾਂ ਪਹਿਲ ਮੈਂ ਉਹਦੇ ਸਿੱਕੇ ਪੜ੍ਹਦਾ ਰਿਹਾ, ਫਿਰ ਮੇਰਾ ਅਪਣਾ ਸ਼ੌਕ ਵਧ ਗਿਆ। ਮੈਂ ਬੇਸ਼ੁਮਾਰ ਸਿੱਕੇ ਇਕੱਠੇ ਕੀਤੇ ਹਨ। ਇਸ ਵੇਲੇ ਮੇਰੇ ਕੋਲ ਕਈ ਰਾਜਿਆਂ, ਸੁਲਤਾਨਾਂ,



ਮੁਗਲਾਂ, ਰਿਆਸਤਾਂ, ਮਹਾਰਾਜਾ ਰਣਜੀਤ ਸਿੰਘ ਅਤੇ ਇੰਡੋ ਗਰੀਕ ਦੇ ਸਿੱਕੇ ਪਏ ਹਨ। ਪਰ ਅੱਜ ਮੈਂ ਸੋਚਦਾਂ ਕਿ ਮੈਂ ਇਹ ਪੈਸੇ ਬਰਬਾਦ ਹੀ ਕੀਤੇ ਹਨ। ਕਿਉਂਕਿ ਬਹੁਤੇ ਸਿੱਕੇਬਾਜ਼ ਬੇਈਮਾਨ ਲੋਕ ਹਨ। ਮੇਰੀ ਮੌਤ ਤੋਂ ਬਾਅਦ ਜਿਹੜਾ ਇਕ ਸਿੱਕਾ ਇਕ ਲੱਖ ਰੁਪਏ ਦਾ ਹੈ, ਉਹ ਕਿਸੇ ਨੇ ਮੇਰੇ ਬੱਚਿਆਂ ਕੋਲੋਂ 200 ਰੁਪਏ ਵਿਚ ਵੀ ਨਹੀਂ ਖ਼ਰੀਦਣਾ। ਹੁਣ ਮੈਂ ਅਪਣੇ ਇਕ ਦੋਸਤ ਨੂੰ ਕਿਹਾ ਹੈ ਕਿ ਤੂੰ ਮੇਰੇ ਸਾਰੇ ਸਿੱਕੇ ਲੱਗੀ ਕੀਮਤ ’ਤੇ ਹੀ ਮੇਰੇ ਕੋਲੋਂ ਲੈ ਜਾ। ਸ਼ਾਇਦ ਉਹ ਲੈ ਜਾਵੇ ਤੇ ਇਹ ਸਿੱਕੇ ਸਾਂਭੇ ਜਾਣ 'ਤੇ ਮੇਰੇ ਇਸ ਕੁਲੱਛਣੇ ਸ਼ੌਕ ਤੋਂ ਮੇਰਾ ਖਹਿੜਾ ਛੁੱਟੇ। ਹੁਣ ਮੈਂ ਸਿੱਕੇ ਨਹੀਂ ਖ਼ਰੀਦਦਾ ਕਿਉਂਕਿ ਅੱਜ ਕੱਲ੍ਹ ਤਾਂ ਨਕਲੀ ਸਿੱਕਿਆਂ ਦਾ ਵੀ ਪੂਰਾ ਵਪਾਰ ਚੱਲ ਰਿਹਾ ਹੈ। ਉਂਝ ਸਿੱਕਿਆਂ ਦੀ ਪਛਾਣ ਕਰਨ ਵਾਲੇ ਭਾਰਤ ਦੇ ਕੁਝ ਚੋਣਵੇਂ ਬੰਦਿਆਂ ਵਿਚ ਮੇਰਾ ਨਾਂ ਬੋਲਦਾ ਹੈ।

*? ਕੰਧ ਚਿੱਤਰਾਂ ਦੇ ਸ਼ੌਕ ਬਾਰੇ ਵੀ ਕੁਝ ਦੱਸੋ?*

- ਭਾਰਤ ਦਾ ਕੋਈ ਹਿੱਸਾ ਨਹੀਂ ਜਿੱਥੋਂ ਦਸ ਪਈ ਹੋਵੇ ਤੇ ਕੰਧ ਚਿੱਤਰਾਂ ਨੂੰ ਕੈਮਰੇ ਵਿਚ ਕੈਦ ਕਰਨ ਲਈ ਮੈਂ ਉੱਥੇ ਨਾ ਗਿਆ ਹੋਵਾਂ। ਇਸ ਸ਼ੌਕ ਨੇ ਕਈ ਵਾਰ ਪੁਲਿਸ ਵਾਲਿਆਂ ਨਾਲ ਵੀ ਉਲਝਾਇਆ। ਪਰ ਕਿਤੇ ਕੋਈ ਬਹੁਤੀ ਤੰਗੀ ਨਹੀਂ ਆਈ। ਜਾਂ ਇਉਂ ਕਹਿ ਲਓ ਉਦੋਂ ਹਿੰਦੁਸਤਾਨ ਦਾ ਵਾਤਾਵਰਣ ਚੰਗਾ ਸੀ। ਪੁਲਿਸ ਵੀ ਅਦਬ ਨਾਲ ਪੇਸ਼ ਆਉਂਦੀ ਸੀ। ਹੋਟਲ ਵਗੈਰਾ ਵੀ ਸਸਤੇ ਸਨ।

ਇਕ ਦਿਲਚਸਪ ਘਟਨਾ ਸੁਣਾਉਂਦਾ ਹਾਂ।

ਇਕ ਵਾਰ ਅਸੀਂ ਦਵਾਰਕਾ ਤੋਂ 24 ਮੀਲ ’ਤੇ ਅਰਬ ਸਾਗਰ ਤੋਂ ਪਾਰ ਬੇਟ ਦੁਵਾਰਕਾ ਵੱਲ ਗਏ। ਸਾਨੂੰ ਪਤਾ ਲੱਗਾ ਸੀ ਕਿ ਉਥੇ ਬਹੁਤ ਰੇਅਰ ਕੰਧ ਚਿੱਤਰ ਹਨ। ਅਸੀਂ ਪਹੁੰਚੇ, ਫੋਟੋਗ੍ਰਾਫੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਾਨੂੰ ਪਾਂਡਿਆਂ ਨੇ ਵਰਜਿਆ। ਅਸੀਂ ਫੋਟੋਗ੍ਰਾਫੀ ਕਰਨ ਲਈ ਬਜਿੱਦ ਸਾਂ। ਉਹ ਪੁੱਛਣ- ਤੁਸੀਂ ਕੌਣ ਹੋ? ਅਸੀਂ ਕਿਹਾ, ਕਿ ਸਰਕਾਰੀ ਬੰਦੇ ਹਾਂ। ਉਹਨਾਂ ਕਿਹਾ ਸਬੂਤ ਦਿਖਾਓ। ਕਰਨੈਲ ਸਿੰਘ ਨਿੱਝਰ ਕਾਰ ਵਿਚੋਂ ਕਾਗਜ਼ ਲੈਣ ਤੁਰ ਪਿਆ। ਮੱਖਣ ਸਿੰਘ ਮਾਨ ਤੇ ਜਸਵੰਤ ਬੇਗੋਵਾਲ ਕਿਤੇ ਦੂਰ ਟਹਿਲ ਰਹੇ ਸਨ। ਮੈਂ ਇਕੱਲਾ ਰਹਿ ਗਿਆ। ਪਾਂਡਿਆਂ ਨੇ ਮੈਨੂੰ ਫੜ ਕੇ ਕਮਰੇ ਵਿਚ ਬੰਦ ਕਰ ਦਿੱਤਾ। ਏਨੇ ਨੂੰ ਮੇਰੇ ਸਾਥੀ ਇਕੱਠੇ ਹੋ ਗਏ। ਉਹਨਾਂ ਆਪਣੇ ਕਾਗਜ਼ ਪੱਤਰ ਦਿਖਾਏ ਤਾਂ ਜਾ ਕੇ ਮੈਨੂੰ ਛੱਡਿਆ ਗਿਆ।

ਜਦੋਂ ਅਸੀਂ ਇਸ ਤਰ੍ਹਾਂ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਜਾਂਦੇ ਸਾਂ ਤਾਂ ਸ਼ਰਾਬ ਵੀ ਸਾਡੀ ਗੱਡੀ ਵਿਚ ਪਈ ਹੁੰਦੀ ਸੀ। ਇਕ ਵਾਰ ਗੁਜਰਾਤ ਵੱਲ ਗਏ, ਉੱਥੇ ਸ਼ਰਾਬ ’ਤੇ ਪਾਬੰਦੀ ਸੀ। ਸਾਨੂੰ ਨਹੀਂ ਸੀ ਪਤਾ। ਅਸੀਂ ਆਮ ਵਾਂਗ ਹੀ ਉਥੋਂ ਪੀਂਦੇ-ਖਾਂਦੇ ਲੰਘੇ। ਬਾਅਦ ਵਿਚ ਸਾਨੂੰ ਪਤਾ ਲੱਗਾ ਤਾਂ ਅਸੀਂ ਬੜੇ ਹੈਰਾਨ ਹੋਏ ਤੇ ਸੋਚਿਆ ਕਿ ਖ਼ੁਸ਼ਕਿਸਮਤੀ ਨਾਲ ਹੀ ਬਚ ਗਏ ਹਾਂ, ਜੇ ਫੜੇ ਜਾਂਦੇ ਤਾਂ ਛੇ-ਛੇ ਮਹੀਨੇ ਲਈ ਅੰਦਰ ਹੋ ਜਾਣਾ ਸੀ। ਉਂਝ ਮੈਂ 'ਨਵਾਂ ਜ਼ਮਾਨਾ’ ਅਤੇ 'ਅਜੀਤ’ ਦੇ ਸ਼ਨਾਖਤੀ ਕਾਰਡ ਬਣਵਾਏ ਹੋਏ ਸੀ। ਉਹ ਬਹੁਤ ਵਾਰ ਕੰਮ ਆਉਂਦੇ ਰਹੇ।

*? ਕਿਤਾਬਾਂ, ਪੇਂਟਿੰਗ ਅਤੇ ਸਟੈਂਪਸ ਦਾ ਸ਼ੌਕ ਵੀ ਤੁਹਾਨੂੰ ਬਹੁਤ ਥਾਂਈਂ ਲੈ ਗਿਆ ਹੋਵੇਗਾ?*

- ਮੈਂ ਬਹੁਤ ਰੇਅਰ ਕਿਤਾਬਾਂ ਇਕੱਠੀਆਂ ਕੀਤੀਆਂ ਹਨ। ਖਾਸ ਤੌਰ ’ਤੇ ਫਾਰਸੀ ਅਤੇ ਉਰਦੂ ਦੀਆਂ ਉਹ ਕਿਤਾਬਾਂ ਮੇਰੇ ਕੋਲ ਹਨ, ਜਿਹੜੀਆਂ ਪੰਜਾਬ ਵਿਚ ਸ਼ਾਇਦ ਹੀ ਕਿਸੇ ਕੋਲ ਹੋਣ। ਇਸੇ ਤਰ੍ਹਾਂ ਜਿੰਨੀਆਂ ਪੇਂਟਿੰਗਜ਼ ਮੇਰੇ ਕੋਲ ਪਈਆਂ ਹਨ, ਅਜੇਹੀਆਂ ਦੁਨੀਆ ਦੀਆਂ ਬੇਹਤਰੀਨ ਪੇਂਟਿੰਗਜ਼, ਉਹ ਪੰਜਾਬ ਦੇ ਕਿਸੇ ਵੀ ਲੇਖਕ, ਇਥੋਂ ਤੱਕ ਪੰਜਾਬ ਦੇ ਕਿਸੇ ਪੇਂਟਰ ਕੋਲ ਵੀ ਸ਼ਾਇਦ ਨਾ ਹੋਣ। ਪੇਂਟਿੰਗਜ਼ ਲਈ ਮੈਂ ਏਨਾ ਦੀਵਾਨਾ ਹਾਂ ਕਿ ਪੈਰਿਸ ਦਾ ਅਜਾਇਬ ਘਰ ਦੇਖਦਿਆਂ ਮੈਂ ਪੂਰੇ ਤਿੰਨ ਦਿਨ ਲਾ ਦਿੱਤੇ। ਅਮਰੀਕਾ ਦੇ ਬਹੁਤ ਸਾਰੇ ਅਜਾਇਬ ਘਰਾਂ ਵਿਚ ਪੇਂਟਿੰਗਜ਼ ਦੇਖਣ ਦਾ ਮੈਨੂੰ ਸੁਭਾਗ ਹੈ। ਐਮਸਟਰਡਮ ਵਿਚੋਂ ਕੁਝ ਪੇਂਟਿੰਗਜ਼ ਦੀਆਂ ਕਾਪੀਆਂ ਮੈਂ ਖ਼ਰੀਦੀਆਂ ਵੀ। ਇੱਥੇ ਮੈਂ ਵੈਨਗੌਗ ਦਾ ਮਿਉਜ਼ੀਅਮ ਕਈ ਦਿਨ ਲਾ ਕੇ ਵੇਖਿਆ। ਵਿਦੇਸ਼ਾਂ ਵਿਚ ਜਿੱਥੇ ਵੀ ਮੈਨੂੰ ਦੱਸ ਪਈ ਮੈਂ ਗਿਆ, ਪੇਂਟਿੰਗਜ ਦੇਖੀਆਂ, ਪਰ ਇਸ ਕਾਬਲ ਨਹੀਂ ਸੀ ਕਿ ਮੈਂ ਇਨ੍ਹਾਂ ਨੂੰ ਖ਼ਰੀਦ ਸਕਦਾ।

ਸਟੈਂਪਸ ਦਾ ਪਤਾ ਹੀ ਨਹੀਂ ਕਿ ਮੈਂ ਕਿੰਨੀਆਂ ਕੁ ਇਕੱਠੀਆਂ ਕੀਤੀਆਂ ਹਨ। ਦੁਨੀਆ ਦੇ ਬਹੁਤ ਸਾਰੇ ਮੁਲਕਾਂ ਦੀਆਂ ਸਟੈਂਪਸ ਮੈਂ ਖ਼ਰੀਦਦਾ ਰਿਹਾ। ਕੁਝ ਦੁਨੀਆ ਭਰ ਤੋਂ ਆਉਂਦੀਆਂ ਚਿੱਠੀਆਂ ਤੋਂ ਵੀ ਮੈਂ ਟਿਕਟਾਂ ਲਾਹ ਲਾਹ ਕੇ ਇਕੱਠੀਆਂ ਕਰਦਾ ਰਿਹਾ। ਹੁਣ ਤਾਂ ਚਿੱਠੀ ਪੱਤਰ ਦਾ ਜ਼ਮਾਨਾ ਹੀ ਜਾਂਦਾ ਦਿਖਾਈ ਦੇ ਰਿਹਾ ਹੈ। ਬਹੁਤੀ ਗੱਲਬਾਤ ਫ਼ੋਨ ’ਤੇ ਹੀ ਹੁੰਦੀ ਹੈ।

*? ਸ਼ੌਕ ਤਾਂ ਤੁਹਾਨੂ ਕੁੱਤਿਆਂ ਦਾ ਵੀ ਬਹੁਤ ਰਿਹਾ ਪਰ ਅੱਜ ਘਰ ਵਿਚ ਕੋਈ ਕੁੱਤਾ ਦਿਖਾਈ ਨਹੀਂ ਦੇ ਰਿਹਾ?*

- ਕੁੱਤੇ ਰੱਖਣ ਦਾ ਸ਼ੌਕ ਮੇਰੇ ਨਾਲੋਂ ਵੀ ਜ਼ਿਆਦਾ ਮੇਰੀ ਬੀਵੀ ਅਤੇ ਮੇਰੀਆਂ ਬੱਚੀਆਂ ਨੂੰ ਹੈ। ਬਹੁਤੇ ਕੁੱਤੇ ਮੈਂ ਅਲਸੈਸ਼ਨ ਰੱਖੇ। ਇਹ ਕਮਾਲ ਦੇ ਕੁੱਤੇ ਹੁੰਦੇ ਹਨ। ਇਸ ਤੋਂ ਇਲਾਵਾ ਬੁਲਟੇਰੀਆ, ਡਲਮੇਸ਼ੀਅਨਜ਼, ਜਰਮਨ ਸ਼ੈਫਰਡ ਅਤੇ ਪਾਮੇਰੀਅਨ ਕੁੱਤੇ ਸਾਡੇ ਕੋਲ ਰਹੇ ਹਨ। ਮੈਨੂੰ ਕੁੱਤਿਆਂ ਦੀ ਪਛਾਣ ਵੀ ਬਹੁਤ ਹੈ। ਇਹ ਇਤਫ਼ਾਕ ਹੀ ਹੈ ਕਿ ਅੱਜ ਤੁਸੀਂ ਮੇਰੇ ਘਰ ਆਏ ਹੋ ਤਾਂ ਇੱਥੇ ਕੋਈ ਕੁੱਤਾ ਨਹੀਂ। ਅੱਜ ਕੱਲ੍ਹ ਮੇਰੀ ਬੇਟੀ ਨੀਰਜ ਅਤੇ ਮੇਰੀ ਬੀਵੀ ਜ਼ਿਦ ਕਰ ਰਹੀਆਂ ਹਨ ਕਿ ਰੌਟਵੀਲ੍ਹਰ ਕੁੱਤਾ ਰੱਖਣਾ ਹੈ। ਇਹ ਬੜਾ ਖ਼ਤਰਨਾਕ ਕੁੱਤਾ ਹੈ। ਮੈਂ ਥੋੜ੍ਹਾ ਜੱਕੋ ਤੱਕੋ ਵਿਚ ਹਾਂ। ਮੇਰੀ ਸਿਹਤ ਹੁਣ ਇਸ ਤਰ੍ਹਾਂ ਦੇ ਕੁੱਤੇ ਰੱਖਣ ਵਾਲੀ ਨਹੀਂ। ਪਰ ਮੈਨੂੰ ਲੱਗਦਾ ਹੈ ਮੇਰੀ ਬੇਟੀ ਅਤੇ ਮੇਰੀ ਬੀਵੀ ਅਪਣੀ ਜ਼ਿੱਦ ਪੁਗਾ ਕੇ ਹੀ ਹਟਣਗੀਆਂ।

ਸੋ ਇਹ ਮੇਰੇ ਕੁਝ ਅਜਿਹੇ ਸ਼ੌਕ ਹਨ, ਜਿਹੜੇ ਜੀਵਨ ਭਰ ਮੈਨੂੰ ਅਨੰਦਤ ਤੇ ਰੁਮਾਂਚਿਤ ਕਰਦੇ ਰਹੇ। ਮੈਂ ਬੜੇ ਪੈਸੇ ਬਰਬਾਦ ਕੀਤੇ ਹਨ। ਚੰਗੀ ਗੱਲ ਇਹ ਹੈ ਕਿ ਮੇਰੀਆਂ ਬੱਚੀਆਂ ਅਤੇ ਮੇਰੀ ਬੇਗਮ ਨੇ ਕਦੇ ਵੀ ਮੇਰੇ ਇਨ੍ਹਾਂ ਸ਼ੌਕਾਂ ’ਤੇ ਕੋਈ ਇਤਰਾਜ਼ ਤੇ ਗੁੱਸਾ ਪ੍ਰਗਟ ਨਹੀਂ ਕੀਤਾ। ਤੁਸੀਂ ਇਹ ਗੱਲਾਂ ਪੁਛ ਲਈਆਂ, ਨਹੀਂ ਤਾਂ ਮੈਂ ਕਦੇ ਇਨ੍ਹਾਂ ਦਾ ਸ਼ਾਇਦ ਜ਼ਿਕਰ ਨਾ ਕਰਦਾ।

*? ਕੀ ਉਮਰ ਦੇ ਬੀਤਣ ਨਾਲ ਜਜ਼ਬਿਆਂ ਦੀ ਅੱਗ ਦਾ ਸੇਕ ਠੰਡਾ ਨਹੀਂ ਹੋ ਗਿਆ?*

- ਠੰਡਾ ਨਹੀਂ ਹੋਇਆ ਪਹਿਲਾਂ ਵਾਂਗ ਹੀ ਕਾਇਮ ਹੈ। ਮੇਰੇ ਹੱਥ ਕੰਮ ਨਹੀਂ ਕਰਦੇ, ਨਾੜਾਂ ਵਿਚ ਕੋਈ ਕਸਰ ਪੈ ਗਈ ਹੈ, ਉਂਜ ਵੀ ਮੈਂ Asthama, Heart ਅਤੇ Sugar ਰੋਗ ਦਾ ਮਰੀਜ਼ ਹਾਂ, ਪਰ ਜਿੰਨਾ ਕੁ ਹੋ ਸਕੇ ਕੰਮ ਕਰਦਾ ਰਹਿੰਦਾ ਹਾਂ।

*? ਤੁਸੀਂ ਅਪਣੀ ਕਾਵਿ ਪ੍ਰਾਪਤੀ ਦੀ ਗੱਲ ਪੂਰੇ ਸਵੈਮਾਣ ਨਾਲ ਕਰਦੇ ਹੋ, ਕਰਨੀ ਵੀ ਬਣਦੀ ਹੈ। ਪਰ ਕਈ ਵਾਰ ਇਹ ਸਵੈਮਾਣ ਹੱਦਾਂ ਪਾਰ ਕਰਕੇ ਆਤਮ-ਅਭਿਮਾਨ ਕਿਉਂ ਬਣਨ ਲੱਗਦਾ ਹੈ?*

- ਜਦੋਂ ਮੇਰਾ ਸਵੈਮਾਣ ਹੱਦਾਂ ਪਾਰ ਕਰੇ ਤੁਸੀਂ ਉਸ ਬਾਰੇ ਲਿਖੋ ਤਾਂ ਕਿ ਮੈਂ ਇਸਦਾ ਕਾਰਨ ਸਮਝ ਸਕਾਂ । ਉਂਜ ਵੀ ਮੈਂ ਕੋਈ ਦੇਵਤਾ ਨਹੀਂ ਸ਼ਾਇਦ ਕੁਝ ਕਜ ਮੇਰੇ ਲੇਖਾਂ ਤੇ ਕਵਿਤਾਵਾਂ ਵਿਚ ਤੁਹਾਨੂੰ ਲੱਭੇ ਹੋਣ।

**ਸਾਹਿਤ 'ਚ ਸਿਆਸਤ**

*? ਤੁਹਾਨੂੰ ਜਥੇਬੰਦਕ ਕੰਮਾਂ ਦਾ ਵੀ ਤਜਰਬਾ ਹੈ, ਤੁਸੀਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਰਹਿ ਚੁੱਕੇ ਹੋ। ਕੀ ਜਥੇਬੰਦੀਆਂ ਲੇਖਕਾਂ ਦਾ ਕੁਝ ਸਵਾਰਦੀਆਂ ਹਨ?*

- ਜਥੇਬੰਦਕ ਤਜਰਬਾ ਹੈ ਪਰ ਹੁਣ ਮੈਂ ਅਜਿਹੀਆਂ ਜਥੇਬੰਦੀਆਂ ਤੋਂ ਬਾਜ਼ ਆਇਆ। ਵਾਸਤਵ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਕਈ ਤਰ੍ਹਾਂ ਦੀਆਂ ਧੜੇਬੰਦੀਆਂ ਦਾ ਸ਼ਿਕਾਰ ਹੈ। ਇਕ ਧਿਰ ਦਾ ਦੂਜੀ ਧਿਰ ਨੂੰ ਚਿੱਤ ਕਰਨ ਦਾ ਵਿਚਾਰ ਹਰ ਵੇਲੇ ਭਾਰੀ ਰਹਿੰਦਾ ਹੈ। ਖ਼ਾਸ ਕਰਕੇ ਸੀ.ਪੀ.ਆਈ ਦਾ ਰੋਲ, ਸੀ.ਪੀ.ਆਈ. ਐਮ. ਦਾ ਰੋਲ, ਇਸ ਦੇ ਜੇਤੂ ਧੜੇ ਨੂੰ ਮਾਰਨ ਦੀਆਂ ਸਕੀਮਾਂ ਘੜਦਾ ਰਹਿੰਦਾ ਹੈ। ਖ਼ੁਦਾ ਦੂਰ ਹੀ ਰੱਖੇ ਅਜਿਹੀਆਂ ਧੜੇਬੰਦੀਆਂ ਤੋਂ।

ਜਦੋਂ ਮੈਂ ਪ੍ਰਧਾਨ ਸਾਂ ਤਾਂ ਸਾਡੇ ਜਨਰਲ ਸਕੱਤਰ ਨੇ ਹੀ ਮੇਰੀ ਹਾਜ਼ਰੀ ਵਿਚ ਦੋ ਤਿੰਨ ਵਾਰੀ ਅਸਤੀਫ਼ਾ ਦਿੱਤਾ, ਮੈਂ ਬੜੀ ਮੁਸ਼ਕਿਲ ਰੋਕਿਆ। ਉਂਜ ਵੀ ਇਸ ਵਿਚ ਪ੍ਰਧਾਨ ਬਰਾਏ ਨਾਮ ਹੀ ਹੁੰਦਾ ਹੈ। ਬਹੁਤੀ ਪਾਵਰ ਜਨਰਲ ਸਕੱਤਰ ਕੋਲ ਹੁੰਦੀ ਹੈ। ਜੋ ਅਪਣੀ ਮਰਜ਼ੀ ਦਾ ਇਸਤੇਮਾਲ ਕਰਦਾ ਰਹਿੰਦਾ ਹੈ। ਮੈਂ ਤਾਂ ਹੁਣ ਇਸ ਸਭਾ ਨੂੰ 95 ਫੀਸਦੀ ਵੋਟ ਦੇਣ ਤੋਂ ਵੀ ਗੁਰੇਜ਼ ਕਰਾਂਗਾ।

*? ਤੁਸੀਂ ਲਹਿਰਾਂ ਦੇ ਨਾਲ-ਨਾਲ ਕਦੇ ਰੁਮਾਂਟਿਕ, ਕਦੇ ਪ੍ਰਗਤੀਵਾਦੀ ਕਦੇ ਜੁਝਾਰਵਾਦੀ ਆਦਿ ਬਣਨ ਦਾ ਸਿਲਸਿਲਾ ਲਗਾਤਾਰ ਬਣਾਈ ਰੱਖਿਆ, ਤੁਹਾਡੇ ਕਈ ਸਮਕਾਲੀਆਂ ਨੇ ਤੁਹਾਡੀ ਇਸ ਰੁਚੀ ਬਾਰੇ ਤਨਜ਼ੀਆ ਲਹਿਜ਼ੇ ਵਿਚ ਵੀ ਪ੍ਰਤੀਕਰਮ ਪ੍ਰਗਟਾਏ। ਇਸ ਬਾਰੇ ਤੁਹਾਡਾ ਅਪਣਾ ਕੀ ਖ਼ਿਆਲ ਹੈ?*

- ਮੇਰੇ ਬਾਰੇ ਲੋਕ ਬਹੁਤ ਕੁਝ ਕਹਿੰਦੇ ਹਨ। ਮੈਂ ਖ਼ੁਸ਼ ਹਾਂ। ਉਹਨਾਂ ਨੂੰ ਕਹਿਣ ਦਿਓ। ਮੈਂ ਜੋ ਹਾਂ ਸੋ ਹਾਂ। ਮੈਂ ਤਾਂ ਸਮਝਦਾ ਹਾਂ ਕਿ ਮੇਰੇ ਸਮਕਾਲੀ ਮੇਰੇ ਬਾਰੇ ਕੁਝ ਵੀ ਨਹੀਂ ਕਹਿੰਦੇ ਸਗੋਂ ਮੈਨੂੰ ਇਗਨੋਰ ਕਰਕੇ ਪਛਾੜਨ ਦਾ ਯਤਨ ਕਰਦੇ ਹਨ। ਪਰ ਮੈਂ ਸਦਾ ਇਗਨੋਰਡ ਤੇ ਪਛੜੇ ਹੋਏ ਲੋਕਾਂ ਬਾਰੇ ਲਿਖਿਆ ਹੈ।

ਮੁਨੀਰ ਨਿਆਜ਼ੀ ਬੜਾ ਵਧੀਆ ਸ਼ਾਇਰ ਸੀ, ਪਰ ਉਸ ਦੀ ਟੋਟਲ ਕਵਿਤਾ ਦਾ ਵਿਸ਼ਾ ਇੱਕੋ ਥਾਂ ਖੜ੍ਹਾ ਹੈ। ਮੈਂ ਇਕ ਥਾਂ ਬੱਝੇ ਰਹਿਣਾ ਪਸੰਦ ਨਹੀਂ ਕਰਦਾ। ਵਾਸਤਵ ਵਿਚ ਮੇਰੀਆਂ ਜ਼ਿਆਦਾਤਰ ਕਵਿਤਾਵਾਂ ਮਾਰਕਸਵਾਦੀ ਹਨ। ਨਜਮ ਹੁਸੈਨ ਸੱਯਦ ਦੀਆਂ ਵੀ ਜ਼ਿਆਦਾਤਰ ਕਵਿਤਾਵਾਂ ਵਿਕਾਸਸ਼ੀਲ ਨਹੀਂ। ਚੰਗੀ ਤਰ੍ਹਾਂ ਗਹੁ ਨਾਲ ਵਾਚੋ ਤਾਂ ਹਰਭਜਨ ਸਿੰਘ ਦੀ ਕਵਿਤਾ ਇਕ ਦਾਇਰੇ ਵਿਚ ਘੁੰਮਦੀ ਹੈ।

*? ਅੱਜ ਦੇ ਦੌਰ ਦੇ ਦੋ ਪੰਜਾਬੀ ਸ਼ਾਇਰ ਅਤੇ ਗ਼ਜ਼ਲਗੋ ਹਨ-ਇਕ ਤੁਸੀਂ ਅਤੇ ਦੂਜਾ ਸੁਰਜੀਤ ਪਾਤਰ। ਪਾਤਰ ਨੇ ਅਪਣੀ ਇਕ ਮੁਲਾਕਾਤ ਵਿਚ ਕਿਹਾ ਸੀ ਕਿ ਜਗਤਾਰ ਨੂੰ ਮੇਰੇ 'ਤੇ ਐਵੇਂ ਹੀ ਗੁੱਸਾ ਆਉਂਦਾ ਰਹਿੰਦਾ ਹੈ। ਕੀ ਇਹ ਗੱਲ ਠੀਕ ਹੈ ਕਿ ਤੁਹਾਡਾ ਮਨ ਉਹਨੂੰ ਅਪਣੇ ਬਰਾਬਰ ਦਾ ਸ਼ਾਇਰ ਮੰਨਣ ਲਈ ਤਿਆਰ ਨਹੀਂ?*

- ਪਾਤਰ ਵਧੀਆ ਕਵੀ ਹੈ। ਭਲਾ ਮੈਨੂੰ ਉਹਦੇ ’ਤੇ ਗੁੱਸਾ ਕਿਉਂ ਆਵੇਗਾ। ਤੁਹਾਡਾ ਪ੍ਰਸ਼ਨ ਵੀ ਅਜੀਬ ਹੈ। ਜੇ ਮੈਂ ਉਸ ਨੂੰ ਅਪਣੇ ਬਰਾਬਰ ਦਾ ਕਵੀ ਨਾ ਵੀ ਸਮਝਾਂ ਤਾਂ ਉਸ ਨੂੰ ਕੀ ਫ਼ਰਕ ਪਵੇਗਾ? ਪਾਤਰ ਦੁਨੀਆਂ ਵਿਚ ਬੜਾ ਨਾਂ ਕਮਾ ਚੁੱਕਾ ਹੈ। ਕੀ ਤੁਸੀਂ ਦੱਸ ਸਕਦੇ ਹੋ ਜਿੰਨੀ ਚਰਚਾ ਉਸਦੀ ਹੋ ਰਹੀ ਹੈ ਜਾਂ ਹੋਈ ਹੈ ਹੋਰ ਕਿਹੜੇ ਕਵੀ ਦੀ ਹੋਈ ਹੈ।

ਪਾਤਰ ਨੂੰ ਵੀ ਅਜਿਹਾ ਸ਼ਾਇਦ ਇਸ ਲਈ ਕਹਿਣਾ ਪਿਆ ਹੋਵੇ ਕਿ ਮੇਰਾ ਉਸ ਨਾਲ ਕੋਈ ਦੋਸਤਾਂ ਵਾਲਾ ਸਬੰਧ ਨਹੀਂ, ਮੈਂ ਦੋ ਚਾਰ ਵਾਰੀ ਉਸ ਦੇ ਘਰ ਵੀ ਗਿਆ ਹਾਂ। ਉਹ ਮੇਰੀ ਬੇਟੀ ਦੇ ਵਿਆਹ ’ਤੇ ਵੀ ਆਇਆ ਸੀ। ਮੈਂ ਜੇ ਉਸਨੂੰ ਚੰਗਾ ਕਵੀ ਜਾਂ ਅਪਣੇ ਬਰਾਬਰ ਨਾ ਵੀ ਸਮਝਾਂ ਤਾਂ ਉਸ ਨੂੰ ਕੀ ਫ਼ਰਕ ਪਵੇਗਾ? ਉਹ ਵਧੀਆ ਕਵੀ ਹੈ। ਪਰ ਅੱਜ ਕੱਲ੍ਹ ਉਸਦੀ ਕਵਿਤਾ ਤੇ ਗ਼ਜ਼ਲ ਨਿਵਾਣ ਵੱਲ ਆ ਰਹੀ ਹੈ।

**ਅਕਾਦਮੀਆਂ ਦੇ ਸ਼ਰਮਨਾਕ ਇਨਾਮ**

*? ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਪੰਜਾਬੀ ਜ਼ਬਾਨ ਅਤੇ ਸਾਹਿਤ ਦੀ ਬੇਹਤਰੀ ਲਈ ਕੀ ਹਾਂ-ਮੁਖੀ ਭੂਮਿਕਾ ਰਹੀ ਹੈ?*

- ਵਿਸ਼ਵ ਪੰਜਾਬੀ ਕਾਨਫਰੰਸਾਂ ਦੀ 1990 ਤੱਕ ਚੰਗੀ ਭੂਮਿਕਾ ਰਹੀ, ਫੇਰ ਤਾਂ ਇਹ ਕੁਰਾਹੇ ਪੈ ਗਈ। ਸ਼ਾਇਦ ਇਸ ਵਾਰੀ ਇਹ ਫੇਰ ਜੀਊਂਦੀ ਹੋ ਸਕੇ। ਪਰ ਮੈਂ ਸਮਝਦਾ ਹਾਂ ਸਾਹਿਤ ਅਕਾਡਮੀ ਲੁਧਿਆਣਾ, ਸਾਹਿਤ ਤੇ ਕਲਾ ਪ੍ਰੀਸ਼ਦ ਚੰਡੀਗੜ੍ਹ ਆਦਿ ਸਭ ਸਭਾਵਾਂ ਹੁਣ ਡੁੱਬੀਆਂ ਹੀ ਪਈਆਂ ਨੇ। ਅਦੀਬਾਂ ਨੂੰ ਨਿੱਜੀ ਲਾਭ ਉਠਾਉਣ ਦੀ ਲਿਲਕ ਵਧੇਰੇ ਹੈ।

*? ਵਿਸ਼ਵ ਪੰਜਾਬੀ ਕਾਨਫਰੰਸਾਂ ਵਿਚ ਰਾਜਨੀਤਕ ਦਖ਼ਲ ਅਤੇ ਕੁਝ ਸਾਹਿਤਕ ਪਰਜੀਵੀਆਂ ਦੀ ਘੁਸਪੈਠ ਨੂੰ ਤੁਸੀਂ ਕਿਵੇਂ ਲੈਂਦੇ ਹੋ?*

ਏਸੇ ਰਾਜਨੀਤਕ ਦਖ਼ਲ ਅਤੇ ਕੁਝ ਇਕ ਸਾਹਿਤਕ ਪਰਜੀਵੀਆਂ ਤੇ ਕਿਸੇ ਹੱਦ ਤੱਕ ਵਿਸ਼ਵ ਵਿਦਿਆਲਿਆਂ, ਟੀ.ਵੀ. ਤੇ ਰੇਡੀਓ ਦੇ ਸੋ ਕਾਲਡ ਲੇਖਕਾਂ ਦੇ ਕਾਰਨ ਇਹ ਨਾਮੋਸ਼ੀ ਪੈਦਾ ਹੋਈ ਹੈ। ਅੱਜ ਦੇ ਜ਼ਿਆਦਾਤਰ ਲੇਖਕ ਇਸ ਆਪਹੁਦਰੇਪਨ ਦਾ ਸ਼ਿਕਾਰ ਹਨ। ਚੰਡੀਗੜ੍ਹ ਦੀ ਅਕਾਡਮੀ ਤੇ ਸਾਹਿਤ ਅਕਾਡਮੀ ਦਿੱਲੀ ਦੇ ਦਿੱਤੇ ਗਏ ਇਸ ਵਾਰੀ ਦੇ ਇਨਾਮ ਸ਼ਰਮਨਾਕ ਉਦਾਹਰਨਾਂ ਹਨ।

ਉਂਝ ਸਾਹਿਤ ਅਕਾਦਮੀ ਦਾ ਐਵਾਰਡ ਇਸ ਵਾਰੀ ਹੀ ਏਨੀ ਨੀਵੀਂ ਪੱਧਰ ਦੇ ਲੇਖਕ ਨੂੰ ਨਹੀਂ ਮਿਲਿਆ। ਪਹਿਲਾਂ ਵੀ ਸੁਖਪਾਲਵੀਰ ਹਸਰਤ, ਡਾ. ਵਿਸ਼ਵਨਾਥ ਤਿਵਾੜੀ ਆਦਿ ਨੂੰ ਮਿਲਦੇ ਰਹੇ ਹਨ।

*? ਪੰਜਾਬੀ ਵਿਚ ਦਿਨੋਂ ਦਿਨ ਫੈਲਦਾ ਜਾ ਰਿਹਾ ਰੂ-ਬ-ਰੂਆਂ, ਘੁੰਡ ਚੁਕਾਈਆਂ ਦਾ ਚੱਕਰ ਜੋ ਠੱਲ੍ਹਣ ਦਾ ਨਾਂ ਨਹੀਂ ਲੈ ਰਿਹਾ ਹੈ, ਤੁਹਾਨੂੰ ਚੰਗਾ ਲੱਗਦਾ ਹੈ?*

- ਪੰਜਾਬੀ ਵਿਚ ਰੂਬਰੂ ਜਾਂ ਸਾਹਿਤਕ ਇਨਾਮਾਂ ਲਈ ਦੌੜ ਤੇ ਘੁੰਡ ਚੁਕਾਈਆਂ ਦਾ ਚੱਕਰ ਬਿਲਕੁਲ ਪਸੰਦ ਨਹੀਂ ਪਰ ਕਈ ਵਾਰੀ ਕਈਆਂ ਫੰਕਸ਼ਨਾਂ ਵਿਚ ਬੰਦਾ ਫਸ ਜਾਂਦਾ ਹੈ, ਉਸ ਨੂੰ ਪਤਾ ਨਹੀਂ ਹੁੰਦਾ ਕਿ ਉੱਥੇ ਘੁੰਡ ਚੁਕਾਈ ਦੀ ਰਸਮ ਵੀ ਹੋਵੇਗੀ। ਪਰ ਉੱਚ ਪਾਏ ਦੇ ਲੇਖਕਾਂ ਬਾਰੇ ਸੰਜੀਦਗੀ ਨਾਲ ਗੋਸ਼ਟੀ ਕਰਨੀ ਬੁਰੀ ਨਹੀਂ। ਏਸ ਤਰ੍ਹਾਂ ਰੂਬਰੂ ਵੀ ਸਾਹਿਤ ਵਿਚ ਬੜਾ ਕੰਮ ਕਰ ਚੁੱਕੇ ਅਦੀਬਾਂ ਬਾਰੇ ਕਰਨਾ, ਕਰਵਾਉਣਾ ਬੁਰੀ ਗੱਲ ਨਹੀਂ। ਇਸ ਤਰ੍ਹਾਂ ਲੇਖਕ ਬਾਰੇ ਕਾਫ਼ੀ ਗਿਆਨ ਪ੍ਰਾਪਤ ਹੋ ਜਾਂਦਾ ਹੈ ਤੇ ਸਾਹਿਤਕਾਰ ਨੂੰ ਅਪਣੀਆਂ ਊਣਤਾਈਆਂ ਦਾ ਪਤਾ ਲੱਗ ਜਾਂਦਾ ਹੈ, ਪਰ ਅੱਜ ਕੱਲ੍ਹ ਜੋ ਰੂਬਰੂ ਅਨਾੜੀਆਂ ਬਾਰੇ ਹੋ ਰਹੇ ਹਨ, ਮੈਂ ਉਹਨਾਂ ਦਾ ਵਿਰੋਧੀ ਹਾਂ। ਸਾਡੇ 80 ਪ੍ਰਤੀਸ਼ਤ ਲੇਖਕ ਜਾਣਦੇ ਹਨ ਕਿ ਪ੍ਰੋਗਰਾਮਾਂ ਪਿੱਛੋਂ ਪੀਣ ਪਲਾਉਣ ਦਾ ਦੌਰ ਵੀ ਚੱਲੇਗਾ, ਸੋ ਲੇਖਕ ਜਮ੍ਹਾਂ ਹੋ ਜਾਂਦੇ ਹਨ। ਪਿੱਛੋਂ ਕਦੇ ਉਸ ਲੇਖਕ ਦੀ ਗੱਲ ਵੀ ਨਹੀਂ ਕਰਦੇ।

*? ਸਰਕਾਰੀ ਅਤੇ ਗੈਰ ਸਰਕਾਰੀ ਸਾਹਿਤਕ ਇਨਾਮਾਂ ਦੀ ਦੌੜ ਜੋ ਅਪਰਾਧੀਕਰਨ ਤੱਕ ਪਹੁੰਚ ਚੁੱਕੀ ਹੈ, ਤੁਹਾਨੂੰ ਪਸੰਦ ਹੈ? ਜੇ ਨਹੀਂ ਤਾਂ ਇਹਦਾ ਕੀ ਇਲਾਜ ਕੀਤਾ ਜਾਵੇ?*

- ਇਹ ਬੀਮਾਰੀ ਅਜੇ ਵਧੇਗੀ। ਮੈਂ ਇਸ ਦਾ ਕੀ ਇਲਾਜ ਕਰਾਂ ਜਾਂ ਦੱਸਾਂ? ਨਾ ਮੈਂ ਇਸ ਬਿਮਾਰੀ ਦਾ ਸ਼ਿਕਾਰ ਹਾਂ ਨਾ ਮੇਰੇ ਪਾਸ ਕੋਈ ਇਲਾਜ ਹੈ। ਪਰ ਫੋਕੀਆਂ ਪੁਸਤਕਾਂ ਬਾਰੇ ਤਾਰੀਫ਼ੀ ਭਾਸ਼ਣ ਲੇਖਕ ਨੂੰ ਦੋ ਚਾਰ ਦਿਨ ਲਈ ਖ਼ੁਸ਼ ਜ਼ਰੂਰ ਕਰ ਜਾਂਦੇ ਹਨ।

*? ਕੀ ਤੁਸੀਂ ਖ਼ੁਦ ਕਦੇ ਕਿਸੇ ਇਨਾਮ ਲਈ ਨੱਠ ਭੱਜ ਕੀਤੀ ਹੈ?*

- ਮੈਂ ਤਾਂ ਕੋਸ਼ਿਸ਼ ਕਰਨ ਵਾਲਿਆਂ ਦੇ ਸਿਰ ਖੇਹ ਵੀ ਨਹੀਂ ਪਾਉਂਦਾ। ਇਕ ਵਾਰੀ ਮੈਂ ਭਾਸ਼ਾ ਵਿਭਾਗ ਦੇ ਕਾਵਿ ਇਨਾਮ ਲਈ ਇਕ ਸ਼ਾਇਰ ਦੀ ਸਿਫ਼ਾਰਸ਼ ਕਰ ਬੈਠਾ ਸੀ, ਹਾਲੇ ਤੱਕ ਪਛਤਾ ਰਿਹਾ ਹਾਂ। ਇਕ ਸੇਅਰ ਸੁਣੋ-

ਟਾਟਾਂ ਨੂੰ ਵੀ ਜਦ ਤਰਸੇ ਕਬੀਲਾ ਮੇਰਾ,<br>
ਸਨਮਾਨ 'ਚ ਕੀ ਕਰਨੈ, ਦੁਸ਼ਾਲਾ ਲੈ ਕੇ।

*? ਵਿਦੇਸ਼ੀ ਲੇਖਕਾਂ ਅਤੇ ਵਿਦੇਸ਼ੀ ਪੈਸੇ ਦੀ ਘੁਸਪੈਠ ਬਾਰੇ ਕੀ ਕਹੋਗੇ?*

ਵਿਦੇਸ਼ੀ ਸਾਹਿਤਕਾਰਾਂ ਵਿਚ ਦਰਜਨਾਂ ਸ਼ਾਇਰ, ਕਹਾਣੀਕਾਰ, ਨਾਵਲਿਸਟ ਆਦਿ ਜ਼ਰੂਰ ਹਨ। ਪਰ ਮੈਨੂੰ 8/10 ਲੇਖਕ ਹੀ ਚੰਗੇ ਲੱਗੇ ਹਨ। ਕੂੜ ਕਬਾੜ ਜ਼ਿਆਦਾ ਹੈ। ਉਨ੍ਹਾਂ ਵਿਚੋਂ ਚੰਗੇ ਲੇਖਕ ਵੀ ਪੈਸੇ ਦੇ ਕੇ ਪੁਸਤਕਾਂ ਛਪਵਾਉਂਦੇ ਤੇ ਉਨ੍ਹਾਂ ਪੁਸਤਕਾਂ ਬਾਰੇ ਗੋਸ਼ਟੀਆਂ ਕਰਵਾਉਂਦੇ ਹਨ। ਕਈ ਪੁਸਤਕਾਂ ਛਾਪਣ ਵਾਲਿਆਂ ਦਾ ਕਾਰੋਬਾਰ ਉਨ੍ਹਾਂ ਦੇ ਸਿਰ ’ਤੇ ਹੀ ਚੱਲ ਰਿਹਾ ਹੈ ਅਤੇ ਅਜਿਹੇ ਪਬਲਿਸ਼ਰ 100 ਸਫ਼ੇ ਦੀ ਪੁਸਤਕ ਦੇ 500 ਡਾਲਰ ਤੱਕ ਵਸੂਲ ਕਰਕੇ ਤਿੰਨ ਜਾਂ ਚਾਰ ਸੌ ਪੁਸਤਕਾਂ ਹੀ ਛਾਪਦੇ ਹਨ।

ਕਾਲਜਾਂ, ਸਰਕਾਰੀ ਇਦਾਰਿਆਂ ਤੇ ਸਕੂਲਾਂ ਵਿਚ ਪੁਸਤਕਾਂ ਭੇਜਣ ਵਾਲੇ ਪਬਲਿਸ਼ਰ 25 ਪ੍ਰਤੀਸ਼ਤ ਲਾਇਬ੍ਰੇਰੀਆਂ ਵਾਲਿਆਂ ਨੂੰ ਰਿਸ਼ਵਤ ਦੇ ਕੇ 25 ਪ੍ਰਤੀਸ਼ਤ ਆਪ ਹਜ਼ਮ ਕਰ ਜਾਂਦੇ ਹਨ। ਪਰ 15 ਪ੍ਰਤੀਸ਼ਤ ਰਾਇਲਟੀ ਦਾ ਲੇਖਕਾਂ ਨਾਲ ਇਕਰਾਰਨਾਮਾ ਲਿਖ ਕੇ ਵੀ ਪੈਸੇ ਨਹੀਂ ਦਿੰਦੇ।

ਮੈਂ ਸਾਰੀ ਉਮਰ ਲੁੱਟ ਹੁੰਦਾ ਰਿਹਾ ਹਾਂ ਪਰ ਹੁਣ ਲੋਕ ਗੀਤ ਪ੍ਰਕਾਸ਼ਨ ਵਾਲੇ ਮੈਨੂੰ ਪੈਸੇ ਦੇ ਰਹੇ ਹਨ। ਵੇਖੀਏ ਕਦੋਂ ਤੱਕ ਨਿਭੇ। ਪਰ ਕਈ ਲੇਖਕ ਖ਼ੂਬ ਪੈਸੇ ਵੀ ਕਮਾ ਰਹੇ ਹਨ, ਪਰ ਉਹਨਾਂ ਦੀ ਗਿਣਤੀ ਪੂਰੀ ਦੁਨੀਆਂ ਵਿਚ 15 ਜਾਂ 20 ਦੇ ਕਰੀਬ ਹੀ ਹੈ।

*? ਪੰਜਾਬੀ ਵਿਚ ਨਾਰੀ ਲੇਖਨ ਦੀ ਸਥਿਤੀ ਕੀ ਹੈ?*

- ਨਾਰੀ ਲੇਖਕਾਵਾਂ ਵਿਚ ਮੈਂ ਸਿਰਫ਼ ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਸੁਖਵੰਤ ਕੌਰ ਮਾਨ ਅਤੇ ਸੁਰਜੀਤ ਸਖੀ ਨੂੰ ਹੀ ਪੜ੍ਹਿਆ ਹੈ। ਇਨ੍ਹਾਂ ਕਰਕੇ ਹੀ ਪੰਜਾਬੀ ਸਾਹਿਤ ਵਿਚ ਵਾਰਤਿਕ ਦੀ ਵੀ ਗੱਲ ਤੁਰਦੀ ਹੈ। ਬਾਕੀ ਮੈਂ ਕਦੇ ਕਿਸੇ ਬੀਬੀ ਨੂੰ ਨਹੀਂ ਪੜ੍ਹਿਆ। ਮੇਰੀ ਕਿਸੇ ਨਾਲ ਵਿਰੋਧਤਾ ਨਹੀਂ। ਸ਼ਾਇਦ ਹੋਰ ਵੀ ਹੋਣ, ਪਤਾ ਨਹੀਂ।

*? ਤੁਹਾਡੀਆਂ ਵੀ ਕੁਝ ਕਵਿਤਰੀਆਂ ਸ਼ਾਗਿਰਦ ਹਨ, ਕੀ ਤੁਸੀਂ ਵੀ ਉਹਨਾਂ ਨੂੰ ਸਥਾਪਤੀ ਲਈ ਗਰੇਸ ਅੰਕ ਦਿੰਦੇ ਹੋ ਜਿਵੇਂ ਕਿ ਕੁਝ ਵੱਡੇ ਸ਼ਾਇਰ ਕਰ ਰਹੇ ਹਨ?*

- ਤੁਹਾਨੂੰ ਕਿਸ ਨੇ ਕਿਹਾ ਕਿ ਕੁਝ ਕਵਿਤਰੀਆਂ ਮੇਰੀਆਂ ਸ਼ਾਗਿਰਦ ਹਨ। ਮੈਂ ਤਾਂ ਸ਼ਾਇਦ ਕਦੇ ਕਿਸੇ ਭਾਰਤੀ ਪੰਜਾਬੀ ਲੇਖਕਾ ਨੂੰ ਉਸਦੇ ਘਰ ਜਾ ਕੇ ਮਿਲਿਆ ਵੀ ਨਾ ਹੋਵਾਂ ਜਾਂ ਕੋਈ ਮੇਰੇ ਘਰ ਆਈ ਹੋਵੇ। ਸੁਰਜੀਤ ਸਖੀ ਦੀਆਂ ਗ਼ਜ਼ਲਾਂ ਦੀ ਪੁਸਤਕ ਦਾ ਮੁਖਬੰਧ ਜ਼ਰੂਰ ਲਿਖਿਆ ਹੈ, ਉਹ ਡਿਜ਼ਰਵ ਵੀ ਕਰਦੀ ਹੈ। ਪਰ ਮੇਰੀ ਕੋਈ ਲੇਖਕਾ ਸ਼ਾਗਿਰਦ ਨਹੀਂ।

*? ਕੀ ਤੁਸੀਂ ਛੰਦਾ ਬੰਦੀ ਜਾਂ ਅਰੂਜ਼ ਬਾਰੇ ਕਦੀ ਕੋਈ ਕਿਤਾਬ ਲਿਖਣ ਦੀ ਨਹੀਂ ਸੋਚੀ?*

- ਕੋਸ਼ਿਸ਼ ਕੀ ਕਰਾਂ ਤੁਹਾਡਾ ਅਪਣਾ ਹੀ ਇਕ ਸਵਾਲ ਹੈ ਕਿ ਨਵੇਂ ਕਵੀ ਸਮਝਦੇ ਹਨ ਕਿ ਅਰੂਜ਼ ਦੀ ਹੁਣ ਕੋਈ ਲੋੜ ਨਹੀਂ। ਉਂਜ ਵੀ 80 ਪ੍ਰਤੀਸ਼ਤ ਸ਼ਾਇਰ ਨਾ ਅਰੂਜ਼ ਜਾਣਦੇ ਹਨ ਨਾ ਉਹਨਾਂ ਨੂੰ ਲੋੜ ਹੈ। ਪੰਜਾਬੀ ਦੇ ਸ਼ਾਇਰ ਅਕਸਰ ਵਾਰਤਿਕ-ਨੁਮਾ ਕਵਿਤਾ ਲਿਖ ਰਹੇ ਹਨ, ਸੋ ਉਹਨਾਂ ਨੂੰ ਅਰੂਜ਼ ਜਾਨਣ ਦੀ ਕੀ ਲੋੜ ਹੈ? ਕੀ ਤੁਸੀਂ ਕੋਈ ਅਰੂਜ਼ ਦੀ ਪੁਸਤਕ ਪੜ੍ਹੀ ਹੈ? ਜੇ ਪੜ੍ਹੀ ਹੈ ਤਾਂ ਇਹ ਵੀ ਜਾਣਦੇ ਹੋਵੋਗੇ ਕਿ ਅਰੂਜ਼ ਫਾਰਸੀ ਭਾਸ਼ਾ ਦੇ ਗਿਆਨ ਬਗੈਰ ਨਹੀਂ ਲਿਖਿਆ ਜਾ ਸਕਦਾ। ਸਾਡੇ ਅੱਜ ਦੇ 80 ਪ੍ਰਤੀਸ਼ਤ ਕਵੀ ਨਾ ਅਰੂਜ਼ ਤੋਂ ਜਾਣੂ ਹਨ ਨਾ ਪਿੰਗਲ ਤੋਂ। ਅੱਜ ਦੇ ਦੌਰ ਵਿਚ ਵਿਰਲੇ ਵਾਂਝੇ ਹੀ ਅਰੂਜ਼ ਆਦਿ ਦੀਆਂ ਪੁਸਤਕਾਂ ਪੜ੍ਹਦੇ ਹਨ।

**ਆਪੋ ਅਪਣੇ ਰੱਬ**

*? ਕੀ ਤੁਹਾਨੂੰ ਰੱਬ ਦੀ ਹੋਂਦ ’ਤੇ ਯਕੀਨ ਹੈ ਜਾਂ ਉਹਨਾਂ ਅਲੋਕਾਰ ਵਰਤਾਰਿਆਂ ’ਤੇ ਜਿਨ੍ਹਾਂ ਦੀ ਸਮਝ ਮਨੁੱਖ ਨੂੰ ਕਦੀ ਨਹੀਂ ਪੈਂਦੀ?*

- ਰੱਬ ਦੀ ਹੋਂਦ ਉੱਤੇ ਮੈਨੂੰ ਕੋਈ ਪੱਕਾ ਵਿਸ਼ਵਾਸ ਨਹੀਂ, ਪਰ ਸਾਡੇ ਘਰ ਵਿਚ ਬੜਾ ਵਿਸ਼ਵਾਸ ਹੈ। ਮੇਰਾ ਵਿਸ਼ਵਾਸ ਕੁਦਰਤ ਤੇ ਨੇਕ ਇਨਸਾਨਾਂ ’ਤੇ ਹੈ। ਰੱਬ ਦੀ ਹੋਂਦ ਤੇ ਅਣਹੋਂਦ ਬਾਰੇ ਬੜਾ ਪੜ੍ਹਿਆ ਹੈ, ਪਰ ਨਿਰਾਸ਼ਾ ਹੀ ਪੱਲੇ ਪਈ ਹੈ

*? ਦੇਵਿੰਦਰ ਸਤਿਆਰਥੀ ਨੇ ਤੁਹਾਡੀ ਪੁਸਤਕ 'ਦੁੱਧ ਪਥਰੀ’ ਦੇ ਆਰੰਭ ਵਿਚ ਲਿਖਿਆ ਹੈ-'ਕਵਿਤਾ ਲਈ ਜਿਸ ਸੂਖ਼ਮ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ, ਉਹਦੀ ਦਾਤ ਜਗਤਾਰ ਨੂੰ ਰੱਬੋਂ ਮਿਲੀ ਹੈ।’ ਕੀ ਤੁਸੀਂ ਇਹਦੇ ਨਾਲ ਸਹਿਮਤ ਹੋ?’*

- ਦੇਵਿੰਦਰ ਸਤਿਆਰਥੀ ਦਾ ਰੱਬ ਬਾਰੇ ਭਰੋਸਾ ਸੀ ਜਾਂ ਨਹੀਂ, ਮੈਨੂੰ ਨਹੀਂ ਪਤਾ। ਦਰਸਅਸਲ ਰੱਬ ਇਕ ਅਜਿਹਾ ਜੀਵਤ ਮੁਹਾਵਰਾ ਹੈ ਜਿਸਦੀ ਵਰਤੋਂ ਸੁਤੇ ਸਿਧ ਵੀ ਹੋ ਜਾਂਦੀ ਹੈ। ਮੈਨੂੰ ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੀ ਇਹ ਸਤਰ ਬੜੀ ਟੁੰਬਦੀ ਹੈ। 'ਰੱਬ ਇਕ ਗੁੰਝਲਦਾਰ ਬੁਝਾਰਤ, ਰੱਬ ਇਕ ਗੋਰਖ ਧੰਦਾ।’

*? ਇਕ ਸੰਪਾਦਕ ਦੇ ਤੌਰ 'ਤੇ "ਕਲਾ ਸਿਰਜਕ" ਕੱਢਣ ਦਾ ਤਜਰਬਾ ਕਿਹੋ ਜਿਹਾ ਰਿਹਾ?*

- ਮੈਂ ਜਦੋਂ ਪਰਚਾ ਕੱਢਿਆ ਸੀ ਉਸ ਸਮੇਂ ਮਾਹੌਲ ਅੱਜ ਨਾਲੋਂ ਵਖਰਾ ਸੀ। ਉਸ ਵੇਲੇ ਹਰ ਪਰਚੇ ਵਿਚ ਕਹਾਣੀਆਂ, ਕਵਿਤਾਵਾਂ ਤੇ ਕੁਝ ਇਕ ਪੁਸਤਕਾਂ ਦੇ ਰਿਵੀਉ ਹੀ ਛਪਦੇ ਸਨ। ਕਈ ਚੰਗੇ ਪਰਚੇ ਬੰਦ ਹੋ ਜਾਣ ਕਾਰਨ ਇਹ ਬੀੜਾ ਚੁੱਕਿਆ ਸੀ। ਮੇਰੇ ਪਰਚੇ ਵਿਚ ਸਿਰਫ਼ ਕਹਾਣੀਆਂ ਤੇ ਕਵਿਤਾਵਾਂ ਹੀ ਨਹੀਂ ਹੁੰਦੀਆਂ। ਹੋਰ ਵੀ ਬੜਾ ਕੁਝ ਹੁੰਦਾ ਹੈ।

ਪਰ ਬੀਮਾਰੀ ਨੇ ਮੇਰਾ ਖ਼ਾਬ ਪੂਰਨ ਰੂਪ ਵਿਚ ਪੂਰਾ ਨਹੀਂ ਹੋਣ ਦਿੱਤਾ। ਤੁਹਾਡਾ ਪਰਚਾ ਹੀ ਹੁਣ ਚੰਗਾ ਲਗਦਾ ਹੈ ਭਾਵੇਂ ਉਸ ਵਿਚ ਵੀ ਅਜੇ ਸੁਧਾਈ ਦੀ ਲੋੜ ਹੈ।

*? ਜ਼ਿੰਦਗੀ ਵਿਚ ਕਦੇ ਸੰਤੁਸ਼ਟਤਾ ਦਾ ਅਹਿਸਾਸ ਵੀ ਹੋਇਆ?*

- ਆਦਮੀ ਦੇ ਜੀਵਨ ਵਿਚ ਖੁਸ਼ੀ ਗ਼ਮੀ, ਉਦਰੇਵਾਂ, ਉਦਾਸੀ, ਜਿੱਤ-ਹਾਰ, ਸੰਤੁਸ਼ਟਤਾ ਤੇ ਅਸੰਤੁਸ਼ਟਤਾ ਜ਼ਰੂਰੀ ਅੰਗ ਹਨ। ਸੋ ਮੈਂ ਇਹਨਾਂ ਦੋਹਾਂ ਸੂਰਤਾਂ ਨੂੰ ਮੰਨਦਾ ਹਾਂ, ਪਰ ਅਸੰਤੁਸ਼ਟਤਾ ਵਿਚ ਕਦੇ ਦਿਲ ਨਹੀਂ ਛੱਡਿਆ। ਇਹ ਦੋਵੇਂ ਵਿਚਾਰ ਨਾਲ-ਨਾਲ ਚਲਦੇ ਹਨ ਤੇ ਇਹਨਾਂ ਦੁਆਰਾ ਹੀ ਜੀਵਨ ਪ੍ਰਗਤੀ ਕਰਦਾ ਹੈ। ਜ਼ਿੰਦਗੀ ਸਮੁੰਦਰ ਦੇ ਦੋ ਕਿਨਾਰਿਆਂ ਵਾਂਗ ਸੰਤੁਸ਼ਟਤਾ ਤੇ ਅਸੰਤੁਸ਼ਟਤਾ ਵਿਚਕਾਰ ਝੂਲਦੀ ਹੈ।

*? ਤੁਹਾਡੇ ਖ਼ਿਆਲ ਵਿਚ ਆਲੋਚਕਾਂ ਨੇ ਪੰਜਾਬੀ ਕਵਿਤਾ ਦਾ ਕੁਝ ਸੰਵਾਰਿਆ?*

- ਪੰਜਾਬੀ ਆਲੋਚਕਾਂ ਨੇ 1980 ਤੱਕ ਪੰਜਾਬੀ ਵਿਚ ਸੁਹਿਰਦਤਾ ਨਾਲ ਕੰਮ ਕੀਤਾ ਹੈ, ਪਿੱਛੋਂ ਜਾ ਕੇ ਨਾਮ ਮਾਤਰ ਲੇਖਕ ਤੇ ਆਲੋਚਕ ਹੀ ਸੁਹਿਰਦ ਨਜ਼ਰ ਆਉਂਦੇ ਹਨ। ਕਾਰਨ ਸਾਫ਼ ਹੈ ਕਿ ਹਰ ਆਦਮੀ ਅੱਜ ਅਪਣੇ ਆਪ ਨੂੰ ਆਲੋਚਕ ਸਮਝਦਾ ਹੈ। ਆਲੋਚਕ ਪੰਜਾਬੀ ਸਾਹਿਤ ਨੂੰ ਕੁਝ ਚਿਰ ਲਈ ਗੁੰਮਰਾਹ ਤਾਂ ਕਰ ਸਕਦੇ ਹਨ, ਪਰ ਸਾਹਿਤ ਦਾ ਕੁਝ ਵਿਗਾੜ ਨਹੀਂ ਸਕਦੇ। ਉਂਜ ਕੁਝ ਚੰਗੇ ਆਲੋਚਕ ਵੀ ਹਨ।

**ਸੈਰ ਦੀ ਇੱਛਾ**

*? ਰੱਬ ਕਰੇ ਇਹ ਛੇਤੀ ਨਾ ਆਉਣ ਪਰ ਤੁਹਾਡੀਆਂ ਆਖਰੀ ਪਲਾਂ ਦੀਆਂ ਖਾਹਿਸ਼ਾਂ ਕਿਹੋ ਜਿਹੀਆਂ ਹਨ?*

- ਮੈਂ ਇਸ ਦਾ ਕੀ ਜਵਾਬ ਦਿਆਂ? ਅਗਰ ਹਿਯਾਤ ਰਹੀ ਤਾਂ ਇਕ ਸਫ਼ਰਨਾਮਾ, ਸਵੈ ਜੀਵਨੀ ਲਿਖਣ ਤੋਂ ਬਿਨਾ ਤਾਸ਼ਕੰਦ, ਸਰਮਕੰਦ, ਬੁਖ਼ਾਰਾ ਤੇ ਰੂਸ ਵੇਖਣ ਦੀ ਇੱਛਾ ਹੈ। ਸੁਖਵਿੰਦਰ ਕੰਬੋਜ ਤੇ ਕੁਲਵਿੰਦਰ (U.S.A.) ਦਾ ਵਾਅਦਾ ਹੈ ਕਿ ਜੇ ਵੀਜ਼ਾ ਮਿਲ ਗਿਆ ਤਾਂ ਇਹ ਵੀ ਦਿਖਾ ਦਿਆਂਗੇ। ਯੂਰਪ ਦੇ ਬਹੁਤ ਸਾਰੇ ਮੁਲਕ ਮੈਨੂੰ ਮੁਸ਼ਤਾਕ ਸਿੰਘ ਤੇ ਸੰਤੋਖ ਨੇ ਵਿਖਾ ਦਿੱਤੇ ਸਨ।

ਵੈਸੇ ਤਾਂ ਬਕੌਲ ਗ਼ਾਲਿਬ

ਖਾਹਸ਼ੇਂ ਇਤਨੀ ਕਿ ਹਰ ਖ਼ਾਹਿਸ਼ ਪੈ ਦਮ ਨਿਕਲੇ<br>
ਬਹੁਤ ਨਿਕਲੇ ਮਿਰੇ ਅਰਮਾਨ ਲੇਕਿਨ ਫਿਰ ਭੀ ਕਮ ਨਿਕਲੇ



*ਰਾਮ ਸਰੂਪ ਅਣਖੀ ਦਾ ਸ਼ੁਮਾਰ ਕਲਮ ਦੇ ਕੁਝ ਚੋਣਵੇਂ ਅਣਥੱਕ ਸਾਧਕਾਂ ਵਿਚ ਹੁੰਦਾ ਰਿਹਾ ਹੈ। ਉਹਦੇ ਜੀਵਨ ਵਿਚ ਅਨੇਕਾਂ ਉਤਰਾਅ ਵੀ ਆਏ ਤੇ ਚੜ੍ਹਾਅ ਵੀ ਪਰ ਉਹਦੀ ਲੇਖਣੀ ਵਿਚ ਚੜ੍ਹਾਅ ਹੀ ਚੜ੍ਹਾਅ ਰਹੇ। ਅਪਣੀਆਂ ਲਿਖਤਾਂ 'ਚ ਇਕ ਵਾਰ ਉਹ ਜਿੱਧਰ ਨੂੰ ਹੋਇਆ, ਉਹਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਦਰਅਸਲ, ਮਲਵਈ ਜੀਵਨ ਯਥਾਰਥ 'ਤੇ ਲਿਖੇ ਸ਼ਾਹਕਾਰ ਨਾਵਲ 'ਕੋਠੇ ਖੜਕ ਸਿੰਘ' ਪਿੱਛੇ ਵੀ ਇਹੋ ਰਾਜ਼ ਹੈ। ਕਵਿਤਾ ਦੀਆਂ ਮੁਢਲੀਆਂ ਚਾਰ-ਪੰਜ ਪੁਸਤਕਾਂ ਉਪਰੰਤ ਰਾਮ ਸਰੂਪ ਅਣਖੀ ਨੇ ਅਪਣੀ ਕੁਲ ਸਿਰਜਣਾਤਮਿਕ ਸ਼ਕਤੀ ਗਲਪ ਸਿਰਜਣਾ 'ਚ ਲਗਾ ਦਿੱਤੀ ਜਿਸ ਸਦਕਾ ਉਸ ਨੇ ਬਾਰਾਂ ਕਹਾਣੀ ਸੰਗ੍ਰਿਹ, ਪੰਦਰਾਂ ਨਾਵਲ, ਦੋ ਸਵੈ-ਜੀਵਨੀਆਂ, ਤਿੰਨ ਲੇਖਕਾਂ ਦੀਆਂ ਪਤਨੀਆਂ ਨਾਲ ਮੁਲਾਕਾਤਾਂ ਦੀਆਂ ਪੁਸਤਕਾਂ , ਮਰਹੂਮ ਦੋਸਤਾਂ ਦੇ ਰੇਖਾ ਚਿੱਤਰਾਂ ਤੇ ਮਹਾਪੁਰਸ਼ਾਂ ਦੀਆਂ ਜੀਵਨੀਆਂ ਦੀ ਇਕ-ਇਕ ਪੁਸਤਕ ਲਿਖਕੇ ਪੰਜਾਬੀ ਸਾਹਿਤ ਸਿਰਜਣਾ 'ਚ ਭਰਪੂਰ ਯੋਗਦਾਨ ਪਾਇਆ। ਉਹਦੀ ਵਿਲੱਖਣ ਕਥਾ-ਸ਼ੈਲੀ ਕਾਰਨ ਉਹਦੀਆਂ ਗ਼ੈਰ-ਗਲਪੀ ਲਿਖਤਾਂ ਵੀ ਗਲਪ ਰਚਨਾਵਾਂ ਵਾਲੀ ਉਤਸੁਕਤਾ ਨਾਲ ਹੀ ਪੜ੍ਹੀਆਂ ਜਾਂਦੀਆਂ ਹਨ। ਅਪਣੇ ਸ਼ੁਰੂਆਤੀ ਦੌਰ ਦੀਆਂ ਕਹਾਣੀਆਂ 'ਤੇ ਲੱਗੇ ਅਸ਼ਲੀਲਤਾ ਦੇ ਦੋਸ਼ਾਂ ਨੂੰ ਅਣਖੀ ਨੇ ਛੇਤੀ ਹੀ ਧੋ ਦਿੱਤਾ। ਸਾਹਿਤ ਵਿਚ ਕਾਮੁਕਤਾ ਨੂੰ ਇਕਪਾਸੜ ਰੂਪ ਵਿਚ ਉਭਾਰ ਕੇ ਪੇਸ਼ ਕਰਨ ਦੀ ਰੁਚੀ ਦਾ ਤਿਆਗ ਕਰਕੇ ਉਹਦੇ ਜੀਵਨ ਯਥਾਰਥ ਨੂੰ ਸਮੱਗਰ ਰੂਪ ਵਿਚ ਬਦਲਦੇ ਸਰੋਕਾਰਾਂ ਸਹਿਤ ਪੇਸ਼ ਕਰਨ ਦਾ ਜ਼ੋਰਦਾਰ ਯਤਨ ਕਰਨ ਦੇ ਫਲਸਰੂਪ ਅੱਜ ਅਸੀਂ ਰਾਮ ਸਰੂਪ ਅਣਖੀ ਨੂੰ ਪੰਜਾਬੀ ਦੇ ਪ੍ਰਤੀਨਿਧ ਯਥਾਰਥਵਾਦੀ ਲੇਖਕ ਵਜੋਂ ਜਾਣਦੇ ਪਛਾਣਦੇ ਹਾਂ।*

**ਲੇਖਕ ਅਤੇ ਚਮਤਕਾਰ**

*? ਅਣਖੀ ਜੀ ਤੁਸੀਂ ਆਮ ਕਹਿੰਦੇ ਹੋ ਕਿ ਮੈਂ ਮਹਿਨਤੀ ਬਹੁਤ ਹਾਂ ਪਰ ਚਮਤਕਾਰੀ ਨਹੀਂ। ਲੇਖਕਾਂ ਵਿੱਚ ਕੋਈ ਚਮਤਕਾਰੀ ਹੁੰਦਾ ਵੀ ਹੈ ਭਲਾ?*

– ਹਾਂ, ਪੰਜਾਬੀ ਸਾਹਿਤ ਵਿਚ ਕਈ ਅਜਿਹੇ ਚਮਤਕਾਰੀ ਲੇਖਕ ਹੋਏ ਹਨ। ਮਸਲਨ, ਪ੍ਰੋ. ਪੂਰਨ ਸਿੰਘ ਨੇ ਬਹੁਤ ਥੋੜ੍ਹੀ ਕਵਿਤਾ ਲਿਖੀ, ਪਰ ਥੋੜ੍ਹੇ ਸਮੇਂ ਵਿਚ ਜਿੰਨੀ ਵੀ ਲਿਖੀ, ਉਹਦੀਆਂ ਪੰਕਤੀਆਂ ਹੁਣ ਤੱਕ ਲੋਕਾਂ ਦੀ ਜ਼ੁਬਾਨ ਉੱਤੇ ਹਨ। ਸਾਡੇ ਸਮਿਆਂ ਵਿਚ ਸ਼ਿਵ ਕੁਮਾਰ ਨੂੰ ਅੱਜ ਵੀ ਗਾਇਆ ਜਾਂਦਾ ਹੈ। ਉਹ ਮਹਿਫਲ ਵਿਚ ਆਇਆ ਤੇ ਬੱਸ ਛਾ ਗਿਆ। ਇਵੇਂ ਹੀ ਸੁਰਜੀਤ ਪਾਤਰ ਇਕ ਦਮ ਉੱਭਰ ਕੇ ਸਾਹਮਣੇ ਆਇਆ ਸੀ। ਉਹਨੇ ਬਹੁਤ ਥੋੜ੍ਹਾ ਲਿਖਿਆ, ਪਰ ਚਮਤਕਾਰੀ ਲਿਖਿਆ। ਸਾਡੇ ਇਲਾਕੇ ਵਿਚ ਸੰਤ ਰਾਮ ਉਦਾਸੀ ਦੇ ਗੀਤ ਅੱਜ ਵੀ ਕਾਲਜਾਂ ਦੀਆਂ ਸਟੇਜਾਂ ਉੱਤੇ ਪੇਸ਼ ਹੁੰਦੇ ਨੇ। ਜਿਉਂ-ਜਿਉਂ ਸਮਾਂ ਗੁਜ਼ਰਦਾ ਜਾ ਰਿਹਾ ਹੈ, ਉਦਾਸੀ ਦੇ ਬੋਲ ਨਵੇਂ-ਨਵੇਂ ਅਰਥ ਕੱਢੀ ਜਾਂਦੇ ਹਨ। ਨਹੀਂ ਤਾਂ ਇੱਥੇ ਲੋਕਾਂ ਨੇ ਗੱਡਿਆਂ ਦੇ ਗੱਡੇ ਕਵਿਤਾ ਲਿਖੀ ਹੈ, ਪਰ ਇਹਨਾਂ ਦਾ ਕਿਧਰੇ ਨਾਂ ਨਹੀਂ। ਕਹਾਣੀ-ਖੇਤਰ ਵਿਚ ਬਹੁਤੇ ਲੇਖਕ ਉਹੀ ਘਸੀਆਂ-ਪਿਟੀਆਂ ਕਹਾਣੀਆਂ ਲਿਖਦੇ ਜਾ ਰਹੇ ਹਨ। ਜਿਵੇਂ ਸਾਹ ਹੀ ਨਾ ਲੈਣਾ ਹੋਵੇ। ਇਹ ਲੇਖਕ ਪਾਠਕਾਂ ਨੂੰ ਵੀ ਸਾਹ ਨਹੀਂ ਲੈਣ ਦਿੰਦੇ। ਮੇਰਾ ਕਹਿਣ ਦਾ ਇਹ ਮਤਲਬ ਹੈ ਕਿ ਲੇਖਕ ਦੋ ਤਰ੍ਹਾਂ ਦੇ ਹੁੰਦੇ ਨੇ। ਇਕ ਤਾਂ ਉਹ ਜਿਹੜੇ ਲਿਖਣ ਲਗਦੇ ਹਨ ਅਤੇ ਇਕਦਮ ਚਰਚਿਤ ਹੋ ਜਾਂਦੇ ਹਨ। ਨਵੇਂ ਪੰਜਾਬੀ ਕਹਾਣੀਕਾਰ ਜੇ ਇਹਨਾਂ ਦੇ ਨਾਂ ਲਈਏ ਤਾਂ ਪੰਦਰਾਂ-ਵੀਹ ਨਿੱਕਲ ਆਉਣਗੇ। ਇਹਨਾਂ ਦੀਆਂ ਪਹਿਲੀਆਂ ਕਹਾਣੀਆਂ ਨੇ ਹੀ ਅਚੰਭਿਤ ਕੀਤਾ। ਦੂਜੀ ਕਿਸਮ ਦੇ ਉਹ ਲੇਖਕ ਹਨ, ਜੋ ਵਿਕਾਸ ਕਰਦੇ ਹਨ। ਇਕ ਦਿਨ ਇਹਨਾਂ ਦਾ ਨਾਂ ਵੀ ਬਣ ਜਾਂਦਾ ਹੈ। ਮੈਂ ਦੂਜੀ ਕਿਸਮ ਦਾ ਲੇਖਕ ਹਾਂ।

**ਮਾਲਵੇ ਦੇ ਬ੍ਰਾਹਮਣ**

*? ਤੁਹਾਡੀ ਸਵੈ-ਜੀਵਨੀ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਮਾਲਵੇ ਦੇ ਪਿੰਡਾਂ ਵਿਚ ਵਸਦੇ ਬ੍ਰਾਹਮਣ ਮਸੀਂ ਗੁਜ਼ਾਰਾ ਕਰਦੇ ਸਨ, ਤੁਹਾਡੇ ਹਿਸਾਬ ਨਾਲ ਇਹ ਕਿੰਨੇ ਕੁ ਸਵਰਨ ਸਨ?*

– ਸਵਰਨ ਤੋਂ ਮਤਲਬ ਜਾਤੀ ਤੋਂ ਹੁੰਦਾ ਹੈ, ਆਰਥਿਕਤਾ ਤੋਂ ਨਹੀਂ। ਮਲਵਈ ਪਿੰਡਾਂ ਦੇ ਬ੍ਰਾਹਮਣਾਂ ਕੋਲ ਲਗਭਗ ਸਾਰਿਆਂ ਕੋਲ ਜ਼ਮੀਨਾਂ ਹਨ। ਜਿਹਨਾਂ ਕੋਲ ਜੱਟਾਂ ਵਾਂਗ ਵੱਧ ਜ਼ਮੀਨਾਂ ਹਨ, ਉਹ ਆਰਥਿਕ ਤੌਰ ਉੱਤੇ ਵੀ ਤਕੜੇ ਹਨ। ਇਕ-ਇਕ, ਦੋ-ਦੋ ਕਿੱਲਿਆਂ ਵਾਲੇ ਭੁੱਖੇ ਮਰਦੇ ਹਨ ਅਤੇ ਜੱਟਾਂ ਦੇ ਹੱਥਾਂ ਵੱਲ ਝਾਕਦੇ ਰਹਿੰਦੇ ਹਨ। ਜੱਟ ਉਹਨਾਂ ਦੇ ਜਜਮਾਨ ਹਨ। ਬ੍ਰਾਹਮਣ ਹਮੇਸ਼ਾ ਜੱਟਾਂ ਦਾ ਭਲਾ ਚਾਹੁੰਦੇ ਹਨ ਤਾਂ ਕਿ ਉਹਨਾਂ ਦਾ ਭਲਾ ਵੀ ਹੁੰਦਾ ਰਹੇ। ਮਲਵਈ ਪਿੰਡਾਂ ਦੇ ਬ੍ਰਾਹਮਣ ਹਿੰਦੂ-ਕਰਮ-ਕਾਂਡ ਤਾਂ ਅਪਣਾਉਂਦੇ ਹਨ, ਪਰ ਕੱਟੜ ਨਹੀਂ। ਭੁੱਖਾ ਮਰਦਾ ਮਲਵਈ ਬ੍ਰਾਹਮਣ ਮੋਢੇ ਲਾਲ ਪਰਨਾ ਰੱਖ ਕੇ ਹਰੀ ਓਮ-ਹਰੀ ਓਮ ਕਰਦਾ ਰਹੇਗਾ ਪਰ ਨੀਵੀਂ ਜਾਤ ਦੇ ਘਰੋਂ ਰੋਟੀ ਨਹੀਂ ਖਾਂਦਾ। ਇਹ ਉਹਦੀ ਸਵਰਨ ਜਾਤੀ ਦਾ ਹੰਕਾਰ ਹੈ। ਮੈਂ ਇਹਨਾਂ ਮਲਵਈ ਪੰਡਤਾਂ ਨੂੰ ਮੰਗ-ਖਾਣੀ ਜਾਤ ਆਖਦਾ ਹਾਂ, ਜੋ ਜੱਟਾਂ ਨੂੰ ਅਪਣੀ ਜਾਇਦਾਦ ਸਮਝਦੇ ਹਨ, ਆਪਣੀ ਜ਼ਮੀਨ ਨੂੰ ਨਹੀਂ। ਮੈਂ ਇਹਨਾਂ ਦੇ ਬਹੁਤ ਖ਼ਿਲਾਫ਼ ਲਿਖਦਾ ਰਿਹਾ ਹਾਂ, ਮਸਲਨ : 'ਕੋਠੇ ਖੜਕ ਸਿੰਘ' ਨਾਵਲ ਦਾ ਗੋਂਦੀ ਬਾਮ੍ਹਣ।

*? ਮਾਲਵੇ ਦੇ ਬ੍ਰਾਹਮਣ ਬਾਕੀ ਪੰਜਾਬ ਦੇ ਬ੍ਰਾਹਮਣਾਂ ਨਾਲੋਂ ਕਾਫੀ ਵੱਖਰੇ ਹਨ, ਭਲਾ ਇਹ ਜੱਟਾਂ ਵਰਗੇ ਕਿਉਂ ਹਨ?*

– ਮਾਲਵੇ ਦੇ ਬ੍ਰਾਹਮਣਾਂ ਕੋਲ ਜੱਟਾਂ ਵਾਂਗ ਹੀ ਜ਼ਮੀਨਾਂ ਹਲ ਅਤੇ ਖੇਤੀ ਦਾ ਕੰਮ ਕਰਦੇ ਹਨ। ਇਹ ਜੱਟਾਂ ਵਾਂਗ ਹੀ ਕੇਸ ਰੱਖ ਕੇ ਸਿਰਾਂ ਉੱਤੇ ਪੱਗਾਂ ਬੰਨ੍ਹਦੇ ਹਨ। ਦਾੜ੍ਹੀ-ਮੁੱਛਾਂ ਕੱਟ ਕੇ ਰੱਖਦੇ ਹਨ। ਮੈਂ ਕਈ ਬ੍ਰਾਹਮਣ ਅਜਿਹੇ ਵੀ ਦੇਖੇ ਹਨ, ਜੋ ਸਿੱਖਾਂ ਵਾਂਗ ਜਟਾਜੂਟ ਹਨ। ਸਾਡੇ ਮਾਲਵੇ ਵਿਚ ਤਾਂ ਧੂਰੀ-ਸ਼ੇਰਪੁਰ ਕੋਲ ਬਾਮ੍ਹਣਵਾਲਾ ਅਤੇ ਸੁਨਾਮ ਕੋਲ ਭਾਈ ਕੀ ਪਸ਼ੌਰ ਅਜਿਹੇ ਕਈ ਹੋਰ ਪਿੰਡ ਹਨ ਜਿੱਥੋਂ ਦੇ ਬ੍ਰਾਹਮਣ ਸਿੱਖ ਹਨ। ਇਹਨਾਂ ਦੇ ਘਰੀਂ ਆਨੰਦ ਕਾਰਜ ਹੁੰਦੇ ਰਹੇ ਹਨ। ਪਰ ਹੁਣ ਰਿਵਾਜ਼ ਕੁਝ ਬਦਲ ਗਿਆ ਹੈ। ਮਲਵਈ ਬ੍ਰਾਹਮਣਾਂ ਦਾ ਸਭਿਆਚਾਰ ਜੱਟਾਂ ਵਾਲਾ ਹੈ। ਜੈਸਾ ਦੇਸ, ਵੈਸਾ ਭੇਸ। ਜੱਟਾਂ ਦੇ ਨੌਜਵਾਨ ਮੁੰਡਿਆਂ ਅਤੇ ਬਾਮ੍ਹਣਾਂ ਦੇ ਨੌਜਵਾਨ ਮੁੰਡਿਆਂ ਵਿਚ ਫ਼ਰਕ ਲੱਭਣਾ ਮੁਸ਼ਕਲ ਹੈ। ਨਵੇਂ ਮੁੰਡੇ ਤਾਂ ਜੱਟਾਂ ਵਾਂਗ ਹੀ ਦਾਰੂ ਪੀਂਦੇ ਅਤੇ ਮਾਸ-ਮਿੱਟੀ ਖਾਣ ਲੱਗੇ ਹਨ। ਸੱਚ ਹੈ, ਮਾਲਵੇ ਦੇ ਬ੍ਰਾਹਮਣ ਬਾਕੀ ਪੰਜਾਬ ਨਾਲੋਂ ਬਹੁਤ ਵੱਖਰੇ ਹਨ।

*? ਤੁਹਾਡੇ ਵੰਨੀ ਜੱਟਾਂ ਵਰਗੀ ਦਿੱਖ ਵਾਲੇ ਵਾਹਵਾ ਲੇਖਕ ਵੀ ਹਨ, ਮਹਿੰਦਰ ਸਿੰਘ ਜੋਸ਼ੀ, ਓਮ ਪ੍ਰਕਾਸ਼ ਗਾਸੋ, ਸੀ.ਮਾਰਕੰਡਾ ਆਦਿ। ਕੀ ਤੁਹਾਡੇ ਸਾਰਿਆਂ ਅੰਦਰ ਕੋਈ ਪੁਸ਼ਤੈਨੀ ਪੋਥੀ ਸੰਸਕਾਰ ਪਿਆ ਹੋਇਆ ਹੈ, ਜਿਹੜਾ ਤੁਹਾਨੂੰ ਕਿਤਾਬਾਂ ਵੱਲ ਲੈ ਆਇਆ ਹੈ ਤੇ ਤੁਸੀਂ ਕਥਾ ਵਾਚਕਾਂ ਤੋਂ ਕਥਾਕਾਰ ਬਣ ਗਏ ਹੋ?*

– ਵਾਹ ਬਈ ਵਾਹ, ਚੰਗੀ ਪਛਾਣ ਕੀਤੀ। ਮੈਂ ਅਪਣੀ ਗੱਲ ਕਰਦਾ ਹਾਂ। ਮੇਰਾ ਬਾਪ ਚਾਹੇ ਅਨਪੜ੍ਹ ਸੀ-ਜਮ੍ਹਾਂ ਅੰਗੂਠਾ-ਛਾਪ, ਪਰ ਉਹਨੂੰ ਰਾਮਾਇਣ ਅਤੇ ਮਹਾਂਭਾਰਤ ਦੀਆਂ ਕਥਾਵਾਂ ਆਉਂਦੀਆਂ ਸਨ। ਉਹਨੂੰ ਹੀਰ ਦੀਆਂ ਕਲੀਆਂ ਯਾਦ ਸਨ। ਮੈਨੂੰ ਸੁਣਾਉਂਦਾ ਰਹਿੰਦਾ ਸੀ। ਮੇਰੀ ਮਾਂ ਕੋਲ ਲੋਕ-ਕਹਾਣੀਆਂ ਦਾ ਇਕ ਵੱਡਾ ਭੰਡਾਰ ਸੀ। ਮੇਰੀ ਮਾਸੀ ਦਾ ਮੁੰਡਾ ਚੇਤ ਰਾਮ ਪ੍ਰੀਤ ਕਹਾਣੀਆਂ ਦੇ ਕਿੱਸੇ ਪੜ੍ਹਨ ਦਾ ਸ਼ੌਕੀਨ ਸੀ। ਓਥੋਂ ਤਾਂ ਹੀ ਮੈਂ ਖੁਦ ਕਵੀ ਬਣਿਆ ਸੀ। ਖਿਆਲਾ ਕਲਾਂ (ਮਾਨਸਾ) ਦਾ ਪ੍ਰਸਿੱਧ ਕਵੀਸ਼ਰ ਪੰਡਤ ਨੰਦ ਰਾਮ ਮੇਰੀ ਮਾਸੀ ਦਾ ਜੇਠ ਸੀ। ਬ੍ਰਾਹਮਣ-ਪਰਿਵਾਰਾਂ ਵਿਚ ਵਿਆਹ-ਸ਼ਾਦੀ ਵੇਲੇ ਜਾਂ ਮਰਗ ਵੇਲੇ ਗਿਆਨ-ਗੋਸ਼ਟ ਹਮੇਸ਼ਾ ਹੁੰਦੀ ਸੀ। ਇਹ ਕਈ ਬੰਦੇ ਹਿੰਦੂ-ਗ੍ਰੰਥਾਂ ਦੇ ਗਿਆਤਾ ਹੁੰਦੇ ਅਤੇ ਗੁਰਬਾਣੀ ਦੇ ਪ੍ਰੇਮੀ ਵੀ। ਬ੍ਰਾਹਮਣਾਂ ਦੇ ਘਰਾਂ ਦਾ ਮਾਹੌਲ ਤਾਂ ਹਮੇਸ਼ਾ ਹੀ ਵਿਦਿਅਕ ਰਿਹਾ ਹੈ। ਇਹਨਾਂ ਵਿਚੋਂ ਜੇ ਕੋਈ ਮਹਿੰਦਰ ਸਿੰਘ ਜੋਸ਼ੀ ਨਿੱਕਲ ਆਇਆ, ਗਾਸੋ ਨਿਕਲ ਆਇਆ, ਮਾਰਕੰਡਾ ਇਕ ਜ਼ਹੀਨ ਸ਼ਾਇਰ ਅਤੇ ਪੱਤਰਕਾਰ ਬਣ ਕੇ ਸਾਹਮਣੇ ਆਇਆ ਤਾਂ ਇਹ ਕੁਦਰਤੀ ਸੰਭਵ ਸੀ।

*? ਪੰਡਤਾਂ ਦੇ ਘਰੇ ਜੰਮਿਆ ਜੁਆਕ ਸਿਆਣਾ ਅਤੇ ਚਤੁਰ ਤਾਂ ਜ਼ਰੂਰ ਹੁੰਦਾ ਹੈ ਪਰ 'ਅਣਖੀ' ਹੁੰਦਾ ਘੱਟ ਹੀ ਸੁਣਿਆ ਹੈ। ਫੇਰ ਤੁਸੀਂ ਅਪਣਾ ਤਖ਼ੱਲਸ ਅਣਖੀ ਰੱਖਕੇ ਕਿਉਂ ਖੁਸ਼ ਹੋਏ?*

– ਬਾਬਿਓ, ਐਨਾ ਨੀਵਾਂ ਖੜ੍ਹਾ ਕੇ ਤਾਂ ਨਾ ਦੇਖੋ ਸਾਨੂੰ। ਅਪਣੇ-ਆਪ ਵਿਚ ਹਰ ਕੌਮ, ਹਰ ਕਬੀਲਾ ਅਣਖ ਰੱਖਦਾ ਹੈ। ਮੇਰਾ ਬਾਪ ਬੜਾ ਜ਼ਿੱਦੀ ਅਤੇ ਹੈਂਕੜਬਾਜ਼ ਸੀ। ਜ਼ਮੀਨ ਦੇ ਛੋਟੇ ਜਿਹੇ ਟੁਕੜੇ ਖਾਤਰ ਉਹ ਇਕ ਜੱਟ ਨਾਲ ਬਾਰਾਂ ਸਾਲ ਮੁਕੱਦਮਾ ਲੜਦਾ ਰਿਹਾ, ਪਰ ਹਾਰ ਨਹੀਂ ਮੰਨੀ। ਉਸ ਜ਼ਮੀਨ ਤੋਂ ਵੀਹ ਗੁਣਾਂ ਵੱਧ ਅਪਣੀ ਜ਼ਮੀਨ ਗਹਿਣੇ-ਬੈਅ ਕਰੀਂ ਗਿਆ। ਅਖੀਰ ਮੁਕੱਦਮਾ ਜਿੱਤ ਲਿਆ ਉਹਨੇ। ਜੱਟ ਨੇ ਲੋਕਾਂ ਦਾ ਇਕੱਠ ਕੀਤਾ ਅਤੇ ਪੈਰੀਂ ਪੱਗ ਧਰ ਦਿੱਤੀ। ਆਖਿਆ, ''ਦੇਵਤਿਆ, ਅਪਣਾ ਜਜਮਾਨੀ-ਪ੍ਰੋਹਤੀ ਦਾ ਜੱਦੀ-ਪੁਸ਼ਤੀ ਸਰਬੰਧ ਐ। ਅਦਾਲਤਾਂ ਵਿਚ ਜਾ ਕੇ ਤਾਂ ਤੂੰ ਜਿੱਤ ਗਿਆ, ਹੁਣ ਊਂ ਛੱਡਦੇ ਮੈਨੂੰ ਇਹ ਜ਼ਮੀਨ।'' ਬਾਪੂ ਕਹਿੰਦਾ, ''ਅੱਛਿਆ, ਇਹ ਗੱਲ ਐ? ਜਾਹ ਫੇਰ ਛੱਡੀ ਜ਼ਮੀਨ।'' ਅਜਿਹਾ ਤਾਂ ਪਿਓ ਸੀ ਮੇਰਾ।

ਮੈਂ ਤਾਂ ਕਵੀ ਹੋਣ ਕਰਕੇ ਅਪਣੇ ਨਾਂ ਨਾਲ ਪਹਿਲਾਂ ਬਿਮਲ ਲਿਖਦਾ ਹੁੰਦਾ-ਰਾਮ ਸਰੂਪ ਬਿਮਲ। 'ਅਣਖੀ' ਤਖ਼ੱਲਸ ਮੈਂ ਆਪ ਕਾਹਨੂੰ ਰੱਖਿਆ ਸੀ। ਮੈਂ ਅਣਖੀ ਕਿੱਥੇ ਸੀ, ਮੈਂ ਤਾਂ ਸਾਰੀ ਉਮਰ ਸਮਝੌਤਾਵਾਦੀ ਰਿਹਾ ਹਾਂ। ਦਸਵੀਂ ਵਿਚ ਪੜ੍ਹਦਿਆਂ ਸਕੂਲ ਦੀ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਮੈਂਬਰ ਸੀ। ਅਸੀਂ 'ਅਣਖੀ' ਨਾਂ ਦਾ ਇਕ ਰਸਾਲਾ ਕੱਢਣਾ ਚਾਹਿਆ ਸੀ। ਮੈਨੂੰ ਪਰਚਾਰ ਸਕੱਤਰ ਬਣਾ ਦਿੱਤਾ। ਰਸਾਲਾ ਤਾਂ ਨਾ ਨਿਕਲਿਆ, ਮੁੰਡਿਆਂ ਨੇ ਮੈਨੂੰ ਹੀ 'ਅਣਖੀ' ਆਖਣਾ ਸ਼ੁਰੂ ਕਰ ਦਿੱਤਾ। ਜਦੋਂ ਪੱਕ ਗਿਆ ਤਾਂ ਮੈਂ ਆਪ ਹੀ ਇਹ ਲਿਖਣ ਲੱਗ ਪਿਆ

**ਪ੍ਰੋ. ਮੋਹਨ ਸਿੰਘ ਦੀ ਸਲਾਹ**

*? ਤੁਹਾਡੀ ਪਹਿਲੀ ਕਹਾਣੀ ਮੋਹਣ ਸਿੰਘ ਦੇ ਪਰਚੇ ਪੰਜ ਦਰਿਆ ਵਿਚ ਛਪੀ ਸੀ। ਤੇ ਮੋਹਣ ਸਿੰਘ ਨੇ ਹੀ ਕਿਹਾ ਸੀ ਤੁਸੀਂ ਕਵਿਤਾ ਲਿਖਣੀ ਛੱਡ ਦਿਓ। ਤੁਹਾਨੂੰ ਉਨ੍ਹਾਂ ਦੀ ਇਹ ਸਲਾਹ ਕਿਹੋ ਜਹੀ ਲੱਗੀ ਸੀ?*

– ਕਵਿਤਾ ਛੱਡਣ ਲਈ ਮੋਹਨ ਸਿੰਘ ਨੇ ਮੈਨੂੰ ਨਹੀਂ ਕਿਹਾ ਸੀ। ਇਹ ਤਾਂ ਇਕ ਵਿਅੰਗ ਸੀ, ਜਿਹੜਾ ਮੈਨੂੰ ਪਿੱਛੋਂ ਜਾ ਕੇ ਸਮਝ ਵਿਚ ਆਇਆ। 'ਪੰਜ ਦਰਿਆ' ਵਲੋਂ ਮੇਰੀਆਂ ਕਵਿਤਾਵਾਂ ਵਾਪਸ ਆ ਜਾਂਦੀਆਂ। ਮੈਂ ਖਿੱਝ ਕੇ ਇਕ ਲੰਮੀ ਚਿੱਠੀ ਲਿਖੀ। ਮੋਹਨ ਸਿੰਘ ਨੇ ਗੁੱਝੀ ਰਮਜ਼ ਮਾਰੀ ਕਿ ਮੈਂ ਕਵਿਤਾ ਨਾਲੋਂ ਵਾਰਤਕ ਵਧੀਆ ਲਿਖਦਾ ਹਾਂ। ਵਾਰਤਕ ਨੂੰ ਮੈਂ ਕਹਾਣੀ ਸਮਝ ਬੈਠਾ ਤੇ ਫਿਰ ਕਹਾਣੀ ਭੇਜੀ ਤਾਂ ਕਹਾਣੀ ਮੇਰੀ 'ਪੰਜ ਦਰਿਆ' ਵਿਚ ਛਪ ਗਈ। ਇਹ ਮੇਰੀ ਪਹਿਲੀ ਕਹਾਣੀ ਸੀ, ਜੋ ਮੇਰੇ ਕਿਸੇ ਕਹਾਣੀ ਸੰਗ੍ਰਹਿ ਵਿਚ ਸ਼ਾਮਲ ਨਹੀਂ ਹੈ। ਇਹ ਇਕ ਸਧਾਰਨ ਕਿਸਮ ਦੀ ਕਹਾਣੀ ਸੀ। ਦਸੰਬਰ 1952 ਦੇ ਪਰਚੇ ਵਿਚ ਛਪੀ ਸੀ।

*? ਕੀ ਆਧੁਨਿਕ ਨੱਠ ਭੱਜ ਦੇ ਸਮਿਆਂ ਵਿਚ ਪਾਠਕਾਂ ਕੋਲ ਨਾਵਲ ਪੜ੍ਹਣ ਜੋਗਾ ਸਮਾਂ ਜਾਂ ਰੁਚੀ ਹੈ?*

– ਵੀਰ ਜੀ, ਸਥਿਤੀ ਤੁਹਾਡੇ ਸਾਹਮਣੇ ਹੈ। ਅੱਜ ਕੱਲ੍ਹ ਕਵਿਤਾ ਨੂੰ ਕੌਣ ਪੜ੍ਹਦਾ ਹੈ। ਕਹਾਣੀ-ਸੰਗ੍ਰਹਿ ਵੀ ਵਿਕਦੇ ਨਹੀਂ। ਪੁਸਤਕ-ਮੇਲਿਆਂ 'ਤੇ ਜਾ ਕੇ ਦੇਖੋ, ਨਾਵਲ ਹੀ ਸਭ ਤੋਂ ਵੱਧ ਖਰੀਦੇ ਜਾਂਦੇ ਹਨ। ਨਾਵਲ ਵੀ ਓਹੀ ਵਿਕਦੇ ਹਨ, ਜਿਹੜੇ ਪੜ੍ਹਨਯੋਗ ਹੋਣ। ਪੰਜਾਬੀ ਵਿਚ ਘੱਟੋ ਘੱਟ ਦਸ ਨਾਵਲਕਾਰ ਅਜਿਹੇ ਮਿਲ ਜਾਣਗੇ, ਜਿਹਨਾਂ ਦਾ ਨਵਾਂ ਨਾਵਲ ਧੜਾ-ਧੜਾ ਵਿਕਦਾ ਹੈ ਅਤੇ ਪੜ੍ਹਿਆ ਜਾਂਦਾ ਹੈ। ਹਰ ਲੇਖਕ ਦਾ ਨਾਵਲ ਨਹੀਂ ਪੜ੍ਹਿਆ ਜਾਂਦਾ।

ਰਹੀ ਗੱਲ ਨੱਠ-ਭੱਜ ਦੇ ਸਮੇਂ ਦੀ, ਜਿਹਨਾਂ ਲੋਕਾਂ ਕੋਲ ਸਮਾਂ ਹੀ ਨਹੀਂ, ਜਿਹਨਾਂ ਦੀ ਜ਼ਿੰਦਗੀ ਐਨੀ ਤੇਜ਼ ਰਫਤਾਰ ਹੈ, ਉਹ ਤਾਂ ਅਖਬਾਰ ਵੀ ਨਹੀਂ ਪੜ੍ਹ ਸਕਦੇ। ਨਾਵਲ ਪੜ੍ਹਨਾ ਇਕ ਆਦਤ ਹੈ, ਇਕ ਜ਼ਰੂਰਤ ਹੈ। ਪੜ੍ਹਨ ਵਾਲੇ ਪੜ੍ਹਦੇ ਹਨ। ਪੜ੍ਹਨ ਵਾਲੇ ਤਾਂ ਗੱਡੀਆਂ-ਬੱਸਾਂ ਵਿਚ ਬੈਠੇ ਪੜ੍ਹ ਰਹੇ ਹੁੰਦੇ ਹਨ। ਰਾਤ ਨੂੰ ਸੌਣ ਤੋਂ ਪਹਿਲਾਂ ਨਾਵਲ ਪੜ੍ਹਦੇ ਹਨ। ਛੁੱਟੀ ਵਾਲੇ ਦਿਨ ਪੜ੍ਹਦੇ ਹਨ।

*? ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਇਕੱਲਾ ਅਕਹਿਰਾ ਬ੍ਰਿਤਾਂਤ ਚੰਗੇ ਸਾਹਿਤ ਦਾ ਮਨੋਰਥ ਨਹੀਂ ਹੁੰਦਾ । ਗੱਲ ਤਾਂ ਇਹ ਹੈ ਕਿ ਲੇਖਕ ਕਹਿਣਾ ਕੀ ਚਾਹੁੰਦਾ ਹੈ। ਘਟਨਾਵਾਂ ਦਾ ਤਾਂ ਸਹਾਰਾ ਹੀ ਲੈਣਾ ਪੈਂਦਾ । ਕੀ ਤੁਸੀਂ ਸਹਿਮਤ ਨਹੀਂ?*

– ਮੈਂ ਕੋਈ ਤੀਹ ਸਾਲ ਕਹਾਣੀਆਂ ਲਿਖਦਾ ਰਿਹਾ ਹਾਂ। ਇਸ ਦੌਰਾਨ ਦਸ-ਬਾਰਾਂ ਕਹਾਣੀ-ਸੰਗ੍ਰਹਿ ਛਪੇ, ਜਿਹਨਾਂ ਵਿਚ ਦੋ ਸੌ ਤੋਂ ਵੱਧ ਕਹਾਣੀਆਂ ਸ਼ਾਮਲ ਹਨ। ਮੇਰੀਆਂ ਕਹਾਣੀਆਂ ਦੂਜੀਆਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪਦੀਆਂ ਰਹੀਆਂ। ਉਹ ਲੋਕ ਮੇਰੇ ਨਾਂ ਨੂੰ ਬਾਖ਼ੂਬੀ ਜਾਣਦੇ ਹਨ। ਪੰਜਾਬੀ ਵਿਚ ਹਜ਼ਾਰਾਂ ਪਾਠਕ ਅਜਿਹੇ ਮਿਲ ਜਾਣਗੇ, ਜਿਹਨਾਂ ਨੂੰ ਮੇਰੀ ਕੋਈ ਨਾ ਕੋਈ ਕਹਾਣੀ ਹੁਣ ਤੱਕ ਵੀ ਯਾਦ ਹੈ। ਤੁਸੀਂ ਮੇਰੀਆਂ ਕਹਾਣੀਆਂ ਨੂੰ ਬ੍ਰਿਤਾਂਤਕ ਕਹਿ ਕੇ ਹੂੰਝਾ ਹੀ ਫੇਰ ਰਹੇ ਲਗਦੇ ਹੋ। ਇਹ ਮੈਂ ਮੰਨਦਾ ਹਾਂ ਕਿ ਨਿਰੀ ਘਟਨਾ ਕਹਾਣੀ ਦਾ ਸਾਹਿਤ-ਰੂਪ ਨਹੀਂ ਹੁੰਦੀ। ਮੇਰੀਆਂ ਮੁੱਢਲੀਆਂ ਕੁਝ ਕਹਾਣੀਆਂ ਜ਼ਰੂਰ ਘਟਨਾਵਾਂ ਜਿਹੀਆਂ ਸਨ। ਮੇਰੀ ਇਕ ਕਹਾਣੀ ਵਾਪਸ ਭੇਜ ਕੇ ਪ੍ਰੋ. ਮੋਹਨ ਸਿੰਘ ਨੇ ਲਿਖਿਆ ਸੀ, ''ਇਸ ਕਹਾਣੀ ਦੀਆਂ ਹੱਡੀਆਂ ਉੱਤੇ ਮਾਸ ਘੱਟ ਹੈ।'' ਕਹਾਣੀ ਦੀਆਂ ਹੱਡੀਆਂ ਉੱਤੇ ਮਾਸ ਲਾਉਣਾ ਲੇਖਕ ਨੂੰ ਹੌਲੀ ਹੌਲੀ ਆਉਂਦਾ ਹੈ। ਲੇਖਕ ਲਿਖਦਾ-ਲਿਖਦਾ ਹੀ ਸਿਖਦਾ ਹੈ। ਮੇਰੀਆਂ ਕਹਾਣੀਆਂ ਦੇ ਕਈ ਰੂਪ ਹਨ, ਜੇ ਕਿਸੇ ਨੇ ਮੇਰੀਆਂ ਸਾਰੀਆਂ ਕਹਾਣੀਆਂ ਪੜ੍ਹੀਆਂ ਹੋਣ ਤਾਂ ਉਹਨੂੰ ਮੁੜ ਕੇ ਸੋਚਣਾ ਪਵੇਗਾ।

*? ਕੀ ਤੁਸੀਂ ਪੱਤਰਕਾਰੀ ਨੂੰ 'ਮੱਧਮ' ਵਪਾਰ ਵਾਂਗ ਹੀ ਨਹੀਂ ਕਰ ਰਹੇ,*

*'ਕਹਾਣੀ ਪੰਜਾਬ' ਦੇ ਚੰਦੇ ਕੱਠੇ ਕਰਨ ਲਈ ਚਿੱਠੀਆਂ ਲਿਖਣ, ਦੇਸਾਂ ਬਦੇਸਾਂ ਵਿੱਚ ਜਾਣ, ਜਾਂ ਪੈਸੇ ਲਈ ਅਖਬਾਰੀ ਲੇਖ ਲਿਖਣ ਤੱਕ ਚਲੇ ਜਾਂਦੇ ਹੋ। ਚੰਦੇ ਦੇਣ ਵਾਲਿਆਂ ਦੀਆਂ ਫੋਟੋਆਂ ਛਾਪਕੇ ਚਾਪਲੂਸੀ ਕਰਨ ਤੋਂ ਵੀ ਨਹੀਂ ਝਿਜਕਦੇ। ਕੀ ਅਜਿਹਾ ਕਰਦਿਆਂ ਤੁਹਾਡੇ ਗੌਰਵ ਨੂੰ ਸੱਟ ਨਹੀਂ ਵੱਜਦੀ?*

– ਪੱਤਰਕਾਰੀ ਦਾ ਕੰਮ ਮੇਰੇ ਲਈ ਮੱਧਮ ਵਪਾਰ ਬਿਲਕੁਲ ਨਹੀਂ, ਸਗੋਂ ਲਾਹੇਵੰਦ ਰਿਹਾ ਹੈ। ਇਹ ਸਾਹਿਤਕ ਪੱਤਰਕਾਰੀ ਮੈਂ ਬਹੁਤ ਦੇਰ ਤੋਂ ਕਰਦਾ ਆ ਰਿਹਾ ਹਾਂ-ਸ਼ਾਇਦ 1976-77 ਤੋਂ। 'ਅਜੀਤ', 'ਜੱਗਬਾਣੀ' ਤੇ 'ਪੰਜਾਬੀ ਟ੍ਰਿਬਿਊਨ' ਵਿਚ ਮੇਰੇ ਕਾਲਮ ਕਈ-ਕਈ ਸਾਲ ਛਪਦੇ ਰਹੇ ਹਨ। ਮੈਂ ਫੀਚਰ-ਰਾਈਟਿੰਗ ਵੀ ਕਰਦਾ ਰਿਹਾ ਹਾਂ। ਜਦੋਂ ਮੈਨੂੰ ਮੇਰੀਆਂ ਕਿਤਾਬਾਂ ਦੀ ਰਾਇਲਟੀ ਮਿਲਣ ਲੱਗੀ, ਇਹ ਸਾਹਿਤਕ-ਪੱਤਰਕਾਰੀ ਮੈਂ ਛੱਡ ਦਿੱਤੀ। ਪੱਤਰਕਾਰੀ ਪੈਸੇ ਲਈ ਕਰਦਾ ਸੀ। ਮੇਰੀ ਤਨਖਾਹ ਥੋੜ੍ਹੀ ਸੀ, ਇਸ ਕਰਕੇ ਮੈਨੂੰ ਇਹ ਕਰਨਾ ਪੈਂਦਾ ਸੀ।

'ਕਹਾਣੀ ਪੰਜਾਬ' ਲਈ ਜੋ ਤੁਸੀਂ ਕਿਹਾ ਹੈ, ਉਹ ਸਭ ਮੁੱਢ ਵਿਚ ਮੈਂ ਕਰਦਾ ਰਿਹਾ ਹਾਂ। ਹੁਣ ਪਿਛਲੇ ਕੁਝ ਸਾਲਾਂ ਤੋਂ ਅਜਿਹਾ ਨਹੀਂ ਹੈ। ਪਰਚਾ ਛਪਦੇ ਨੂੰ ਸੋਲਾਂ ਸਾਲ ਬੀਤ ਗਏ। ਹੁਣ ਕਿਸੇ ਤੋਂ ਚੰਦਾ ਨਹੀਂ ਮੰਗਦੇ, ਅਪਣੇ ਆਪ ਕੋਈ ਭੇਜ ਦੇਵੇ ਤਾਂ ਵਾਹ-ਭਲੀ ਕਿਉਂਕਿ ਚੰਦੇ ਲੈ-ਲੈ ਮੈਂ ਥੱਕ ਗਿਆ ਹਾਂ ਅਤੇ ਲੋਕ ਚੰਦਾ ਦੇ-ਦੇ ਕੇ ਅੱਕ ਗਏ। ਹੁਣ ਅਸੀਂ ਜੀਵਨ-ਮੈਂਬਰ ਵੀ ਨਹੀਂ ਬਣਾਉਂਦੇ। ਹੁਣ ਤਾਂ ਇਹ ਹੈ ਕਿ ਮੇਰੇ ਕੁਝ ਨਿੱਜੀ ਮਿੱਤਰ ਅਤੇ ਹਿਤੈਸ਼ੀ ਮੇਰੀ ਗੁਪਤ ਸਹਾਇਤਾ ਕਰਦੇ ਹਨ, ਜਿਸ ਕਰਕੇ ਪਰਚਾ ਜਾਰੀ ਹੈ। ਦੇਖੋ, ਇਹ ਸਿਲਸਿਲਾ ਕਦੋਂ ਤੱਕ ਚੱਲਦਾ ਹੈ। ਆਖਰ ਨੂੰ ਤਾਂ ਇਸ ਨੇ ਬੰਦ ਹੀ ਹੋ ਜਾਣਾ ਹੈ। 'ਆਰਸੀ', 'ਨਾਗਮਣੀ', 'ਪੰਜ ਦਰਿਆ' ਜਿਹੇ ਸਥਾਪਿਤ ਪਰਚੇ ਬੰਦ ਹੋ ਗਏ, 'ਕਹਾਣੀ ਪੰਜਾਬ' ਵਿਚਾਰਾ ਕੀਹਦਾ ਪਾਣੀਹਾਰ ਹੈ। ਗੌਰਵ ਨੂੰ ਸੱਟ? ਜੇ ਕੋਈ ਪਰਚਾ ਕੱਢਣ ਦਾ ਪੰਗਾ ਲਵੇਗਾ ਤਾਂ ਉਹਨੂੰ ਇਹ ਸਭ ਕਰਨਾ ਹੀ ਪੈਣਾ ਹੈ।

*? 'ਕਹਾਣੀ ਪੰਜਾਬ' ਵੀ ਸ਼ਾਇਦ ਤੁਸੀਂ ਚਰਚਾ ਵਿੱਚ ਰਹਿਣ ਲਈ ਹੀ ਕੱਢਿਆ ਸੀ ਪਰ ਕਹਾਣੀ ਤੁਹਾਨੂੰ ਅਲਵਿਦਾ ਕਹਿ ਗਈ?*

– 'ਕਹਾਣੀ ਪੰਜਾਬ' ਸ਼ੁਰੂ ਕਰਨ ਦੇ ਦੋ ਵੱਡੇ ਕਾਰਨ ਸਨ। ਇਕ ਤਾਂ ਮੈਂ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਚੁੱਕਿਆ ਸੀ ਅਤੇ ਪਰਚਾ ਕੱਢ ਕੇ ਅਪਣੇ ਆਪ ਨੂੰ ਰੁਝੇਵੇਂ ਵਿਚ ਰੱਖਣਾ ਚਾਹੁੰਦਾ ਸੀ। ਨਾਵਲ-ਕਹਾਣੀਆਂ ਨਿੱਤ-ਨਿੱਤ ਕਿੱਥੋਂ ਲਿਖੀਆਂ ਜਾਂਦੀਆਂ ਸਨ। ਦੂਜਾ ਕਾਰਨ ਸੀ ਕਿ ਪਰਚੇ ਕਰਕੇ ਮੈਂ ਲੇਖਕ-ਸੰਸਾਰ ਨਾਲ ਜੁੜੇ ਰਹਿਣਾ ਸੀ।

ਕਹਾਣੀਕਾਰ ਵਜੋਂ ਚਰਚਾ ਵਿਚ ਰਹਿਣ ਵਾਲੀ ਕੋਈ ਗੱਲ ਨਹੀਂ ਸੀ। 1993 ਦੇ ਅਖੀਰ ਵਿਚ ਜਦੋਂ 'ਕਹਾਣੀ ਪੰਜਾਬ' ਸ਼ੁਰੂ ਹੋਇਆ, ਕਹਾਣੀਆਂ ਮੈਂ ਛੱਡਦਾ ਜਾ ਰਿਹਾ ਸੀ। ਉਹਨਾਂ ਦਿਨਾਂ ਵਿਚ ਤਾਂ ਮੈਂ ਅਪਣਾ ਵੱਡ-ਆਕਾਰੀ ਨਾਵਲ 'ਦੁੱਲੇ ਦੀ ਢਾਬ' ਲਿਖਣ ਦੀਆਂ ਵਿਉਂਤਾਂ ਬਣਾ ਰਿਹਾ ਸੀ, ਜਿਸ ਦਾ ਪਹਿਲਾ ਭਾਗ 'ਸਰਦਾਰੋ' 1997 ਵਿਚ ਛਪਿਆ ਸੀ।

ਨਾਲੇ ਭਾਈ 'ਕਹਾਣੀ ਪੰਜਾਬ' ਸਿਰਫ਼ ਕਹਾਣੀਆਂ ਦਾ ਪਰਚਾ ਨਹੀਂ, ਨਾਵਲਾਂ ਬਾਰੇ ਵੀ ਅਸੀਂ ਚਰਚਾ ਕਰਦੇ ਰਹਿੰਦੇ ਹਾਂ। ਅਸਲ ਵਿਚ ਇਹ ਗਲਪ ਦਾ ਪਰਚਾ ਹੈ।

ਦੂਰ ਤੱਕ ਝਾਕ ਕੇ ਗੱਲ ਕਰਿਆ ਕਰੋ। ਮੇਰੇ ਵਲੋਂ ਪਰਚਾ ਕੱਢਣਾ ਕੋਈ ਨਵੀਂ ਗੱਲ ਨਹੀਂ। ਸਾਡੇ ਵਡੇਰੇ ਪ੍ਰੋ. ਮੋਹਨ ਸਿੰਘ, ਨਾਨਕ ਸਿੰਘ, ਗੁਰਬਖ਼ਸ਼ ਸਿੰਘ, ਅੰਮ੍ਰਿਤਾ ਪ੍ਰੀਤਮ ਵੀ ਤਾਂ ਲਿਖਣ-ਕਾਰਜ ਦੇ ਨਾਲ-ਨਾਲ ਮੈਗਜ਼ੀਨ ਵੀ ਕੱਢਦੇ ਰਹੇ ਹਨ। ਮੇਰੇ ਸਮਕਾਲੀ ਡਾ. ਜਗਤਾਰ ਅਤੇ ਪ੍ਰੇਮ ਪ੍ਰਕਾਸ਼ ਅਪਣੇ ਮੈਗਜ਼ੀਨ ਵੀ ਚਲਾ ਰਹੇ ਹਨ। ਇਹ ਲੋਕ ਉਂਜ ਹੀ ਚਰਚਾ ਵਿਚ ਹਨ, ਮੈਗਜ਼ੀਨਾਂ ਕਰਕੇ ਬਿਲਕੁਲ ਨਹੀਂ। ਹਿੰਦੀ ਦਾ ਸੁਪ੍ਰਸਿੱਧ ਕਥਾਕਾਰ ਕਮਲੇਸ਼ਵਰ 'ਸਾਰਿਕਾ' ਦਾ ਸੰਪਾਦਕ ਵੀ ਸੀ। ਕਥਾਕਾਰ ਅਤੇ ਚਿੰਤਕ ਰਾਜਿੰਦਰ ਯਾਦਵ 'ਹੰਸ' ਦਾ ਸੰਪਾਦਕ ਹੈ।

ਭਾਈ ਵੀਰ, ਕਈ ਸਾਲਾਂ ਤੋਂ ਹੁਣ 'ਕਹਾਣੀ ਪੰਜਾਬ' ਦਾ ਸਾਰਾ ਕੰਮ ਕਰਾਂਤੀਪਾਲ ਕਰਦਾ ਹੈ, ਮੈਂ ਤਾਂ ਸਿਰਫ਼ ਮੈਨੇਜਰ ਹਾਂ। ਮੈਥੋਂ ਬਾਅਦ ਸ਼ਾਇਦ ਇਹ ਇਸ ਨੂੰ ਜਾਰੀ ਵੀ ਰੱਖ ਸਕੇ।

*? ਅਪਣੇ ਪਰਚੇ ਲਈ ਮਿਹਨਤ ਨਾਲ ਕੱਠੇ ਕੀਤੇ ਲੱਖਾਂ ਰੁਪਏ ਦੁਗਣੇ ਤਿੱਗਣੇ ਕਰਨ ਲਈ ਤੁਸੀ ਇੱਕ ਆੜ੍ਹਤੀਏ ਨੂੰ ਦੇ ਬੈਠੇ। ਪੈਸੇ ਮਾਰੇ ਗਏ ਤਾਂ ਦੁੱਖ ਹੋਇਆ। ਕੀ ਇਹ ਤੁਹਾਡੇ ਉਡਦੀਆਂ ਮਗਰ ਲੱਗਣ ਦੀ ਮਿਸਾਲ ਨਹੀਂ ਸੀ?*

– ਪੈਸੇ ਦੁੱਗਣੇ-ਤਿੱਗਣੇ ਕਰਨ ਵਾਲੀ ਗੱਲ ਨਹੀਂ ਸੀ। ਮੈਂ ਉਸ ਭਲੇਮਾਣਸ ਨੂੰ ਐਨਾ ਕੁ ਪੈਸਾ ਫੜਾਇਆ ਹੋਇਆ ਸੀ, ਜਿਸ ਦੇ ਤਿੰਨ ਮਹੀਨਿਆਂ ਦੇ ਵਿਆਜ ਨਾਲ ਪਰਚੇ ਦਾ ਇਕ ਅੰਕ ਛਪ ਜਾਂਦਾ। ਪੈਸੇ ਮਾਰੇ ਗਏ ਤਾਂ ਮੈਂ ਸਬਰ ਕਰ ਲਿਆ, ਪਰ ਪਰਚਾ ਬੰਦ ਨਹੀਂ ਹੋਣ ਦਿੱਤਾ। ਉਹ ਵੀ ਲੋਕਾਂ ਦੇ ਪੈਸੇ ਸਨ। ਫੇਰ ਹੋਰ ਲੋਕਾਂ ਤੋਂ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। 'ਕਹਾਣੀ ਪੰਜਾਬ' ਦੇ ਮਾਮਲੇ ਵਿਚ ਮੇਰੇ ਲੇਖਕ-ਮਿੱਤਰਾਂ, ਸਾਹਿਤ-ਪ੍ਰੇਮੀਆਂ ਅਤੇ ਨਿੱਜੀ-ਮਿੱਤਰਾਂ ਨੇ ਜੋ ਸਾਹਿਤਕ ਨਹੀਂ ਸਨ, ਜਿੰਨੀ ਸਹਾਇਤਾ ਕੀਤੀ, ਓਸੇ ਦੀ ਬਦੌਲਤ ਪਰਚਾ ਜਿਉਂਦਾ ਹੈ ਅਤੇ ਜਿਉਂਦਾ ਰਹੇਗਾ।

**ਮਸ਼ਹੂਰੀ ਦੀ ਕੀਮਤ**

*? ਤੁਹਾਡੇ ਇੱਕ ਮਿੱਤਰ ਦਾ ਕਹਿਣਾ ਹੈ ਕਿ ਤੁਸੀਂ ਬਹੁਤਾ ਲਿਖਕੇ ਮਸ਼ਹੂਰ ਹੋਏ ਹੋ। ਕੀ ਕਦੀ ਖ਼ਿਆਲ ਆਇਆ ਹੈ ਕਿ ਰਾਜਿੰਦਰ ਸਿੰਘ ਬੇਦੀ ਦਾ ਇਕੋ ਨਾਵਲ 'ਇੱਕ ਚਾਦਰ ਅੱਧੋਰਾਣੀ ਤੁਹਾਡੇ ਸਾਰਿਆਂ ਨਾਵਲਾਂ ਦੇ ਬਰਾਬਰ ਤੁਲ ਸਕਦਾ ਹੈ?*

– ਭੋਲਿਓ, ਰਾਜਿੰਦਰ ਸਿੰਘ ਬੇਦੀ ਦਾ ਮੁੱਖ ਰੁਝੇਵਾਂ ਫਿਲਮ ਸੀ। ਇਕ ਨਾਵਲ ਵੀ ਪਤਾ ਨਹੀਂ ਕਿਵੇਂ ਲਿਖਿਆ ਗਿਆ ਜਾਂ ਕੁਝ ਕਹਾਣੀਆਂ। ਸਾਡਾ ਰੁਝੇਵਾਂ ਤਾਂ ਮੁੱਖ ਤੌਰ 'ਤੇ ਨਾਵਲ ਲਿਖਣਾ ਹੀ ਹੈ। ਇਕ ਨਾਵਲ ਛਪ ਕੇ ਜਦੋਂ ਵਿਕ ਜਾਂਦਾ ਹੈ ਤਾਂ ਨਵਾਂ ਨਾਵਲ ਲਿਖਣ ਦੀ ਵਿਉਂਤ ਬਣਾਉਣ ਲਗਦਾ ਹਾਂ। ਪਾਠਕ ਪੜ੍ਹਦੇ ਨੇ ਤਾਂ ਲਿਖਦਾ ਹਾਂ। ਦੱਬੜੀਖਾਨੇ ਵਾਲੇ ਰਾਜੇ ਦਾ ਫੇਰ ਕੀ ਕਰੀਏ। ਮੇਰਾ ਨਵਾਂ ਨਾਵਲ ਪੜ੍ਹ ਕੇ ਮਹੀਨੇ-ਵੀਹ ਦਿਨਾਂ ਬਾਅਦ ਹੀ ਫੋਨ ਕਰਨ ਲੱਗ ਪੈਂਦਾ ਹੈ, "ਅਣਖੀ ਸਾਅਬ, ਨਵਾਂ ਨਾਵਲ ਕਦੋਂ ਆ ਰਿਹੈ?"

ਤੁਹਾਨੂੰ ਐਵੇਂ ਲਗਦਾ ਹੈ, ਮੈਂ ਕੋਈ ਬਹੁਤਾ ਨਹੀਂ ਲਿਖਿਆ। ਪਹਿਲਾਂ ਕਹਾਣੀ-ਸੰਗ੍ਰਹਿ 1966 ਵਿਚ ਛਪਿਆ ਸੀ ਅਤੇ ਪਹਿਲਾ ਨਾਵਲ 1970 ਵਿਚ। ਇਸ ਚਾਲੀ-ਪੰਤਾਲੀ ਸਾਲ ਦੇ ਅਰਸੇ ਵਿਚ ਮੇਰੇ ਸਿਰਫ਼ ਬਾਰਾਂ ਕਹਾਣੀ ਸੰਗ੍ਰਹਿ ਛਪੇ ਅਤੇ ਪੰਦਰਾਂ ਨਾਵਲ। ਨਾਨਕ ਸਿੰਘ ਨੇ 1924 ਤੋਂ 1967 ਤੱਕ ਅਠੱਤੀ ਨਾਵਲ ਲਿਖੇ। ਜਸਵੰਤ ਸਿੰਘ ਕੰਵਲ ਅਤੇ ਦਲੀਪ ਕੌਰ ਟਿਵਾਣਾ ਦੇ ਪੱਚੀ-ਪੱਚੀ ਨਾਵਲ ਛਪ ਚੁੱਕੇ ਹਨ। ਇਹਨਾਂ ਦਿਨਾਂ ਵਿਚ ਬਲਦੇਵ ਸਿੰਘ ਸੜਕਨਾਮਾ ਬੜੀ ਤੇਜ਼ੀ ਨਾਲ ਨਾਵਲ ਦੇ ਰਿਹਾ ਹੈ, ਉਹਦੇ ਬਾਰਾਂ ਨਾਵਲ ਛਪ ਚੁੱਕੇ। ਕੀ ਗੱਲਾਂ ਕਰਦੇ ਹੋ, ਦੂਜੀਆਂ ਭਾਸ਼ਾਵਾਂ ਦੇ ਅਸੀਂ ਨੇੜੇ-ਤੇੜੇ ਵੀ ਨਹੀਂ। ਬੰਗਲਾ ਦਾ ਵਿਮਲ ਮਿੱਤਰ ਪੂਰਾ ਸੌ ਨਾਵਲ ਲਿਖ ਕੇ ਮਰਿਆ। ਮਹਾਂ ਸ਼ਵੇਤਾ ਦੇਵੀ ਦੀਆਂ ਕਿਤਾਬਾਂ ਦੀ ਗਿਣਤੀ ਢਾਈ-ਤਿੰਨ ਸੌ ਬਣਦੀ ਹੈ। ਹਾਲੇ ਵੀ ਲਿਖ ਰਹੀ ਹੈ। ਹਾਂ ਸੱਚ, ਪੰਜਾਬੀ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਬੂਟਾ ਸਿੰਘ ਸ਼ਾਦ ਹੈ, ਜਿਸਨੇ ਵੀਹ-ਬਾਈ ਨਾਵਲ ਲਿਖੇ ਅਤੇ ਉਹਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ' ਦੀਆਂ ਪੈਂਤੀ ਐਡੀਸ਼ਨਾਂ ਛਪੀਆਂ। ਜੇ ਪਾਠਕ ਪੜ੍ਹਦੇ ਨੇ ਤਾਂ ਹੀ ਨਾਵਲ ਲਿਖੇ ਜਾਂਦੇ ਹਨ।

*? ਕਿਤਾਬ ਲਿਖਣ, ਛਾਪਣ ਅਤੇ ਵੇਚਣ ਤੱਕ ਦੇ ਸਾਰੇ ਮਾਮਲਿਆਂ ਵਿਚ ਤੁਹਾਡੀ ਮੁਹਾਰਤ ਸਾਵੀਂ ਮੰਨੀ ਜਾਂਦੀ ਹੈ । ਕੀ ਕਦੀ ਇਹ ਨਹੀਂ ਸੋਚਿਆ ਕਿ ਜੇ ਤੁਸੀਂ ਸਿਰਫ ਲੇਖਣੀ 'ਤੇ ਪੂਰਾ ਜ਼ੋਰ ਲਾਉਂਦੇ ਤਾਂ ਚੰਗਾ ਹੁੰਦਾ ?*

– ਜਦੋਂ ਮੈਂ ਕਵਿਤਾ ਲਿਖਦਾ ਸੀ ਅਤੇ ਫੇਰ ਨਾਲ ਦੀ ਨਾਲ ਕਹਾਣੀਆਂ ਵੀ ਲਿਖਣ ਲੱਗਿਆ ਤਾਂ ਉਹਨਾਂ ਦਿਨਾਂ ਵਿਚ ਮੇਰੀ ਕਿਤਾਬ ਕੋਈ ਪ੍ਰਕਾਸ਼ਕ ਕਿੱਥੇ ਛਾਪਦਾ ਸੀ। ਮੇਰਾ ਪਹਿਲਾ ਕਾਵਿ-ਸੰਗ੍ਰਹਿ 'ਮਟਕ ਚਾਨਣਾ' 1957 ਵਿਚ ਮੇਰੇ ਸਟੇਟ ਕਾਲਜ ਪਟਿਆਲਾ ਦੇ ਸਹਿਪਾਠੀਆਂ ਨੇ ਦੋ-ਦੋ ਰੁਪਏ ਇਕੱਠੇ ਕਰਕੇ ਛਪਵਾਇਆ ਸੀ। ਪਹਿਲਾ ਕਹਾਣੀ-ਸੰਗ੍ਰਹਿ 'ਸੁੱਤਾ ਨਾਗ' 1966 ਵਿਚ ਭਦੌੜ ਦੇ ਸਾਥੀ-ਅਧਿਆਪਕਾਂ ਨੇ ਪੰਜ-ਪੰਜ ਰੁਪਏ ਇਕੱਠੇ ਕਰਕੇ ਛਪਵਾਇਆ। 1985 ਤੱਕ ਮੈਂ ਅਪਣੀਆਂ ਕਿਤਾਬਾਂ ਆਪ ਪੈਸੇ ਲਾ ਕੇ ਛਾਪਦਾ ਰਿਹਾ ਹਾਂ ਅਤੇ ਫੇਰ ਉਹਨਾਂ ਨੂੰ ਆਪ ਹੀ ਸਕੂਲ-ਅਧਿਆਪਕਾਂ ਵਿਚ ਵੇਚਦਾ। ਸੱਚੀ ਗੱਲ ਹੈ, ਮੈਂ ਤਾਂ ਘਿਸੜ-ਘਿਸੜ ਕੇ ਲੇਖਕ ਬਣਿਆ ਅਤੇ ਧੱਕੇ ਨਾਲ ਹੀ ਪੰਜਾਬੀ ਸਾਹਿਤ ਵਿਚ ਆਇਆ। 1985 ਤੋਂ ਕੁਝ ਸਾਲ ਪਹਿਲਾਂ ਮੇਰੀਆਂ ਦੋ-ਚਾਰ ਕਿਤਾਬਾਂ ਦਿੱਲੀ ਦੇ ਇਕ ਪਬਲਿਸ਼ਰ ਨੇ ਪੈਸੇ ਲਏ ਬਗੈਰ ਛਾਪੀਆਂ। 1985 ਤੋਂ ਬਾਅਦ ਜਦੋਂ ਮੈਨੂੰ ਰਾਇਲਟੀ ਮਿਲਣ ਲੱਗੀ ਅਤੇ ਮੇਰੇ ਨਾਵਲ ਅਪਣੇ-ਆਪ ਹੀ ਵਿਕਣ ਲੱਗੇ ਤਾਂ ਮੈਂ ਕਿਤਾਬਾਂ ਵੇਚਣ ਦਾ ਕੰਮ ਵੀ ਛੱਡ ਦਿੱਤਾ।

ਨਵਾਂ ਲੇਖਕ ਚਾਹੇ ਕਿੰਨਾ ਵੀ ਚੰਗਾ ਲਿਖਦਾ ਹੋਵੇ, ਉਹਨੂੰ ਅਪਣੀ ਕਿਤਾਬ ਪਬਲਿਸ਼ਰ ਨੂੰ ਪੈਸੇ ਦੇ ਕੇ ਹੀ ਛਪਵਾਉਣੀ ਪੈਂਦੀ ਹੈ। ਇਹ ਸਿਲਸਿਲਾ ਅੱਜ ਤੱਕ ਚੱਲ ਰਿਹਾ ਹੈ। ਸ਼ਾਇਦ ਇਕ ਵੀ ਨਵਾਂ ਲੇਖਕ ਛਾਤੀ ਉੱਤੇ ਹੱਥ ਮਾਰ ਕੇ ਨਹੀਂ ਆਖ ਸਕੇਗਾ ਕਿ ਉਹਦੀ ਪਹਿਲੀ ਕਿਤਾਬ ਕਿਸੇ ਪਬਲਿਸ਼ਰ ਨੇ ਪੈਸੇ ਲਏ ਬਗੈਰ ਛਾਪੀ। ਪੰਜਾਬੀ ਦੇ ਲਗਭਗ ਸਾਰੇ ਪਬਲਿਸ਼ਰ ਇਹ ਧੰਦਾ ਕਰ ਰਹੇ ਹਨ।

ਜੇ ਮੁੱਢ ਵਿਚ ਮੈਂ ਸਿਰਫ਼ ਲਿਖਦਾ ਹੀ ਲਿਖਦਾ ਤੁਰਿਆ ਜਾਂਦਾ, ਕਿਤਾਬ ਕੋਈ ਛਾਪਦੀ ਨਾ, ਤਾਂ ਕੀ ਕਰਦਾ ਉਹਨਾਂ ਉਹਨਾਂ ਕਵਿਤਾਵਾਂ-ਕਹਾਣੀਆਂ ਨੂੰ? ਕੀ ਆਪ ਹੀ ਪੜ੍ਹ-ਪੜ੍ਹ ਖੁਸ਼ ਹੁੰਦਾ ਰਹਿੰਦਾ?

*? ਤੁਹਾਨੂੰ ਹੁਣ ਅਪਣੀਆਂ ਕਿਤਾਬਾਂ ਦੀ ਕੋਈ ਰਾਇਲਟੀ ਵੀ ਮਿਲਦੀ ਹੈ? ਜੇ ਹਾਂ ਤਾਂ ਕਿੰਨੀ ਕੁ?*

– 'ਕੋਠੇ ਖੜ੍ਹਕ ਸਿੰਘ' ਦਾ ਪਹਿਲਾ ਐਡੀਸ਼ਨ ਮੈਂ ਪੈਸੇ ਦੇ ਕੇ ਪਬਲਿਸ਼ਰ ਤੋਂ ਛਪਵਾਇਆ ਸੀ, ਚਾਹੇ ਇਹ ਪੈਸੇ ਮੈਨੂੰ ਮੇਰੇ ਪਾਠਕਾਂ ਨੇ ਇਕੱਠੇ ਕਰਕੇ ਦਿੱਤੇ ਸਨ। ਦੂਜਾ ਐਡੀਸ਼ਨ ਕਿਸੇ ਹੋਰ ਪਬਲਿਸ਼ਰ ਨੇ ਮੈਨੂੰ ਢਾਈ ਹਜ਼ਾਰ ਰੁਪਿਆ ਪੇਸ਼ਗੀ ਰਾਇਲਟੀ ਦੇ ਕੇ ਪੇਪਰ ਬੈਕ ਵਿਚ ਛਾਪਿਆ। ਜ਼ਿੰਦਗੀ ਵਿਚ ਮਿਲੀ ਇਹ ਮੇਰੀ ਪਹਿਲੀ ਰਾਇਲਟੀ ਸੀ। 'ਕੋਠੇ ਖੜ੍ਹਕ ਸਿੰਘ' ਦਾ ਅੱਜ ਕੱਲ੍ਹ ਦਸਵਾਂ ਐਡੀਸ਼ਨ ਚੱਲ ਰਿਹਾ ਹੈ। ਮੈਨੂੰ ਇਹਦੀ ਲਗਾਤਾਰ ਰਾਇਲਟੀ ਮਿਲਦੀ ਹੈ। ਐਨ.ਬੀ.ਟੀ. ਵਾਲਿਆਂ ਨੇ ਇਸ ਨਾਵਲ ਨੂੰ ਦਸ ਭਾਰਤੀ ਭਾਸ਼ਾਵਾਂ ਵਿਚ ਛਾਪਿਆ ਹੈ। ਉਥੋਂ ਵੀ ਥੋੜ੍ਹੀ-ਥੋੜ੍ਹੀ ਰਾਇਲਟੀ ਮਿਲਦੀ ਰਹਿੰਦੀ ਹੈ। 2006 ਵਿਚ ਸਾਹਿਤ ਅਕਾਦਮੀ ਨੇ ਇਸ ਦਾ ਅੰਗਰੇਜ਼ੀ ਅਨੁਵਾਦ ਛਾਪਿਆ ਸੀ। ਅੱਧੇ ਐਡੀਸ਼ਨ ਤੋਂ ਵੱਧ ਕਾਪੀਆਂ ਨਿਕਲ ਚੁੱਕੀਆਂ ਹਨ ਅਤੇ ਮੈਨੂੰ ਰਾਇਲਟੀ ਮਿਲੀ ਹੈ।

ਚੰਡੀਗੜ੍ਹ ਦੇ ਇਕ ਪਬਲਿਸ਼ਰ ਨੇ 2002 ਤੋਂ ਬਾਅਦ ਮੇਰੀਆਂ ਵੀਹ-ਬਾਈ ਕਿਤਾਬਾਂ ਛਾਪੀਆਂ ਹਨ। ਕੁਝ ਨਵੀਆਂ, ਕੁਝ ਪੁਰਾਣੀਆਂ। ਇਹ ਲੋਕ ਬਕਾਇਦਾ ਰਾਇਲਟੀ ਦਿੰਦੇ ਹਨ। ਕਿਤਾਬ ਛਪਣ ਤੋਂ ਪਹਿਲਾਂ ਚੈੱਕ ਦੇ ਦਿੰਦੇ ਹਨ।

ਮੈਨੂੰ ਮੇਰੀਆਂ ਨਵੀਆਂ-ਪੁਰਾਣੀਆਂ ਕਿਤਾਬਾਂ ਦੀ ਹੁਣ ਰਾਇਲਟੀ ਮਿਲਦੀ ਤਾਂ ਹੈ, ਪਰ ਐਨੀ ਨਹੀਂ। ਬੱਸ ਐਵੇਂ ਗੁਜ਼ਾਰਾ ਜਿਹਾ ਹੈ। ਪੰਜਾਬੀ ਵਿਚ ਕਿਤਾਬਾਂ ਬਹੁਤੀਆਂ ਨਹੀਂ ਪੜ੍ਹੀਆ ਜਾਂਦੀਆਂ। ਕੋਈ ਵੀ ਪਬਲਿਸ਼ਰ ਇਕ ਹਜ਼ਾਰ ਕਾਪੀ ਤੋਂ ਵੱਧ ਦਾ ਐਡੀਸ਼ਨ ਨਹੀਂ ਛਾਪਦਾ। ਮੇਰੇ ਹੋਰ ਕਈ ਨਾਵਲਾਂ ਦੇ ਦੋ-ਦੋ, ਤਿੰਨ-ਤਿੰਨ ਐਡੀਸ਼ਨ ਛਪੇ ਹਨ।

ਪਰ ਹੁਣ ਮਸਲਾ ਇਹ ਹੈ ਕਿ ਮੈਂ ਉਮਰ ਦਾ ਖਾਸਾ ਵੱਡਾ ਹੋ ਗਿਆ ਹਾਂ, ਮੈਨੂੰ ਅਠੱਤਰਵਾਂ ਚੜ੍ਹ ਗਿਆ ਹੈ। ਐਨਾ ਬੁੜ੍ਹਾ ਵੀ ਨਹੀਂ ਹਾਂ ਕਿ ਲਿਖਿਆ ਹੀ ਨਾ ਜਾਵੇ। ਲਿਖਦਾ-ਲਿਖਦਾ ਥੱਕ ਜਾਂਦਾ ਹਾਂ। ਕਦੇ ਵੇਲਾ ਸੀ, ਮੈਂ ਅੱਠ-ਅੱਠ ਦਸ-ਦਸ ਘੰਟੇ ਲਗਾਤਾਰ ਲਿਖਦਾ ਰਹਿੰਦਾ ਸੀ। ਕਿਤਾਬਾਂ ਬਹੁਤ ਛਪਦੀਆਂ ਸਨ। ਪਰ ਓਦੋਂ ਰਾਇਲਟੀ ਨਹੀਂ ਮਿਲਦੀ ਸੀ। ਹੁਣ ਰਾਇਲਟੀ ਮਿਲਦੀ ਹੈ ਤਾਂ ਐਨਾ ਲਿਖਿਆ ਨਹੀਂ ਜਾਂਦਾ। ਸੱਚ ਹੈ, ਜਦੋਂ ਦੰਦ ਸੀ, ਓਦੋਂ ਬਦਾਮ ਨਹੀਂ ਮਿਲਦੇ ਸਨ। ਹੁਣ ਬਦਾਮ ਮਿਲਦੇ ਹਨ ਤਾਂ ਦੰਦ ਨਹੀਂ ਰਹੇ।

**ਸੁੱਤਾ ਨਾਗ**

*? ਇਕੋ ਲੋਕ ਕਥਾ ਨੂੰ ਅਧਾਰ ਬਣਾ ਕੇ ਤੁਸੀਂ ਅਤੇ ਬੂਟਾ ਸਿੰਘ ਸ਼ਾਦ ਨੇ ਆਪੋ-ਅਪਣੀ ਸ਼ੈਲੀ ਵਿਚ ਕਹਾਣੀਆਂ ਲਿਖੀਆਂ। ਇਕ ਪੰਜਾਬੀ ਰਸਾਲੇ ਨੇ ਦੋਵੇਂ ਕਹਾਣੀਆਂ ਬਰੋ-ਬਰਾਬਰ ਛਾਪੀਆਂ ਵੀ। ਅਪਣੀ ਕਹਾਣੀ ਦੇ ਮੁਕਾਬਲੇ ਤੁਸੀਂ ਸ਼ਾਦ ਦੀ ਕਹਾਣੀ ਨੂੰ ਕਿੱਥੇ ਕੁ ਰੱਖਦੇ ਹੋ?*

– ਭਦੌੜ-ਸਕੂਲ ਵੇਲੇ ਸਾਥੀ ਅਧਿਆਪਕ ਮੋਹਨ ਸਿੰਘ ਬਰਾੜ ਨੇ ਮੈਨੂੰ ਇਹ 'ਸੁੱਤਾ ਨਾਗ' ਵਾਲੀ ਕਹਾਣੀ ਸੁਣਾਈ ਸੀ। ਉਹਨੇ ਦੱਸਿਆ ਕਿ ਇਹ ਸੱਚੀ ਕਹਾਣੀ ਹੈ ਜਿਹੜੀ ਉਹਨੇ ਅਪਣੇ ਕਿਸੇ ਦੋਸਤ ਤੋਂ ਸੁਣੀ ਸੀ। ਮੈਂ ਇਹ ਲਿਖ ਦਿੱਤੀ ਅਤੇ ਇਹ ਅੰਮ੍ਰਿਤਸਰ ਤੋਂ ਛਪਦੇ ਮਾਸਕ 'ਕਵਿਤਾ' ਵਿਚ ਛਪੀ। ਇਹਦਾ ਸਿਰਲੇਖ ਮੈਂ ਅੰਮ੍ਰਿਤਾ ਪ੍ਰੀਤਮ ਦੀ ਇਕ ਕਾਵਿ-ਸਤਰ ਤੋਂ ਪ੍ਰਭਾਵਿਤ ਹੋ ਕੇ ਰੱਖਿਆ ਸੀ-'ਸੁੱਤਾ ਨਾਗ ਇਸ਼ਕ ਦਾ ਜਾਗੇ, ਹੋਰ ਵੀ ਹੋ ਜਾਏ ਜ਼ਹਿਰੀ'। ਬਾਅਦ ਵਿਚ ਇਹ ਕਹਾਣੀ ਮੇਰੇ 'ਸੁੱਤਾ ਨਾਗ' ਨਾਂ ਦੇ ਕਹਾਣੀ ਸੰਗ੍ਰਹਿ (1966) ਵਿਚ ਛਪੀ। ਮੇਰੀ ਕਿਤਾਬ ਛਪਣ ਤੋਂ ਬਾਅਦ ਬੂਟਾ ਸਿੰਘ ਸ਼ਾਦ ਦੀ ਇਕ ਕਹਾਣੀ 'ਪੁੰਨਣ' 'ਆਰਸੀ' ਰਸਾਲੇ ਵਿਚ ਛਪੀ, ਜੋ ਇੰਨ-ਬਿੰਨ ਇਹੀ ਕਹਾਣੀ ਸੀ। ਉਹਨਾਂ ਦਿਨਾਂ ਵਿਚ ਹੀ ਦਿੱਲੀ ਅਸੀਂ ਕਿਸੇ ਦੇ ਘਰ ਇਕੱਠੇ ਹੋਏ, ਜਸਵੰਤ ਸਿੰਘ ਕੰਵਲ ਨੇ ਦੱਸਿਆ ਕਿ ਇਹ ਤਾਂ ਦੰਦ-ਕਥਾ ਹੈ, ਕੋਈ ਲਿਖੀ ਜਾਵੇ। ਖ਼ੈਰ... 1980 ਵਿਚ ਮੇਰਾ ਇਕ ਵੱਡਾ ਕਹਾਣੀ-ਸੰਗ੍ਰਹਿ 'ਸਵਾਲ ਦਰ ਸਵਾਲ' ਛਪਿਆ। ਜਿਸ ਵਿਚ 60 ਕਹਾਣੀਆਂ ਸਨ ਅਤੇ ਇਹ 'ਸੁੱਤਾ ਨਾਗ' ਵੀ। ਇਹਦਾ ਰੀਵਿਊ ਕਰਦਿਆਂ ਪ੍ਰੀਤਮ ਸਿੰਘ ਆਈ.ਏ.ਐਸ. ਨੇ ਲਿਖਿਆ ਕਿ ਅਣਖੀ ਦੀ ਇਹ ਕਹਾਣੀ ਉਰਦੂ ਲੇਖਕ ਕ੍ਰਿਸ਼ਨ ਚੰਦਰ ਦੀ ਇਕ ਕਹਾਣੀ ਨਾਲ ਮਿਲਦੀ ਹੈ। ਬਹੁਤ ਸਾਲ ਪਿੱਛੋਂ ਜਾ ਕੇ ਸਾਹਿਤ ਅਕਾਦਮੀ ਵਲੋਂ ਪ੍ਰਕਾਸ਼ਿਤ ਕ੍ਰਿਸ਼ਨ ਚੰਦਰ ਦੀਆਂ ਚੋਣਵੀਆਂ ਕਹਾਣੀਆਂ ਦਾ ਇਕ ਸੰਗ੍ਰਹਿ ਮੈਂ ਪੰਜਾਬੀ ਵਿਚ ਪੜ੍ਹਿਆ, ਉਸ ਵਿਚ ਉਹ ਕਹਾਣੀ ਵੀ ਸੀ। ਸੱਚਮੁੱਚ ਕ੍ਰਿਸ਼ਨ ਚੰਦਰ ਦੀ ਕਹਾਣੀ ਵੀ ਓਹੀ ਸੀ। ਗੱਲ ਇੱਥੇ ਹੀ ਨਹੀਂ ਮੁੱਕਦੀ। ਸ੍ਰੀਮਤੀ ਵਿਜੇ ਚੌਹਾਨ ਨੇ ਪੰਜਾਬੀ ਕਹਾਣੀਆਂ ਦਾ ਇਕ ਸੰਗ੍ਰਹਿ ਹਿੰਦੀ ਵਿਚ ਛਪਵਾਇਆ ਜਿਸ ਵਿਚ ਮੇਰੀ 'ਸੋਇਆ ਸਾਂਪ' ਵੀ ਸੀ। ਇਸ ਸੰਗ੍ਰਹਿ ਦਾ ਰੀਵੀਊ 'ਧਰਮਯੁੱਗ' ਵਿਚ ਕਰਦਿਆਂ ਇਕ ਹਿੰਦੀ ਆਲੋਚਕ ਨੇ ਲਿਖਿਆ ਕਿ ਅਣਖੀ ਦੀ ਕਹਾਣੀ ਜਿਹੀ ਇਕ ਕਹਾਣੀ ਸਾਡੇ ਪ੍ਰਾਚੀਨ ਗ੍ਰੰਥਾਂ ਵਿਚ ਵੀ ਆਉਂਦੀ ਹੈ।

*? ਆਦਰਸ਼ ਪ੍ਰੀਤ ਦੇ ਦੌਰ ਵਿਚ ਤੁਸੀਂ ਅਸ਼ਲੀਲਤਾ ਦੇ ਦੋਸ਼ ਦਾ ਖ਼ਤਰਾ ਮੁੱਲ ਲੈ ਕੇ ਵੀ ਔਰਤ ਮਰਦ ਸੰਬਧਾਂ ਨੂੰ ਅਪਣੀਆਂ ਕਹਾਣੀਆਂ ਵਿਚ ਖੁੱਲ੍ਹ ਕੇ ਬਿਆਨ ਕਰ ਗਏ। ਇਹ ਸਾਹਸ ਤੁਹਾਡੇ ਵਿਚ ਕਿਵੇਂ ਆਇਆ?*

– ਭਾਈ ਸਾਅਬ, ਮੈਂ ਇਕ ਪੇਂਡੂ ਬੰਦਾ ਹਾਂ। ਪਿੰਡਾਂ ਬਾਰੇ ਹੀ ਲਿਖਦਾ ਸੀ, ਹੁਣ ਵੀ ਪਿੰਡਾਂ ਬਾਰੇ ਹੀ ਲਿਖਦਾ ਹਾਂ। ਪਿੰਡਾਂ ਵਿਚ ਅਜਿਹਾ ਵਰਤਾਰਾ ਆਮ ਗੱਲ ਹੈ। ਜਿਸ ਨੂੰ ਤੁਸੀਂ ਅਸ਼ਲੀਲ ਕਹਿੰਦੇ ਹੋ। ਇਹ ਯਥਾਰਥ ਹੈ। ਦਿਹਾਤੀ ਲੋਕਾਂ ਦੇ ਜਾਇਜ਼-ਨਜਾਇਜ਼ ਸਰੀਰਕ ਸਬੰਧਾਂ ਪਿੱਛੇ ਵੀ ਉਹਨਾਂ ਦੀ ਆਰਥਿਕਤਾ ਖੜ੍ਹੀ ਹੁੰਦੀ ਹੈ। ਨਜਾਇਜ਼ ਸਬੰਧਾਂ ਦਾ ਪਰਿਵਾਰ ਦੀ ਆਰਥਿਕਤਾ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ। ਕਈ ਵਾਰ ਵਿਗੜੀ ਆਰਥਿਕਤਾ ਕਾਰਨ ਹੀ ਨਾਜਾਇਜ਼ ਸਬੰਧ ਪੈਦਾ ਹੋ ਜਾਂਦੇ ਹਨ।

ਸੈਕਸ-ਸਬੰਧਾਂ ਦਾ ਨੰਗਾ-ਚਿੱਟਾ ਵਰਨਣ ਮੈਂ ਕਦੇ ਨਹੀਂ ਕੀਤਾ, ਬੱਸ ਇਸ਼ਾਰੇ-ਮਾਤਰ ਹੀ ਦੱਸਿਆ ਹੁੰਦਾ ਹੈ। ਸਾਊ ਸਮਾਜ ਨੂੰ ਤਾਂ ਸੈਕਸ-ਸਬੰਧਾਂ ਦਾ ਜ਼ਿਕਰ ਸੁਣ ਕੇ ਹੀ ਅੱਗ ਲੱਗ ਜਾਂਦੀ ਹੈ, ਸਾਊ ਸਮਾਜ ਕਹਿੰਦਾ ਹੈ ਕਿ ਅੰਦਰ-ਖਾਤੇ ਕੁਝ ਵੀ ਵਾਪਰਦਾ ਰਹੇ, ਪਰ ਇਸਦਾ ਜ਼ਿਕਰ ਸ਼ਬਦਾਂ ਵਿਚ ਭਾਵ ਸਾਹਿਤ ਵਿਚ ਨਹੀਂ ਹੋਣਾ ਚਾਹੀਦਾ। ਜੋ ਸਮਾਜ ਵਿਚ ਵਾਪਰਦਾ ਹੈ, ਉਹ ਤਾਂ ਸਾਹਿਤ ਵਿਚ ਵੀ ਵਾਪਰੇਗਾ।

ਆਦਰਸ਼ ਪ੍ਰੀਤ ਜਾਂ 'ਪਿਆਰ ਕਬਜ਼ਾ ਨਹੀਂ, ਪਹਿਚਾਣ ਹੈ' ਇਕ ਢੌਂਗ ਸੀ। ਇਕ ਖਾਲੀ ਲਿਫਾਫਾ ਜਿਸ ਵਿਚੋਂ ਕੁਝ ਵੀ ਨਹੀਂ ਨਿਕਲਦਾ ਹੁੰਦਾ। 'ਪਲੈਟੋਨਿਕ ਲਵ' ਜ਼ਿਹਨੀ ਉਧੇੜ ਬੁਣ ਹੈ, ਹੋਰ ਕੁਝ ਨਹੀਂ। ਜ਼ਿੰਦਗੀ ਦੀ ਵਾਸਤਵਿਕਤਾ ਨਾਲ ਇਹਨਾਂ ਖਾਲੀ ਲਿਫਾਫਿਆਂ ਦਾ ਕੋਈ ਸਰੋਕਾਰ ਨਹੀਂ।

ਔਰਤ-ਮਰਦ ਦੇ ਨਾਜਇਜ਼ ਸਬੰਧਾਂ ਦੇ ਵੇਰਵੇ ਹੁਣ ਮੇਰੇ ਨਾਵਲਾਂ ਵਿਚ ਵੀ ਆਉਂਦੇ ਰਹਿੰਦੇ ਹਨ। ਫ਼ਰਕ ਐਨਾ ਹੈ ਕਿ ਹੁਣ ਇਹ ਵਰਨਣ ਵਧੇਰੇ ਕਲਾਤਮਿਕਤਾ ਨਾਲ ਹੁੰਦਾ ਹੈ।

**ਬਾਰੀ ਵਿਚਲਾ ਸੂਰਜ**

*? ਸ਼ੁਰੂ ਸ਼ੁਰੂ ਵਿਚ ਤੁਸੀਂ ਚੰਗੀ ਭਲੀ ਕਵਿਤਾ ਲਿਖਦੇ ਸੀ, ਫਿਰ ਕਵਿਤਾ ਦਾ ਬਾਰੀ ਵਿਚਲਾ ਸੂਰਜ ਅਚਾਨਕ ਅਸਤ ਕਿਉਂ ਹੋ ਗਿਆ?*

– ਮੇਰਾ ਆਖ਼ਰੀ ਕਾਵਿ-ਸੰਗ੍ਰਹਿ 'ਮੇਰੇ ਕਮਰੇ ਦਾ ਸੂਰਜ' 1966 ਵਿਚ ਛਪਿਆ ਸੀ। ਇਸੇ ਸਾਲ ਪਹਿਲਾ ਕਹਾਣੀ-ਸੰਗ੍ਰਹਿ 'ਸੁੱਤਾ ਨਾਗ' ਛਪਿਆ। 'ਸੁੱਤਾ ਨਾਗ' ਦੀ ਇਕ ਹਜ਼ਾਰ ਕਾਪੀ ਛਪੀ ਸੀ, ਜੋ ਦੋ ਮਹੀਨਿਆਂ ਵਿਚ ਹੀ ਸਾਰਾ ਵਿਕ ਗਿਆ। ਪਰ 'ਮੇਰੇ ਕਮਰੇ ਦਾ ਸੂਰਜ' ਪੰਜ ਸੌ ਕਾਪੀ ਛਪੀ ਅਤੇ ਇਹ ਦਸ ਸਾਲਾਂ ਤੱਕ ਵੀ ਪਬਲਿਸ਼ਰ ਦੀਆਂ ਅਲਮਾਰੀਆਂ ਵਿਚ ਪਿਆ ਰਿਹਾ। 'ਸੁੱਤਾ ਨਾਗ' ਐਨੀ ਛੇਤੀ ਵਿਕ ਜਾਣ ਦੇ ਹੋਰ ਸਥਾਨਕ ਕਾਰਨ ਵੀ ਸਨ, ਪਰ ਮੈਨੂੰ ਭਰਮ ਹੋ ਗਿਆ ਕਿ ਮੇਰੀ ਕਵਿਤਾ ਨੂੰ ਤਾਂ ਕੋਈ ਪੜ੍ਹਦਾ ਹੀ ਨਹੀਂ, ਕਹਾਣੀਆਂ ਪੜ੍ਹੀਆਂ ਜਾਂਦੀਆਂ ਹਨ ਤੇ ਫੇਰ ਮੈਂ ਕਵਿਤਾ ਛੱਡ ਕੇ ਕਹਾਣੀਆਂ ਵੱਲ ਹੀ ਹੋ ਗਿਆ।

ਡਾ. ਹਰਿਭਜਨ ਸਿੰਘ ਇਕ ਵਾਰ ਬਰਨਾਲੇ ਆਏ ਸਨ। ਇਹ 1966 ਤੋਂ ਪਿੱਛੋਂ ਦੀ ਗੱਲ ਹੈ। ਕਹਿਣ ਲੱਗੇ, ''ਤੂੰ ਬਈ ਗੀਤ ਲਿਖਣੇ ਛੱਡ ਕਿਉਂ ਦਿੱਤੇ, ਤੂੰ ਚੰਗਾ ਚੱਲ ਪਿਆ ਸੀ।'' ਮੈਂ ਸਿਰਫ ਮੁਸਕਰਾਇਆ ਹੀ। 1994 ਦੇ ਨਵੰਬਰ ਮਹੀਨੇ ਵਿਚ ਇੰਗਲੈਂਡ ਜਾਣ ਤੋਂ ਪਹਿਲਾਂ ਮੈਂ ਅਪਣੇ ਚੋਣਵੇਂ ਗੀਤਾਂ ਅਤੇ ਕਵਿਤਾਵਾਂ ਦਾ ਇਕ ਸੰਗ੍ਰਹਿ ਛਪਵਾਇਆ ਸੀ – 'ਬਲਦੇ ਅੱਖਰਾਂ ਦਾ ਸੁਨੇਹਾ' ਇਸ ਵਿਚ ਮੇਰੀਆਂ 1949-50 ਤੋਂ 1992 ਤੱਕ ਦੀਆਂ ਕਾਵਿ-ਰਚਨਾਵਾਂ ਹਨ। ਇੰਗਲੈਂਡ ਜਾ ਕੇ ਮਹਿਫਲਾਂ ਵਿਚ ਮੈਂ ਇਹ ਗੀਤ-ਕਵਿਤਾਵਾਂ ਸੁਣਾਉਂਦਾ ਰਿਹਾ ਸਾਂ। ਸੁਣਨ ਵਾਲੇ ਮੈਨੂੰ ਪਸੰਦ ਕਰਦੇ ਸਨ। ਇੱਧਰ ਵੀ ਜਦੋਂ ਕਦੇ ਦੋਸਤਾਂ ਦੀ ਮਹਿਫਲ ਜੁੜਦੀ ਹੈ, ਮੈਥੋਂ ਗੀਤ ਸੁਣਿਆ ਜਾਂਦਾ ਹੈ।

ਕਵਿਤਾ ਮੈਂ ਛੱਡੀ ਕਦੋਂ ਹੈ। ਕਦੇ-ਕਦੇ ਹੁਣ ਵੀ ਲਿਖਦਾ ਹਾਂ। ਦੋ ਕੁ ਸਾਲ ਪਹਿਲਾਂ ਪ੍ਰਮਿੰਦਰਜੀਤ ਨੇ 'ਅੱਖਰ' ਵਿਚ ਮੇਰੀ ਇਕ ਲੰਮੀ ਕਵਿਤਾ ਛਾਪੀ ਸੀ। ਮੈਨੂੰ ਫੋਨ ਆਏ। ਇਹ ਕਵਿਤਾ ਮੇਰੇ ਧੁਰ-ਅੰਦਰੋਂ ਨਿਕਲੀ ਇਕ ਚੀਕ ਸੀ। ਹਿੰਦੀ-ਪੰਜਾਬੀ ਦੇ ਮੈਗਜ਼ੀਨਾਂ ਵਿਚੋਂ ਮੈਂ ਕਵਿਤਾਵਾਂ ਬਹੁਤ ਪੜ੍ਹਦਾ ਰਹਿੰਦਾ ਹਾਂ। ਕੋਈ ਕੋਈ ਕਵਿਤਾ ਬੜੀ ਦੇਰ ਤੱਕ ਦਿਮਾਗ ਵਿਚ ਘੁੰਮਦੀ ਰਹਿੰਦੀ ਹੈ। ਗ਼ਜ਼ਲ ਦਾ ਕੋਈ ਇਕ ਸ਼ੇਅਰ ਸਮੁੱਚੇ ਵਜੂਦ ਨੂੰ ਝੰਜੋੜ ਕੇ ਸੁੱਟ ਜਾਂਦਾ ਹੈ।

*? ਤੁਹਾਡਾ ਕਥਨ ਹੈ ਕਿ ਮੈਨੂੰ ਕਵਿਤਾ ਲਿਖਣ ਵੇਲੇ ਇਉਂ ਲੱਗਣ ਲੱਗ ਪਿਆ ਜਿਵੇਂ ਮੈਂ ਝੂਠ ਬੋਲ ਰਿਹਾ ਹੋਵਾਂ। ਪਰ ਹਕੀਕਤ ਤਾਂ ਇਹ ਹੈ ਕਿ ਲੇਖਕ ਕਵਿਤਾ ਵਿੱਚ ਹੀ ਸੰਪੂਰਨ ਸੱਚ ਬੋਲਦਾ ਮੰਨਿਆ ਗਿਆ ਹੈ। ਕੀ ਕਹੋਗੇ ਇਹਦੇ ਬਾਰੇ?*

– ਕਾਲਜ ਦੇ ਦਿਨਾਂ ਤੱਕ ਤਾਂ ਕਵਿਤਾ ਮੇਰੇ ਜਜ਼ਬਿਆਂ ਦੀ ਠੀਕ ਤਰਜਮਾਨੀ ਕਰਦੀ ਰਹੀ ਸੀ, ਕਿਉਂਕਿ ਉਹ ਬਦਾਮੀ ਕੱਪੜਿਆਂ ਵਾਲੀ ਕੁੜੀ ਅਜੇ ਤੱਕ ਵੀ ਮੇਰੇ ਦਿਮਾਗ ਵਿਚ ਸੀ, ਮੇਰੀ ਪ੍ਰੇਰਨਾ ਸੀ। ਪਰ ਜਿੰਨੇ ਸਾਲ ਮੈਂ ਖੇਤੀ ਕਰਦਾ ਰਿਹਾ, ਕਵਿਤਾ ਮੈਥੋਂ, ਦੂਰ ਰਹੀ। ਫਸਲ ਸੁਕਦੀ ਦੇਖ ਕੇ, ਮੇਰੇ ਸਾਹ ਸੁੱਕੇ ਰਹਿੰਦੇ। ਫਸਲ ਦੀ ਪੈਦਾਵਾਰ ਘੱਟ ਨਿੱਕਲਦੀ, ਖਰਚ ਵੱਧ ਹੋ ਚੁੱਕਿਆ ਹੁੰਦਾ। ਕਾਲਜੇ ਨੂੰ ਖੋਹ ਪੈਂਦੀ, ਕਵਿਤਾ ਕੀਹਨੂੰ ਔੜਨੀ ਸੀ। ਖੇਤੀ ਦਾ ਕੰਮ ਛੱਡ ਕੇ ਮੈਂ ਜਦੋਂ ਅਧਿਆਪਕ ਜਾ ਲੱਗਿਆ ਸੀ। ਕਵਿਤਾ ਜਿਹੜੀ ਫੇਰ ਲਿਖਦਾ ਸੀ, ਉਹ ਝੂਠੀ ਕਵਿਤਾ ਸੀ। ਮੇਰੀ ਕਵਿਤਾ ਵਿਚ ਇਹ ਤਿੰਨ ਤਰ੍ਹਾਂ ਦਾ ਝੂਠ ਸੀ। ਕਿਸੇ ਕਲਪਿਤ ਪ੍ਰੇਮਿਕਾ ਨੂੰ ਸਾਹਮਣੇ ਰੱਖ ਕੇ ਪਿਆਰ-ਕਵਿਤਾ ਲਿਖਦਾ, ਇਕ ਤਾਂ ਇਹ ਮੇਰਾ ਝੂਠ ਸੀ। ਦੇਸ਼ ਨਵਾਂ-ਨਵਾਂ ਆਜ਼ਾਦ ਹੋਇਆ ਸੀ। ਪੰਜ-ਸਾਲਾ ਯੋਜਨਾ ਸ਼ੁਰੂ ਹੋ ਚੁੱਕੀ ਸੀ। ਲੱਗਦਾ ਸੀ ਭਾਰਤ ਦਾ ਬਹੁਤ ਵਿਕਾਸ ਹੋ ਰਿਹਾ ਹੈ। ਕਿਸਾਨ ਖੁਸ਼ਹਾਲ ਹੋ ਗਏ ਹਨ। ਮੇਰੀਆਂ ਇਹ ਕਵਿਤਾਵਾਂ ਲੋਕ ਸੰਪਰਕ ਵਿਭਾਗ ਦੇ ਕਵੀ ਦਰਬਾਰਾਂ ਵਿਚ ਪੜ੍ਹਨ ਵਾਲੀਆਂ ਕਵਿਤਾਵਾਂ ਸਨ, ਜੋ ਨਿਰਾ ਝੂਠ ਸੀ। ਦੇਸ਼ ਵਿਚ ਕਿਧਰੇ ਕੋਈ ਤਰੱਕੀ ਨਹੀਂ ਹੋ ਰਹੀ ਸੀ। ਮੈਂ ਤਾਂ ਖੇਤੀ ਦਾ ਕੰਮ ਤਿਆਗ ਕੇ ਨਿੱਕੀ ਜਿਹੀ ਨੌਕਰੀ ਉੱਤੇ ਤਸੱਲੀ ਲੱਭੀ। ਇਹ ਮੇਰੀ ਕਵਿਤਾ ਦਾ ਦੂਜਾ ਝੂਠ ਸੀ। ਤੀਜਾ ਝੂਠ ਸੀ ਕਵਿਤਾ ਵਿਚ ਨਾਅਰੇਬਾਜ਼ੀ। ਮੈਂ ਕਮਿਊਨਿਸਟ ਪਾਰਟੀ ਦੇ ਨੇੜੇ ਸੀ। ਦ੍ਰਿੜ੍ਹ ਵਿਸ਼ਵਾਸ ਸੀ ਕਿ ਰੂਸ ਵਾਂਗ ਕਦੇ ਸਾਡੇ ਦੇਸ਼ ਵਿਚ ਵੀ ਇਨਕਲਾਬ ਆਵੇਗਾ। ਪ੍ਰਗਤੀਵਾਦ ਦਾ ਇਕ ਜਲੌਅ ਸੀ। ਨਾਅਰੇ ਲੱਗ ਰਹੇ ਸਨ। ਚੜ੍ਹਦੀ ਸਵੇਰ ਦਾ ਲਾਲ ਸੂਰਜ ਕਵਿਤਾ ਦਾ ਮੁੱਖ ਪ੍ਰਤੀਕ ਸੀ। ਇਹ ਸਭ ਕੁਝ ਮੇਰੀ ਕਵਿਤਾ ਵਿਚ ਵੀ ਸੀ, ਜੋ ਝੂਠ ਸਨ। ਸੋ ਉਹਨਾਂ ਦਿਨਾਂ ਦੀ ਕਵਿਤਾ ਬਾਰੇ ਹੀ ਮੈਂ ਅਜਿਹਾ ਕਿਹਾ ਹੋਵੇਗਾ ਕਿ ਕਵਿਤਾ ਲਿਖਦਾ ਜਿਵੇਂ ਮੈਂ ਝੂਠ ਬੋਲ ਰਿਹਾ ਹਾਂ। ਮੇਰੇ ਆਖਰੀ ਸੰਗ੍ਰਹਿ 'ਮੇਰੇ ਕਮਰੇ ਦਾ ਸੂਰਜ' ਦੀਆਂ ਕਵਿਤਾਵਾਂ ਵੀ ਐਵੇਂ ਬੱਸ ਇਕ ਆਵੇਸ਼ ਸੀ। ਐਵੇਂ ਬੱਸ ਆਕਾਸ਼ ਉਡਾਰੀ ਜਿਹੀ। ਇਹ ਸਭ ਛੱਡ-ਛੁਡਾ ਕੇ ਮੈਂ ਕਹਾਣੀ ਦਾ ਲੜ ਫੜ ਲਿਆ।

**ਕੋਠੇ ਖੜਕ ਸਿੰਘ**

*? ਪੰਜਾਬ ਵਿੱਚ 'ਕੋਠੇ ਖੜਕ ਸਿੰਘ' ਨਾਮ ਦਾ ਕੋਈ ਪਿੰਡ ਨਹੀਂ ਸੁਣਿਆ। ਪਰ ਇਸੇ ਨਾਮ ਵਾਲੇ ਤੁਹਾਡੇ ਨਾਵਲ ਨੂੰ 1987 ਵਿੱਚ ਸਾਹਿਤ ਅਕਾਦਮੀ ਇਨਾਮ ਮਿਲਿਆ ਸੀ। ਇਸ ਵਿਚ ਯਥਾਰਥ ਅਤੇ ਕਲਪਨਾ ਦਾ ਸੁਮੇਲ ਕਰਨ ਵਿੱਚ ਤੁਸੀਂ ਕਿਵੇਂ ਸਫਲ ਹੋਏ ?*

– 'ਕੋਠੇ ਖੜਕ ਸਿੰਘ' ਨਾਵਲ ਦਾ ਲਗਭਗ ਸਾਰਾ ਕਥਾਨਕ ਮੈਂ ਅਪਣੇ ਮਨ ਵਿਚ ਉਸਾਰ ਲਿਆ ਸੀ। ਪਹਿਲਾਂ ਮੈਂ ਅਪਣੇ ਪਿੰਡ ਧੌਲਾ ਨੂੰ ਹੀ ਨਾਵਲ ਦਾ ਮੁੱਖ ਘਟਨਾ-ਸਥੱਲ ਬਣਾਉਣਾ ਚਾਹਿਆ ਸੀ। ਪਰ ਫੇਰ ਡਰ ਗਿਆ। ਕਿਸੇ ਦੀ ਨੂੰਹ-ਧੀ ਜਾਂ ਔਰਤ-ਮਰਦ ਦਾ ਚਿਹਰਾ-ਮੋਹਰਾ ਅਤੇ ਕਿਰਦਾਰ ਮੇਲ ਖਾ ਗਿਆ ਤਾਂ ਮੁਸ਼ਕਿਲ ਪੇਸ਼ ਆ ਜਾਵੇਗੀ। ਲੋਕ ਡਾਂਗਾਂ ਚੁੱਕ ਕੇ ਮੈਨੂੰ ਮਾਰਨ ਪੈਣਗੇ। ਪਿੰਡ ਦਾ ਖ਼ਿਆਲ ਮੈਂ ਛੱਡ ਦਿੱਤਾ।

ਬਰਨਾਲੇ ਦੇ ਗੁਆਂਢੀ ਪਿੰਡ ਸੰਘੇੜੇ ਜਾਣ ਲੱਗਿਆ। ਮਹੰਤ ਮਾਧਵਾ ਨੰਦ ਮੇਰਾ ਮਿੱਤਰ ਸੀ। ਉਹ ਗਿਆਨੀ ਹਰਬੰਸ ਸਿੰਘ ਨੂੰ ਮੇਰੇ ਨਾਲ ਤੋਰ ਦਿੰਦਾ। ਅਸੀਂ ਡੇਢ ਮਹੀਨਾ ਪਿੰਡ ਦਾ ਸਰਵੇ ਕਰਦੇ ਰਹੇ। ਮੈਂ ਹਰ ਐਤਵਾਰ ਜਾਂਦਾ ਸੀ। ਪਿੰਡ ਵਿਚ ਫਿਰ-ਤੁਰ ਕੇ ਪਤਾ ਲੱਗਿਆ, ਓਥੇ ਦੋ-ਤਿੰਨ ਘਰ ਤਾਂ ਮੇਰੇ ਜਮਾਤੀ ਮੁੰਡਿਆਂ ਦੇ ਹੀ ਸਨ। ਕੋਈ ਪੰਦਰਾਂ ਘਰ ਹੋਰ ਸਨ, ਜਿਹੜੇ ਮੈਨੂੰ ਜਾਣਦੇ ਸਨ। ਫੇਰ ਇਹ ਮਹੰਤ ਮਾਧਵਾ ਨੰਦ ਦਾ ਪਿੰਡ ਸੀ। ਸੰਘੇੜਾ ਵੀ ਮੈਨੂੰ ਧੌਲੇ ਵਾਂਗ ਹੀ ਲੱਗਿਆ। ਇਹ ਪਿੰਡ ਤਾਂ ਬਰਨਾਲੇ ਦੇ ਵਿਚ ਹੀ ਸੀ। ਲੋਕਾਂ ਦਾ ਨਿੱਤ ਵਾਂਗ ਆਉਣ ਜਾਣ ਸੀ। ਮੈਂ ਇਹ ਵੀ ਛੱਡ ਦਿੱਤਾ। ਭਦੌੜ ਤੋਂ ਅੱਗੇ ਦੂਰ ਪਿੰਡ ਭਾਈ ਰੂਪੇ ਜਾਣ ਲੱਗਿਆ। ਹਰ ਐਤਵਾਰ ਜਾਂਦਾ। ਓਥੋਂ ਦੇ ਕਾਮਰੇਡ ਗਿਆਨੀ ਭਾਗ ਸਿੰਘ ਮੇਰੇ ਨਾਲ ਹੁੰਦੇ। ਚਾਰ ਕੁ ਹਫ਼ਤੇ ਜਾ ਕੇ ਨਿਰਣਾ ਕੀਤਾ ਕਿ ਭਾਈ ਰੂਪਾ ਪਿੰਡ ਵਿਚ ਪਝੱਤਰ ਫੀਸਦੀ ਲੋਕ ਰਾਜਪੂਤ ਖੋਖਰ ਜਾਤੀ ਦੇ ਹਨ। ਮੈਨੂੰ ਤਾਂ ਉਹ ਪਿੰਡ ਚਾਹੀਦਾ ਸੀ ਜਿੱਥੋਂ ਦੇ ਬਹੁ-ਗਿਣਤੀ ਲੋਕ ਜੱਟ ਹੋਣ। ਸੋ ਇਹ ਪਿੰਡ ਵੀ ਛੱਡਣਾ ਪੈ ਗਿਆ।

ਸਾਈਕਲ 'ਤੇ ਤੁਰ ਫਿਰ ਕੇ ਮੈਂ ਦੇਖਿਆ ਕਿ ਸਲਾਬਤਪੁਰਾ ਤੋਂ ਰਾਮਪੁਰਾ ਫੂਲ ਨੂੰ ਜਿਹੜੀ ਸੜਕ ਜਾਂਦੀ ਹੈ, ਇਕ ਪਿੰਡ ਬੁਰਜ ਗਿੱਲਾਂ ਇਸ ਸੜਕ ਉੱਤੇ ਪੈਂਦਾ ਹੈ। ਬੁਰਜ ਗਿੱਲਾਂ ਤੋਂ ਸੇਲਬਰਾਹ ਤੱਕ ਲਿੰਕ ਰੋਡ ਸੀ ਅਤੇ ਸੇਲਬਰਾਹ ਤੋਂ ਭਾਈਰੂਪੇ ਤੱਕ ਵੀ ਲਿੰਕ ਰੋਡ। ਭਾਈ ਰੂਪਾ ਮੇਨ ਰੋਡ ਉਤੇ ਹੈ। ਬੁਰਜ ਗਿੱਲਾਂ ਤੋਂ ਭਾਈਰੂਪੇ ਵੱਲ ਦੀ ਸੇਲਬਰਾਹ ਨੂੰ ਨਿਕਲ ਜਾਂਦਾ ਇਕ ਸੂਆ ਹੈ। ਭਾਈਰੂਪਾ ਅਤੇ ਸੇਲਬਰਾਹ ਵਿਚਕਾਰ ਸੂਏ ਦੇ ਨੇੜੇ ਮੈਂ ਇਕ ਕਲਪਿਤ ਪਿੰਡ ਵਸਾ ਲਿਆ ਜਿਸਦਾ ਨਾਂ ਰੱਖ ਲਿਆ 'ਕੋਠੇ ਖੜਕ ਸਿੰਘ'। ਇਸ ਪਿੰਡ ਦਾ ਕਿਸੇ ਖੜਕ ਸਿੰਘ ਨਾਲ ਕੋਈ ਸਬੰਧ ਨਹੀਂ। ਇਸ ਇਲਾਕੇ ਵਿਚ 'ਕੋਠੇ' ਸ਼ਬਦ ਨਾਲ ਜੁੜੇ ਹੋਰ ਬਹੁਤ ਪਿੰਡ ਹਨ, ਪਰ 'ਕੋਠੇ ਖੜਕ ਸਿੰਘ' ਨਾਂ ਦਾ ਕੋਈ ਪਿੰਡ ਨਹੀਂ ਹੈ। ਬੱਸ ਇਸ ਪਿੰਡ ਵਿਚ ਮੈਂ ਅਪਣੇ ਨਾਵਲ ਦੀ ਸਾਰੀ ਕਹਾਣੀ ਫਿੱਟ ਕਰ ਦਿੱਤੀ। ਇਹ ਕਲਪਿਤ ਪਿੰਡ ਬਠਿੰਡਾ, ਮਾਨਸਾ, ਬਰਨਾਲਾ ਦੇ ਆਮ ਪਿੰਡਾਂ ਜਿਹਾ ਪਿੰਡ ਹੈ। ਨਾਵਲ ਛਪ ਜਾਣ ਤੋਂ ਬਾਅਦ ਬਹੁਤ ਸਾਰੇ

ਪਾਠਕਾਂ ਨੇ ਕੋਠੇ ਖੜਕ ਸਿੰਘ ਨੂੰ ਅਸਲੀ ਪਿੰਡ ਸਮਝ ਲਿਆ ਸੀ। ਇਕ ਮੇਰਾ ਪਾਠਕ ਤਾਂ ਇਕ ਦਿਨ ਇਸ ਪਿੰਡ ਨੂੰ ਲਭਦਾ ਵੀ ਰਿਹਾ, ਪਰ ਇਹ ਪਿੰਡ ਉਸ ਨੂੰ ਕਿਧਰੇ ਮਿਲਿਆ ਨਹੀਂ।

ਪਿੰਡ ਭਾਈਰੂਪਾ ਦੇ ਜੰਮਪਲ ਅਤੇ ਪੰਜਾਬੀ ਦੇ ਪ੍ਰਸਿੱਧ ਆਲੋਚਕ ਡਾ. ਲਾਭ ਸਿੰਘ ਖੀਵਾ ਨੇ ਇਕ ਵਾਰ ਮੈਨੂੰ ਦੱਸਿਆ ਕਿ ਉਹ ਪਿੰਡ ਗਿਆ ਸੀ, ਜਿਹਨਾਂ ਬੰਦਿਆਂ ਨੇ ਨਾਵਲ ਪੜ੍ਹਿਆ ਹੈ, ਗੱਲਾਂ ਕਰ ਰਹੇ ਸਨ। ਆਖਦੇ ਸਨ–ਨਾਵਲ ਵਿਚ ਜਿੱਥੇ 'ਕੋਠੇ ਖੜਕ ਸਿੰਘ' ਪਿੰਡ ਹੈ, ਉੱਥੇ ਸੱਚਮੁੱਚ ਦਾ ਇਕ ਪਿੰਡ ਵਸਾਇਆ ਜਾਣਾ ਚਾਹੀਦਾ ਹੈ। ਪਿੰਡ ਦੀਆਂ ਗਲੀਆਂ ਦੇ ਮੋੜਾਂ ਉੱਤੇ ਬੁੱਤ ਲਾਏ ਜਾਣ; ਹਰਨਾਮੀ, ਝੰਡਾ ਸਿੰਘ, ਅਰਜਨ ਸਿੰਘ, ਨਸੀਬ, ਪੁਸ਼ਪਿੰਦਰ ਕੌਰ, ਹਰਦਿੱਤ ਸਿੰਘ, ਮੱਲਣ ਸਿੰਘ ਅਤੇ ਬਲਕਾਰ ਦੇ ਬੁੱਤ। ਖੈਰ... ਡਾ. ਖੀਵਾ ਨੇ ਇਹ ਤਾਂ ਮੇਰਾ ਦਿਲ ਰੱਖਿਆ ਸੀ। ਮੇਰੀਆਂ ਅੱਖਾਂ ਵਿਚ ਇਕ ਸੁਪਨਾ ਜਗਾਇਆ, ਪਰ ਮੈਨੂੰ ਹੁਣ ਇੰਗਲੈਂਡ ਯਾਦ ਆਉਂਦਾ ਹੈ। ਅਸੀਂ ਓਥੇ ਸ਼ੈਕਸਪੀਅਰ ਦੇ ਨਾਟਕਾਂ ਦੇ ਬੁੱਤ ਲੱਗੇ ਦੇਖੇ–ਪੋਰਸ਼ੀਆ, ਸ਼ਾਈਲਾਕ, ਕਿੰਗਲੀਅਰ, ਮੈਕਬੈੱਥ, ਓਥੈਲੋ ਆਦਿ ਪਾਤਰਾਂ ਦੇ ਬੁੱਤ।

*? 'ਕੋਠੇ ਖ਼ੜਕ ਸਿੰਘ' ਦੀ ਹਰਨਾਮੀ ਬੜਾ ਜਿਉਂਦਾ ਜਾਗਦਾ ਕਿਰਦਾਰ ਹੈ, ਇਹ ਕਿਰਦਾਰ ਕਿੰਨਾ ਕੁ ਕਾਲਪਨਿਕ ਤੇ ਕਿੰਨਾ ਕੁ ਹਕੀਕੀ ਹੈ?*

– ਕਿਸੇ ਵੀ ਨਾਵਲ ਵਿਚ ਜਿਉਂਦੇ–ਜਾਗਦੇ ਮਤਲਬ ਸੱਚਮੁੱਚ ਦੇ ਪਾਤਰ ਲੈਣ ਦਾ ਮੇਰਾ ਇਕ ਤਰੀਕਾ ਹੈ। ਨਾਵਲ ਲਿਖਣ ਵੇਲੇ ਮੈਂ ਉਸ ਸੱਚਮੁੱਚ ਦੇ ਪਾਤਰ ਨੂੰ ਭੁੱਲ ਜਾਂਦਾ ਹਾਂ ਅਤੇ ਫੇਰ ਉਹਨੂੰ ਕਹਾਣੀ ਦੀ ਜ਼ਰੂਰਤ ਅਨੁਸਾਰ ਦੁਬਾਰਾ ਘੜਦਾ ਹਾਂ।

'ਕੋਠੇ ਖੜਕ ਸਿੰਘ' ਦੀ ਹਰਨਾਮੀ ਸੱਚਮੁੱਚ ਦਾ ਪਾਤਰ ਹੈ। ਅਸਲ ਵਿਚ ਇਹ ਦੋ ਔਰਤਾਂ ਸਨ, ਜਿਹਨਾਂ ਨੂੰ ਮੈਂ ਬਹੁਤ ਨੇੜਿਓਂ ਦੇਖਿਆ ਪਰਖਿਆ ਹੋਇਆ ਸੀ। ਇਹਨਾਂ ਦੋ ਔਰਤਾਂ ਦੇ ਕਿਰਦਾਰਾਂ ਨੂੰ ਲੈ ਕੇ ਮੈਂ ਇਹਦਾ ਇਕ ਪਾਤਰ ਹਰਨਾਮੀ ਬਣਾ ਲਿਆ। ਉਹਦੇ ਜੀਵਨ ਨਾਲ ਸਬੰਧਿਤ ਕੁਝ ਘਟਨਾਵਾਂ ਸੱਚੀਆਂ ਹਨ ਅਤੇ ਕੁਝ ਕਲਪਿਤ।

ਦਿੱਲੀ ਇਕ ਵਾਰ ਮੇਰਾ ਰੂਬਰੂ ਪ੍ਰੋਗਰਾਮ ਸੀ। 'ਕੋਠੇ ਖੜਕ ਸਿੰਘ' ਨਾਵਲ ਬਾਰੇ ਹੀ ਮੈਥੋਂ ਬਹੁਤੇ ਸਵਾਲ ਪੁੱਛੇ ਗਏ। ਉਹਨਾਂ ਦਿਨਾਂ ਵਿਚ ਇਸ ਨਾਵਲ ਨੂੰ ਸਾਹਿਤ ਅਕਾਡਮੀ ਇਨਾਮ ਤਾਜ਼ਾ–ਤਾਜ਼ਾ ਹੀ ਮਿਲਿਆ ਸੀ। ਇਕ ਲੈਚਕਰਾਰ ਔਰਤ ਨੇ ਕਿੰਤੂ ਕੀਤਾ ਕਿ ਹਰਨਾਮੀ ਸ਼ਰਾਬ ਪੀਂਦੀ ਹੈ। ਪਿੰਡਾਂ ਦੀਆਂ ਔਰਤਾਂ ਕਿੱਥੇ ਸ਼ਰਾਬ ਪੀਂਦੀਆਂ ਹਨ। ਇਹ ਅਤਿਕਥਨੀ ਹੈ। ਐਧਰ–ਓਧਰ ਦੀਆਂ ਗੱਲਾਂ ਕਰਕੇ ਮੈਂ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਪਿੰਡਾਂ ਦੀਆਂ ਔਰਤਾਂ ਸ਼ਰਾਬ ਪੀਂਦੀਆਂ ਹਨ। ਅਖੀਰ ਮੈਨੂੰ ਇਹ ਕਹਿਣਾ ਪਿਆ ਕਿ ਹਰਨਾਮੀ ਨਾਂ ਦੇ ਇਸ ਸੱਚਮੁੱਚ ਦੇ ਪਾਤਰ ਨਾਲ ਮੈਂ ਆਪ ਸ਼ਰਾਬ ਪੀਤੀ ਹੈ।

ਹਰਨਾਮੀ ਬਦਮਾਸ਼ ਔਰਤ ਬਿਲਕੁਲ ਨਹੀਂ ਹੈ। ਹਾਲਾਤ ਨੇ ਉਹਨੂੰ ਅਜਿਹਾ ਬਣਾ ਦਿੱਤਾ ਸੀ। ਇਕ ਵਾਰ ਪੈਰੋਂ ਉੱਖੜੀ ਉਹ ਔਰਤ ਦਿਨੋ–ਦਿਨ ਦੁੱਖਾਂ ਵੱਲ ਹੀ ਧੱਕੀਂਦੀ ਤੁਰੀ ਜਾਂਦੀ ਹੈ। ਅਖੀਰ ਸਮਾਜ ਉਹਨੂੰ ਅਪਣਾ ਲੈਂਦਾ ਹੈ ਅਤੇ ਪਿਛਲੀ ਉਮਰ ਵਿਚ ਉਹ ਪੰਚਾਇਤ ਮੈਂਬਰ ਬਣਦੀ ਹੈ।

*? ਆਪਣੇ ਨਾਵਲਾਂ ਵਿਚ ਪੰਜਾਬ ਦੇ ਸਮਾਜਕ ਸਭਿਆਚਾਰਕ ਰੁਪਾਂਤਰਨ ਦੀ ਵਿਸਤਰਿਤ ਰੂਪ ਰੇਖਾ ਤੁਸੀਂ ਉਲੀਕੀ ਹੈ ਅਜਿਹਾ ਕਰਨ ਦੀ ਲਗਨ ਤੁਹਾਨੂੰ ਕਿਵੇਂ ਲੱਗੀ?*

– ਲਗਭਗ ਮੇਰੇ ਸਾਰੇ ਨਾਵਲਾਂ ਵਿਚ ਪੰਜਾਬ ਦੇ ਮਾਲਵਾ ਖੇਤਰ ਦੇ ਪਿੰਡਾਂ ਦਾ ਜੀਵਨ ਹੈ। ਇਹ ਪਿੰਡ ਮਾਲਵੇ ਦੇ ਨਹੀਂ, ਬਠਿੰਡਾ, ਮਾਨਸਾ ਅਤੇ ਬਰਨਾਲਾ ਜ਼ਿਲ੍ਹਿਆਂ ਦੇ ਕੋਈ ਚਾਲੀ–ਪੰਜਾਹ ਪਿੰਡਾਂ ਦਾ ਘੇਰਾ ਹੈ। ਮੈਂ ਸਾਰੀ ਉਮਰ ਇਹਨਾਂ ਪਿੰਡਾਂ ਵਿਚ ਹੀ ਘੁੰਮਦਾ–ਫਿਰਦਾ ਰਿਹਾ ਹਾਂ। ਬਚਪਨ ਤੋਂ ਲੈ ਕੇ ਮੇਰੇ ਅੰਦਰ ਇਸ ਪੇਂਡੂ ਜ਼ਿੰਦਗੀ ਦਾ ਭਰਪੂਰ ਖ਼ਜ਼ਾਨਾ ਜਮ੍ਹਾਂ ਹੋਇਆ ਪਿਆ ਹੈ। ਮੈਂ ਇਹ ਕਥਾਵਾਂ ਲਿਖ ਕੇ ਪਾਠਕਾਂ ਨੂੰ ਦੱਸਣਾ ਚਾਹਿਆ ਸੀ। ਪਾਤਰਾਂ ਦੇ ਕਿਰਦਾਰਾਂ ਨੂੰ ਬਿਆਨ ਕਰਦਿਆਂ, ਉਹਨਾਂ ਦੀ ਨਿੱਤਾ ਪ੍ਰਤੀ ਜ਼ਿੰਦਗੀ ਵੀ ਪੇਸ਼ ਹੋ ਜਾਣੀ ਲਾਜ਼ਮੀ ਸੀ। ਮੇਰੇ ਇਨ੍ਹਾਂ ਜਾਣੇ–ਪਛਾਣੇ ਲੋਕਾਂ ਦਾ ਜੀਵਨ ਪੇਸ਼ ਕਰਦਿਆਂ ਇਹ ਸਮੁੱਚਾ ਮਲਵਈ ਜੀਵਨ ਪੇਸ਼ ਹੋ ਗਿਆ। ਸਮਾਜਕ ਅਤੇ ਸਭਿਆਚਾਰਕ ਜੀਵਨ ਦੇ ਨਾਲ–ਨਾਲ ਆਰਥਿਕ ਅਤੇ ਧਾਰਮਿਕ ਜੀਵਨ ਵੀ ਸਾਹਮਣੇ ਆਇਆ, ਸਗੋਂ ਪਿੰਡਾਂ ਦਾ ਰਾਜਨੀਤਕ ਜੀਵਨ ਵੀ। ਮੈਂ ਕਦੇ ਨਹੀਂ ਚਾਹਿਆ ਸੀ ਕਿ ਮੈਂ ਮਲਵਈ ਪਿੰਡਾਂ ਦਾ ਸਮਾਜਿਕ–ਸਭਿਆਚਾਰਕ ਜੀਵਨ ਪੇਸ਼ ਕਰਨਾ ਹੈ। ਮੈਂ ਤਾਂ ਕਹਾਣੀਆਂ ਸੁਣਾਉਣੀਆਂ ਸਨ। ਇਹਨਾਂ ਕਹਾਣੀਆਂ ਦਾ ਵਰਨਣ ਹੀ ਮਲਵਈ ਲੋਕਾਂ ਦਾ ਸਮੁੱਚਾ ਜੀਵਨ ਹੋ ਗਿਆ। ਸਿਆਣੇ ਲੋਕ ਮੈਨੂੰ ਪੇਂਡੂ ਕਲਚਰ ਦਾ ਨਾਵਲਕਾਰ ਕਹਿਣ ਲੱਗੇ।

*? ਤੁਹਾਡੇ ਹਰ ਨਾਵਲ ਵਿਚ ਕਿਤੇ ਨਾ ਕਿਤੇ ਪਿਛਲੇ ਕਿਸੇ ਨਾਵਲ ਦਾ ਦੁਹਰਾਓ ਹੁੰਦਾ ਹੈ। 'ਕੋਠੇ ਖੜਕ ਸਿੰਘ', 'ਪਰਤਾਪੀ' ਅਤੇ 'ਦੁੱਲੇ ਦੀ ਢਾਬ' ਤੋਂ ਬਾਅਦ ਲੱਗਦਾ ਹੈ ਜਿਵੇਂ ਤੁਸੀਂ ਇਕੋ ਨਾਵਲ ਵਾਰ–ਵਾਰ ਲਿਖੀਂ ਜਾ ਰਹੇ ਹੋਵੋਂ। ਅਜਿਹਾ ਕਿਉਂ?*

– ਇਕੋ ਨਾਵਲ ਵਾਰ ਵਾਰ ਲਿਖਣ ਵਾਲੀ ਤਾਂ ਕੋਈ ਗੱਲ ਨਹੀਂ, ਯਾਰ। ਮੇਰੇ ਕਿਸੇ ਦੋ ਨਾਵਲਾਂ ਦਾ ਮਸਲਾ ਇਕ ਨਹੀਂ ਹੈ। ਹਰ ਨਾਵਲ ਅਲੱਗ–ਅਲੱਗ ਥੀਮ ਨੂੰ ਲੈ ਕੇ ਲਿਖਿਆ ਗਿਆ ਹੈ। ਹਾਂ, ਕਦੇ ਅਚੇਤ ਅਤੇ ਕਦੇ ਸੁਚੇਤ ਨਾਵਲ ਦੇ ਕਥਾਨਕ ਨੂੰ ਮੁੱਖ ਰੱਖਦਿਆਂ ਅਤੇ ਕਥਾਨਕ ਨੂੰ ਮੁਕੰਮਲ ਰੂਪ ਵਿਚ ਪੇਸ਼ ਕਰਨ ਲਈ ਵੇਰਵਿਆਂ ਦਾ ਦੁਹਰਾਓ ਜ਼ਰੂਰ ਹੋ ਜਾਂਦਾ ਹੈ। ਇਕ ਕਾਰਨ ਅਜਿਹਾ ਹੋ ਜਾਣ ਦਾ ਹੋਰ ਵੀ ਹੈ, ਉਹ ਹੈ ਮੇਰੇ ਨਾਵਲਾਂ ਦਾ ਘਟਨਾ ਸਥੱਲ ਬਰਨਾਲਾ–ਮਾਨਸਾ–ਬਠਿੰਡਾ ਦੇ ਕੁਝ ਪੰਜਾਹ ਕੁ ਪਿੰਡਾਂ ਦਾ ਦ੍ਰਿਸ਼–ਵਰਨਣ ਤਾਂ ਓਹੋ–ਜਿਹਾ ਹੀ ਹੋ ਜਾਂਦਾ ਹੈ। ਕਈ ਵਾਰ ਕਹਾਣੀ ਦੀ ਜ਼ਰੂਰਤ ਨੂੰ ਸਾਹਮਣੇ ਰੱਖਦਿਆਂ ਪਾਤਰ ਵੀ ਕੋਈ–ਕੋਈ ਪਹਿਲਾਂ ਵਰਗਾ ਹੀ ਪੇਸ਼ ਹੋ ਜਾਂਦਾ ਹੈ। ਪਰ ਮੈਂ ਕੀ ਕਰਾਂ, ਮੈਂ ਤਾਂ ਇਹਨਾਂ ਪਿੰਡਾਂ ਦੇ ਲੋਕਾਂ ਨੂੰ ਹੀ ਬਹੁਤਾ ਜਾਣਦਾ ਹਾਂ। ਇਹਨਾਂ ਤਿੰਨ ਜ਼ਿਲ੍ਹਿਆਂ ਦਾ ਸਭਿਆਚਾਰ ਹੀ ਪੇਸ਼ ਹੁੰਦਾ ਹੈ। ਇਹਨਾਂ ਲੋਕਾਂ ਦੀ ਬੋਲ–ਚਾਲ ਦੀ ਭਾਸ਼ਾ ਹੀ ਮੇਰੇ ਪਾਤਰਾਂ ਦੀ ਭਾਸ਼ਾ ਹੈ। ਇਹਨਾਂ ਲੋਕਾਂ ਦੇ ਮਸਲੇ ਹੀ ਮੇਰੇ ਨਾਵਲਾਂ ਦੇ ਮਸਲੇ ਬਣਦੇ ਹਨ।

ਮੇਰਾ ਨਾਵਲ 'ਬੱਸ ਹੋਰ ਨਹੀਂ' ਪੜ੍ਹ ਕੇ ਇਕ ਪਾਠਕ ਨੇ ਮੈਨੂੰ ਪੁੱਛਿਆ ਸੀ, ''ਨਾਵਲ ਦੇ ਮੁੱਢ ਵਿਚ ਜਿਹੜਾ 'ਸੰਦਲੀ' ਪਾਤਰ ਐ, ਕੀ ਇਹੀ ਪਾਤਰ 'ਕੱਖਾਂ ਕਾਨਿਆਂ ਦੇ ਪੁਲ' ਨਾਵਲ ਵਿਚ 'ਸੁਨੀਤਾ' ਦਾ ਪਾਤਰ ਨਹੀਂ?'' ਮੇਰੇ ਕੰਨ ਭੜੱਕ ਦੇ ਕੇ ਖੁੱਲ੍ਹ ਗਏ ਸਨ। ਇਹ ਮੈਥੋਂ ਅਚੇਤ ਹੀ ਹੋ ਗਿਆ ਸੀ।

ਮੁਕਤਸਰ ਦੇ ਹਰਜਿੰਦਰ ਸੂਰੇਵਾਲੀਆ ਦਾ ਮੁੰਡਾ ਹਰਕੁਸ਼ਲਦੀਪ ਇਕ ਵਾਰ ਮੈਨੂੰ ਕਹਿਣ ਲੱਗਿਆ, 'ਅੰਕਲ, ਤੁਹਾਡੇ ਹਰ ਨਾਵਲ ਵਿਚ ਪਿੰਡ ਦੀ ਫਿਰਨੀ ਉਤੇ ਮਕਾਨ ਇਕੋ ਜਿਹਾ ਹੀ ਕਿਉਂ ਹੁੰਦੈ... ਅਗੇ ਦੋ ਬੈਠਕਾਂ, ਵਿਚਾਲੇ ਵਿਹੜਾ, ਵਿਹੜੇ ਤੋਂ ਪਿੱਛੇ ਵੱਡੀਆਂ ਦੋ ਸਬਾਤਾਂ, ਸਬਾਤਾਂ ਅੱਗੇ ਵਰਾਂਢਾ, ਵਰਾਂਢੇ ਦੇ ਇਕ ਪਾਸੇ ਰਸੋਈ, ਦੂਜੇ ਪਾਸੇ ਗੁਸਲਖਾਨਾ। ਵਿਹੜੇ ਦੇ ਇਕ ਪਾਸੇ ਪਸ਼ੂਆਂ ਦੀ ਖੁਰਲੀ ਅਤੇ ਖੁਰਲੀ ਉਤੇ ਛਤਾਅ।'' ਇਹ ਵੀ ਮੈਥੋਂ ਅਚੇਤ ਹੀ ਹੁੰਦਾ ਰਿਹਾ ਹੈ। ਮੈਂ ਕੀ ਕਰਾਂ, ਮਲਵਈ ਪਿੰਡਾਂ ਦੇ ਰੱਜੇ–ਪੁੱਜੇ ਲੋਕ ਜਦੋਂ ਫਿਰਨੀ ਉਤੇ ਨਵਾਂ ਮਕਾਨ ਪਾਉਂਦੇ ਹਨ, ਤਾਂ ਅਜਿਹਾ ਹੀ ਮਕਾਨ ਹੁੰਦਾ ਹੈ ਸਭ ਦਾ। ਮਕਾਨਾਂ ਦੇ ਨਵੇਂ–ਨਵੇਂ ਡਿਜ਼ਾਇਨ ਮੈਂ ਕਿੱਥੋਂ ਲੈ ਕੇ ਆਵਾਂ?

ਇੱਥੇ ਬਰਨਾਲੇ ਮੇਰਾ ਇਕ ਪਾਠਕ ਹੈ–ਬਸੰਤ ਸਿੰਘ ਉਭੀ। ਉਹ ਕਿੱਤੇ ਤੋਂ ਬੈਂਕ ਦਾ ਚੀਫ–ਮੈਨੇਜਰ ਹੈ। ਮੇਰਾ ਹਰ ਨਾਵਲ ਖਰੀਦ ਕੇ ਪੜ੍ਹਦਾ ਹੈ। ਤਿੰਨ ਕੁ ਸਾਲ ਪਹਿਲਾਂ ਉਹਨੇ ਮੇਰਾ ਇਕ ਨਵਾਂ ਨਾਵਲ ਪੜ੍ਹਿਆ। ਦੱਸ ਰਿਹਾ ਸੀ, ''ਮੁੜ–ਘਿੜ ਕੇ ਓਹੀ ਗੱਲਾਂ ਹੁੰਦੀਆਂ ਨੇ ਤੁਹਾਡੇ ਨਾਵਲ 'ਚ। ਪਿੰਡਾਂ ਬਾਰੇ ਲਿਖਣਾ ਛੱਡੋ ਹੁਣ।''

ਸੋਚਦਾ ਹਾਂ, ਪਾਠਕ ਕਿੰਨੇ ਸੁਚੇਤ ਹਨ। ਮੇਰੇ ਇਕੱਲੇ–ਇਕੱਲੇ ਪਾਤਰ ਨੂੰ ਜਾਣਦੇ ਹਨ। ਦੁਬਾਰਾ ਆਏ ਪਾਤਰ ਨੂੰ ਬਰਦਾਸ਼ਤ ਨਹੀਂ ਕਰਦੇ। ਮੈਨੂੰ ਵੀ ਕੁਝ ਸੋਚਣਾ ਚਾਹੀਦਾ ਹੈ। ਪਰ ਮੈਂ ਮਜਬੂਰ ਹਾਂ। ਸਾਡੇ ਇਹਨਾਂ ਪਿੰਡਾਂ ਵਿਚ ਜਦੋਂ ਕੋਈ ਨਵਾਂ ਮਸਲਾ ਖੜ੍ਹਾ ਹੋ ਜਾਂਦਾ ਹੈ ਤਾਂ ਮੈਂ ਨਾਵਲ ਲਿਖਦਾ ਹਾਂ। ਮਸਲਾ ਕਿੰਨਾ ਵੀ ਅਛੂਤਾ ਹੋਵੇ। ਅਚੇਤ ਹੀ ਵੇਰਵਿਆਂ ਦਾ ਦੁਹਰਾਓ ਹੋ ਜਾਂਦਾ ਹੈ।

'ਗੇਲੋ' ਨਾਵਲ ਵਿਚ ਪਤੀ ਕਰਜ਼ਿਆਂ ਦੀ ਮਾਰ ਹੇਠ ਜ਼ਮੀਨ ਗੁਆ ਬੈਠਦਾ ਹੈ। ਫੇਰ ਨਸ਼ੇ–ਪੱਤੇ ਕਰਨ ਲਗਦਾ ਹੈ। ਘਰ ਵਿਚ ਪਤਨੀ ਹੈ, ਔਲਾਦ ਹੈ। ਗੇਲੋ ਕਿਧਰ ਜਾਵੇ। ਜੇ ਉਹ ਪਤੀ ਦਾ ਨਸ਼ਾ ਪੂਰਾ ਨਾ ਕਰੇ ਤਾਂ ਕੁੱਟ ਖਾਂਦੀ ਹੈ। ਘਰ–ਕਬੀਲਦਾਰੀ ਵੀ ਕਿਵੇਂ ਤੋਰਨੀ ਹੈ। ਹੋਰ ਕੋਈ ਸਾਧਨ ਨਹੀਂ। ਪਤੀ ਮੁਰਦੇ–ਸਮਾਨ ਹੈ। ਉਹ ਸ਼ਹਿਰ ਜਾਣ ਲਗਦੀ ਹੈ–ਅੱਡੇ ਉਤੇ। ਮਾਲਵੇ ਦੇ ਕਿਸਾਨੀ ਜੀਵਨ ਵਿਚ ਹੁਣ ਇਹ ਇਕ ਨਵਾਂ ਸੰਕਟ ਹੈ। ਨਾਵਲ ਦੇ ਬ੍ਰਿਤੰਤ ਨੂੰ ਇਥੋਂ ਤੱਕ ਲਿਆਉਣ ਲਈ ਉਸ ਘਰ ਦਾ ਮੁੱਢਲਾ ਜੀਵਨ ਦੇਣਾ ਪਵੇਗਾ। ਸ਼ਹਿਰ ਦੇ ਅੱਡੇ ਤੱਕ ਕਿਵੇਂ ਪਹੁੰਚਿਆ ਇਹ ਘਰ ਅਤੇ ਕਿਉਂ ਪਹੁੰਚਿਆ। ਇਹ ਸਭ ਦੱਸਣ ਲਈ ਜੀਵਨ–ਵੇਰਵਿਆਂ ਦਾ ਵਰਨਣ ਕਿਧਰੇ ਨਾ ਕਿਧਰੇ ਦੁਹਰਾਇਆ ਜਾਣਾ ਕੁਦਰਤੀ ਹੈ ਕਿਉਂਕਿ ਸਭਿਆਚਾਰ ਤਾਂ ਓਹੀ ਹੈ।

*? ਇਹ ਆਮ ਸ਼ਿਕਾਇਤ ਸੁਣੀ ਜਾਂਦੀ ਹੈ ਕਿ ਪੰਜਾਬੀ ਵਿਚ ਪਾਠਕਾਂ ਦੀ ਸਮਸਿਆ ਬੜੀ ਗੰਭੀਰ ਹੈ। ਕਿਤਾਬਾਂ ਵਿਕਦੀਆਂ ਨਹੀਂ। ਤੁਹਾਡਾ ਕੀ ਵਿਚਾਰ ਹੈ?*

– ਪਹਿਲਾਂ ਤਾਂ ਇਹ ਦੇਖਣਾ ਪਵੇਗਾ ਕਿ ਅੱਧਾ ਪੰਜਾਬ ਅਣਪੜ੍ਹ ਹੈ–ਨਿਰੋਲ ਅੰਗੂਠਾ ਛਾਪ। ਜਿਹੜੇ ਪੜ੍ਹੇ–ਲਿਖੇ ਲੋਕ ਹਨ, ਉਹਨਾਂ ਵਿਚੋਂ ਤੀਹ–ਚਾਲੀ ਫੀਸਦੀ ਪੰਜਾਬੀ ਦੇ ਅਖ਼ਬਾਰ ਜ਼ਰੂਰ ਪੜ੍ਹਦੇ ਹਨ, ਕਿਤਾਬਾਂ ਤਾਂ ਦੋ–ਢਾਈ ਫੀਸਦੀ ਲੋਕਾਂ ਵਲੋਂ ਹੀ ਪੜ੍ਹੀਆਂ ਜਾਂਦੀਆਂ ਹਨ। ਇਸ ਕਰਕੇ ਕਿਸੇ ਵੀ ਸਥਾਪਤ ਲੇਖਕ ਦੀ ਕੋਈ ਕਿਤਾਬ ਇਕ ਹਜ਼ਾਰ ਕਾਪੀ ਦਾ ਐਡੀਸ਼ਨ ਛਪਕੇ ਮਸਾਂ ਕਿਤੇ ਇਕ ਸਾਲ ਵਿਚ ਖ਼ਤਮ ਹੁੰਦੀ ਹੈ।

ਪਾਠਕਾਂ ਦੀ ਸਮੱਸਿਆ ਦਾ ਰੋਣਾ ਦੋ ਤਰ੍ਹਾਂ ਦੇ ਲੋਕ ਰੋਂਦੇ ਹਨ। ਇਕ ਤਾਂ ਉਹ ਲੇਖਕ ਜਿਹੜੇ ਆਪਣੀਆਂ ਕੱਚਘੜ ਕਿਤਾਬਾਂ ਪਬਲਿਸ਼ਰ ਨੂੰ ਪੱਲਿਓਂ ਪੈਸੇ ਦੇ ਕੇ ਛਪਵਾਉਂਦੇ ਹਨ। ਉਹ ਵਿਕਦੀਆਂ ਕਿਧਰੇ ਨਹੀਂ, ਫੰਕਸ਼ਨਾਂ ਉਤੇ ਮੰਗਲਵਾਰ ਦੇ ਭੋਗ ਵਾਂਗ ਵੰਡੀਆਂ ਹੀ ਜਾਂਦੀਆਂ ਹਨ। ਦੂਜੇ ਉਹ ਪਬਲਿਸ਼ਰ ਇਹ ਸ਼ਿਕਾਇਤ ਕਰਦੇ ਹਨ ਕਿ ਕਿਤਾਬਾਂ ਕਿਧਰੇ ਵਿਕਦੀਆਂ ਨਹੀਂ। ਉਹਨਾਂ ਨੇ ਇਹ ਕਿਤਾਬਾਂ ਲੇਖਕ ਤੋਂ ਪੈਸੇ ਲੈ ਕੇ ਛਾਪੀਆਂ ਹੁੰਦੀਆਂ ਹਨ। ਉਹ ਕਿਧਰੇ ਨਾ ਕਿਧਰੇ ਲਾਇਬਰੇਰੀਆਂ ਵਿਚ ਤਾਂ ਇਹਨਾਂ ਕਿਤਾਬਾਂ ਨੂੰ ਕੱਢ ਲੈਂਦੇ ਹਨ, ਪਰ ਇਹਨਾਂ ਦੀ ਕਾਊਂਟਰ–ਸੇਲ ਨਹੀਂ ਹੁੰਦੀ। ਕਾਰਨ, ਅਜਿਹਾ ਸਾਹਿਤ ਨੀਵੇਂ ਪੱਧਰ ਦਾ ਹੁੰਦਾ ਹੈ।

ਜਿਹਨਾਂ ਲੇਖਕਾਂ ਦੀ ਕਾਊਂਟਰ–ਸੇਲ ਹੈ ਅਤੇ ਉਹ ਲੇਖਕ ਪੜ੍ਹਨਯੋਗ ਹਨ, ਉਹਨਾਂ ਨੂੰ ਪਾਠਕਾਂ ਦੀ ਕਦੇ ਘਾਟ ਨਹੀਂ ਰੜਕੀ। ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਗੁਰਦਿਆਲ ਸਿੰਘ, ਬਲਦੇਵ ਸਿੰਘ, ਮਨਮੋਹਨ ਬਾਵਾ ਅਤੇ ਬੂਟਾ ਸਿੰਘ ਸ਼ਾਦ ਦੇ ਨਵੇਂ ਨਾਵਲ ਲਗਾਤਾਰ ਵਿਕਦੇ ਹਨ।



ਕਹਾਣੀਕਾਰਾਂ ਵਿਚ ਪ੍ਰੇਮ ਪ੍ਰਕਾਸ਼ ਅਤੇ ਵਰਿਆਮ ਸਿੰਘ ਸੰਧੂ ਦਾ ਜਦੋਂ ਵੀ ਕੋਈ ਨਵਾਂ ਸੰਗ੍ਰਹਿ ਛਪਿਆ, ਫਟਾਫੱਟ ਵਿਕ ਜਾਂਦਾ ਰਿਹਾ। ਨਵੀਂ ਪੀੜ੍ਹੀ ਦੇ ਕਈ ਕਹਾਣੀਕਾਰ ਫਟਾਫੱਟ ਵਿਕੇ ਹਨ। ਕਵਿਤਾ ਵਿਚ ਡਾ. ਜਗਤਾਰ ਅਤੇ ਸੁਰਜੀਤ ਪਾਤਰ ਨੂੰ ਕਦੇ ਪਾਠਕਾਂ ਦੀ ਘਾਟ ਮਹਿਸੂਸ ਨਹੀਂ ਹੋਈ। ਸ਼ਿਵ ਕੁਮਾਰ ਤੇ ਪਾਸ਼ ਹੁਣ ਤੱਕ ਵਿਕ ਰਹੇ ਹਨ। ਮੇਰੇ ਪਬਲਿਸ਼ਰ ਜਾਣਦੇ ਹਨ ਕਿ ਮੇਰਾ ਕੋਈ ਵੀ ਨਾਵਲ ਸਾਲ ਦੇ ਅੰਦਰ-ਅੰਦਰ ਵਿਕ ਜਾਂਦਾ ਰਿਹਾ ਹੈ। ਮੈਨੂੰ ਕਦੇ ਵੀ ਪਾਠਕਾਂ ਦੀ ਸਮੱਸਿਆ ਮਹਿਸੂਸ ਨਹੀਂ ਹੋਈ।

ਹਾਂ, ਪਾਠਕਾਂ ਦੀ ਸਮੱਸਿਆ ਨਿਰੰਜਨ ਤਸਨੀਮ ਨੂੰ ਹੋ ਸਕਦੀ ਹੈ। ਪਰ ਉਹਨੇ ਇਸ ਵਿਚੋਂ ਇਕ ਸਿਧਾਂਤ ਲੱਭ ਲਿਆ ਹੈ ਕਿ ਉਚ-ਪੱਧਰ ਦਾ ਸਾਹਿਤ ਨਾ ਬਹੁਤਾ ਕਿਧਰੇ ਪੜ੍ਹਿਆ ਜਾਂਦਾ ਹੈ ਅਤੇ ਨਾ ਬਹੁਤਾ ਵਿਕਦਾ ਹੈ। ਇਸ ਪੱਖੋਂ ਤਾਂ ਜ਼ਰੂਰ ਉਹਦੇ ਨਾਵਲ ਉੱਚ-ਪੱਧਰ ਦਾ ਸਾਹਿਤ ਹੈ।

ਪਾਠਕਾਂ ਦੀ ਸਮੱਸਿਆ ਸਵਰਨ ਚੰਦਨ ਨੂੰ ਸੀ। ਉਹ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਨੂੰ ਬੁਰਾ-ਭਲਾ ਆਖਣ ਲੱਗ ਪਿਆ। ਪੰਜਾਬੀ ਵਿਚ ਲਿਖਣਾ ਛੱਡ ਹੀ ਲਿਆ। ਉਹ ਅੰਗਰੇਜ਼ੀ ਵੱਲ ਚਲਿਆ ਗਿਆ ਸੀ। ਅੰਗਰੇਜ਼ੀ ਵਿਚ ਤਾਂ ਉਹਨੂੰ ਖਾਸਾ ਤਕੜਾ ਪਾਠਕ-ਵਰਗ ਮਿਲ ਗਿਆ ਹੋਵੇਗਾ।

ਅਮਰਜੀਤ ਸਿੰਘ ਗੋਰਕੀ ਹੁਣ ਤੱਕ ਬਾਈ ਨਾਵਲ ਲਿਖਕੇ ਛਪਵਾ ਚੁੱਕਿਆ ਹੈ। ਪਰ ਪਤਾ ਨਹੀਂ ਕਿਉਂ ਬੇਦਰਦ ਪੰਜਾਬੀ ਪਾਠਕ ਉਹਦੇ ਨਾਵਲਾਂ ਵਲ ਝਾਕੇ ਹੀ ਨਹੀਂ। ਉਹਦੇ ਨਾਵਲਾਂ ਦੀ ਕਾਊਂਟਰ ਸੇਲ ਕਦੇ ਵੀ ਕਿਧਰੇ ਨਹੀਂ ਦੇਖੀ ਗਈ। ਪੰਜਾਬੀ ਵਿਚ ਛਪਦਾ ਤਾਂ ਬਹੁਤ ਕੁਝ ਹੈ। ਪਰ ਚੰਗਾ ਸਾਹਿਤ ਘੱਟ ਛਪਦਾ ਹੈ। ਚੰਗਾ ਸਾਹਿਤ ਹਮੇਸ਼ਾ ਹੀ ਪੜ੍ਹਨਯੋਗ ਹੁੰਦਾ ਹੈ। ਉਹ ਖਰੀਦਿਆ ਜਾਂਦਾ ਹੈ।

ਜਿਹੜੇ ਕਹਿੰਦੇ ਹਨ ਕਿ ਪੰਜਾਬੀ ਵਿਚ ਪਾਠਕਾਂ ਦੀ ਸਮੱਸਿਆ ਹੈ। ਉਹਨਾਂ ਲਈ ਇਕ ਉਦਾਹਰਣ ਕਾਫੀ ਹੋਵੇਗੀ। ਕੁਝ ਵਰ੍ਹੇ ਪਹਿਲਾਂ ਹੀ ਬਠਿੰਡਾ ਵਿਖੇ ਦਿੱਲੀ ਦੇ ਨੈਸ਼ਨਲ ਬੁੱਕ ਟਰੱਸਟ ਵਲੋਂ ਸੱਤ ਦਿਨਾਂ ਦਾ ਇਕ ਪੁਸਤਕ-ਮੇਲਾ ਲਾਇਆ ਗਿਆ। ਟਰੱਸਟ ਦੇ ਰਿਕਾਰਡ ਵਿਚ ਹੁਣ ਤੱਕ ਵੀ ਇਹ ਤੱਥ ਦਰਜ ਹੋਵੇਗਾ ਕਿ ਸੱਤ ਦਿਨਾਂ ਵਿਚ ਬਠਿੰਡੇ ਪੰਜਾਹ ਲੱਖ ਰੁਪਿਆਂ ਦੀ ਸੇਲ ਹੋਈ, ਜਿਸ ਵਿਚ ਸੈਂਤੀ ਲੱਖ ਰੁਪਿਆ ਪੰਜਾਬੀ ਕਿਤਾਬਾਂ ਦੇ ਹਿੱਸੇ ਆਇਆ। ਇਹ ਸੈਂਤੀ ਲੱਖ ਰੁਪਏ ਦੀਆਂ ਕਿਤਾਬਾਂ ਜੇ ਪੜ੍ਹਨਯੋਗ ਸਨ ਤਦ ਹੀ ਕੋਈ ਇਹਨਾਂ ਨੂੰ ਖਰੀਦ ਕੇ ਲੈ ਕੇ ਗਿਆ।

### ਕਿੱਥੇ ਹੈ, ਪਾਠਕਾਂ ਦੀ ਸਮੱਸਿਆ?

*? ਤੁਸੀਂ ਅਪਣੇ ਪਾਠਕਾਂ ਉੱਤੇ ਬੜਾ ਮਾਣ ਕਰਦੇ ਹੋ, ਇਹ ਕਿਉਂ? ਕੀ ਲੇਖਕ ਕਦੇ ਇਸ ਮੁਕਾਮ ਉੱਤੇ ਵੀ ਪਹੁੰਚ ਜਾਂਦਾ ਹੈ, ਜਦੋਂ ਆਲੋਚਕਾਂ ਦੀ ਉਹਨੂੰ ਲੋੜ ਹੀ ਨਾ ਰਹਿ ਜਾਂਦੀ ਹੋਵੇ?*

- ਕਿਸੇ ਲੇਖਕ ਨੂੰ ਸ਼ਾਇਦ ਉਹਦੇ ਆਲੋਚਕ ਦੀ ਲੋੜ ਹਮੇਸ਼ਾ ਰਹਿੰਦੀ ਹੈ। ਲੇਖਕ ਰਚਨਾਕਾਰ ਹੈ, ਵਿਆਖਿਆਕਾਰ ਨਹੀਂ। ਰਚਨਾ ਨੂੰ ਸਹੀ ਮਾਅਨਿਆਂ ਵਿਚ ਸਮਝਾਉਣ ਦਾ ਕੰਮ ਆਲੋਚਕ ਕਰਦਾ ਹੈ। ਮੇਰੇ ਕੋਲ ਖੋਜਾਰਥੀ ਅਕਸਰ ਹੀ ਆਉਂਦੇ ਰਹਿੰਦੇ ਹਨ। ਪੁੱਛਦੇ ਨੇ ਕਿ ਤੁਹਾਡੇ ਉਸ ਨਾਵਲ ਵਿਚ ਤੁਸੀਂ ਕੀ ਕਹਿਣਾ ਚਾਹਿਆ ਹੈ? ਮੇਰਾ ਜਵਾਬ ਹੁੰਦਾ ਹੈ, ਪਤਾ ਨਹੀਂ। ਇਕ ਵਾਰ ਪੜ੍ਹ ਕੇ ਤੈਨੂੰ ਸਮਝ ਨਹੀਂ ਆਈ ਤਾਂ ਦੁਬਾਰਾ ਪੜ੍ਹ। ਸਿਆਣਾ ਆਲੋਚਕ ਇਹ ਸਮਝਾ ਦਿੰਦਾ ਹੈ ਕਿ ਮੇਰੇ ਉਸ ਨਾਵਲ ਵਿਚ ਕੀ ਹੈ। ਅੰਮ੍ਰਿਤਸਰ ਤੋਂ ਛਪਦੇ 2007 ਦੇ 'ਖੋਜ ਦਰਪਣ' ਵਿਚ ਇਕ ਬੀਬੀ ਪ੍ਰਭਜੀਤ ਕੌਰ ਨੇ ਮੇਰੇ ਨਾਵਲ 'ਗੇਲੋ' ਬਾਰੇ ਬਹੁਤ ਸੋਹਣਾ ਲਿਖਿਆ ਹੈ। ਇਹ ਪੜ੍ਹ ਕੇ ਮੈਨੂੰ ਆਪ ਸਮਝ ਆਈ ਕਿ ਮੈਂ ਇਸ ਨਾਵਲ ਵਿਚ ਕੀ ਲਿਖਿਆ ਸੀ।

ਆਲੋਚਕਾਂ ਨਾਲੋਂ ਮੈਂ ਅਪਣੇ ਪਾਠਕਾਂ ਨੂੰ ਵਧੇਰੇ ਪਸੰਦ ਕਰਦਾ ਹਾਂ। ਮੇਰਾ ਨਵਾਂ ਨਾਵਲ ਪੜ੍ਹ ਕੇ ਮੇਰੇ ਪਾਠਕ ਮੈਨੂੰ ਫੋਨ ਕਰਦੇ ਰਹਿੰਦੇ ਹਨ। ਪਹਿਲਾਂ ਚਿੱਠੀਆਂ ਲਿਖਦੇ ਹੁੰਦੇ। ਪੰਜ-ਚਾਰ ਮਿੰਟਾਂ ਦੇ ਫੋਨ ਵਿਚ ਉਹ ਜੋ ਸਧਾਰਨ ਜਿਹੀਆਂ ਗੱਲਾਂ ਕਰਦੇ ਨੇ, ਉਹ ਮੈਨੂੰ ਕਿਸੇ ਆਲੋਚਕ ਨਾਲੋਂ ਵੱਧ ਪ੍ਰਭਾਵਿਤ ਕਰਦੀਆਂ ਹਨ। ਮੈਨੂੰ ਤਸੱਲੀ ਹੁੰਦੀ ਹੈ ਕਿ ਨਾਵਲ ਵਿਚ ਜੋ ਮੈਂ ਕਹਿਣਾ ਚਾਹਿਆ ਸੀ, ਪਾਠਕ ਨੇ ਉਹ ਸਮਝਿਆ ਤਾਂ ਹੈ।

ਜਦੋਂ ਮੇਰਾ ਨਾਵਲ 'ਕੋਠੇ ਖੜਕ ਸਿੰਘ' ਛਪਿਆ ਹੀ ਛਪਿਆ ਸੀ। ਡਾ. ਗੁਰਬਖ਼ਸ਼ ਸਿੰਘ ਫਰੈਂਕ ਨੇ ਦੱਸਿਆ ਕਿ ਸ਼ੁੱਕਰਵਾਰ ਦੀ ਸ਼ਾਮ ਨੂੰ ਨਾਵਲ ਉਹਨਾਂ ਨੇ ਪੜ੍ਹਨਾ ਸ਼ੁਰੂ ਕੀਤਾ। ਪੜ੍ਹਦੇ ਰਹੇ। ਅਗਲੇ ਦਿਨ ਸ਼ਨੀ-ਐਤਵਾਰ ਨੂੰ ਵੀ। ਨਾਵਲ ਨੂੰ ਖ਼ਤਮ ਕਰਨ ਲਈ ਸੋਮਵਾਰ ਦੀ ਛੁੱਟੀ ਲੈਣੀ ਪਈ। ਮੈਨੂੰ ਬੇਹੱਦ ਪ੍ਰਸੰਨਤਾ ਸੀ ਕਿ ਉਹਨਾਂ ਨੇ ਪੰਜ ਸੌ ਸਫਾ ਸਾਢੇ ਤਿੰਨ ਦਿਨਾਂ ਦੇ ਸਮੇਂ ਵਿਚ ਖ਼ਤਮ ਕੀਤਾ, ਜ਼ਰੂਰ ਨਾਵਲ ਉਹਨਾਂ ਨੂੰ ਦਿਲਚਸਪ ਲੱਗਿਆ ਹੋਵੇਗਾ। ਇਹ ਵੀ ਕਿਹਾ ਸੀ ਕਿ ਨਾਵਲ ਵਧੀਆ ਹੈ। ਮੈਨੂੰ ਉਹਨਾਂ ਦੀ ਗੱਲ ਯਾਦ ਰਹਿੰਦੀ ਹੈ। ਉਹਨਾਂ ਨੇ ਤਾਂ ਦੁਨੀਆਂ ਭਰ ਦੇ ਕਿੰਨੇ ਸਾਰੇ ਨਾਵਲ ਪੜ੍ਹੇ ਹੋਣਗੇ। ਜੇ ਉਹ ਬਾਅਦ ਵਿਚ ਇਸ ਨਾਵਲ ਬਾਰੇ ਅਪਣਾ ਲੇਖ ਨਾ ਵੀ ਲਿਖਦੇ ਤਾਂ ਵੀ ਕੋਈ ਗੱਲ ਨਹੀਂ ਸੀ। ਉਹਨਾਂ ਵਲੋਂ ਨਾਵਲ ਪੜ੍ਹ ਲੈਣਾ ਅਤੇ ਪਸੰਦ ਕਰਨਾ ਹੀ ਮੇਰੇ ਲਈ ਬਹੁਤ ਸੀ।

ਕੋਈ ਲੇਖਕ ਕਦੇ ਇਸ ਮੁਕਾਮ ਉੱਤੇ ਵੀ ਪਹੁੰਚ ਜਾਂਦਾ ਹੈ ਜਦੋਂ ਉਹਨੂੰ ਆਲੋਚਕਾਂ ਦੀ ਲੋੜ ਹੀ ਨਹੀਂ ਰਹਿ ਜਾਂਦੀ। ਨਾ ਹੀ ਪਾਠਕ ਉਹਦੇ ਬਾਰੇ ਕਦੇ ਇਹ ਜਾਣਨ ਦੀ ਕੋਸ਼ਿਸ਼ ਕਰਦੇ ਹਨ ਕਿ ਕਿਹੜੇ ਆਲੋਚਕ ਨੇ ਉਸ ਲੇਖਕ ਬਾਰੇ ਕੀ ਲਿਖਿਆ ਸੀ। ਪਾਠਕ ਉਹਨੂੰ ਤਾਂ ਬੱਸ ਪੜ੍ਹਦੇ ਨੇ। ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਬਾਰੇ ਉਹਨਾਂ ਦੇ ਜੀਵਨ-ਕਾਲ ਵਿਚ ਹੀ ਆਲੋਚਕਾਂ ਨੇ ਕੁਝ ਲਿਖਣਾ ਬੰਦ ਕਰ ਦਿੱਤਾ ਸੀ। ਸੰਸਾਰ ਪੱਧਰ ਉੱਤੇ ਕਿਸੇ ਨੂੰ ਕੀ ਪਤਾ ਹੈ ਕਿ ਚੈਖਵ, ਪ੍ਰੇਮ ਚੰਦ ਅਤੇ ਮੰਟੋ ਦੀਆਂ ਕਹਾਣੀਆਂ ਬਾਰੇ ਕਿਸ ਆਲੋਚਕ ਨੇ ਕੀ ਲਿਖਿਆ ਸੀ। ਇਹਨਾਂ ਦੀਆਂ ਤਾਂ ਕਹਾਣੀਆਂ ਹੀ ਪੜ੍ਹੀਆਂ ਜਾਂਦੀਆਂ ਹਨ। ਅਜੋਕੇ ਸਮੇਂ ਵਿਚ ਸ਼ਿਵ ਕੁਮਾਰ ਨੂੰ ਕਿੰਨਾ ਪੜ੍ਹਿਆ ਜਾਂਦਾ ਹੈ। ਪਰ ਉਹਦੇ ਬਾਰੇ ਆਲੋਚਨਾ ਕਿਧਰੇ ਨਹੀਂ ਦਿਸਦੀ। ਇਸ ਤਰ੍ਹਾਂ ਹੀ ਸੁਰਜੀਤ ਪਾਤਰ ਦੀ ਆਲੋਚਨਾ ਕਿਧਰੇ ਨਹੀਂ ਹੈ, ਉਹਦੇ ਗੀਤ-ਗਜ਼ਲਾਂ ਹੀ ਨੇ। ਬੂਟਾ ਸਿੰਘ ਸ਼ਾਦ, ਦਲੀਪ ਕੌਰ ਟਿਵਾਣਾ ਅਤੇ ਬਲਦੇਵ ਸਿੰਘ ਦੇ ਨਵੇਂ ਨਾਵਲ ਇਹਨਾਂ ਦਾ ਪਬਲਿਸ਼ਰ ਆਲੋਚਕਾਂ ਨੂੰ ਪੁੱਛ ਕੇ ਤਾਂ ਨਹੀਂ ਛਾਪਦਾ, ਉਹਨਾਂ ਦੇ ਪਹਿਲੇ ਨਾਵਲਾਂ ਦੀ ਵਿਕਰੀ ਨੂੰ ਦੇਖ ਕੇ ਛਾਪਦਾ ਹੈ।

ਜਿਥੋਂ ਤੱਕ ਮੇਰਾ ਅਪਣਾ ਸਵਾਲ ਹੈ, ਹੁਣ ਮੈਂ ਅਪਣੇ ਨਵੇਂ ਨਾਵਲ ਬਾਰੇ ਲਿਖਣ ਲਈ ਆਲੋਚਕ-ਮਿੱਤਰਾਂ ਨੂੰ ਪਹਿਲਾਂ ਵਾਂਗ ਬਹੁਤਾ ਤੰਗ ਨਹੀਂ ਕਰਦਾ। ਅਪਣੇ-ਆਪ ਕੋਈ ਕਿਧਰੇ ਲਿਖ ਦੇਵੇ ਤਾਂ ਠੀਕ ਹੈ। ਮਹਿਸੂਸ ਹੋਣ ਲੱਗਿਆ ਹੈ ਕਿ ਮੇਰੇ ਪਾਠਕ ਹੀ ਮੇਰੇ ਲਈ ਸਭ ਕੁਝ ਹਨ। ਜੇ ਉਹ ਮੇਰਾ ਨਵਾਂ ਨਾਵਲ ਖਰੀਦ ਕੇ ਪੜ੍ਹਨਗੇ, ਤਦ ਹੀ ਮੇਰਾ ਪਬਲਿਸ਼ਰ ਮੇਰੇ ਅਗਲੇ ਕਿਸੇ ਨਾਵਲ ਨੂੰ ਹੱਥ ਪਾਏਗਾ। ਪਾਠਕ ਕਿਸੇ ਵੀ ਲੇਖਕ ਦਾ ਰੱਬ ਹੁੰਦੇ ਹਨ।

### ਅੰਦਰ-ਬਾਹਰ ਦਾ ਅਲਜਬਰਾ

*? ਸਾਹਿਤ ਦੀਆਂ ਵਿਧਾਵਾਂ ਵਾਂਗ ਹੀ ਤੁਸੀਂ ਅਪਣੇ ਸਰੂਪ ਦੇ ਰੰਗ ਵੀ ਗਿਰਗਟ ਵਾਂਗ ਬਦਲੇ ਹਨ। ਕਦੀ ਪਗੜੀ, ਕਦੀ ਬੱਧੀ ਹੋਈ ਦਾੜ੍ਹੀ ਤੇ ਕਦੀ ਕੁਤਰੀ ਹੋਈ। ਕੀ ਤੁਹਾਡੀ ਸਖ਼ਸ਼ੀਅਤ ਵਿਚ ਠਹਿਰਾਉ ਵਰਗੀ ਕੋਈ ਚੀਜ ਨਹੀਂ?*

- ਮਨ ਥਾਲੀ ਦੇ ਪਾਣੀ ਵਾਂਗ ਡੋਲਦਾ ਹੈ ਪਿਆਰੇ। ਠਹਿਰਾਓ ਕਿੱਥੇ। ਮੇਰੇ ਪੈਰਾਂ ਥੱਲੇ ਕੋਈ ਅੱਗ ਹੈ, ਜੋ ਮੈਨੂੰ ਇਕ ਥਾਂ ਖੜ੍ਹਾ ਨਹੀਂ ਰਹਿਣ ਦਿੰਦੀ।

ਤੁਸੀਂ ਸਰੂਪ ਦੀ ਗੱਲ ਕੀਤੀ ਹੈ। ਹਾਂ ਤਾਂ ਮੈਂ ਰਾਮ ਸਰੂਪ ਪਰ ਮਰਯਾਦਾ ਪੁਰਸ਼ੋਤਮ ਨਹੀਂ ਹਾਂ। ਪਰ ਤੁਸੀਂ ਤਾਂ ਮੇਰੇ ਰੂਪ-ਸਰੂਪ ਦੀ ਗੱਲ ਕਰਦੇ ਹੋ। ਮੈਂ ਇਕ ਤਾਂ ਪੇਂਡੂ ਸੀ। ਜੱਟ-ਸਿੱਖਾਂ ਦੇ ਘਰਾਂ ਵਿਚ ਨਿਵਾਸ ਸੀ ਸਾਡਾ। ਇਸ ਕਰਕੇ ਮੁੱਢ ਤੋਂ ਹੀ ਮੈਂ ਦਾੜ੍ਹੀ-ਕੇਸ ਰੱਖ ਕੇ ਪੱਗ ਬੰਨ੍ਹਦਾ ਸੀ। ਫੇਰ ਮੇਰੇ ਸਕੂਲ-ਕਾਲਜ ਦੇ ਜ਼ਮਾਨੇ ਵਿਚ ਮੇਰੀ ਦੋਸਤੀ ਜੱਟਾਂ ਦੇ ਮੁੰਡਿਆਂ ਨਾਲ ਹੀ ਸੀ। ਬਾਅਦ ਵਿਚ ਨੌਕਰੀ ਕਰਦਿਆਂ ਵੀ ਜਿਹੜੇ ਮੇਰੇ ਅਧਿਆਪਕ-ਦੋਸਤ ਬਣੇ, ਉਹ ਵੀ ਸਭ ਜੱਟ ਸਿੱਖ। ਹਿੰਦੂ-ਦੋਸਤ ਜੇ ਕਦੇ ਬਣਿਆ ਤਾਂ ਉਹ ਬਹੁਤਾ ਨਿਭਿਆ ਨਹੀਂ। ਇਸ ਕਰਕੇ ਮੈਂ ਸਾਰੀ ਉਮਰ ਜੱਟ-ਸਿੱਖ ਦੋਸਤਾਂ ਵਿਚ ਰਹਿਣ ਕਰਕੇ ਉਹਨਾਂ ਵਾਂਗ ਹੀ ਰਹਿੰਦਾ ਰਿਹਾ ਹਾਂ। ਪਰ ਮਨ ਦਾ ਮੌਜੀ ਹਾਂ। ਇਕ ਵਾਰ 1974-75 ਵਿਚ ਮੈਂ ਸਿਰ ਦੇ ਵਾਲ ਕਟਵਾ ਦਿੱਤੇ ਸਨ ਪਰ ਦੋ-ਚਾਰ ਸਾਲਾਂ ਬਾਅਦ ਹੀ ਕੇਸ ਫਿਰ ਰੱਖ ਲਏ। ਨੌਕਰੀ ਤੋਂ ਰਿਟਾਇਰ ਹੋ ਕੇ ਸਿਰ ਦੇ ਵਾਲ ਫੇਰ ਕਟਵਾ ਦਿੱਤੇ। ਪਰ ਮੈਂ ਪੱਗ ਬੰਨ੍ਹਣੋਂ ਨਹੀਂ ਹਟਿਆ। ਪੱਗ ਨਾ ਬੰਨ੍ਹੀ ਹੋਵੇ ਤਾਂ ਬਾਣੀਆ ਜਿਹਾ ਲੱਗਦਾ ਹਾਂ। ਸਾਹਿਤ ਦੀਆਂ ਵਿਧਾਵਾ ਬਦਲਣ ਵਾਲੀ ਗੱਲ ਨਹੀਂ ਇਹ। ਮੇਰਾ ਰਹਿਣ-ਸਹਿਣ ਮੇਰੀ ਮਰਜ਼ੀ ਦਾ ਹੈ। ਮੈਂ ਕੱਪੜੇ ਵੀ ਉਲਟੇ-ਸੁਲਟੇ ਪਹਿਨਦਾ ਹਾਂ। ਮੈਨੂੰ ਇਹ ਚੰਗਾ ਲੱਗਦਾ ਹੈ। ਸ਼ੁਕੀਨੀ ਲਾ ਕੇ ਤੁਰਨ ਦੀ ਆਦਤ ਮੇਰੇ ਵਿਚ ਨਹੀਂ ਹੈ।

*? ਪੰਜਾਬੀ ਲੇਖਕਾਂ ਜਾਂ ਅਲੇਖਕਾਂ ਵਿਚੋਂ ਕੋਈ ਐਸੀ ਸਖਸ਼ੀਅਤ ਵੀ ਤੁਹਾਨੂੰ ਜੀਵਨ ਦੇ ਏਨੇ ਸਾਰੇ ਸਾਲਾਂ ਵਿਚ ਮਿਲੀ ਜੋ ਤੁਹਾਡੇ ਮਨ 'ਤੇ ਅਮਿਟ ਪ੍ਰਭਾਵ ਛੱਡ ਗਈ ਹੋਵੇ?*

- ਇਕ ਨਹੀਂ ਮੈਂ ਛੇ ਬੰਦਿਆਂ ਦਾ ਸੰਖੇਪ ਜ਼ਿਕਰ ਕਰਨਾ ਚਾਹਾਂਗਾ। ਇਹਨਾਂ ਬੰਦਿਆਂ ਦੀ ਜੀਵਨ-ਸ਼ੈਲੀ ਨੇ ਮੇਰੇ ਉੱਤੇ ਗਹਿਰੇ ਪ੍ਰਭਾਵ ਛੱਡੇ ਹਨ। ਇਹਨਾਂ ਵਿਚੋਂ ਤਿੰਨ ਜਿਊਂਦੇ ਹਨ ਅਤੇ ਤਿੰਨ ਸੰਸਾਰ ਛੱਡ ਗਏ। ਇਹਨਾਂ ਵਿਚੋਂ ਤਿੰਨ ਲੇਖਕ ਅਤੇ ਤਿੰਨ ਬੰਦੇ ਲਿਖਦੇ ਨਹੀਂ, ਪਰ ਉਹਨਾਂ ਨੂੰ ਸਾਹਿਤ ਦੀ ਸਮਝ ਸੀ।

ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ ਰਹੇ ਅਤੇ ਹੁਣ ਕਈ ਵਰ੍ਹਿਆਂ ਤੋਂ ਗਵਰਨਰ ਹਨ। ਉਹ ਸਾਡੇ ਪਿੰਡ ਧੌਲਾ ਦੇ ਹਨ। ਮੈਂ ਇਹਨਾਂ ਨੂੰ ਅਪਣੇ ਬਚਪਨ ਤੋਂ ਜਾਣਦਾ ਹਾਂ। ਅੰਗਰੇਜ਼ੀ ਵਿਚ ਲਿਖਦੇ ਹਨ।

ਸੁਖਮਿੰਦਰ ਉਰਫ ਐਸ.ਐਸ. ਭੱਠਲ ਮੇਰਾ ਸੱਤਵੀਂ ਜਮਾਤ ਤੋਂ ਜਮਾਤੀ ਸੀ। ਐਫ.ਏ. ਤੱਕ ਅਸੀਂ ਇਕੱਠੇ ਪੜ੍ਹੇ। ਉਹ ਅਪਣੀ ਸਾਰੀ ਉਮਰ ਵਿਦੇਸ਼ਾਂ ਵਿਚ ਰਿਹਾ। ਕਿੰਨਾ ਧਨ ਕਮਾਇਆ ਅਤੇ ਜਾਇਦਾਦ ਬਣਾਈ ਕੋਈ ਹਿਸਾਬ ਕਿਤਾਬ ਹੀ ਨਹੀਂ। ਅੱਜ ਕੱਲ੍ਹ ਚੰਡੀਗੜ੍ਹ ਰਹਿ ਕੇ ਨੌਜਵਾਨਾਂ ਵਾਂਗ ਜ਼ਿੰਦਗੀ ਬਸਰ ਕਰ ਰਿਹਾ ਹੈ। ਚੰਡੀਗੜ੍ਹ ਦੇ ਨੇੜੇ-ਤੇੜੇ ਦੇ ਪਿੰਡਾਂ ਵਿਚ ਸੌ ਸਵਾ ਸੌ ਏਕੜ ਜ਼ਮੀਨ ਹੈ।

ਹਰਪਾਲ ਸਿੰਘ ਗਰੇਵਾਲ ਨੌਵੀਂ ਤੋਂ ਐਫ.ਏ. ਤੱਕ ਮੇਰਾ ਜਮਾਤੀ ਸੀ। ਉਸਦੇ ਪਿਤਾ ਸਰਦਾਰ ਜੋਗਿੰਦਰ ਸਿੰਘ ਸੂਬੇਦਾਰ ਧਿਆਨ ਚੰਦ ਦੀ ਹਾਕੀ ਟੀਮ ਵਿਚ ਖੇਡਦੇ ਰਹੇ। ਹਰਪਾਲ ਐਫ.ਐਸ.ਸੀ. ਤੋਂ ਬਾਅਦ ਪਿੰਡ ਆ ਕੇ ਖੇਤੀ ਦਾ ਕੰਮ ਕਰਨ ਲੱਗਿਆ ਸੀ। ਉਹ ਮਾਪਿਆਂ ਦਾ ਇਕੱਲਾ ਪੁੱਤ ਸੀ। ਉਹਦੇ ਕੋਲ ਚੁਰੰਜਾ ਕਿੱਲੇ ਜ਼ਮੀਨ ਸੀ। ਬੜੇ ਦੁੱਖ ਝੱਲੇ, ਅਖ਼ੀਰ ਜਹਾਨ ਤੋਂ ਹੀ ਚਲਿਆ ਗਿਆ। ਮੇਰੀ ਕਹਾਣੀ 'ਚੜ੍ਹਦੀ ਕਲਾ' ਓਸੇ ਬਾਰੇ ਹੈ।

ਸੁਰਜੀਤ ਉਰਫ ਡਾ. ਸੁਰਜੀਤ ਸਿੰਘ ਪਟਿਆਲੇ ਰਹਿੰਦੇ ਸੀ। ਮਰਿਆ ਤਾਂ ਚਾਹੇ ਉਹ ਬਹੱਤਰ-ਤਿਹੱਤਰ ਸਾਲ ਦੀ ਉਮਰ ਭੋਗ ਕੇ, ਪਰ ਉਹਦੀ ਜ਼ਿੰਦਗੀ ਦਾ ਘੇਰਾ ਬਹੁਤ ਛੋਟਾ ਸੀ। ਉਹ ਐਮ.ਏ., ਬੀ.ਐਡ. ਸੀ ਅਤੇ ਪੀ.ਐਚ.ਡੀ. ਵੀ, ਸਕੂਲ ਲੈਕਚਰਾਰ ਵਜੋਂ ਰਿਟਾਇਰ ਹੋਇਆ। ਕਿਧਰੇ ਆਉਂਦਾ-ਜਾਂਦਾ ਨਹੀਂ ਸੀ। ਸਾਰੀ ਉਮਰ ਸ਼ਰਤ ਚੰਦਰ ਅਤੇ ਵਿਮਲ ਮਿੱਤਰ ਦੇ ਨਾਵਲ ਪੜ੍ਹਦਾ ਰਿਹਾ। ਗੁਰਬਾਣੀ ਦਾ ਗਿਆਤਾ ਸੀ। ਆਖ਼ਰੀ ਉਮਰ ਵਿਚ ਦੋ-ਤਿੰਨ ਕਿਤਾਬਾਂ ਲਿਖੀਆਂ ਅਤੇ ਬੱਸ। ਕਿੰਨਾ ਕੁਝ ਅਣਛਪਿਆ ਛੱਡ ਗਿਆ। ਅਖੀਰ ਤੱਕ ਸਾਡੀ ਦੋਸਤੀ ਨਿਭਦੀ ਰਹੀ। ਅਸੀਂ ਬਰਨਾਲੇ ਇੱਕੋ ਸਕੂਲ ਵਿਚ ਪੜ੍ਹੇ ਸੀ। ਪਰ ਉਹ ਮੇਰਾ ਜਮਾਤੀ ਨਹੀਂ ਸੀ। ਮੈਥੋਂ ਦੋ ਸਾਲ ਛੋਟਾ ਸੀ। ਸਾਂਝ ਸਾਡੀ ਇੱਥੋਂ ਬਣੀ ਕਿ ਉਹ ਵੀ 'ਪ੍ਰੀਤਲੜੀ' ਦਾ ਪਾਠਕ ਸੀ।

ਮਨਮੋਹਨ ਬਾਵਾ ਨਾਲ ਮੇਰੀ ਸਾਂਝ 'ਅਜਾਤ ਸੁੰਦਰੀ' (1996) ਤੋਂ ਪਈ। ਇਹ ਸਾਂਝ ਦਿਨੋ ਦਿਨ ਗੂੜ੍ਹੀ ਹੁੰਦੀ ਗਈ। 'ਕਹਾਣੀ ਪੰਜਾਬ' ਵਿਚ ਉਹਦੀਆਂ ਕਈ ਕਹਾਣੀਆਂ ਛਪੀਆਂ। ਮੈਂ ਕਹਾਣੀਕਾਰਾਂ ਦੇ ਜਥੇ ਲੈ ਕੇ ਡਲਹੌਜ਼ੀ ਜਾਣ ਲੱਗਿਆ। ਸਾਡੇ ਦਿੱਲੀ-ਬਰਨਾਲੇ ਦੇ ਗੇੜੇ ਵੱਜਣ ਲੱਗੇ। ਗੱਲੀਂ-ਗੱਲੀਂ ਮੈਂ ਉਹਨੂੰ ਅੰਦਰੋਂ ਵੀ ਦੇਖਿਆ। ਉਹ ਚਿੱਤਰਕਾਰ, ਕਥਾ-ਕਾਰ ਅਤੇ ਪਰਬਤ-ਯਾਤਰੀ ਹੀ ਨਹੀਂ, ਹਿਮਾਲਾ ਪਹਾੜ ਦੇ ਨਕਸ਼ੇ ਵੀ ਬਣਾਉਂਦਾ ਹੈ, ਜੋ ਵਿਸ਼ਵ ਪ੍ਰਸਿੱਧ ਹਨ। ਯੂਰਪ ਵਿਚ ਛਪਦੇ ਹਨ।

ਹੈੱਡਮਾਸਟਰ ਸੁਰਿੰਦਰ ਕੁਮਾਰ ਸ਼ਰਮਾ ਅਤੇ ਮੈਂ ਸਰਕਾਰੀ ਹਾਈ ਸਕੂਲ ਬਰਨਾਲਾ ਵਿਚ ਇਕੱਠੇ ਅਧਿਆਪਕ ਰਹੇ। ਦੋਸਤੀ ਸਾਡੀ ਓਦੋਂ ਪਈ ਜਦੋਂ ਮੈਂ ਰਿਟਾਇਰ ਹੋ ਚੁੱਕਿਆ ਸੀ। ਉਹ ਰਿਟਾਇਰ ਹੋਣ ਤੋਂ ਪਹਿਲਾਂ ਹੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਉਹ ਅੰਦਰੋਂ ਪੂਰਾ ਜਲਿਆ-ਬੁਝਿਆ ਆਦਮੀ ਸੀ, ਪਰ ਬਾਹਰੋਂ ਗੁਲਾਬ ਦੇ ਫੁੱਲ ਵਾਂਗ ਖਿੜ੍ਹਿਆ ਰਹਿੰਦਾ। ਮੈਂ ਉਹਦੇ ਦੁੱਖਾਂ ਨੂੰ ਜਾਣਦਾ ਸੀ।

ਇਹਨਾਂ ਛੇ ਬੰਦਿਆਂ ਦੀ ਜੀਵਨ-ਸ਼ੈਲੀ ਤੋਂ ਮੈਂ ਐਨਾ ਸਿੱਖਿਆ ਕਿ ਕਿਧਰੇ ਵੀ ਝਿੜਕਿਆ ਨਹੀਂ। ਇਹ ਲੋਕ ਦੁੱਖਾਂ ਕਰਕੇ ਇਕ ਪਲ ਪੈਰ ਮਲਦੇ ਅਤੇ ਅੱਗੇ ਤੁਰ ਪੈਂਦੇ। ਨਦੀ ਦਾ ਪਾਣੀ ਕਦੇ ਰੁਕਦਾ ਨਹੀਂ ਹੁੰਦਾ ਅਤੇ ਨਾ ਹੀ ਹੌਸਲੇ ਵਾਲੇ ਬੰਦੇ ਰੁਕਦੇ ਹਨ।

*? ਤੁਸੀਂ ਕਦੇ ਇਹ ਨਹੀਂ ਸੋਚਿਆ ਕਿ ਜੇ ਤੁਸੀਂ ਜੱਟ-ਲੇਖਕ ਹੁੰਦੇ ਤਾਂ ਪੰਜਾਬੀ ਵਿਚ ਤੁਹਾਡਾ ਸਥਾਨ ਹੋਰ ਉੱਚਾ ਹੁੰਦਾ?*

- ਬਚਪਨ ਦੀਆਂ ਗੱਲਾਂ ਯਾਦ ਆਉਂਦੀਆਂ ਨੇ। ਪਿੰਡ ਵਿਚ ਜਿਵੇਂ ਨਾਈ, ਛੀਂਬੇ, ਤਖਾਣ, ਘੁਮਿਆਰ, ਚਮਿਆਰ ਤੇ ਮਰਾਸੀ ਜੱਟਾਂ ਦੇ ਲਾਗੀ ਹੁੰਦੇ, ਇਵੇਂ ਹੀ ਅਸੀਂ ਬਾਮ੍ਹਣ ਵੀ ਉਨ੍ਹਾਂ ਦੇ ਲਾਗੀ ਹੀ ਸੀ। ਪਰ ਮੇਰੀ ਸੋਚ ਬਚਪਨ ਵਿਚ ਹੀ ਵੱਖਰੀ ਸੀ। ਮਾਂ ਕੁੱਟਦੀ-ਮਾਰਦੀ ਵੀ, ਮੈਂ ਜੱਟਾਂ ਦੇ ਘਰੀਂ ਨਿਉਂਦਾ ਖਾਣ ਨਹੀਂ ਜਾਂਦਾ ਸੀ। ਜਦੋਂ ਵੱਡਾ ਹੋਇਆ, ਸਕੂਲ ਪੜ੍ਹਦਾ ਸੀ, ਮੇਰੀ ਦੋਸਤੀ ਜੱਟਾਂ ਦੇ ਮੁੰਡਿਆਂ ਨਾਲ ਸੀ। ਸਕੂਲ-ਅਧਿਆਪਕ ਸੀ, ਫੇਰ ਵੀ ਮੇਰੇ ਬਹੁਤੇ ਮਿੱਤਰ ਜੱਟ ਹੀ ਰਹੇ। ਸਾਡਾ ਖੇਤੀ ਕਰਨ ਵਾਲਾ ਪਰਿਵਾਰ ਸੀ। ਇੱਕ ਤਰ੍ਹਾਂ ਨਾਲ ਅਸੀਂ ਤਾਂ ਜੱਟ-ਬਾਮ੍ਹਣ ਸੀ। ਇਹ ਹਿੰਦੂ-ਸਿੱਖ ਹੋਣ ਦਾ ਅਹਿਸਾਸ ਤਾਂ ਪੰਜਾਬ ਵਿਚ ਕਾਲੀ ਹਨੇਰੀ ਦੌਰਾਨ ਹੋਇਆ।

ਜੇ ਮੈਂ ਜੱਟ-ਲੇਖਕ ਹੁੰਦਾ, ਮੈਨੂੰ ਨਹੀਂ ਲੱਗਦਾ ਕਿ ਮੇਰਾ ਸਥਾਨ ਹੁਣ ਨਾਲੋਂ ਉਚਾ ਹੁੰਦਾ। ਮੇਰੀ ਉਮਰ ਦੇ, ਮੇਰੇ ਸਮਕਾਲੀ ਨਾਵਲਕਾਰ ਮੇਰੇ ਨਾਲੋਂ ਕਿੰਨੇ ਕੁ ਵੱਡੇ ਲੇਖਕ ਨੇ। ਸਭ ਦਾ ਆਪਣਾ-ਆਪਣਾ ਸਥਾਨ ਹੈ, ਆਪਣਾ-ਆਪਣਾ ਪਾਠਕ-ਵਰਗ ਹੈ। ਜੇ ਕਿਧਰੇ ਹਿੰਦੂ ਹੋਣ ਕਰਕੇ ਮੇਰੇ ਨਾਲ ਕੋਈ ਵਿਤਕਰਾ ਹੁੰਦਾ ਹੈ, ਤਾਂ ਹੁੰਦਾ ਰਹੇ। ਮੈਨੂੰ ਕੋਈ ਪਰਵਾਹ ਨਹੀਂ। ਮੈਂ ਤਾਂ ਐਨਾ ਜਾਣਦਾ ਹਾਂ ਕਿ ਮੈਂ ਲਿਖਦਾ ਹਂ ਅਤੇ ਲੋਕ ਪੜ੍ਹਦੇ ਨੇ। ਜਿਥੋਂ ਤੱਕ ਮੇਰੀ ਜਾਣਕਾਰੀ ਕੰਮ ਕਰਦੀ ਹੈ, ਮੇਰੇ ਨਾਲ ਹਿੰਦੂ ਹੋਣ ਕਰਕੇ ਕਦੇ ਕੋਈ ਧੱਕਾ ਨਹੀਂ ਹੋਇਆ। ਮੈਂ ਪੰਜਾਬੀ ਵਿਚ ਇਸ ਕਰਕੇ ਲਿਖਦਾ ਹਾਂ, ਕਿਉਂਕਿ ਇਹੀ ਜ਼ੁਬਾਨ ਮੈਨੂੰ ਚੰਗੀ ਤਰ੍ਹਾਂ ਆਉਂਦੀ। ਚੰਗੀ ਤਰ੍ਹਾਂ ਇਸ ਕਰਕੇ ਆਉਂਦੀ, ਕਿਉਂਕਿ ਇਹ ਜ਼ੁਬਾਨ ਮੈਂ ਅਪਣੀ ਮਾਂ ਦੀ ਗੋਦੀ ਵਿਚ ਸਿੱਖੀ ਸੀ। ਜਿੰਨੀ ਉਮਰ ਤੱਕ ਮੇਰੀ ਮਾਂ ਜਿਉਂਦੀ ਰਹੀ, ਉਹ ਮੇਰਾ ਸਭ ਤੋਂ ਵੱਡਾ ਅਤੇ ਵਿਸ਼ਵਾਸ-ਯੋਗ ਸ਼ਬਦਕੋਸ਼ ਸੀ। ਮੈਂ ਮਲਵਈ ਸਭਿਆਚਾਰ ਨੂੰ ਬਹੁਤ ਖੁੱਲ੍ਹ ਕੇ ਅਤੇ ਗਹਿ-ਗੱਚ ਰੂਪ ਵਿਚ ਪੇਸ਼ ਕੀਤਾ ਹੈ। ਇਹ ਸ਼ਾਇਦ ਮੈਥੋਂ ਗੈਰ-ਜੱਟ ਹੋਣ ਕਰਕੇ ਹੀ ਸੰਭਵ ਹੋਇਆ। ਜੇ ਮੈਂ ਜੱਟ-ਲੇਖਕ ਹੁੰਦਾ ਤਾਂ ਸ਼ਾਇਦ ਮੈਂ ਕੁਝ ਮਲਵਈ-ਕਿਰਦਾਰ ਪੇਸ਼ ਕਰਨ ਤੋਂ ਸੰਕੋਚ ਕਰਦਾ। ਮੇਰੇ ਨਾਵਲ 'ਗੇਲੋ' ਦੀ ਪਾਤਰ ਗੇਲੋ ਅਤੇ 'ਭੀਮਾ' ਨਾਵਲ ਦੀ ਪਾਤਰ ਚਰਨੋ ਕਿਸੇ ਜੱਟ-ਲੇਖਕ ਤੋਂ ਪੇਸ਼ ਨਹੀਂ ਹੋਣੀਆਂ ਸਨ। ਇਹਨਾਂ ਔਰਤਾਂ ਦਾ ਬਹੁਤ ਸਜੀਵ ਚਿੱਤਰਨ ਹੋ ਸਕਿਆ ਹੈ।

ਜੱਟਾਂ ਅਤੇ ਬਾਮ੍ਹਣਾਂ ਦੀਆਂ ਗੱਲਾਂ ਤਾਂ ਦੂਰ ਚਲੀਆਂ ਗਈਆਂ। ਹੁਣ ਤਾਂ ਪੰਜਾਬੀ ਸਾਹਿਤ ਜਾਤਾਂ-ਗੋਤਾਂ ਤੱਕ ਨਿੱਘਰ ਗਿਆ। ਯੂਨੀਵਰਸਟੀਆਂ, ਅਕਾਡਮੀਆਂ, ਮੀਡੀਏ ਵਿਚ ਛੀਂਬੇ-ਤਖਾਣਾਂ ਦੇ ਅਲੱਗ ਗਰੁੱਪ ਕੰਮ ਕਰ ਰਹੇ ਨੇ। ਦਲਿਤ-ਚੇਤਨਾ ਇਕ ਨਵਾਂ ਉਭਾਰ ਸਾਹਮਣੇ ਆ ਰਿਹਾ ਹੈ। ਸਰਬ-ਸਾਂਝੀ ਮਨੁੱਖ-ਵਾਦੀ ਸੋਚ ਖੰਭ ਲਾ ਕੇ ਉੱਡਣ ਲੱਗੀ ਹੈ। ਪਤਾ ਨਹੀਂ ਲੱਗਦਾ, ਕੌਣ ਕਿਸ ਸੋਚ ਅਧੀਨ ਵਿਚਰ ਰਿਹਾ ਹੈ।

*? ਕਈ ਵਾਰੀ ਤੁਸੀਂ ਅਪਣੇ ਆਪ ਨੂੰ ' ਸਾਰੀ ਉਮਰ ਦੁੱਖ ਕੱਟਣ ਵਾਲੇ ਮਨੁੱਖ' ਦੇ ਤੌਰ ਤੇ ਪੇਸ਼ ਕਰਦੇ ਹੋ। ਕੀ ਤੁਹਾਡਾ ਅਜਿਹਾ ਕਰਨਾ ਸਵੈ ਤਰਸ ਦਾ ਸ਼ਿਕਾਰ ਹੋ ਜਾਣਾ ਨਹੀਂ? ਅਤੇ ਸਵੈ ਤਰਸ ਬੰਦੇ ਨੂੰ ਐਨ ਸੰਘਰਸ਼-ਸ਼ੀਲਤਾ ਦੇ ਉਲਟ ਖੜਾ ਕਰ ਦਿੰਦਾ ਹੈ, ਨਹੀਂ?*

- ਮੈਂ ਅਪਣੀ ਸਵੈਜੀਵਨੀ 'ਮਲ੍ਹੇ ਝਾੜੀਆਂ' ਵਿਚ ਅਪਣੇ ਦੁੱਖ ਖੁੱਲ੍ਹ ਕੇ ਦੱਸੇ ਹਨ। ਮੇਰੀ ਮਨਸ਼ਾ ਅਪਣੇ ਪ੍ਰਤੀ ਤਰਸ ਜਗਾਉਣਾ ਬਿਲਕੁਲ ਨਹੀਂ ਸੀ। ਮੈਂ ਤਾਂ ਦੁੱਖਾਂ ਨਾਲ ਗਲ ਤੱਕ ਭਰਿਆ ਪਿਆ ਸੀ। ਬੱਸ ਮੈਂ ਅਪਣੇ ਦੁੱਖ ਦੱਸੇ ਸਨ। ਮੇਰੇ ਵਿਚ ਸਾਰੀ ਉਮਰ ਕਦੇ ਸਵੈਤਰਸ ਵੀ ਪੈਦਾ ਨਹੀਂ ਹੋਇਆ। ਚਾਹੇ ਕਿੰਨਾ ਵੀ ਮਾਨਸਿਕ ਤੌਰ ਉੱਤੇ ਦੁਖੀ ਰਿਹਾ, ਪਰ ਅਪਣੇ ਕੰਮਾਂ ਦੀ ਗਤੀਸ਼ੀਲਤਾ ਕਾਇਮ ਰੱਖੀ। ਹਮੇਸ਼ਾ ਸੰਘਰਸ਼ਸ਼ੀਲਤਾ ਵਿਚ ਰਿਹਾ ਹਾਂ। ਲਿਖਣਾ ਮੇਰੇ ਦੁੱਖਾਂ ਦੀ ਦਾਰੂ ਬਣਿਆ ਸੀ। 1976 ਵਿਚ ਪਤਨੀ ਦੇ ਸੁਰਗਵਾਸ ਹੋਣ ਬਾਅਦ ਜੋ ਮੇਰੇ ਉੱਤੇ ਬੀਤ ਰਹੀ ਸੀ, ਉਸ ਸਬੰਧੀ ਮੈਂ ਇਕ ਲੇਖ 'ਅਰਸੀ' ਵਿਚ ਲਿਖਿਆ ਸੀ। ਇਹ ਪੜ੍ਹ ਕੇ ਸ੍ਰੀਮਤੀ ਵਿਜੇ ਚੌਹਾਨ ਦੀ ਚਿੱਠੀ ਆਈ, ''ਪਿਛਲੇ ਕਈ ਸਾਲਾਂ ਤੋਂ ਤੁਸੀਂ ਜੋ ਦੁੱਖ ਭੋਗਿਆ ਹੈ, ਉਸ ਬਾਰੇ ਮੈਂ ਤੁਹਾਡੇ ਲੇਖ ਵਿਚ ਪੜ੍ਹਿਆ ਸੀ। ਇਹ ਸਾਰਾ ਜ਼ਹਿਰ ਹਜ਼ਮ ਕਰਨ ਦੀ ਬਜਾਏ ਕਾਗਜ਼ 'ਤੇ ਕੱਢੋ, ਸਾਹਿਤ ਦੇ ਰੂਪ ਵਿਚ। ਤੁਹਾਡੀ ਕਲਮ ਦੀ ਤੰਦਰੁਸਤੀ ਕਾਇਮ ਰਹਿਣੀ ਚਾਹੀਦੀ ਹੈ।'' ਅੰਮ੍ਰਿਤਾ ਪ੍ਰੀਤਮ ਨੇ ਸਿਰਫ਼ ਐਨਾ ਲਿਖ ਕੇ ਭੇਜਿਆ, ''ਇਕ ਈਮਾਨਦਾਰ ਲੇਖਕ ਦੀ ਰਚਨਾ।''

*? ਅੱਜ ਕਲ ਦੇ ਬਹੁਤੇ ਲੇਖਕ ਪੜ੍ਹਦੇ ਨਹੀਂ ਸਿਰਫ਼ ਜਲਦੀ ਨਾਲ ਕੱਚੀਆਂ ਲਿਖਤਾਂ ਲਿਖਕੇ ਛਪ ਜਾਣਾ ਅਤੇ ਮਸ਼ਹੂਰ ਹੋ ਜਾਣਾ ਚਾਹੁੰਦੇ ਹਨ। ਤੁਹਾਡਾ ਪਹਿਲੀਆਂ ਵਿਚ ਪੜ੍ਹਨ ਦਾ ਸੌਕ ਤੁਹਾਨੂੰ ਰਿਸਾਲੇ ਚੋਰੀ ਕਰਨ ਤੱਕ ਵੀ ਲੈ ਜਾਂਦਾ ਸੀ। ਤੁਸੀਂ ਅਜਿਹੇ ਤੱਤ ਭੜਤੇ ਲੇਖਕਾਂ ਨੂੰ ਕੀ ਸਲਾਹ ਦੇਵੋਗੇ?*

- ਸਾਡੀ ਪੀੜ੍ਹੀ ਦੇ ਨਵੇਂ ਲੇਖਕ ਵੀ ਅਪਣੀ ਨਵੀਂ ਕਿਤਾਬ ਛਪਵਾਉਣ ਦੀ ਕਾਹਲ ਵਿਚ ਰਹਿੰਦੇ ਸਨ, ਪਰ ਅਸੀਂ ਦੂਜੇ ਵੱਡੇ ਲੇਖਕਾਂ ਦੀਆਂ ਰਚਨਾਵਾਂ ਪੜ੍ਹਦੇ ਵੀ ਬਹੁਤ ਸੀ। ਜਦੋਂ ਮੇਰਾ ਪਹਿਲਾ ਕਹਾਣੀ ਸੰਗ੍ਰਹਿ ਛਪਿਆ, ਓਦੋਂ ਤੱਕ ਮੈਂ ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਦੇ ਸਾਰੇ ਨਾਵਲ ਅਤੇ ਅੰਮ੍ਰਿਤਾ, ਮੋਹਨ ਸਿੰਘ, ਸੰਤੋਖ ਸਿੰਘ ਧੀਰ ਦੀ ਓਦੋਂ ਤੱਕ ਦੀ ਸਾਰੀ ਕਵਿਤਾ ਪੜ੍ਹ ਚੁੱਕਿਆ ਸੀ। ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ, ਸੇਖੋਂ, ਵਿਰਕ ਸਭ ਪੜ੍ਹੇ ਹੋਏ ਸਨ। ਗੱਲ ਕੀ, ਲਗਭਗ ਸਭ ਪੜ੍ਹ ਰੱਖੇ ਸਨ। ਹੁਣ ਮੈਂ ਇਹ ਵੀ ਸੋਚਦਾ ਹਾਂ ਕਿ ਮੈਨੂੰ ਅਪਣੇ ਕਹਾਣੀ ਸੰਗ੍ਰਹਿ ਐਨੇ ਛੇਤੀ ਛੇਤੀ ਛਪਵਾਉਣੇ ਨਹੀਂ ਚਾਹੀਦੇ ਸਨ। ਇਹ ਜਾਣ ਕੇ ਬੜਾ ਅਚੰਭਾ ਹੋਇਆ ਕਿ ਇਕ ਬੰਗਾਲੀ ਲੇਖਕ ਕਮਲੇਸ਼ ਰਾਏ ਹੁਣ ਤੱਕ ਢਾਈ ਸੌ ਤੋਂ ਵੱਧ ਕਹਾਣੀਆਂ ਲਿਖ ਚੁੱਕਿਆ ਹੈ। ਪਿਛਲੇ ਦਿਨਾਂ ਵਿਚ ਪਹਿਲੀ ਵਾਰ ਹਿੰਦੀ ਵਿਚ ਉਹਦੀ ਇਕ ਕਹਾਣੀ 'ਦਰੋਪਤੀ' ਛਪੀ ਤਾਂ ਬੜੀ ਚਰਚਾ ਹੋਈ। ਇਹ ਕਹਾਣੀ 'ਇਕ ਹਿਜੜੇ ਦੀ ਜ਼ਿੰਦਗੀ ਬਾਰੇ ਹੈ। ਹੁਣ ਇਹ ਕਹਾਣੀ ਪੰਜਾਬੀ ਵਿਚ ਵੀ ਛਪ ਰਹੀ ਹੈ। ਅਚੰਭੇ ਵਾਲੀ ਗੱਲ ਇਹ ਹੈ ਕਿ ਕਮਲੇਸ਼ ਰਾਏ ਨੇ ਅੱਜ ਤੱਕ ਅਪਣਾ ਕੋਈ ਕਹਾਣੀ ਸੰਗ੍ਰਹਿ ਨਹੀਂ ਛਪਵਾਇਆ। ਉਹਨੂੰ ਪੈਸੇ ਦੀ ਕਮੀ ਨਹੀਂ। ਝਾਰਖੰਡ ਸੂਬੇ ਵਿਚ ਉਹ ਇਕ ਉੱਚ-ਅਧਿਕਾਰੀ ਲੱਗਿਆ ਹੋਇਆ ਹੈ।

ਪੰਜਾਬੀ ਵਿਚ ਨਵੇਂ ਲੇਖਕਾਂ ਦੀਆਂ ਕਿਤਾਬਾਂ ਧੜਾਧੜ ਛਪ ਰਹੀਆਂ ਹਨ। ਬਹੁਤੇ ਲੇਖਕ ਅਪਣੇ ਸੀਨੀਅਰ ਲੇਖਕਾਂ ਨੂੰ ਘੱਟ ਹੀ ਪੜ੍ਹਦੇ ਹਨ। ਬੱਸ ਕਿਤਾਬਾਂ ਹੀ ਛਪਵਾਉਂਦੇ ਹਨ ਜਾਂ ਫੇਰ ਵਿਆਹ ਵਰਗੀਆਂ ਗੋਸ਼ਟੀਆਂ ਹੁੰਦੀਆਂ ਹਨ। ਇਕ ਕਿਤਾਬ ਪੰਜ-ਪੰਜ ਥਾਂ ਉੱਤੇ ਰਿਲੀਜ਼ ਹੋ ਜਾਂਦੀ ਹੈ। ਕੀ ਇਹ ਕਿਤਾਬਾਂ ਕਿਧਰੇ ਪੜ੍ਹੀਆਂ ਅਤੇ ਵਿਚਾਰੀਆਂ ਵੀ ਜਾਂਦੀਆਂ ਹਨ? ਨਵੇਂ ਲੇਖਕਾਂ ਨੂੰ ਪੜ੍ਹਨਾ ਚਾਹੀਦਾ ਹੈ। ਕਿਤਾਬ ਛਪਵਾਉਣ ਦੀ ਕਾਹਲ ਨਹੀਂ ਕਰਨੀ ਚਾਹੀਦੀ। ਜਦੋਂ ਉਹਨਾਂ ਦਾ ਨਾਂ ਬਣ ਗਿਆ ਤਾਂ ਕਿਤਾਬ ਤਾਂ ਛਪ ਹੀ ਜਾਣੀ ਹੈ। ਪਬਲਿਸ਼ਰ ਹੋਰ ਕਾਹਦੀ ਖ਼ਾਤਰ ਬੈਠੇ ਨੇ। ਜਾਂ ਤਾਂ ਫੇਰ ਇਹ ਹੋਵੇ ਕਿ ਤੁਹਾਡੀਆਂ ਰਚਨਾਵਾਂ ਵਿਚ ਐਨੀ ਜਾਨ ਹੋਵੇ ਕਿ ਤੁਹਾਡੀ ਕਿਤਾਬ ਛਪਦਿਆਂ ਹੀ ਵਿਕਣ ਲੱਗੇ। ਜਿਵੇਂ ਵੀਨਾ ਵਰਮਾ ਦਾ ਪਹਿਲਾ ਕਹਾਣੀ ਸੰਗ੍ਰਹਿ 'ਮੁੱਲ ਦੀ ਤੀਵੀਂ' ਛਪਿਆ ਅਤੇ ਵਿਕ ਵੀ ਗਿਆ। ਬਾਅਦ ਵਿਚ ਉਹਦੇ ਤਿੰਨ ਐਡੀਸ਼ਨ ਹੋਰ ਛਪੇ। ਸਾਡੇ ਨਵੇਂ ਕਹਾਣੀਕਾਰਾਂ ਵਿਚੋਂ ਦੋ ਨਾਉਂ ਲੈਣਾ ਚਾਹੁੰਦਾ ਹਾਂ- ਜਸਵੀਰ ਰਾਣਾ ਅਤੇ ਜਤਿੰਦਰ ਹਾਂਸ। ਇਹ ਦੋਵੇਂ ਮੁੰਡੇ ਅਪਣੀ ਪਹਿਲੀ ਕਿਤਾਬ ਛਪਣ ਤੋਂ ਪਹਿਲਾਂ ਹੀ ਪ੍ਰਸਿੱਧ ਹੋ ਚੁੱਕੇ ਸਨ। ਜਦੋਂ ਕਹਾਣੀ ਸੰਗ੍ਰਹਿ ਛਪੇ ਤਾਂ ਥੋੜ੍ਹੇ ਦਿਨਾਂ ਵਿਚ ਹੀ ਵਿਕ ਗਏ।

*? ਤੁਹਾਡੇ ਮਿੱਤਰ ਇੰਦਰ ਸਿੰਘ ਖਾਮੋਸ਼ ਦੀ ਜੋਤਿਸ਼ ਵਿਦਿਆ ਅਨੁਸਾਰ ਜੀਵਨ ਦਾ ਕਿੰਨਾ ਕੁ ਪੰਧ ਬਾਕੀ ਬਚਦਾ ਹੈ ਅਜੇ?*

- ਹੁਣੇ ਈ ਪਤੰਦਰੋ ਕਾਹਨੂੰ ਤੋਰੀਂ ਜਾਨੇ ਓ। ਹਾਲੇ ਤਾਂ ਮੈਂ ਘੋੜੇ ਵਰਗਾ ਪਿਆਂ। ਮਨਮਰਜ਼ੀ ਦਾ ਖਾਂਦਾ ਪੀਂਦਾ ਹਾਂ। ਤੁਰਦਾ ਫਿਰਦਾ ਰਹਿਨਾਂ। ਬੱਸਾਂ 'ਤੇ ਜਾਣਾ ਛੱਡ ਦਿੱਤਾ, ਅਪਣੀ ਕਾਰ ਐ। ਹੋਰ ਮੈਨੂੰ ਕੁੱਛ ਨੀ ਹੋਇਆ, ਬੱਸ ਇਕ ਦਾਰੂ ਨ੍ਹੀ ਪੀਂਦਾ। ਪਰ ਭਾਈ ਮੌਤ ਦਾ ਕੀ ਪਤੈ, ਕਦੋਂ ਆ ਜਾਣੀ ਐ। ਮੇਰੇ ਨਾਲ ਦੇ ਮੈਥੋਂ ਦਸ-ਦਸ, ਪੰਦਰਾਂ-ਪੰਦਰਾਂ ਸਾਲ ਛੋਟੇ ਤੁਰ ਵੀ ਗਏ। ਆਪਾਂ ਵੀ ਇਕ ਦਿਨ ਤੁਰ ਜਾਣੈ।

ਖਾਮੋਸ਼ ਅਤੇ ਮੈਂ ਬਹੁਤ ਇਕੱਠੇ ਰਹੇ ਹਾਂ। ਉਹ ਮੇਰੇ ਸਰੀਰ ਦੇ ਜੁਗਰਾਫੀਏ ਨੂੰ ਜਾਣਦਾ ਹੈ। ਉਹਨੂੰ ਹੱਥ ਦੇਖਣ ਦੀ ਵਾਣ ਐ। ਤੀਵੀਆਂ ਉਹਤੋਂ ਬਹੁਤੇ ਹੱਥ ਦਿਖਾਉਂਦੀਆਂ ਨੇ। ਕੋਈ ਵੀਹ ਪੱਚੀ ਸਾਲ ਪਹਿਲਾਂ ਉਹਨੇ ਮੈਨੂੰ ਕਿਹਾ ਸੀ ਕਿ ਮੈਂ ਉਹਤੋਂ ਵੀਹ ਸਾਲ ਪਿੱਛੋਂ ਮਰਾਂਗਾ। ਓਦੋਂ ਉਹਦੀ ਸਲਾਹ 65 ਸਾਲ ਦਾ ਹੋ ਕੇ ਮਰਨ ਦੀ ਸੀ। ਪਰ ਉਹ ਤਾਂ ਅੱਸੀ ਸਾਲ ਦਾ ਹੋ ਗਿਆ। ਹਾਲੇ ਵੀ ਮਣ-ਮਣ ਦੇ ਭਾਰੀ ਰੂਸੀ ਲੇਖਕਾਂ ਬਾਰੇ ਨਾਵਲ ਲਿਖੀ ਜਾਂਦੈ। ਮੈਂ ਇੰਦਰ ਸਿੰਘ ਖਾਮੋਸ਼ ਦੀ ਲੰਮੀ ਉਮਰ ਲਈ ਸੁੱਖਾਂ ਸੁੱਖਦਾ ਰਹਿੰਦਾ ਹਾਂ।

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ








## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: **780-465-6900**
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ, ਮੈਡੀਂ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ ਅਤੇ ਜਸਵੀਰ ਦਿਉਲ।

ਕੈਲਗਰੀ: **403-775-2100**
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼ ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ



ਐਡਮਿੰਟਨ ਟੈਕਸੀ ਡਰਾਈਵਰ ਆਪਣੇ ਸੰਘਰਸ਼ ਦੌਰਾਨ ਵਿਚਾਰ ਵਟਾਂਦਰਾ ਕਰਦੇ ਹੋਏ।



ਮਿਲਵੁੱਡਜ਼ ਕਲਚਰਲ ਸੁਸਾਇਟੀ ਫਾਰ ਰਿਟਾਇਰਡ ਐਂਡ ਸੈਮੀ ਰਿਟਾਇਰਡ ਦੇ ਸਥਾਪਨਾ ਦਿਵਸ ਦੀ ਇਕ ਝਲਕ



ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ ਐਡਮਿੰਟਨ ਵਲੋਂ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਸੈਮੀਨਾਰ ਵਿੱਚ ਹਾਜ਼ਰ ਲੋਕ ਅਤੇ ਬੁਲਾਰੇ


Deol
Insurance & Financial Planning

| | |
|---|---|
| Life Insurance | ਲਾਈਫ ਇੰਸ਼ੋਰੈਂਸ |
| Mortgage Insurance | ਮੌਰਟਗੇਜ ਇੰਸ਼ੋਰੈਂਸ |
| Health Plans | ਹੈਲਥ ਪਲੈਨਜ਼ |
| Critical Illness Insurance | ਕਰਿਟੀਕਲ ਇਲਨੈਸ ਇੰਸ਼ੋਰੈਂਸ |
| Disability Insurance | ਡਿਸਏਬਿਲਟੀ ਇੰਸ਼ੋਰੈਂਸ |
| Travel Insurance | ਟਰੈਵਲ ਇੰਸ਼ੋਰੈਂਸ |
| Retirement Savings Plans | ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼ |

**Guaranteed Paid up Life Insurance**
Get your money back if you don't develop any critical illness

**For More Information Please Contact**

**Jasbir Deol**
Cell: 780 906 4497
Phone: 780 465 6900
Fax: 780 465 0661

2nd Floor 3448-93, Street NW, Edmonton, AB T6E 6A4

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

**Ph. 780-996-2873**

Millbourne Road

# Medical Clinic

WALK-INS WELCOME



Dr. B. Jassar

**Dr. Vijay Thapar** (M.D., CCFP)*
Family Physician
By Appointment Only

**Dr. B. Jassar** (M.D., Ph. D, CCFP)*
Family Physician
Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6

**Tel: 780-462-4229 Fax: 780-462-3315** *Professional Corporation

Welcome to

# Maharaja

Banquet Facility & Sultan Banquet Hall




The Maharaja Banquet Facility and The Sultan Banquet Hall.
We Can accomodate all your functions, whether they are small or big. We can accomodate upto 1,000 People.

* Reception,* Birthday Parties,
* Special Occasions,* Christmas Parties,
* Catering Service,* Great Music System,
* Big Dance Floor,* Excellent Bridal Chair

For reservation please contact us at:
9257-34A Ave. Edmonton, AB (Maharaja Banquet Facility)
**Call: (780) 485 8585**
9241-34A Avenue, Edmonton (Sultan Banquet Hall)
**Ph. 780 496-9696, (780) 695-7200**
www.sultanhall.com

# WESTFORK Interiors

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889

# Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories





## French Doors



Cascade with Zinc Bars
Deco Frosted Clear
Heritage V-Groove Fully Sandblasted
Heritage V-Groove Clear
Montana Clear Slab
Pantry Slab

## Interior Doors

2-Panel Curved Top
3-Panel MDF Shaker-Slab
3-Panel Shaker-Mission
6-Panel Oak-Slab
Stratos-Slab



## Fibreglass Exterior Door



ALEXANDRIA Moulding

## Moulding

Available in MDF, Oak & Maple

| Baseboards | Casings | Crowns | Chair Rails | Architrave |
|---|---|---|---|---|
| 094 Base 5/8" x 4" MDF Primed BDL-6 | 092 Casing 5/8" x 2-1/2" MDF Primed BDL-6 | 47 Crown 9/16" x 4-1/4" MDF Primed BDL-6 | 297 Chair Rail 11/16" x 3" MDF Primed BDL-5 | 5010 Architrave 1-1/4" x 4-3/16" MDF Primed BDL-4 |
| 095 Base 5/8" x 5" MDF Primed BDL-6 | 093 Casing 5/8" x 3-1/4" MDF Primed BDL-6 | 47D Crown 9/16" x 4-3/16" Ultralite BDL-8 | | |
| 238 Base 1/2" x 5" MDF Primed BDL-1 | 338 Casing 5/8" x 3" MDF Primed BDL-6 | 51 Crown 5/8" x 3-1/4" MDF Primed BDL-6 | | |
| 387 Casing 9/16" x 3-1/4" MDF Primed BDL-6 | 386 Base 9/16" x 3-1/4" MDF Primed BDL-6 | 512 Crown 9/16" x 5-1/4" MDF Primed BDL-4 | | |
| 405 Base 1/2" x 4" MDF Primed BDL-10 | 403 Casing 5/8" x 3" MDF Primed BDL-6 | 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4 | | |
| 412 Base 5/8" x 4-1/4" MDF Primed BDL-6 | 411 Casing 11/16" x 3" MDF Primed BDL-6 | | | |
| 425 Base 1/2" x 4" MDF Primed BDL-10 | 423 Casing 5/8" x 3" MDF Primed BDL-6 | | | |
| 545 Base 9/16" x 5" Ultralite Primed BDL - 5 5/8 x 5" MDF Primed BDL-4 | 535 Casing 1/16" x 3-1/2" Ultralite BDL - 5 11/16"x3-1/2" MDF Primed BDL-6 | | | |
| 3140 Base 3/8" x 3-1/4" MDF Primed BDL-10 | 8263 Base 9/16" x 6-1/2" Ultralite BDL-4 | | | |
| 356 Casing MDF 356 Casing Oak 356 Casing Maple | 908 Casing 9/16" x 3-1/4" Ultralite BDL-7 | | | |
| | 8063 Casing 11/16" x 3-1/4" Ultralite BDL-8 | | | |

New Stock!



24" White Medallion



24" Coloured Medallion



Bath Fixtures




Door Locks




Ask about our finishing packages!

* Interior and Exterior
* Prehung Units
* Locks and Hardware
* French Doors
* Bi-folds
* Mouldings
* MDF Sheet: Oak & Maple
* Plywood
* Bullnose Shelf
* Adhesives
* DAP
* Shims
* Brad Nails
* Fireplace Mantels
* Accessories

Alberta Location: 9129-35 Avenue, Edmonton, AB T6E 5Y1
Phone: 780-432-7700 Fax: 780-432-7710

We Supply and install Building Materials!

**www.fancy-doors.com**

ADVANCED
Roofing Systems Ltd.
RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365


GILL Olson (MANAGER)

HARRY'S EXCAVATING
Ph 780-918-2252
Specialist in : Digging Basements & All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)



Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।
Stucco is a versatile, beautiful, durable and fire resistant cladding.



All kind of Stucco
Acrylic & Rain Screen
Harinder Dhaliwal
(780) 297-9165

Advance Driving School
Learn to be Collision Free



Misha Sooch DRIVER EDUCATION COUNCILLOR
* Lady Instructor Available * Defensive Training Classes
* Available to Restore Demerits * Free Pick up & Drop off Service
ਵਧੀਆ ਡਰਾਈਵਿੰਗ ਟ੍ਰੇਨਿੰਗ ਲਈ ਹਮੇਸ਼ਾ ਯਾਦ ਰੱਖੋ
ਐਡਵਾਂਸ ਡਰਾਈਵਿੰਗ ਸਕੂਲ

| | | |
|---|---|---|
| #202-3456 91 St. South Side, Edmonton | 16105-Stony Plain Rd.West End, Edmonton | 10211-100 Ave Fort Saskatchewan |

Contact: (780) 660 4090
Sherwood Park, AB, Canada, T8C1H3 www.advancedrivingschool.ca

Advance Limos Ltd.
Phone: 780 236 5000, Fax: 780 922 2705
www.advancelimos.ca

The Services we Provide
- Airport Service-Flat Rate
- Weddings Ceremony
- Anniversaries
- Birthday Parties
- Dinner & Theatre Ceremony
- Night On The Town
- Graduation Ceremonies
- Concerts & Sports Events
- Promos & Religious Programs
- & Other Functions

Contact Aman Sooch
Book Your LIMO Now & Enjoy the Luxurious Ride
(780) 236 5000



## ਇਕ ਅਮਰੀਕਾ ਇਹ ਵੀ

# ਅਮਰੀਕਨ-ਆਮਿਸ਼

**ਗੁਰਚਰਨ ਸਿੰਘ ਜੈਤੋ**

ਜਿਹੜੇ ਦੇਸ਼ ਦੇ ਲੋਕ ਚੰਦ ਤੇ ਪਹੁੰਚ ਕੇ ਓਥੋਂ ਦੀ ਮਿੱਟੀ ਲੈ ਆਏ ਹੋਣ, ਜਿਹੜਾ ਦੁਨੀਆਂ ਦਾ ਸਭ ਤੋਂ ਤਾਕਤਵਾਰ ਦੇਸ਼ ਕਹਾਉਂਦਾ ਹੋਵੇ, ਕੀ ਓਥੇ ਐਹੇ ਜੇ ਲੋਕ ਵੀ ਰਹਿੰਦੇ ਹੋਣਗੇ ਜਿੰਨ੍ਹਾਂ ਦੇ ਘਰਾਂ ਵਿਚ ਬਿਜਲੀ, ਟੈਲੀਫੋਨ, ਟੀ.ਵੀ.ਜਾਂ ਕਿਸੇ ਵੀ ਕਿਸਮ ਦੀ ਕੋਈ ਮਸ਼ੀਨ ਹੀ ਨਾ ਹੋਵੇ? ਹੈ ਤਾਂ ਇਹ ਬੜੀ ਅਜੀਬ ਪਰ ਅਜਿਹੇ ਲੋਕ ਵੀ ਰਹਿੰਦੇ ਹਨ, ਜਿੰਨ੍ਹਾਂ ਨੂੰ ਅਮਰੀਕਨ ਲੋਕ 'ਆਮਿਸ਼' ਕਹਿੰਦੇ ਹਨ।

ਇਹ ਲੋਕ ਬੜੇ ਹੀ ਸਿੱਧ ਸਾਦੇ ਕਿਸਾਨ ਹਨ ਅਤੇ ਖੇਤੀ ਕਰਕੇ ਗੁਜ਼ਾਰਾ ਕਰਦੇ ਹਨ। ਕਿਸੇ ਨੇ ਇਕ ਆਮਿਸ਼ ਨੂੰ ਪੁੱਛਿਆ ਕਿ ਤੁਸੀਂ ਮਨੋਰੰਜਨ ਲਈ ਕੀ ਕਰਦੇ ਹੋ? ਤਾਂ ਉਹਦਾ ਜਵਾਬ ਸੀ-ਖੇਤੀ! ਆਮਿਸ਼ ਨੇ ਆਪਣਾ ਜਵਾਬ ਜਾਰੀ ਰੱਖਦਿਆਂ ਕਿਹਾ, 'ਕਾਦਰ ਦੀ ਸੁੰਦਰ ਧਰਤੀ ਨੂੰ ਖੇਤੀ ਕਰਨ ਵੇਲੇ ਹੋਠੋਂ ਉੱਤੇ ਹੁੰਦੀ ਵੇਖਦਿਆਂ ਕਿੰਨਾ ਸੁਹਣਾ ਅਹਿਸਾਸ ਹੁੰਦਾ ਹੈ? ਸੋਚਦੇ ਹਾਂ ਕਿ ਧਰਤੀ ਵਿਚੋਂ ਅਨਾਜ ਪੈਦਾ ਹੋਵੇਗਾ ਅਤੇ ਕਿਸੇ ਭੁੱਖੇ ਦੇ ਢਿੱਡ ਵਿਚ ਪਵੇਗਾ। ਇਸ ਤੋਂ ਵਧੀਆ ਮਨੋਰੰਜਨ ਹੋਰ ਕੀ ਹੋ ਸਕਦਾ ਹੈ,'' ਉਹਦਾ ਜਵਾਬ ਸਿੱਧਾ ਸਰਲ ਤੇ ਯਥਾਰਥ ਨਾਲ ਜੁੜਿਆ ਹੋਇਆ ਸੀ।

ਕਿੰਨੀ ਅਜੀਬ ਗੱਲ ਹੈ ਕਿ ਆਮਿਸ਼ ਐਹੋ ਜੇ ਲੋਕ ਹਨ ਜਿਹੜੇ ਆਪਣੇ ਕੱਪੜਿਆਂ ਨੂੰ ਬਟਨ ਹੀ ਨਹੀਂ ਲਾਉਂਦੇ। ਬਟਨ ਉਹ ਫੌਜੀਆਂ ਦੇ ਪਹਿਰਾਵੇ ਦੀ ਨਿਸ਼ਾਨੀ ਹੋਣ ਕਰਕੇ ਨਹੀਂ ਲਾਉਂਦੇ। ਸ਼ਾਇਦ ਆਪਣੇ ਪਹਿਰਾਵੇ ਨੂੰ ਬਟਨ ਜਾਂ ਕਿਸੇ ਵੀ ਕਿਸਮ ਦੀ ਜ਼ੰਜ਼ੀਰ ਨਾ ਲਾ ਕੇ ਉਹ ਦੁਨੀਆ ਨੂੰ ਜੰਗ ਤੋਂ ਤੋਬਾ ਕਰਨ ਦਾ ਸੁਨੇਹਾ ਦੇਣਾ ਚਾਹੁੰਦੇ ਹਨ। ਦੁਨੀਆਂ ਵਿਚ ਜੇ ਉਨ੍ਹਾਂ ਨੂੰ ਸਭ ਤੋਂ ਸਾਦੇ ਲੋਕ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਜਿੱਥੇ ਸ਼ਹਿਰਾਂ ਤੇ ਪਿੰਡਾਂ ਦੀਆਂ ਸੜਕਾਂ ਤੇ ਕਾਰਾਂ, ਵੱਡੇ-ਵੱਡੇ ਲੰਮੇ ਟਰੱਕ ਅਤੇ ਅਸਮਾਨ ਵਿਚ ਹਵਾਈ ਜਹਾਜ ਘੁੰਮਦੇ ਹੋਣ, ਜਿੱਥੇ ਘਰਾਂ ਵਿਚ ਕੱਪੜੇ ਧੋਣ ਵਾਲੀਆਂ ਵੱਡੀਆਂ ਵੱਡੀਆਂ ਮਸ਼ੀਨਾਂ ਹੋਣ, ਖਾਣਾ ਬਨਾਉਣ ਲਈ ਮਾਈਕਰੋ ਵੇਵ ਵਰਗੇ ਆਧੁਨਿਕ ਯੰਤਰ ਹੋਣ, ਸਾਰੇ ਘਰ ਵਿਚ ਵਿਛੇ ਗਲੀਚਿਆਂ ਨੂੰ ਸਾਫ਼ ਕਰਨ ਲਈ ਵੈਕਿਊਮ ਕਲੀਨਰ ਤੇ ਬਜ਼ਾਰਾਂ ਵਿਚ ਅਜਿਹੇ ਹਰ ਕਿਸਮ ਦੇ ਖਾਣੇ ਮਿਲਦੇ ਹੋਣ ਜਿਹੜੇ ਸਿਰਫ਼ ਇਕ ਮਿੰਟ ਵਿਚ ਗਰਮ ਕਰਕੇ ਖਾਧੇ ਜਾ ਸਕਣ। ਲੋਕ ਸੜਕ ਤੋਂ ਆਪਣੀ ਕਾਰ ਵਿਚ ਜਾਂਦਿਆਂ ਸਿਰਫ਼ ਦੋ ਕੁ ਮੀਲ ਦੂਰ ਤੋਂ ਹੀ ਅਮਰੀਕਨ ਢਾਬੇ ਤੇ ਫ਼ੋਨ ਕਰਕੇ ਆਪਣਾ ਮਨ ਪਸੰਦ ਖਾਣਾ ਤਿਆਰ ਕਰਨ ਲਈ ਕਹਿਣ ਤੇ ਦੋ ਕੁ ਮਿੰਟਾਂ ਪਿੱਛੋਂ ਹੀ ਖਿੜਕੀ ਤੋਂ ਆਪਣੀ ਕਾਰ ਵਿਚ ਬੈਠਿਆਂ ਹੀ ਗਰਮ ਗਰਮ ਖਾਣਾ ਚੁੱਕ ਕੇ ਕਾਰ ਵਿਚ ਬੈਠੇ ਬੈਠੇ ਹੀ ਸੜਕ ਦੇ ਸਫ਼ਰ ਦੇ ਨਾਲ ਨਾਲ ਖਾ ਵੀ ਸਕਣ। ਜਿਹੜਾ ਦੇਸ਼ ਜਦੋਂ ਜੀ ਚਾਹੇ ਦੁਨੀਆਂ ਦੇ ਕਿਸੇ ਵੀ ਦੇਸ਼ ਤੇ ਕੋਈ ਬਹਾਨਾ ਬਣਾ ਕੇ ਹਮਲਾ ਕਰ ਸਕਦਾ ਹੋਵੇ। ਜਿੱਥੇ ਇਕੋ ਥਾਂ ਏਨੀਆਂ ਦੁਕਾਨਾਂ ਹੋਣ ਕਿ ਇਕੋ ਥਾਂ ਤੋਂ ਕੋਈ ਸੂਈ ਤੋਂ ਲੈ ਕੇ ਵੱਡੇ ਤੋਂ ਵੱਡੀ ਕਾਰ ਵੀ ਖਰੀਦ ਸਕਦਾ ਹੋਵੇ। ਜਿੱਥੇ ਕੁਝ ਮਿੰਟਾਂ ਲਈ ਬਿਜਲੀ ਚਲੀ ਜਾਵੇ ਤਾਂ ਕਰੋੜਾਂ ਡਾਲਰਾਂ ਦਾ ਨੁਕਸਾਨ ਹੋ ਜਾਵੇ। ਓਥੇ ਭਲਾ ਆਮਿਸ਼ ਵਰਗੇ ਸਿੱਧੇ ਸਾਦੇ ਲੋਕ ਕਿਵੇਂ ਰਹਿ ਸਕਦੇ ਹਨ? ਪਰ ਅਸਲੀਅਤ ਇਸ ਤੋਂ ਉਲਟ ਹੈ।

ਉਹਨਾਂ ਦੇ ਜੀਵਨ ਦੀਆਂ ਗੱਲਾਂ, ਸਮਾਜਿਕ ਰਾਸਮ ਰਵਾਜ ਤੇ ਅਸੂਲ ਵੀ ਬੜੇ ਅਜੀਬ ਤੇ ਸਾਦੇ ਹਨ। ਆਮਿਸ਼ ਸਮਾਜ ਅਨੁਸਾਰ, ਆਦਮੀ ਆਪਦੇ ਵੱਲ ਬਹੁਤੇ ਛੋਟੇ ਨਹੀਂ ਕੱਟ ਸਕਦੇ। ਦਾੜ੍ਹੀ ਨਹੀਂ ਕਤਰ ਸਕਦੇ ਅਤੇ ਸ਼ੇਵ ਵੀ ਨਹੀਂ ਕਰ ਸਕਦੇ। ਪੈਂਟ ਨੂੰ ਥਾਂ ਸਿਰ ਰੱਖਣ ਲਈ ਸਿਰਫ਼ ਇਕ ਫੀਤਾ ਹੀ ਜ਼ਰੂਰੀ ਹੈ, ਉਹ ਵੀ ਕਾਲੇ ਰੰਗ ਦਾ। ਕੱਪੜਿਆਂ ਨੂੰ ਜ਼ਿੱਪ/ ਜ਼ੰਜ਼ੀਰ ਲਾਉਣੀ ਮਨਾਂ ਹੈ। ਦੁਕਾਨ ਤੋਂ ਖਰੀਦੀ ਗਈ ਕਮੀਜ਼, ਕਾਲਰ, ਬਟਨ ਤੇ ਜੇਬ੍ਹਾਂ ਲਾਹ ਕੇ ਹੀ ਪਾਈ ਜਾ ਸਕਦੀ ਹੈ।

ਇਹ ਸਿੱਧੇ ਸਾਦੇ ਲੋਕ ਘੋੜਿਆਂ ਜਾਂ ਘੋੜਾ ਬੱਘੀਆਂ ਦੀ ਹੀ ਸਵਾਰੀ ਕਰਦੇ ਹਨ ਅਤੇ ਹੋਰ ਕਿਸੇ ਕਿਸਮ ਦੇ ਵਾਹਨ ਤੇ ਨਹੀਂ ਚੜ੍ਹਦੇ। ਏਥੋਂ ਤਕ ਕਿ ਘੋੜਿਆਂ ਦੇ ਜਬ੍ਹਾੜਿਆਂ ਵਿਚ ਪਾਉਣ ਵਾਲੀ ਲਗਾਮ ਦੇ ਕੰਡਿਆਲੇ ਵਿਚ ਕਿਸੇ ਕਿਸਮ ਦੇ ਸੁੰਦਰ, ਚਮਕੀਲੇ ਜਾਂ ਸੁਹਣੀ ਸ਼ਕਲ ਦੇ ਲੋਹੇ ਛੱਲੇ ਪਾਉਣ ਦੀ ਇਜਾਜ਼ਤ ਵੀ ਇਹਨਾਂ ਦਾ ਸਮਾਜ ਨਹੀਂ ਦਿੰਦਾ ਤੇ ਨਾ ਹੀ ਘੋੜਾ ਬੱਘੀਆਂ ਤੇ ਢੋ ਵਾਲੀਆਂ ਸੀਟਾਂ ਲਾਈਆਂ ਜਾ ਸਕਦੀਆਂ ਹਨ।

ਸਾਇਕਲ, ਟੈਲੀਫ਼ੋਨ ਜਾਂ ਬਿਜਲੀ ਦੀ ਵਰਤੋਂ ਕੋਈ ਨਹੀਂ ਕਰ ਸਕਦਾ।

ਬਹੁਤਾ ਬੋਲਣਾ ਜ਼ਰੂਰੀ ਨਹੀਂ ਤੇ ਨਾ ਹੀ ਬਹੁਤੀ ਅੰਗਰੇਜ਼ੀ ਬੋਲਣ ਦੀ ਲੋੜ ਹੈ। ਆਪਣੀ ਮਾਂ ਬੋਲੀ ਬੋਲਣੀ ਹੀ ਜ਼ਰੂਰੀ ਹੈ। ਇਹ ਲੋਕ ਅਕਸਰ ਡੱਚ ਬੋਲੀ ਬੋਲਦੇ ਹਨ। ਜਵਾਨ ਆਪਣੇ ਇਕੱਠ ਵਿਚ ਅੰਗਰੇਜ਼ੀ ਗਾਣੇ ਨਹੀਂ ਗਾ ਸਕਦੇ।

ਖੇਤਾਂ ਵਿਚ ਘਰ ਬਣਾ ਕੇ ਰਹਿਣ ਵਾਲੇ ਇਹ ਲੋਕ ਘਰ ਵਿਚ ਬਿਜਲੀ ਦੀ ਵਰਤੋਂ ਨਹੀਂ ਕਰਦੇ ਕਿਉਂਕਿ ਘਰਾਂ ਵਿਚ ਬਿਜਲੀ ਦੇ ਬਲਬ ਜਾਂ ਟਿਊਬਾਂ ਲਾਉਣ ਦੀ ਮਨਾਹੀ ਹੈ ਤੇ ਨਾ ਹੀ ਕੋਈ ਜਨਰੇਟਰ ਵਰਗੀ ਮਸ਼ੀਨ ਹੀ ਕੋਈ ਵਰਤ ਸਕਦਾ ਹੈ। ਸਿਰਫ਼ ਵੈਲਡਿੰਗ ਕਰਨ ਤੋਂ ਇਲਾਵਾ ਬਿਜਲੀ ਦੇ ਜਨਰੇਟਰ ਕਿਸੇ ਵੀ ਕੰਮ ਲਈ ਨਹੀਂ ਵਰਤੇ ਜਾ ਸਕਦੇ।

ਕਿਸੇ ਨੂੰ ਫੋਟੋ ਖਿਚਵਾਉਣ ਦੀ ਖੁੱਲ੍ਹ ਨਹੀਂ। ਤੇ ਨਾ ਹੀ ਕੋਈ ਆਪਣੀ ਫੋਟੋ ਫਰੇਮ ਕਰਵਾ ਕੇ ਘਰ ਵਿਚ ਲਾ ਸਕਦਾ ਹੈ।

ਕਮੀਜ਼ਾਂ ਦੇ ਕਫ਼ਾਂ ਤੇ ਸਟੱਡ ਨਹੀਂ ਲਾਉਣੇ।

ਔਰਤਾਂ ਸਿਰ ਵਿਚ ਚੀਰ ਕੱਢ ਕੇ ਵਾਲ ਨਹੀਂ ਵਾਹ ਸਕਦੀਆਂ। ਉਹਨਾਂ ਲਈ ਇਹ ਜ਼ਰੂਰੀ ਹੈ ਕਿ ਉਹ ਅਪਣਾ ਸਿਰ ਢੱਕਣ ਲਈ ਟੋਪੀਆਂ ਛੋਟੀਆਂ ਨਾ ਬਨਾਉਣ, ਸਗੋਂ ਉਹ ਏਨੀਆਂ ਵੱਡੀਆਂ ਹੋਣੀਆਂ ਜ਼ਰੂਰੀ ਹਨ ਕਿ ਉਹਨਾਂ ਦੇ ਕੰਨ ਢੱਕੇ ਰਹਿਣ। ਔਰਤਾਂ ਆਪਣੇ ਪਹਿਰਾਵੇ ਤੇ ਪੁਸ਼ਾਕਾਂ ਵਿਚ ਵੱਡੀਆ ਵੱਡੀਆਂ ਪਲੇਟਾਂ ਨਹੀਂ ਪਾ ਸਕਦੀਆਂ ਤੇ ਨਾ ਹੀ ਕੋਈ ਕਿਸੇ ਕਿਸਮ ਦੀ ਝਾਲਰ ਜਾਂ ਲੇਸ ਲਾ ਸਕਦੀਆਂ ਹਨ। ਉਹਨਾਂ ਦੀਆਂ ਪੁਸ਼ਾਕਾਂ ਏਨੀਆਂ ਲੰਮੀਆ ਹੋਣੀਆਂ ਚਾਹੀਦੀਆਂ ਹਨ ਕਿ ਉਹਨਾਂ ਦੇ ਗਿੱਟੇ ਵੀ ਨੰਗੇ ਨਾ ਹੋਣ। ਔਰਤਾਂ ਨੂੰ ਸਿਰ ਦੇ ਵਾਲ ਉੱਚੇ ਕਰਕੇ ਵਾਹੁਣ ਤੀ ਮਨਾਹੀ ਹੈ। ਵਾਲ ਸਿਰ ਦੇ ਨਾਲ ਕਰਕੇ ਵਾਹੁਣੇ ਜ਼ਰੂਰੀ ਹਨ। ਵਾਲਾਂ ਵਿਚ ਫ਼ੈਸ਼ਨ ਕਰਨੇ ਮਨ੍ਹਾਂ ਹਨ। ਕਿਸੇ ਕਿਸਮ ਦਾ ਗਹਿਣਾ ਪਾਉਣਾ, ਔਰਤਾਂ ਲਈ ਘੁਮੰਡ ਦੀ ਨਿਸ਼ਾਨੀ ਗਿਣਿਆ ਜਾਂਦਾ ਹੈ। ਅਤੇ ਇਸ ਤਰ੍ਹਾਂ ਹੀ ਸਕਰਟਾਂ ਦੇ ਦੁਆਲੇ ਲੇਸ ਲਾਉਣਾ ਵੀ ਠੀਕ ਨਹੀਂ ਸਮਝਿਆ ਜਾਂਦਾ। ਔਰਤਾਂ ਸਰੀਰ ਨਾਲ ਕਸਵੀਆਂ ਪੁਸ਼ਾਕਾਂ ਨਹੀਂ ਪਾ ਸਕਦੀਆਂ। ਉਹਨਾਂ ਲਈ ਘਰੋਂ ਬਾਹਰ ਜਾਣ ਵੇਲੇ ਸ਼ਾਲ ਲੈਣੀ ਜ਼ਰੂਰੀ ਹੈ। ਔਰਤਾਂ ਦੇ ਬੂਟ ਹੀ ਪਾਏ ਜਾ ਸਕਦੇ ਹਨ। ਉੱਚੀ ਅੱਡੀ ਨਹੀਂ ਪਾਉਣੀ। ਗਿਰਜਾਘਰ ਜਾਣ ਵੇਲੇ ਪੁਸ਼ਾਕਾਂ ਦੇ ਬਾਹਰ ਕੱਪੜਾ (ਐਪਰਨ) ਅਤੇ ਸਿਰ ਤੇ ਰੁਮਾਲ ਸਿਰਫ਼ ਚਿੱਟੇ ਰੰਗ ਦਾ ਹੋਣਾ ਜ਼ਰੂਰੀ ਹੈ। ਸਿਰ ਦੇ ਵਾਲ ਕੰਨਾਂ ਦੇ ਉਪਰੋਂ ਦੀ ਕਰਕੇ ਨਹੀਂ ਵਾਹੁਣੇ।

ਲੋਕ ਘਰਾਂ ਵਿਚ ਸਾਦੀਆਂ ਦਰੀਆਂ ਹੀ ਵਿਛਾ ਸਕਦੇ ਹਨ। ਉਹਨਾਂ ਵਿਚ ਧਾਰੀਆਂ ਜਾਂ ਕਿਸੇ ਕਿਸਮ ਦੇ ਡਿਜ਼ਾਇਨ ਪਾਉਣੇ ਮਨ੍ਹਾਂ ਹਨ। ਪਹਿਨਣ ਵਾਲੇ ਕੱਪੜਿਆਂ ਤੇ ਫੁੱਲਾਂ ਦੇ ਜਾਂ ਹੋਰ ਕਿਸੇ ਕਿਸਮ ਦੇ ਡਿਜ਼ਾਈਨ ਨਹੀਂ ਬਣੇ ਹੋਣੇ ਚਾਹੀਦੇ। ਆਮਿਸ਼ ਲੋਕ ਆਪਣਾ ਬੀਮਾ ਨਹੀਂ ਕਰਵਾਉਂਦੇ ਤੇ ਨਾ ਹੀ ਕਿਸੇ ਕਿਸਮ ਦਾ ਭੱਤਾ ਹੀ ਸਰਕਾਰ ਕੋਲੋਂ ਲੈਂਦੇ ਹਨ, ਜਿਹੜਾ ਆਮ ਲੋਕਾਂ ਨੂੰ ਨੌਕਰੀ ਨਾ ਮਿਲਣ ਤੇ ਜਾਂ ਬੁੱਢੇ ਹੋਣ ਤੇ ਦਿੱਤਾ ਜਾਂਦਾ ਹੈ। ਉਹ ਸਰਕਾਰ ਨੂੰ ਕੋਈ ਟੈਕਸ ਵੀ ਨਹੀਂ ਦਿੰਦੇ, ਸਿਰਫ਼ ਛੋਟੇ ਮੋਟੇ ਜ਼ਰੂਰੀ ਟੈਕਸਾਂ ਨੂੰ ਛੱਡ ਕੇ।

ਜਦੋਂ ਉਹਨਾਂ ਦੇ ਬੱਚੇ ਅਠਾਰਾਂ ਸਾਲਾਂ ਦੇ ਹੋ ਜਾਂਦੇ ਹਨ ਤਾਂ ਉਹਨਾਂ ਨੂੰ ਇਕ ਮੌਕਾ ਉਹ ਇਹ ਆਖ ਕੇ ਜ਼ਰੂਰ ਦਿੰਦੇ ਹਨ ਕਿ ਜੇ ਉਹ ਚਾਹੁਣ ਤਾਂ ਉਹਨਾਂ ਦੇ ਸਮਾਜ ਨੂੰ ਛੱਡ ਕੇ ਕਿਧਰੇ ਵੀ ਜਾ ਸਕਦੇ ਹਨ। ਨੜਿਨਵੇਂ ਪ੍ਰਤੀਸ਼ਤ ਬੱਚੇ ਜਾਂਦੇ ਹੀ ਨਹੀਂ ਹਨ। ਜੇ ਕੋਈ ਜਾਂਦਾ ਹੈ ਤਾਂ ਉਹ ਮੁੜ ਆਉਂਦਾ ਹੈ।

*ਉਹਨਾਂ ਦੇ ਜੀਵਨ ਦੀਆਂ ਗੱਲਾਂ, ਸਮਾਜਿਕ ਰਾਸਮ ਰਵਾਜ ਤੇ ਅਸੂਲ ਵੀ ਬੜੇ ਅਜੀਬ ਤੇ ਸਾਦੇ ਹਨ। ਆਮਿਸ਼ ਸਮਾਜ ਅਨੁਸਾਰ, ਆਦਮੀ ਆਪਦੇ ਵੱਲ ਬਹੁਤੇ ਛੋਟੇ ਨਹੀਂ ਕੱਟ ਸਕਦੇ। ਦਾੜ੍ਹੀ ਨਹੀਂ ਕਤਰ ਸਕਦੇ ਅਤੇ ਸ਼ੇਵ ਵੀ ਨਹੀਂ ਕਰ ਸਕਦੇ। ਪੈਂਟ ਨੂੰ ਥਾਂ ਸਿਰ ਰੱਖਣ ਲਈ ਸਿਰਫ਼ ਇਕ ਫੀਤਾ ਹੀ ਜ਼ਰੂਰੀ ਹੈ, ਉਹ ਵੀ ਕਾਲੇ ਰੰਗ ਦਾ। ਕੱਪੜਿਆਂ ਨੂੰ ਜ਼ਿੱਪ/ ਜ਼ੰਜ਼ੀਰ ਲਾਉਣੀ ਮਨਾਂ ਹੈ। ਦੁਕਾਨ ਤੋਂ ਖਰੀਦੀ ਗਈ ਕਮੀਜ਼, ਕਾਲਰ, ਬਟਨ ਤੇ ਜੇਬ੍ਹਾਂ ਲਾਹ ਕੇ ਹੀ ਪਾਈ ਜਾ ਸਕਦੀ ਹੈ। ਇਹ ਸਿੱਧੇ ਸਾਦੇ ਲੋਕ ਘੋੜਿਆਂ ਜਾਂ ਘੋੜਾ ਬੱਘੀਆਂ ਦੀ ਹੀ ਸਵਾਰੀ ਕਰਦੇ ਹਨ ਅਤੇ ਹੋਰ ਕਿਸੇ ਕਿਸਮ ਦੇ ਵਾਹਨ ਤੇ ਨਹੀਂ ਚੜ੍ਹਦੇ। ਏਥੋਂ ਤਕ ਕਿ ਘੋੜਿਆਂ ਦੇ ਜਬ੍ਹਾੜਿਆਂ ਵਿਚ ਪਾਉਣ ਵਾਲੀ ਲਗਾਮ ਦੇ ਕੰਡਿਆਲੇ ਵਿਚ ਕਿਸੇ ਕਿਸਮ ਦੇ ਸੁੰਦਰ, ਚਮਕੀਲੇ ਜਾਂ ਸੁਹਣੀ ਸ਼ਕਲ ਦੇ ਲੋਹੇ ਛੱਲੇ ਪਾਉਣ ਦੀ ਇਜਾਜ਼ਤ ਵੀ ਇਹਨਾਂ ਦਾ ਸਮਾਜ ਨਹੀਂ ਦਿੰਦਾ ਤੇ ਨਾ ਹੀ ਘੋੜਾ ਬੱਘੀਆਂ ਤੇ ਢੋ ਵਾਲੀਆਂ ਸੀਟਾਂ ਲਾਈਆਂ ਜਾ ਸਕਦੀਆਂ ਹਨ।*



ਖੇਤੀ ਸਿਰਫ਼ ਘੋੜਿਆਂ ਨਾਲ ਹੀ ਕੀਤੀ ਜਾਂਦੀ ਹੈ। ਖੇਤਾਂ ਵਿਚ ਕਿਸੇ ਵੀ ਕਿਸਮ ਦੀ ਮਸ਼ੀਨ ਨਹੀਂ ਵਰਤੀ ਜਾਂਦੀ। ਉਹ ਸੋਚਦੇ ਹਨ ਕਿ ਟਰੈਕਟਰ ਦੇ ਟਾਇਰ ਮਿੱਟੀ ਨੂੰ ਦੱਬ ਦਿੰਦੇ ਹਨ ਜਿਹੜਾ ਉਪਜਾਊ ਮਿੱਟੀ ਲਈ ਠੀਕ ਨਹੀਂ।

ਘੋੜੇ ਵਾਲੀਆਂ ਬੱਘੀਆਂ ਤੇ ਸਿਰਫ਼ ਲੋਹੇ ਦੇ ਕੜੇ ਹੀ ਚੜ੍ਹਾਏ ਜਾਂਦੇ ਹਨ। ਕਿਸੇ ਵੀ ਬੱਘੀ ਜਾਂ ਮਸ਼ੀਨ ਦੇ ਪਹੀਆਂ ਤੇ ਰਬੜ ਦੇ ਟਾਇਰ ਲਾਉਣ ਦੀ ਮਨਾਹੀ ਹੈ। ਬੱਘੀਆਂ ਤੇ ਕਿਸੇ ਕਿਸਮ ਦੀ ਲਾਈਟ ਵੀ ਨਹੀਂ ਲਾਈ ਜਾਂਦੀ। ਸਿਰਫ਼ ਸੁਰੱਖਿਆ ਲਈ ਜਿੰਨੀ ਕੁ ਰੌਸ਼ਨੀ ਦੀ ਲੋੜ ਜ਼ਰੂਰੀ ਹੋਵੇ ਓਨੀ ਹੀ ਲਾਈ ਜਾਂਦੀ ਹੈ।

ਦੁੱਧ ਲਈ ਵੱਡੇ ਢੋਲ ਵਰਤਣੇ ਵਰਜਿਤ ਹਨ। ਗਾਵਾਂ ਤੇ ਘੋੜਿਆਂ ਨੂੰ ਰਜਿਸਟਰ ਨਹੀਂ ਕਰਾਇਆ ਜਾਂਦਾ। ਕੋਈ ਵੀ ਆਮਿਸ਼ ਕਾਰ ਜਾਂ ਟਰੱਕ ਨਹੀਂ ਚਲਾਉਂਦਾ। ਮਰਦਾਂ ਦਾ ਪਹਿਰਾਵਾ ਬੜਾ ਹੀ ਸਾਦਾ ਅਤੇ ਹਲੀਮੀ ਵਾਲਾ ਹੋਵੇ। ਸਿਰ ਦੇ ਹੈਟ ਤੇ ਕਿਸੇ ਕਿਸਮ ਦੀ ਕਿਨਾਰੀ ਨਹੀਂ ਲੱਗੀ ਹੋਣੀ ਚਾਹੀਦੀ। ਫ਼ੈਸ਼ਨ ਵਾਲੇ ਹੈਟ ਨਹੀਂ ਪਾਉਣੇ। ਪਹਿਰਾਵਾ ਜਾਂ ਪੁਸ਼ਾਕ ਸਿਰਫ਼ ਇਕ ਹੁੱਕ ਨਾਲ ਹੀ ਬੰਦ ਹੋਵੇ, ਬਟਣਾਂ ਨਾਲ ਨਹੀਂ। ਕੋਟ ਜਾਂ ਪੈਂਟ ਉੱਤੇ ਕੋਈ ਵੀ ਜੇਬ ਨਹੀਂ ਲਾਉਣੀ। ਪੈਂਟ ਦੇ ਪਿੱਛੇ ਵੀ ਜੇਬ ਨਹੀਂ ਹੋਣੀ ਚਾਹੀਦੀ ਤੇ ਨਾ ਹੀ ਤਹਿ ਕੀਤੀ ਕਰੀਜ਼ ਵਾਲੀ ਪੈਂਟ ਪਾਈ ਜਾ ਸਕਦੀ ਹੈ। ਪੈਂਟ ਉਤੋਂ ਕੋਈ ਬੈਲਟ ਨਾ ਲਾਈ ਜਾਵੇ ਤੇ ਨਾ ਹੀ ਪੈਂਟ ਤੇ ਲੁੱਪੀਆਂ ਲੱਗੀਆਂ ਹੋਣ। ਔਕਸਫੋਰਡ ਫ਼ੈਸ਼ਨ ਦੇ ਬੂਟ ਸਿਰਫ਼ ਵਿਆਹ ਸ਼ਾਦੀਆਂ ਤੇ ਜਾਣ ਲਈ ਹੀ ਪਹਿਨੇ ਜਾਣ-ਅੱਗੋਂ ਪਿੱਛੋਂ ਕਦੇ ਵੀ ਨਹੀਂ। ਚਮਕਦਾਰ ਜਾਂ ਰੰਗਦਾਰ ਕੱਪੜੇ ਨਹੀਂ ਪਾਉਣੇ। ਕਮੀਜ਼ਾਂ ਲਈ ਗੁਲਾਬੀ, ਪੀਲਾ, ਨਾਰੰਗੀ ਜਾਂ ਭੜਕੀਲੇ ਰੰਗਾਂ ਦੀ ਸਖ਼ਤ ਮਨਾਹੀ ਹੈ। ਰਜ਼ਾਈ ਵਰਗੀਆਂ ਜਾਕਟਾਂ ਜਾਂ ਕੋਟ ਨਹੀਂ ਪਹਿਨਣੇ। ਕਾਲੇ ਰੰਗ ਦੀਆਂ ਜੁਰਾਬਾਂ ਹੀ ਪਾਈਆਂ ਜਾ ਸਕਦੀਆਂ ਹਨ।

ਜਵਾਨ ਮੁੰਡੇ ਕੁੜੀਆਂ ਮਨੋਰੰਜਨ ਵੱਲ ਧਿਆਨ ਨਾ ਦੇਣ। ਉਹਨਾ ਲਈ ਟੀ. ਵੀ. ਸਿਨਮਾ ਦੇਖਣਾ ਮਨ੍ਹਾਂ ਹੈ। ਹੱਥ ਤੇ ਘੜੀ ਲਾਉਣੀ, ਸਾਈਕਲ ਚਲਾਉਣਾ, ਤੰਬਾਕੂ, ਸ਼ਰਾਬ ਅਤੇ ਹੋਰ ਨਸ਼ੇ ਕਰਨ ਦੀ ਮਨਾਹੀ ਹੈ। ਐਤਵਾਰ ਵਾਲੇ ਦਿਨ ਗੇਂਦ ਨਾਲ ਕੋਈ ਵੀ ਖੇਡ ਖੇਡਣ ਦੀ ਮਨਾਹੀ ਹੈ। ਜਵਾਨ ਮੁੰਡੇ ਕੁੜੀਆਂ ਨੂੰ ਇਕੋ ਹੀ ਮੰਜੇ ਤੇ ਬਹਿ ਕੇ ਗੱਲਾਂ ਕਰਨ ਦੀ ਮਨਾਹੀ ਹੈ ਅਤੇ ਨਾ ਕੋਈ ਸ਼ਰਮਨਾਕ ਗੱਲ ਜਾਂ ਵਰਤਾਓ ਉਹ ਕਰ ਸਕਦੇ ਹਨ। ਗਾਲ੍ਹਾਂ ਜਾਂ ਦੂਹਰੇ ਮਾਅਨਿਆਂ ਵਾਲੇ ਸ਼ਬਦ ਵਰਤਣੇ ਸਮਾਜ ਵਿਚ ਬੁਰੇ ਬਮਝੇ ਜਾਂਦੇ ਹਨ।

ਐਤਵਾਰ ਵਾਲੇ ਦਿਨ ਕੋਈ ਦੁੱਧ ਨਹੀਂ ਵੇਚੇਗਾ। ਘਰ ਸਿੱਧੇ ਸਾਦੇ ਹੋਣੇ ਜ਼ਰੂਰੀ ਹਨ। ਵੱਡੀਆਂ ਜਾਂ ਧੱਕਾ ਮਾਰ ਕੇ ਖੋਹਲਣ ਵਾਲੀਆਂ ਖਿੜਕੀਆਂ ਘਰ ਵਿਚ ਨਹੀਂ ਲਾਉਣੀਆਂ। ਰਸੋਈ ਘਰ ਵਿਚ ਮੇਜ਼ ਲਕੜੀ ਦੇ ਹੋ ਸਕਦੇ ਹਨ ਪਰ ਉਹ ਰੰਦੇ ਹੋਏ ਨਾ ਹੋਣ ਤੇ ਨਾ ਹੀ ਉਹਨਾਂ ਤੇ ਪਾਲਿਸ਼ ਕੀਤਾ ਹੋਵੇ। ਗੁਸਲਖਾਨੇ ਵਿਚ ਕੋਈ ਸਿੰਕ, ਰੰਗਦਾਰ ਸਟੂਲ ਜਾਂ ਰੰਗਦਾਰ ਟੱਬ ਨਹੀਂ ਹੋਣਾ ਚਾਹੀਦਾ। ਗੁਸਲਖਾਨੇ ਦਾ ਫ਼ਰਸ਼ ਵੀ ਰੰਗਦਾਰ ਨਾ ਹੋਵੇ। ਘਰ ਦੇ ਸਾਰੇ ਕੱਪੜੇ ਹੱਥਾਂ ਨਾਲ ਹੀ ਧੋਤੇ ਜਾਣ। ਕੋਈ ਵੀ ਕੱਪੜਾ ਕੱਪੜੇ ਧੋਣ ਵਾਲੀ ਮਸ਼ੀਨ ਵਿਚ ਨਹੀਂ ਧੋਣਾ।

ਆਮਿਸ਼ ਸਮਾਜ ਦੇ ਲੋਕ ਕੋਈ ਢਾਈ ਸੌ ਸਾਲ ਪਹਿਲਾਂ ਯੂਰਪ ਵਿਚ ਜਰਮਨ ਬੋਲੀ ਵਾਲੇ ਦੇਸ਼ਾਂ ਵਿਚੋਂ ਉੱਠ ਕੇ ਅਮਰੀਕਾ ਆਏ ਸਨ। ਇਹ ਲੋਕ ਛੋਟੇ ਛੋਟੇ ਜੱਥਿਆਂ ਵਿਚ ਆਕੇ ਆਪਣਾ ਇਕ ਵਖੱਰਾ ਹੀ ਸਮਾਜ ਬਣਾ ਕੇ ਰਹਿਣ ਲੱਗ ਪਏ। ਇਹਨਾਂ ਨੂੰ 'ਧਰਤੀ ਦੇ ਚੁੱਪ ਚੁਪੀਤੇ ਲੋਕ' ਕਿਹਾ ਜਾਂਦੈ। ਇਹ ਲੋਕ ਭਰੱਪਣ ਅਤੇ ਭਾਈਵਾਲੀ ਦੇ ਸਭਿਆਚਾਰ ਵਿਚ ਵਿਸ਼ਵਾਸ ਰੱਖਦੇ ਹਨ। ਇਨ੍ਹਾਂ ਨੂੰ ਆਪਸ ਵਿਚ ਜੋੜੀ ਰੱਖਣ ਲਈ ਸਮਾਜੀ ਬੰਧਨ ਬਹੁਤ ਹਨ। ਕਿਉਂਕਿ ਇਹਨਾਂ ਨੇ ਆਪਣੇ ਆਪ ਨੂੰ ਕੈਥੋਲਿਕ, ਲੂਥਰੀਅਨ ਅਤੇ ਸੁਧਾਰੂ ਗਿਰਜਿਆਂ ਤੋਂ ਨਿਖੇੜੀ ਰੱਖਿਆ, ਇਸ ਲਈ ਇਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪਿਆ। ਉਹਨਾਂ ਦਾ ਇਕ ਪੱਕਾ ਵਿਸ਼ਵਾਸ ਹੈ ਕਿ ਅੰਜੀਲ ਅਨੁਸਾਰ ਗਿਰਜਾਘਰ ਵਿਚ ਨਾਮਜ਼ਦਗੀ, ਬੰਦੇ ਦੀ ਅਪਾਣੀ ਮਰਜ਼ੀ ਤੇ ਨਿਰਭਰ ਕਰਦੀ ਹੈ। ਗਿਰਜਾ ਅਤੇ ਸਟੇਟ ਵੱਖੋ ਵੱਖਰੇ ਹੋਣੇ ਚਾਹੀਦੇ ਹਨ। ਅੰਜੀਲ ਅਨੁਸਾਰ ਸਮਾਜ ਨੂੰ ਅੰਜੀਲ ਦੀਆਂ ਧਾਰਨਾਵਾਂ ਅਨੁਸਾਰ ਅਨੁਸਾਸ਼ਨ ਬੱਧ ਹੋਣਾ ਜ਼ਰੂਰੀ ਹੈ। ਉਹਨਾਂ ਦੇ ਵਿਚਾਰਾਂ ਦੇ ਵੱਖਰੇਪਣ ਕਰਕੇ ਉਹ ਗਿਰਜਿਆਂ ਅਤੇ ਸਟੇਟ ਤੋਂ ਦੂਰ ਹੋ ਗਏ।

ਆਮਿਸ਼ ਸਮਾਜ ਦੇ ਅਮਰੀਕਾ ਵਿਚ ਸਫ਼ਲ ਹੋਣ ਦਾ ਕਾਰਨ ਇਹੋ ਹੈ ਕਿ ਅਮਰੀਕਾ ਨੂੰ ਦੁਨੀਆਂ ਦਾ 'ਪਿਘਲਾਊ ਕੁੰਡ' ਕਿਹਾ ਜਾਂਦੈ। ਦੁਨੀਆਂ ਦੇ ਹਰ ਦੇਸ਼ ਤੋਂ ਆ ਕੇ ਲੋਕ ਏਥੇ ਵਸ ਚੁੱਕੇ ਹਨ। ਜਰਮਨੀ ਦੇ ਦੇਸ਼ਾਂ ਵਿਚੋਂ ਆਏ ਲੋਕਾਂ ਨਾਲ ਆਮਿਸ਼ ਵੀ ਲਗਭਗ 1727 ਤੇ 1790 ਵਿਚਕਾਰ ਉਂਨੀਵੀਂ ਸਦੀ ਵਿਚ ਅਤੇ 1815 ਤੋਂ 1860 ਤਕ ਵੀ ਆਉਂਦੇ ਹੇ। ਅਸਲੀ ਆਮਿਸ਼ ਲੋਕ ਪੈਨਸਲਵੇਲੀਆ ਦੇ ਸੂਬੇ ਵਿਚ ਆ ਕੇ ਵਸੇ। ਓਥੋਂ ਉਹ ਪੱਛਮ ਵੱਲ ਓਹਾਇਓ, ਆਇਓਵਾ ਅਤੇ ਇੰਡੀਅਨਾ ਦੇ ਸੂਬਿਆਂ ਵਿਚ ਜਾ ਵਸੇ। ਅੱਜ ਇਹ ਲੋਕ ਅਮਰੀਕਾ ਦੇ ਲਗਭਗ ਵੀਹ ਸੂਬਿਆਂ ਵਿਚ ਵਸੇ ਹੋਏ ਹਨ। ਇਹਨਾਂ ਦੀਆਂ ਕੋਈ 750 ਜੱਥੇਬੰਦੀਆਂ ਹਨ ਅਤੇ ਆਬਾਦੀ ਲਗਭਗ ਡੇਢ ਲੱਖ ਹੈ। ਸਭ ਤੋਂ ਪੁਰਾਣੇ ਆਮਿਸ਼ ਸਮਾਜ ਦੇ ਲੋਕ ਆਪਣੇ ਖੇਤਾਂ ਵਿਚ ਬਣਾਏ ਘਰਾਂ ਵਿਚ ਹੀ ਪੂਜਾ ਅਰਚਨਾ ਕਰਦੇ ਹਨ। ਉਹ ਸਿੱਧਾ ਸਾਦਾ ਕਿਸਾਨੀ ਜੀਵਨ ਜਿਉਂਦੇ ਹਨ। ਉਹਨਾਂ ਦੇ ਬੱਚੇ ਸਿਰਫ਼ ਅੱਠਵੀਂ ਜਮਾਤ ਤਕ ਹੀ ਪੜ੍ਹਦੇ ਹਨ ਅਤੇ ਵੱਡੇ ਸਕੂਲਾਂ ਜਾਂ ਕਾਲਜਾਂ ਵਿਚ ਪੜ੍ਹਨ ਨਹੀਂ ਜਾਂਦੇ। ਕੁਝ ਇਨਸਾਨੀ ਗੁਣ ਜਿਵੇਂ ਹਲੀਮੀ, ਸਾਦਗੀ, ਆਪਸ ਵਿਚ ਵੰਡ ਕੇ ਖਾਣਾ ਖੁਆਉਣਾ ਅਤੇ ਸਮਾਜਿਕ ਭਲਾਈ ਲਈ ਬਲਿਦਾਨ, ਸਮਾਜ ਨੂੰ ਜੋੜੀ ਰੱਖਣ ਲਈ ਅਤਿ ਜ਼ਰੂਰੀ ਸਮਝੇ ਜਾਂਦੇ ਹਨ।

A City Limos Ltd.
Ph: 780-462-4940
Toll Free: 1-888-462-4623


Wedding
School Proms
Birthday
City Tours
Airport Service
Edmonton-Calgary Vancouver
Contact
780-951-7260

e-mail: dhaliwalsd@hotmail.com, www.acitylimousine.com

## ਕਹਾਣੀ

# ਬੇਘਰਾ

–ਓ ਹੈਨਰੀ



ਅਮਰੀਕਨ ਲੇਖਕ ਓ ਹੈਨਰੀ ਨੂੰ ਸੰਸਾਰ ਦੇ ਪ੍ਰਮੁੱਖ ਸਾਹਿਤਕਾਰਾਂ ਵਿਚ ਗਿਣਿਆ ਜਾਂਦਾ ਹੈ। ਉਹ 1962 ਵਿਚ ਜੰਮਿਆ ਸੀ ਤੇ ਉਸ ਦਾ ਅਸਲੀ ਨਾਂਅ ਸਿਡਨੀ ਪੋਰਟਰ ਸੀ। ਉਸ ਦਾ ਬਚਪਨ ਤੇ ਜਵਾਨੀ ਪਰਵਾਰਿਕ ਔਖਿਆਈਆਂ ਵਿਚੋਂ ਲੰਘੇ ਤੇ ਉਹ ਆਪਣੀ ਪੜ੍ਹਾਈ ਵੀ ਪੂਰੀ ਨਾ ਕਰ ਸਕਿਆ। ਮਗਰੋਂ ਜਦੋਂ ਉਸ ਵਿਚਲੇ ਲੇਖਕ ਦੀ ਪ੍ਰਤਿਭਾ ਮੌਲੀ ਤਾਂ ਉਸ ਨੇ ਓ ਹੈਨਰੀ ਦੇ ਨਾਂਅ ਹੇਠ ਅਮਰੀਕਨ ਸਮਾਜ ਦੇ ਬੇਮਿਸਾਲ ਚਿਤ੍ਰ ਆਪਣੀਆਂ ਕਹਾਣੀਆ ਰਾਹੀਂ ਉਲੀਕੇ।

ਇਹ ਕਹਾਣੀ ਇਕ ਬੇਰੁਜ਼ਗਾਰ ਅਮਰੀਕਨ ਦੀ ਅਧੋਗਤੀ ਦੀ ਵਾਰਤਾ ਹੈ। ਨਾ–ਬਰਾਬਰ ਸਮਾਜ ਦੀ ਧੀਮੇ ਸੁਰਾਂ ਵਾਲੇ ਕਟਾਖਸ਼ ਨਾਲ ਭਰੀ ਉਸ ਦੀ ਸ਼ੈਲੀ, ਜਿਹੜੀ ਨਾਲ ਹੀ ਕਾਵਿਕ ਹੈ, ਲੇਖਕ ਵਜੋਂ ਉਸ ਦੀ ਯੋਗਤਾ ਦੀ ਇਕ ਉਦਾਹਰਣ ਹੈ।

– ਸੰਪਾਦਕ

ਮੈਡੀਸਾਨ ਸੁਕੇਅਰ ਦੇ ਆਪਣੇ ਬੈਂਚ ਉਤੇ ਬੈਠਾ ਸੋਪੀ ਬੈਚੇਨ ਜਿਹਾ ਸੀ। ਜਦੋਂ ਬਤਖ਼ਾਂ ਰਾਤਾਂ ਨੂੰ ਸ਼ੋਰ ਮਚਾਉਣ ਲੱਗ ਜਾਣ ਤੇ ਇਸਤਰੀਆਂ, ਜਿੰਨ੍ਹਾਂ ਕੋਲ ਵਧੀਆ ਗਰਮ ਕੋਟ ਨਹੀਂ ਹੁੰਦੇ, ਆਪਣੇ ਮਰਦਾਂ ਵਲ ਨੂੰ ਨਰਮ ਹੋ ਜਾਣ ਤੇ ਜਦੋਂ ਸੋਪੀ ਪਾਰਕ ਵਿਚਲੇ ਆਪਣੇ ਬੈਂਚ ਉਤੇ ਬੈਚੇਨ ਹੋ ਜਾਵੇ ਤਾਂ ਤੁਸੀਂ ਇਹ ਸਮਝੋ ਕਿ ਸਿਆਲ ਆ ਗਿਆ ਹੈ।

ਇਕ ਪੱਤਾ ਸੋਪੀ ਦੀ ਗੋਦ ਵਿਚ ਆ ਡਿੱਗਾ। ਇਹ ਇਕ ਤਰ੍ਹਾਂ ਨਾਲ ਬਰਫ ਦੇ ਮੌਸਮ ਦਾ ਦੂਤ ਸੀ। ਬਰਫ ਪੈਣੀ ਸ਼ੁਰੂ ਹੋਣ ਤੋਂ ਪਹਿਲਾਂ ਹਰ ਸਾਲ ਚੌਕਸੀ ਦਾ ਇਹ ਸੁਨੇਹਾ ਪੁੱਜਦਾ ਹੈ। ਦੋਹਾਂ ਬਾਜਾਰਾਂ ਦੇ ਕੋਨਿਆਂ ਉਤੇ ਇਹ ਸੁਨੇਹਾ ਉਨ੍ਹਾਂ ਸਭਨਾਂ ਨੂੰ ਪਹੁੰਚ ਜਾਂਦਾ ਹੈ ਜਿਨ੍ਹਾਂ ਕੋਲ ਸਿਰ ਲੁਕਾਉਣ ਲਈ ਕੋਈ ਥਾਂ ਨਹੀਂ, ਤਾਂ ਜੋ ਉਹ ਆਪਣਾ ਪ੍ਰਬੰਧ ਕਰ ਲੈਣ।

ਸੋਪੀ ਨੂੰ ਇਹ ਅਹਿਸਾਸ ਹੋਇਆ ਕਿ ਹੁਣ ਉਹ ਵਕਤ ਆ ਗਿਆ ਹੈ ਕਿ ਉਹ ਆਉਣ ਵਾਲੇ ਔਖੇ ਦਿਨਾਂ ਲਈ ਕੋਈ ਪ੍ਰਬੰਧ ਕਰੇ। ਏਸੇ ਕਰਕੇ ਉਹ ਆਪਣੇ ਬੈਂਚ ਉਤੇ ਬੈਠਾ ਬੈਚੇਨ ਹੋ ਰਿਹਾ ਸੀ।

ਇਸ ਠੰਡ ਦੇ ਮੌਸਮ ਤੋਂ ਬਚਾਅ ਕਰਨ ਲਈ ਸੋਪੀ ਨੇ ਕੋਈ ਖ਼ਾਸ ਉੱਚੇ ਟੀਚੇ ਨਹੀਂ ਮਿੱਥੇ ਹੋਏ ਸਨ। ਰੋਮ ਸਾਗਰ ਦੀ ਸੈਰ, ਦੱਖਣੀ ਅਸਮਾਨਾਂ ਦਾ ਸਿਹਤ ਨੂੰ ਬਣਾਉਣ ਵਾਲਾ ਜਲ–ਵਾਯੂ ਜਾਂ ਖਾੜੀ ਦੀ ਸੈਰ ਉਸ ਦਾ ਟੀਚਾ ਨਹੀਂ ਸੀ। ਕੇਵਲ ਟਾਪੂ ਉਤੇ ਤਿੰਨ ਮਹੀਨੇ ਬਿਤਾਉਣ ਦੀ ਉਸ ਦੀ ਰੀਝ ਸੀ। ਇਨ੍ਹਾਂ ਤਿੰਨਾ ਮਹੀਨਿਆਂ ਲਈ ਉਸ ਨੂੰ ਰਹਾਇਸ਼ ਤੇ ਖਾਣ–ਪੀਣ ਤੇ ਸੁਖਾਵੇਂ ਸਾਥ ਦੀ ਜਾਮਨੀ ਹੋ ਜਾਣੀ ਸੀ। ਇਨ੍ਹਾਂ ਵਿਚ ਉਸ ਨੇ ਪੁਲਿਸ ਤੋਂ ਵੀ ਖਹਿੜਾ ਛੁਡਾ ਲੈਣਾ ਸੀ। ਇਹੋ ਹੀ ਉਸ ਨੂੰ ਸਭ ਤੋਂ ਵੱਧ ਯੋਗ ਪ੍ਰਤੀਤ ਹੋ ਰਿਹਾ ਸੀ।

ਬਲੈਕਵੈਲ ਵਿਖੇ ਉਹ ਹਰ ਸਾਲ ਸਿਆਲ ਬਿਤਾ ਆਉਂਦਾ ਸੀ। ਜਿਵੇਂ ਨਿਊਯਾਰਕ ਦੇ ਖੁਸ਼ਕਿਸਮਤ ਲੋਕ ਹਰ ਸਿਆਲ ਪਾਮ ਬੀਚ ਤੇ ਰਿਵੇਰਾ ਲਈ ਆਪਣੀਆ ਟਿਕਟਾਂ ਖ਼ਰੀਦਦੇ ਸਨ, ਸੋਪੀ ਨੇ ਵੀ ਆਪਣਾ ਨਿਮਾਣਾ ਜਿਹਾ ਪ੍ਰਬੰਧ ਸੋਚ ਰੱਖਿਆ ਸੀ। ਹੁਣ ਵਕਤ ਆ ਗਿਆ ਸੀ। ਬੀਤੀ ਰਾਤ ਜਦੋਂ ਉਹ ਆਪਣੇ ਬੈਂਚ ਉਤੇ ਚਲਦੇ ਫਵਾਰੇ ਦੇ ਕੋਲ ਸੁੱਤਾ ਸੀ, ਉਸ ਨੇ ਤਿੰਨ ਅਖ਼ਬਾਰ ਆਪਣੇ ਕੋਟ ਦੇ ਹੇਠਾਂ ਸਰੀਰ ਉਤੇ ਪਾਏ, ਪਰ ਇਨ੍ਹਾਂ ਨਾਲ ਠੰਡ ਤੋਂ ਉਸ ਦਾ ਬਚਾਅ ਨਹੀਂ ਹੋਇਆ ਸੀ। ਇਓਂ ਉਸ ਨੂੰ ਹੁਣ ਟਾਪੂ ਉਤੇ ਪੁੱਜ ਜਾਣਾ ਬਹੁਤ ਵੱਡੀ ਗੱਲ ਲਗਦੀ ਸੀ ਤੇ ਸਮੇਂ ਸਿਰ ਵੀ। ਸ਼ਹਿਰ ਦੇ ਨਿਰਭਰ ਨਾਗਰਿਕਾਂ ਲਈ ਚੈਰਿਟੀ (ਖ਼ੈਰਾਤ) ਦੇ ਨਾਂਅ ਉਤੇ ਕੀਤੇ ਜਾਂਦੇ ਪ੍ਰਬੰਧਾਂ ਨੂੰ ਉਹ ਨਫ਼ਰਤ ਕਰਦਾ ਸੀ। ਉਸ ਦੀ ਰਾਏ ਵਿਚ ਪੁੰਨ–ਦਾਨ ਨਾਲੋਂ ਕਾਨੂੰਨ ਵਧੇਰੇ ਮਿਹਰਬਾਨ ਹੈ। ਉਂਜ ਕਈ ਮਿਉਂਸਿਪਲ ਤੇ ਖ਼ੈਰਾਤੀ ਇਦਾਰੇ ਸਨ ਜਿਨ੍ਹਾਂ ਕੋਲ ਉਹ ਪਹੁੰਚ ਕਰ ਸਕਦਾ ਸੀ ਤੇ ਉਨ੍ਹਾਂ ਕੋਲੋਂ ਸਾਧਾਰਨ ਜ਼ਿੰਦਗੀ ਦੀਆਂ ਲੋੜਾਂ ਅਨੁਸਾਰ ਰਹਾਇਸ਼ ਤੇ ਖ਼ੁਰਾਕ ਦੀ ਸਹੂਲਤ ਲੈ ਸਕਦਾ ਸੀ। ਪਰ ਸੋਪੀ ਕੁਝ ਸਵੈਮਾਨ ਰੱਖਦਾ ਸੀ ਤੇ ਉਹ ਸਮਝਦਾ ਸੀ ਕਿ ਖ਼ੈਰਾਤ ਦੇ ਸਾਰੇ ਪ੍ਰਬੰਧਾਂ ਉਤੇ ਵੱਖਰੀ ਤਰ੍ਹਾਂ ਦੇ ਬੋਝ ਹੁੰਦੇ ਹਨ। ਦਾਨੀਆਂ ਦੇ ਹੱਥੋਂ ਜੋ ਕੁਝ ਵੀ ਮਿਲਦਾ ਹੈ ਜੇ ਉਸ ਲਈ ਰੁਪਿਆ ਖ਼ਰਚ ਨਹੀਂ ਵੀ ਕਰਨਾ ਪੈਂਦਾ ਤਦ ਵੀ ਉਸ ਦਾ ਮੁੱਲ ਤੁਸੀਂ ਆਪਣੀ ਬੇਇਜਤੀ ਕਰਵਾ ਕੇ ਦੇਂਦੇ ਹੋ। ਜਿਵੇਂ ਹਰ ਸੀਜਰ ਦੇ ਨਾਲ ਉਸ ਦਾ ਬਰੂਟੱਸ ਹੁੰਦਾ ਹੈ, ਤਿਵੇਂ ਹੀ ਖ਼ੈਰਾਤ ਦੇ ਹਰ ਮੰਜੇ ਪਿੱਛੇ ਕਿਸੇ ਕੋਲ ਗੁਸਲਖ਼ਾਨਾ ਨਹੀਂ ਹੁੰਦਾ ਤੇ ਹਰ ਰੋਟੀ ਦੇ ਪਿੱਛੇ ਨਿੰਜੀ ਤੇ ਜਾਤੀ ਅਨਿਆਂ ਹੁੰਦਾ ਹੈ। ਇਸ ਲਈ ਕਾਨੂੰਨ ਦਾ ਪਰਾਹੁਣਾ ਹੋਣਾ ਚੰਗਾ ਹੈ ਕਿਉਂ ਕਿ ਭਾਵੇਂ ਇਸ ਨੂੰ ਨੇਮਾਂ ਅਨੁਸਾਰ ਚਲਾਇਆ ਜਾਂਦਾ ਹੈ, ਇਹ ਕਿਸੇ ਵੀ ਸ਼ਰੀਫ ਆਦਮੀ ਦੇ ਨਿੰਜੀ ਮਾਮਲਿਆਂ ਵਿਚ ਲੱਤ ਨਹੀਂ ਅੜਾਉਂਦਾ। ਇਹ ਫ਼ੈਸਲਾ ਕਰਨ ਤੋਂ ਬਾਅਦ ਕਿ ਉਸ ਨੇ ਹੁਣ ਜੇਲ੍ਹ ਜਾਣਾ ਹੀ ਹੈ, ਸੋਪੀ ਨੇ ਆਪਣੀ ਇੱਛਾ ਦੀ ਪੂਰਤੀ ਲਈ ਢੰਗ–ਤਰੀਕੇ ਸੋਚਣੇ ਸ਼ੁਰੂ ਕਰ ਦਿੱਤੇ। ਇਸ ਟੀਚੇ ਉਤੇ ਪੁੱਜਣ ਲਈ ਕਈ ਸੌਖੇ ਰਾਹ ਸਨ। ਸਭ ਤੋਂ ਸੁਖਦਾਇਕ ਤਰੀਕਾ ਇਹ ਸੀ ਕਿ ਉਹ ਕਿਸੇ ਮਹਿੰਗੇ ਰੈਸਤੋਰਾਂ ਵਿਚ ਜਾ ਕੇ ਸ਼ਾਨਦਾਰ ਭੋਜਨ ਕਰੇ ਤੇ ਫੇਰ ਉਸ ਵਲੋਂ ਇਹ ਐਲਾਨ ਕੀਤਾ ਜਾਣ ਉਤੇ ਕਿ ਉਸ ਪਾਸ ਤਾਂ ਫੁੱਟੀ ਕੋਡੀ ਵੀ ਨਹੀਂ, ਉਸ ਨੂੰ ਸਹਿਜ–ਸੁਭਾਅ ਪੁਲਿਸ ਦੇ ਹਵਾਲੇ ਕਰ ਦਿੱਤਾ ਜਾਵੇ। ਬਾਕੀ ਕੰਮ ਕਿਸੇ ਦਯਾਵਾਨ ਮੈਜਿਸਟਰੇਟ ਨੇ ਕਰ ਦੇਣਾ ਸੀ।

ਸੋਪੀ ਬੈਂਚ ਤੋਂ ਉਠਿਆ, ਸੁਕੇਅਰ ਤੋਂ ਬਾਹਰ ਆ ਗਿਆ ਤੇ ਬਰਾਡਵੇ ਉੱਤੇ ਇਕ ਜਗਮਗਾਂਦੇ ਰੈਸਤੋਰਾਂ ਸਾਮ੍ਹਣੇ ਰੁਕ ਗਿਆ ਜਿੱਥੇ ਹਰ ਰਾਤ ਅੰਗੂਰਾਂ, ਰੇਸ਼ਮ ਦੇ ਕੀੜਿਆਂ ਤੇ ਪਰੋਟੀਨਾਂ ਦੇ ਵੱਧੀਆ ਉਤਪਾਦਨ ਦਾ ਪ੍ਰਦਰਸ਼ਨ ਹੁੰਦਾ ਹੈ। ਭਾਵ ਸ਼ਰਾਬ, ਰੇਸ਼ਮੀ ਕੱਪੜੇ ਤੇ ਮਨੁੱਖੀ ਸਰੀਰਾਂ ਦਾ।

ਸੋਪੀ ਨੂੰ ਆਪਣੇ ਆਪ ਵਿਚ ਵਿਸ਼ਵਾਸ ਸੀ, ਆਪਣੇ ਕੋਟ ਦੇ ਸਭ ਤੋਂ ਹੇਠਲੇ ਬਟਨ ਤੋਂ ਉਪਰ ਤਕ। ਉਸ ਦੀ ਹਜਾਮਤ ਬਣੀ ਹੋਈ ਸੀ। ਉਸ ਦਾ ਕੋਟ ਸੋਹਣਾ ਸੀ। ਜੇ ਉਹ ਰੈਸਤੋਰਾਂ ਵਿਚ ਕਿਸੇ ਮੇਜ਼ ਤਕ ਪੁੱਜ ਜਾਵੇ ਤੇ ਕਿਸੇ ਨੂੰ ਸ਼ੱਕ ਨਾ ਹੋਵੇ ਤਾਂ ਉਹ ਜ਼ਰੂਰ ਸਫ਼ਲ ਹੋ ਸਕਦਾ ਹੈ। ਉਸ ਦਾ ਉਹ ਹਿੱਸਾ ਜਿਹੜਾ ਮੇਜ ਉੱਤੇ ਨਜ਼ਰ ਆਵੇਗਾ ਵੇਟਰ ਦੇ ਮਨ ਵਿਚ ਕਿਸੇ ਤਰ੍ਹਾਂ ਦਾ ਸ਼ੱਕ ਪੈਦਾ ਨਹੀਂ ਕਰੇਗਾ। ਇਕ ਭੁੰਨੀ ਹੋਈ ਬਤਖ ਤੇ ਨਾਲ ਵਧੀਆ ਵਾਈਨ ਤੇ ਫੇਰ ਪਨੀਰ ਤੇ ਅਖ਼ੀਰ ਉਤੇ ਇਕ ਸਿਗਾਰ। ਸਿਗਾਰ ਇਕ ਡਾਲਰ ਵਾਲਾ ਲਵਾਂਗਾ। ਇਹ ਸਭ ਕੁਝ ਦਾ ਬਿੱਲ ਏਨਾ ਵੱਡਾ ਤੇ ਨਹੀਂ ਹੋਵੇਗਾ ਕਿ ਹੋਟਲ ਦੇ ਪ੍ਰਬੰਧਕ ਬਦਲੇ ਦੀ ਭਾਵਨਾ ਨਾਲ ਮੈਨੂੰ ਜਾਨੋਂ ਮਾਰ ਦੇਣ। ਹਾਂ, ਗੋਸ਼ਤ ਖਾ ਕੇ ਏਨਾ ਰੱਜ ਗਿਆ ਹੋਵਾਂਗਾ ਤੇ ਪ੍ਰਸੰਨ ਹੋਵਾਂਗਾ ਕਿ ਆਪਣੀ ਸਿਆਲ ਦੀ ਪਨਾਹ–ਗਾਹ ਲਈ ਸਫ਼ਰ ਕਰ ਸਕਾਂਗਾ।

ਪਰ ਜਿਓਂ ਹੀ ਸੋਪੀ ਨੇ ਰੈਸਤੋਰਾਂ ਦੇ ਅੰਦਰ ਪੈਰ ਰੱਖਿਆ ਹੈਡ–ਵੇਟਰ ਨੇ ਉਸ ਦੀ ਰੁਲੀ ਹੋਈ ਪਤਲੂਨ ਤੇ ਪੁਰਾਣੇ ਬੂਟ ਵੇਖ ਲਏ। ਮਜ਼ਬੂਤ ਤੇ ਚੁਸਤ ਹੱਥਾਂ ਨੇ ਉਸ ਨੂੰ ਧੱਕ ਕੇ ਬਾਹਰ ਕੱਢ ਦਿੱਤਾ ਤੇ ਪੈਦਲ ਰਾਹ ਉਤੇ ਖ਼ਾਮੋਸੀ ਤੇ ਜਲਦੀ ਨਾਲ ਤੋਰ ਦਿੱਤਾ।

ਸੋਪੀ ਹੁਣ ਬਰਾਡਵੇ ਨੂੰ ਛੱਡ ਕੇ ਤੁਰਨ ਲੱਗਾ। ਉਸ ਨੂੰ ਇਉਂ ਲੱਗ ਕਿ ਆਪਣੇ ਸਵੈ–ਇਛਿਤ ਟਾਪੂ ਉਤੇ ਜਾਣ ਵਾਲਾ ਰਾਹ ਏਨਾ ਸ਼ਾਹੀ ਨਹੀਂ ਹੋ ਸਕਦਾ। ਜੇਲ੍ਹ ਜਾਣ ਲਈ ਉਸ ਨੂੰ ਕੁਝ ਹੋਰ ਕਰਨਾ ਪਵੇਗਾ।

ਛੇਵੇਂ ਐਵੀਨਿਊ ਦੇ ਇਕ ਕੋਨੇ ਉਤੇ ਬਿਜਲੀ ਦੀਆਂ ਰੋਸ਼ਨੀਆਂ ਤੇ ਸ਼ੀਸ਼ੇ ਦੇ ਪਿੱਛੇ ਚਾਲਾਕੀ ਨਾਲ ਸਜਾਈਆਂ ਹੋਈਆਂ ਵਸਤਾਂ ਦੁਕਾਨ ਦੀ ਇਸ ਖਿੜਕੀ ਨੂੰ ਬਹੁਤ ਹੀ ਆਕ੍ਰਸ਼ਤ ਰੂਪ ਵਿਚ ਪੇਸ਼ ਕਰ ਰਹੀਆਂ ਸਨ। ਸੋਪੀ ਨੇ ਇਕ ਪੱਥਰ ਚੁੱਕਿਆ ਤੇ ਸ਼ੀਸ਼ੇ ਉਤੇ ਮਾਰਿਆ। ਖੜਾਕ ਸੁਣ ਕੇ ਲੋਕ ਇਸ ਨੁਕਰ ਉਤੇ ਇਕੱਠੇ ਹੋ ਗਏ, ਇਕ ਪੁਲਿਸ ਵਾਲਾ ਸਭ ਤੋਂ ਅੱਗੇ ਸੀ। ਸੋਪੀ ਆਪਣੇ ਹੱਥ ਜੇਬਾਂ ਵਿਚ ਪਾ ਕੇ ਅਡੋਲ ਖਲੋਤਾ ਰਿਹਾ ਤੇ ਪੁਲਿਸ ਵਾਲੇ ਨੂੰ ਵੇਖ ਕੇ ਮੁਸਕਰਾਇਆ ਵੀ।

''ਜਿਸ ਨੇ ਪੱਥਰ ਮਾਰਿਆ ਹੈ, ਉਹ ਕਿੱਧਰ ਗਿਆ?'' ਪੁਲਿਸ ਵਾਲੇ ਨੇ ਪੁੱਛਿਆ।

ਸੋਪੀ ਨੇ ਇਕ ਗੁੱਝਾ ਕਟਾਖਸ਼ ਮਾਰਦਿਆ ਕਿਹਾ ''ਤੈਨੂੰ ਸ਼ੱਕ ਨਹੀਂ ਲੱਗਦਾ ਕਿ ਸ਼ਾਇਦ ਮੈਂ ਹੀ ਇਹ ਕੰਮ ਕੀਤਾ ਹੋਵੇ?''

ਪਰ ਉਸ ਦਾ ਰੌਂ ਦੋਸਤਾਨਾ ਸੀ ਜਿਵੇਂ ਕਿ ਉਸ ਦੇ ਭਾਗ ਜਾਗਣ ਵਾਲੇ ਹੋਣ।

ਪੁਲਿਸ ਵਾਲੇ ਨੇ ਸੋਪੀ ਤੋਂ ਕੋਈ ਸੁਝਾਅ ਲੈਣਾ ਵੀ ਯੋਗ ਨਾ ਸਮਝਿਆ। ਜਿਹੜੇ ਲੋਕ ਖਿੜਕੀਆਂ ਦੇ ਸ਼ੀਸ਼ੇ ਭੰਨਦੇ ਹਨ ਉਹ ਮਗਰੋਂ ਕਾਨੂੰਨ ਦੇ ਅਧਿਕਾਰੀਆਂ ਨਾਲ ਮਗ਼ਜ–ਮਾਰੀ ਕਰਨ ਲਈ ਮੌਕੇ ਤੇ ਖਲੋਤੇ ਨਹੀਂ ਰਹਿੰਦੇ। ਉਹ ਨੱਠ ਜਾਂਦੇ ਹਨ। ਪੁਲਿਸ ਵਾਲੇ ਨੇ ਵੇਖਿਆ ਕਿ ਇਕ ਬੰਦਾ ਮਕਾਨਾਂ ਦੇ ਉਸ ਬਲਾਕ ਦੇ ਅੱਧ ਵਿਚ ਟਰੈਮ ਤੇ ਚੜ੍ਹਣ ਲਈ ਦੌੜ ਰਿਹਾ ਸੀ। ਸਿਪਾਹੀ ਨੇ ਆਪਣਾ ਡੰਡਾ ਫੜ ਲਿਆ ਤੇ ਉਸ ਦੇ ਪਿੱਛੇ ਦੌੜ ਪਿਆ। ਸੋਪੀ ਦੂਜੀ ਵਾਰ ਵੀ ਅਸਫ਼ਲ ਰਿਹਾ ਸੀ।

ਬਾਜਾਰ ਦੇ ਦੂਜੇ ਪਾਸੇ ਇਕ ਹੋਰ ਰੈਸਤੋਰਾਂ ਸੀ ਜਿਹੜਾ ਕੋਈ ਬਹੁਤਾ ਪ੍ਰਭਾਵਸ਼ਾਲੀ ਨਹੀਂ ਸੀ। ਏਥੇ ਖਾਣਾ ਰੱਜਵਾਂ ਮਿਲਦਾ ਸੀ ਤੇ ਪੈਸੇ ਵੀ ਬਹੁਤੇ ਨਹੀਂ ਲੱਗਦੇ ਸਨ। ਇਸ ਦੀ ਕਰਾਕਰੀ ਤੇ ਸਮੁੱਚਾ ਮਾਹੌਲ ਭਾਰੇ ਸਨ ਪਰ ਸਾਬਨ ਤੇ ਤੌਲੀਏ ਪਤਲੇ। ਬਾਵਜੂਦ ਆਪਣੇ ਪੁਰਾਣੇ ਬੂਟਾਂ ਤੇ ਢਿੱਲੀ ਪਤਲੂਨ ਦੇ ਏਥੇ ਜਾ ਵੜਨ ਵਿਚ ਸੋਪੀ ਨੂੰ ਜ਼ਰਾ ਜਿੰਨੀ ਝਿਜਕ ਵੀ ਨਾ ਹੋਈ। ਇਕ ਮੇਜ ਉੱਤੇ ਬੈਠ ਕੇ ਉਸ ਨੇ ਵਧੀਆ ਗੋਸ਼ਤ ਤੇ ਹੋਰ ਪਕਵਾਨ ਖਾਧੇ ਤੇ ਫੇਰ ਵੇਟਰ ਨੂੰ ਦੱਸ ਦਿੱਤਾ ਕਿ ਉਸ ਦੀ ਜੇਬ ਵਿਚ ਤਾਂ ਖੋਟਾ ਪੈਸਾ ਵੀ ਨਹੀਂ।

''ਹੁਣ ਤੂੰ ਜਾ ਕੇ ਪੁਲਿਸ ਵਾਲੇ ਨੂੰ ਬੁਲਾ ਲਿਆ, ਸ਼ਰੀਫ ਆਦਮੀਆਂ ਦਾ ਵਕਤ ਬਰਬਾਦ ਨਹੀਂ ਕਰੀਦਾ,'' ਸੋਪੀ ਨੇ ਵੇਟਰ ਨੂੰ ਕਿਹਾ।

''ਤੇਰੇ ਲਈ ਪੁਲਿਸ ਦੀ ਲੋੜ ਨਹੀਂ,'' ਵੇਟਰ ਨੇ ਕਿਹਾ। ਇਕ ਦੂਜੇ ਵੇਟਰ ਨੂੰ ਨਾਲ ਲੈ ਕੇ ਸੋਪੀ ਨੂੰ ਬਾਹਰ ਖਿੱਚ ਲਿਆਇਆ। ਦੋਹਾਂ ਨੇ ਪੈਦਲ–ਰਸਤੇ ਉਤੇ ਉਸ ਨੂੰ ਢਾਹ ਲਿਆ ਤੇ ਚੰਗੀਆਂ ਲਾਈਆਂ। ਸੋਪੀ ਉਠਿਆ ਜਿਵੇਂ ਉਸ ਦਾ ਸਰੀਰ ਝੰਬ ਦਿੱਤਾ ਗਿਆ ਹੋਵੇ ਤੇ ਉਸ ਨੇ ਆਪਣੇ ਕੱਪੜਿਆਂ ਤੋਂ ਮਿੱਟੀ ਝਾੜੀ। ਉਸ ਨੂੰ ਲੱਗਦਾ ਸੀ ਕਿ ਗ੍ਰਿਫਤਾਰ ਹੋਣ ਦਾ ਉਸ ਦਾ ਸੁਪਨਾ ਪੂਰਾ ਨਹੀਂ ਹੋ ਸਕੇਗਾ। ਉਸ ਦਾ ਮਨ–ਇਛਿਤ ਟਾਪੂ ਹੁਣ ਬਹੁਤ ਦੁਰੇਡਾ ਪ੍ਰਤੀਤ ਲੱਗ ਪਿਆ। ਦਵਾਈਆਂ ਦੀ ਇਕ ਦੁਕਾਨ ਦੇ ਸਾਹਮਣੇ ਇਕ ਪੁਲਿਸ ਵਾਲਾ, ਇਹ ਸਭ ਕੁਝ ਵੇਖ ਕੇ ਮੁਸਕਰਾਇਆ ਤੇ ਬਾਜ਼ਾਰ ਵਿਚ ਅਗਾਂਹ ਨੂੰ ਤੁਰ ਗਿਆ।

ਸੋਪੀ ਪੰਜ ਬਲਾਕ ਹੋਰ ਤੁਰਦਾ ਗਿਆ। ਹੁਣ ਇਕ ਹੋਰ ਮੌਕਾ ਉਸ ਨੂੰ ਮਿਲ ਗਿਆ। ਇਕ ਨੌਜਵਾਨ ਔਰਤ ਜਿਹੜੀ ਸਾਧਾਰਨ ਪਰ ਦਿਲਕਸ਼ ਲਿਬਾਸ ਵਿਚ ਸੀ ਦੁਕਾਨ ਦੀ ਵਿਖਾਵਾ–ਖਿੜਕੀ ਵਿਚ ਪਈਆਂ ਚੀਜ਼ਾਂ ਨੂੰ, ਜਿਨ੍ਹਾਂ ਵਿਚ ਹਜਾਮਤ ਕਰਨ ਲਈ ਮੱਗ ਤੇ ਕਲਮਦਾਨ ਜਿਹੀਆਂ ਵਸਤਾਂ ਵੀ ਸਨ, ਡਾਢੀ ਦਿਲਚਸਪੀ ਨਾਲ ਵੇਖ ਰਹੀ ਸੀ ਤੇ ਕੇਵਲ ਦੋ ਗ਼ਜ ਦੇ ਫਾਸਲੇ ਉਤੇ ਇਕ ਰਿਸ਼ਟ–ਪੁਸ਼ਟ ਤੇ ਰੁਆਬਦਾਰ ਪੁਲਿਸ ਵਾਲਾ ਖਲੋਤਾ ਸੀ।

ਸੋਪੀ ਦਾ ਇਰਾਦਾ ਇਹ ਸੀ ਕਿ ਉਹ ਆਪਣੇ ਆਪ ਨੂੰ ਇਕ ਘ੍ਰਿਣਤ ਗੁੰਡੇ ਦੇ ਰੂਪ ਵਿਚ ਪੇਸ਼ ਕਰੇ। ਆਪਣੇ ਸ਼ਿਕਾਰ ਦੇ ਸਭਯ ਤੇ ਵਧੀਆ ਪ੍ਰਭਾਵ ਨੇ ਤੇ ਇਸ ਗੱਲ ਨੇ ਕਿ ਕੋਲ ਹੀ ਇਕ ਫ਼ਰਜ–ਪਾਲਕ ਸਿਪਾਹੀ ਖਲੋਤਾ ਸੀ, ਉਸ ਨੂੰ ਇਹ ਯਕੀਨ ਕਰਾ ਦਿੱਤਾ ਕਿ ਹੁਣ ਛੇਤੀ ਹੀ ਕਾਨੂੰਨ ਦੀ ਸਵਾਦਲੀ ਸਰਕਾਰੀ ਗਰਿਫਤ ਉਸ ਦੀਆਂ ਬਾਹਵਾਂ ਉਤੇ ਹੋਵੇਗੀ ਤੇ ਉਹ ਠੀਕ ਆਪਣੇ ਮਨ–ਭਾਉਂਦੇ ਟਾਪੂ ਉਤੇ ਸਿਆਲ ਕੱਟਣ ਲਈ ਪੁੱਜ ਜਾਵੇਗਾ।

ਸੋਪੀ ਨੇ ਆਪਣੀ ਟਾਈ ਠੀਕ ਕੀਤੀ, ਆਪਣੇ ਹੈਟ ਨੂੰ ਨਖਰੇ ਨਾਲ ਜਰਾ ਟੇਢਾ ਕੀਤਾ ਤੇ ਔਰਤ ਦੇ ਕੋਲ ਹੋ ਗਿਆ। ਉਸ ਨੇ ਉਸ ਨੂੰ ਸੈਨਤ ਕੀਤੀ, ਮੁਸਕਰਾਇਆ ਤੇ ਖੰਘਿਆ ਤੇ ਬਦਮਾਸ਼ਾਂ ਦੀ ਤਰ੍ਹਾਂ ਹਰਕਤਾਂ ਕੀਤੀਆਂ। ਉਸ ਨੇ ਇਹ ਵੀ ਤਾੜ ਲਿਆ ਕਿ ਪੁਲਿਸ ਵਾਲਾ ਉਸ ਉਤੇ ਨਿਗਾਹ ਟਿਕਾਈ ਖੜਾ ਹੈ। ਨੌਜਵਾਨ ਇਸਤਰੀ ਕੁਝ ਕਦਮ ਹਟ ਕੇ ਫ਼ੇਰ ਬੜੇ ਧਿਆਨ ਨਾਲ ਹਜਾਮਤ ਕਰਨ ਲਈ ਵਰਤੇ ਜਾਂਦੇ ਮੱਗ ਵੇਖਣ ਲੱਗ ਪਈ। ਸੋਪੀ ਵੀ ਉਸ ਵੱਲ ਨੂੰ ਵਧਿਆ ਤੇ ਦਲੇਰੀ ਨਾਲ ਉਸ ਦੇ ਕੋਲ ਜਾ ਕੇ ਆਪਣਾ ਹੈਟ ਥੋੜ੍ਹਾ ਉਚਾ ਕਰਕੇ ਕਹਿਣ ਲੱਗਾ।

''ਸੋਹਣੀ ਬਡੇਲੀਆ! ਤੂੰ ਮੇਰੇ ਬਗ਼ੀਚੇ ਵਿਚ ਖੇਡਣਾ ਨਹੀਂ ਚਾਹੇਂਗੀ?''

ਪੁਸਿਲ ਵਾਲਾ ਵੇਖੀ ਜਾ ਰਿਹਾ ਸੀ। ਹੁਣ ਨੌਜਵਾਨ ਔਰਤ ਨੂੰ ਸਿਰਫ਼ ਇਕ ਉਂਗਲੀ ਹਿਲਾਣ ਦੀ ਲੋੜ ਸੀ ਤੇ ਸੋਪੀ ਨੇ ਆਪਣੇ ਸਵਰਗ ਦੇ ਰਾਹ ਪੈ ਜਾਣਾ ਸੀ।

ਇਸਤਰੀ ਨੇ ਸਗੋਂ ਗੁੱਸਾ ਕਰਨ ਦੀ ਥਾਂ ਕਿਹਾ, ''ਮਾਈਕ ਤੇਰੇ ਨਾਲ ਕਿਉਂ ਨਹੀਂ ਖੇਡਾਂਗੀ? ਮੈਂ ਤਾਂ ਤੇਰੇ ਨਾਲ ਪਹਿਲਾਂ ਹੀ ਬੋਲਦੀ ਪਰ ਪੁਲਿਸ ਵਾਲਾ ਤਾੜਦਾ ਪਿਆ ਸੀ।''

ਸੋਪੀ ਨੂੰ ਇਓਂ ਲੱਗਾ ਕਿ ਇਸ ਇਸਤਰੀ ਨੇ ਉਸ ਦਾ ਖਹਿੜਾ ਨਹੀਂ ਛੱਡਣਾ। ਉਹ ਪੁਲਿਸ ਵਾਲੇ ਕੋਲੋਂ ਲੰਘ ਗਿਆ ਪਰ ਉਸ ਦਾ ਦਿਲ ਡੁੱਬ ਰਿਹਾ ਸੀ। ਜੇਲ੍ਹ ਉਸ ਦੇ ਨਸੀਬਾਂ ਵਿਚ ਨਹੀਂ ਸੀ।

ਅਗਲੇ ਮੋੜ ਉਤੇ ਉਸ ਲੇ ਔਰਤ ਨੂੰ ਛੱਡ ਦਿੱਤਾ ਤੇ ਨੱਸ ਖਲੋਤਾ ਤੇ ਜਾ ਕੇ ਰੁਕਿਆ ਉਸ ਇਲਾਕੇ ਵਿਚ ਜਿੱਥੇ ਰਾਤ ਨੂੰ ਬੇਓੜਕ ਰੌਣਕਾਂ ਹੁੰਦੀਆਂ ਹਨ ਤੇ ਜਿੱਥੇ ਲੋਕ ਰੱਜ ਕੇ ਪੂਰੀਆਂ ਖੁਲ੍ਹਾਂ ਮਾਣਦੇ ਹਨ। ਸਰਦੀਆ ਦੀ ਪੌਣ ਵਿਚ ਇਸਤਰੀਆਂ ਫਰ ਪਾ ਕੇ ਤੇ ਮਨੁੱਖ ਵੱਡੇ ਕੋਟਾਂ ਵਿਚ ਖੁਸ਼ੀਆਂ ਨਾਲ ਭਰਪੂਰ ਫਿਰ ਤੁਰ ਰਹੇ ਸਨ।

ਅਚਣਚੇਤ ਸੋਪੀ ਨੂੰ ਡਰ ਲੱਗਾ ਕਿ ਕੋਈ ਖੌਫਨਾਕ ਜਾਦੂ ਉਸ ਨੂੰ ਗ੍ਰਿਫਤਾਰ ਨਹੀਂ ਹੋਣ ਦੇਂਦਾ ਤੇ ਜਦੋਂ ਉਸ ਨੂੰ ਉਥੇ ਇਕ ਹੋਰ ਸਿਪਾਹੀ ਨਜ਼ਰ ਆਇਆ ਜਿਹੜਾ ਇਕ ਸ਼ਾਨਦਾਰ ਥੀਏਟਰ ਦੇ ਸਾਹਮਣੇ ਬੜੀ ਸ਼ਾਨ ਨਾਲ ਡਿਊਟੀ ਦੇ ਰਿਹਾ ਸੀ ਤਾਂ ਉਸ ਨੂੰ ''ਖਰੂਦੀ ਵਰਤਾਅ'' ਕਰਨ ਦਾ ਫੁਰਨਾ ਫੁਰਿਆ।

ਪੈਦਲ–ਰਸਤੇ ਉਤੇ ਸੋਪੀ ਨੇ ਪੂਰੇ ਜ਼ੋਰ ਨਾਲ ਸ਼ਰਾਬੀਆਂ ਦੀ ਤਰ੍ਹਾਂ ਰੋਲਾ ਪਾਉਣਾ ਸ਼ੁਰੂ ਕਰ ਦਿੱਤਾ। ਉਹ ਨੱਚਿਆ, ਗੱਜਿਆ ਤੇ ਰੌਲਾ–ਰੱਪਾ ਪਾ ਕੇ ਉਸ ਨੇ ਪੈਦਲ ਤੁਰਨ ਵਾਲਿਆਂ ਨੂੰ ਪ੍ਰੇਸ਼ਾਨ ਕੀਤਾ।

ਪੁਲਿਸ ਵਾਲੇ ਨੇ ਆਪਣਾ ਡੰਡਾ ਘੁੰਮਾਇਆ ਤੇ ਸੋਪੀ ਵੱਲ ਪਿੱਠ ਕਰ ਕੇ ਇਕ ਸ਼ਹਿਰੀ ਨੂੰ ਕਿਹਾ :–

''ਇਹ ਯੇਲ ਦੇ ਮੁੰਡਿਆਂ ਵਿਚੋਂ ਹੈ ਜਿਨ੍ਹਾਂ ਨੇ ਹਾਰਟਫੋਰਡ ਕਾਲਿਜ ਵਾਲਿਆਂ ਨੂੰ ਹਰਾਇਆ ਹੈ। ਇਹ ਰੌਲਾ ਬਹੁਤ ਪਾਉਂਦੇ ਹਨ ਪਰ ਨੁਕਸਾਨ ਨਹੀਂ ਕਰਦੇ। ਸਾਨੂੰ ਹੁਕਮ ਹੈ ਕਿ ਇਸ ਤਰ੍ਹਾਂ ਕਰਦਿਆਂ ਨੂੰ ਨਾ ਛੇੜੀਏ।''

ਮਾਯੂਸ ਹੋ ਕੇ ਸੋਪੀ ਨੇ ਇਹ ਵਾਧੂ ਦਾ ਤਮਾਸ਼ਾ ਵੀ ਬੰਦ ਕਰ ਦਿੱਤਾ। ਲੱਗਦਾ ਸੀ ਕਿ ਕੋਈ ਵੀ ਪੁਲਿਸ ਵਾਲਾ ਉਸ ਨੂੰ ਕਝ ਕਹੇਗਾ ਨਹੀਂ। ਉਸ ਦੇ ਸੁਪਨਿਆਂ ਦਾ ਟਾਪੂ ਬਿਲਕੁਲ ਅਪਹੁੰਚ ਹੋ ਗਿਆ ਸੀ। ਠੰਡੀ ਸੀਤ ਹਵਾ ਵਿਚ ਉਸ ਨੇ ਆਪਣੇ ਪਤਲੇ ਕੋਟ ਦੇ ਬਟਨ ਬੰਦ ਕੀਤੇ।

ਸਿਗਾਰਾਂ ਦੀ ਇਕ ਦੁਕਾਨ ਵਿਚ ਉਸ ਨੇ ਇਕ ਵਧੀਆ ਪੁਸ਼ਾਕ ਵਾਲਾ ਆਦਮੀਂ ਵੇਖਿਆ। ਉਸ ਨੇ ਦੁਕਾਨ ਵਿਚ ਦਾਖ਼ਿਲ ਹੋਣ ਤੋਂ ਪਹਿਲਾਂ ਰੇਸ਼ਮੀ ਕੱਪੜੇ ਦੀ ਬਣੀ ਹੋਈ ਆਪਣੀ ਛਤਰੀ ਬਾਹਰ ਦਰਵਾਜੇ ਕੋਲ ਰੱਖੀ ਸੀ। ਸੋਪੀ ਉਹ ਛਤਰੀ ਚੁੱਕ ਕੇ ਤੁਰ ਪਿਆ ਪਰ ਭੱਜਿਆ ਨਾ। ਛਤਰੀ ਦਾ ਮਾਲਕ ਉਸ ਦੇ ਪਿੱਛੇ ਦੌੜਿਆ।

ਉਸ ਨੇ ਸੋਪੀ ਨੂੰ ਘੇਰ ਲਿਆ ਤੇ ਕਿਹਾ, ''ਇਹ ਛਤਰੀ ਮੇਰੀ ਹੈ।''

''ਉਹ, ਇਹ ਤੇਰੀ ਏ?'' ਸੋਪੀ ਨੇ ਹਕਾਰਤ ਦੇ ਰੌਂ ਵਿਚ ਸਵਾਲ ਕੀਤਾ ਤੇ ਫੇਰ ਕਿਹਾ, ''ਤੂੰ ਪੁਲਿਸ ਨੂੰ ਕਿਉਂ ਨਹੀਂ ਸੱਦਦਾ ਜੇ ਤੇਰੀ ਛਤਰੀ ਮੈਂ ਲੈ ਲਈ ਹੈ। ਪੁਲਿਸ ਵਾਲਾ ਵੀ ਔਹ ਸਾਹਮਣੇ ਹੀ ਖਲੋਤਾ ਹੈ।''

ਛਤਰੀ ਵਾਲੇ ਨੇ ਕਿਹਾ, ''ਤੁਹਾਨੂੰ ਪਤਾ ਹੀ ਏ ਕਿ ਇਸ ਤਰ੍ਹਾਂ ਦੀਆ ਗ਼ਲਤੀਆ ਅਕਸਰ ਹੋ ਜਾਂਦੀਆਂ ਹਨ। ਜੇ ਇਹ ਤੇਰੀ ਛਤਰੀ ਹੈ ਤਾਂ ਮੈਨੂੰ ਮੁਆਫ਼ ਕਰ। ਮੈਂ ਅੱਜ ਸਵੇਰੇ ਹੀ ਇਕ ਰੈਸਤੋਰਾਂ ਵਿਚੋਂ ਇਸ ਨੂੰ ਗ਼ਲਤੀ ਨਾਲ ਚੁੱਕ ਲਿਆ ਸੀ। ਜੇ ਤੂੰ ਪਛਾਣ ਲਈ ਹੈ ਕਿ ਇਹ ਤੇਰੀ ਹੈ ਤਾਂ ਮੈਨੂੰ ਮੁਆਫ਼ ਕਰ ਦੇਹ।''

ਸੋਪੀ ਨੇ ਦੰਦ ਕਰੀਚਦਿਆਂ ਕਿਹਾ, ''ਹਾਂ, ਇਹ ਮੇਰੀ ਹੀ ਹੈ।''

ਛਤਰੀ ਦਾ ਮਾਲਕ ਹਾਰ ਮੰਨ ਗਿਆ ਤੇ ਪੁਲਿਸ ਵਾਲਾ ਇਕ ਭੂਰੇ ਵਾਲਾਂ ਵਾਲੀ ਲੰਮੀ ਇਸਤਰੀ ਦੀ ਸਹਾਇਤਾ ਕਰਨ ਬਾਜਾਰ ਦੇ ਦੂਜੇ ਪਾਸੇ ਵੱਲ ਤੁਰ ਪਿਆ। ਉਸ ਔਰਤ ਨੇ ਟਰੈਮ ਉੱਤੇ ਚੜ੍ਹਨਾ ਸੀ।

ਸੋਪੀ ਪੂਰਬ ਵਾਲੇ ਪਾਸੇ ਮੁੜ ਪਿਆ ਜਿੱਥੇ ਮੁਰੰਮਤ ਕਾਰਨ ਬਾਜਾਰ ਦਾ ਹੁਲੀਆ ਵਿਗੜਿਆ ਪਿਆ ਸੀ। ਉਸ ਨੇ ਛਤਰੀ ਵਗਾਹ ਕੇ ਟੋਏ ਵਿਚ ਮਾਰੀ ਜਿਥੋਂ ਮਿੱਟੀ ਪੁੱਟੀ ਗਈ ਸੀ। ਉਹ ਪੁਲਿਸ ਵਾਲਿਆਂ ਵਿਰੁੱਧ ਬੁੜਬੁੜਾਇਆ ਜਿਹੜੇ ਵਾਧੂ ਹੀ ਲੋਹ–ਟੋਪ ਪਾਈ ਫ਼ਿਰਦੇ ਹਨ ਤੇ ਡੰਡੇ ਘੁੰਮਾਉਂਦੇ ਰਹਿੰਦੇ ਹਨ। ਸੋਪੀ ਉਨ੍ਹਾਂ ਦੇ ਕਾਬੂ ਆਉਣਾ ਚਾਹੁੰਦਾ ਸੀ ਪਰ ਉਹ ਉਸ ਨੂੰ ਇਕ ਬਾਦਸ਼ਾਹ ਮੰਨੀ ਬੈਠੇ ਸਨ, ਜਿਸ ਕੋਲੋਂ ਕੋਈ ਗ਼ਲਤੀ ਨਹੀਂ ਹੋ ਸਕਦੀ।

ਅਖ਼ੀਰ ਸੋਪੀ ਪੂਰਬੀ ਇਲਾਕੇ ਵਿਚ ਇਕ ਅਜਿਹੇ ਬਾਜ਼ਾਰ ਵਿਚ ਪੁੱਜ ਗਿਆ ਜਿੱਥੇ ਚਮਕ–ਦਮਕ ਘੱਟ ਸੀ ਤੇ ਰੌਲਾ ਰੱਪਾ ਵੀ ਨਹੀਂ ਸੀ। ਏਥੋਂ ਉਸ ਨੇ ਦੁਰੇਡੇ ਮੈਡੀਸਾਨ ਸੁਕੇਅਰ ਉਤੇ ਨਜ਼ਰ ਮਾਰੀ ਕਿਉਂਕਿ ਆਖਰ ਘਰ ਮੁੜਨ ਦੀ ਲਾਲਸਾ ਬੰਦੇ ਨੂੰ ਛੱਡਦੀ ਨਹੀਂ, ਭਾਵੇਂ ਇਹ ਘਰ ਇਕ ਬੈਂਚ ਹੀ ਹੋਵੇ।

ਪਰ ਇਕ ਬਿਲਕੁੱਲ ਸ਼ਾਂਤ ਕੋਨੇ ਉਤੇ ਪੁੱਜ ਕੇ ਸੋਪੀ ਖਲੋ ਗਿਆ। ਇਹ ਇਕ ਗਿਰਜਾ ਸੀ, ਪੁਰਾਣਾ ਜਿਹਾ, ਕੁਝ ਅਜੀਬ ਜਿਸ ਦੀ ਛੱਤ ਤਿਕੋਨੀ ਸੀ। ਇਸ ਦੀ ਇਕ ਖਿੜਕੀ ਵਿਚੋਂ ਧੀਮੀ ਜਿਹੀ ਰੋਸਨੀ ਨਜ਼ਰ ਆ ਰਹੀ ਸੀ ਜਿਸ ਵਿਚ ਪਿਆਨੋ ਵਜਾ ਰਿਹਾ ਕੋਈ ਰਾਗੀ ਐਤਵਾਰ ਦੀ ਅਰਦਾਸ ਲਈ ਪਰੈਕਟਿਸ ਕਰ ਰਿਹਾ ਦਿਸਦਾ ਸੀ। ਗਿਰਜੇ ਵਿਚੋਂ ਆ ਰਹੀ ਸੰਗੀਤ ਦੀ ਮਧੁਰ ਆਵਾਜ ਨੇ ਸੋਪੀ ਦੇ ਮਨ ਵਿਚ ਹੁਲਾਸ ਭਰ ਦਿੱਤਾ ਤੇ ਉਹ ਗਿਰਜੇ ਦੇ ਲੋਹੇ ਦੇ ਗੇਟ ਨਾਲ ਜੁੜ ਕੇ ਖਲੋਤਾ ਰਿਹਾ।

ਆਸਮਾਨ ਵਿਚ ਚੰਨ ਚਮਕ ਰਿਹਾ ਸੀ, ਖ਼ੂਬਸੂਰਤ ਤੇ ਸ਼ਾਂਤ। ਵਾਹੁਨ ਤੇ ਪੈਦਲ ਤੁਰਨ ਵਾਲੇ ਲੋਕ ਹੁਣ ਬਹੁਤ ਘੱਟ ਗਏ ਸਨ। ਸੋਪੀ ਨੂੰ ਇਓਂ ਲੱਗਾ ਕਿ ਉਹ ਪਿੰਡ ਦੇ ਗਿਰਜੇ ਦੇ ਵਿਹੜੇ ਵਿਚ ਖਲੋਤਾ ਹੈ। ਜਿਸ ਸ਼ਬਦ ਦਾ ਗਾਇਨ ਰਾਗੀ ਕਰ ਰਿਹਾ ਸੀ ਉਹ, ਉਹੋ ਹੀ ਸੀ ਜਦੋਂ ਉਸ ਦੇ ਜੀਵਨ ਵਿਚ ਮਾਂ ਸੀ, ਫੁੱਲ ਸਨ ਤੇ ਉਮੰਗਾਂ ਸਨ ਤੇ ਉਸ ਦੇ ਦੋਸਤ ਸਨ। ਸਾਫ਼ ਸੁਥਰੇ ਉਸ ਦੇ ਖ਼ਿਆਲ ਸਨ।

ਸੋਪੀ ਦੀ ਆਤਮਾ ਹੁਣ ਇਕ ਨਵੇਂ ਹੁਲਾਰੇ ਵਿਚ ਸੀ। ਉਸ ਨੂੰ ਅਨੁਭਵ ਹੋਇਆ ਕਿ ਉਹ ਤਾਂ ਇਕ ਡੂੰਘੇ ਟੋਏ ਵਿਚ ਜਾ ਡਿੱਗਾ ਸੀ, ਮਾੜੇ ਦਿਨ, ਘਟੀਆ ਖ਼ਿਆਲ ਤੇ ਮਰੀਆਂ ਉਮੀਦਾਂ, ਤਬਾਹ ਹੋ ਚੁੱਕੀਆਂ ਸ਼ਕਤੀਆਂ ਤੇ ਮੰਦੇ ਇਰਾਦੇ। ਇਹ ਸਭ ਕੁਝ ਉਸ ਦੀ ਹੋਂਦ ਬਣ ਚੁੱਕਾ ਸੀ।

ਨਵੇਂ ਰੌਂ ਵਿਚ ਇਕ ਉਮੰਗ ਉਸ ਦੇ ਅੰਦਰ ਜਾਗ ਉਠੀ। ਆਪਣੀ ਇਸ ਨਾ–ਉਮੀਦ ਹੋਣੀ ਨਾਲ ਟੱਕਰ ਲੈਣ ਦੀ ਉਮੰਗ। ਉਹ ਆਪਣੇ ਆਪ ਨੂੰ ਇਸ ਜਿਲ੍ਹਣ ਵਿਚੋਂ ਕੱਢੇਗਾ। ਉਹ ਫਿਰ ਇਕ ਆਦਮੀ ਬਣ ਕੇ ਵਿਖਾਵੇਗਾ। ਉਹ ਉਸ ਬਦੀ ਉਤੇ ਕਾਬੂ ਪਾ ਲਵੇਗਾ ਜਿਹੜੀ ਉਸ ਉਤੇ ਹਾਵੀ ਹੋ ਗਈ ਸੀ। ਅਜੇ ਵਕਤ ਸੀ, ਅਜੇ ਉਹ ਜਵਾਨ ਹੀ ਸੀ। ਉਹ ਆਪਣੇ ਇਰਾਦਿਆਂ ਨੂੰ ਜਗਾ ਲਵੇਗਾ ਤੇ ਉਨ੍ਹਾਂ ਦੀ ਪੂਰਤੀ ਲਈ ਪੂਰੀ ਵਾਹ ਲਾਵੇਗਾ। ਸੰਗੀਤ ਦੀਆ ਧੁਨਾਂ ਨੇ ਇਕ ਤਰ੍ਹਾਂ ਉਸ ਦੇ ਅੰਦਰ ਇਨਕਲਾਬ ਲੈ ਆਂਦਾ ਸੀ। ਕੱਲ੍ਹ ਉਹ ਉਸ ਇਲਾਕੇ ਵਿਚ ਜਾਵੇਗਾ ਜਿੱਥੇ ਕੰਮ–ਕਾਰ ਦੀ ਬਹੁਤਾਤ ਹੈ ਤੇ ਕੰਮ ਲੱਭ ਵੀ ਲਵੇਗਾ। ਫਰ ਦੇ ਇਕ ਦਰਾਮਦ–ਕਰਤਾ ਨੇ ਉਸ ਨੂੰ ਡਰਾਈਵਰ ਰੱਖਣ ਦੀ ਪੇਸ਼ਕਸ਼ ਵੀ ਕੀਤੀ ਹੋਈ ਸੀ। ਉਹ ਕੱਲ ਹੀ ਉਸ ਨੂੰ ਮਿਲੇਗਾ ਤੇ ਕੰਮ ਬਾਰੇ ਪੁੱਛੇਗਾ। ਉਹ ਦੁਨੀਆ ਵਿਚ ਫੇਰ ਕੁਝ ਬਣ ਚੁੱਕਾ ਹੋਵੇਗਾ। ਉਹ...

ਸੋਪੀ ਨੂੰ ਮਹਿਸੂਸ ਹੋਇਆ ਕਿ ਕਿਸੇ ਨੇ ਉਸ ਦੀ ਬਾਂਹ ਫੜ ਲਈ ਹੈ। ਉਸ ਨੇ ਪਰਤ ਕੇ ਵੇਖਿਆ ਤਾਂ ਉਹ ਇਕ ਚੌੜੇ ਮੂੰਹ ਵਾਲਾ ਸਿਪਾਹੀ ਸੀ।

ਅਫ਼ਸਰ ਨੇ ਪੁੱਛਿਆ, ''ਏਥੇ ਕੀ ਕਰ ਰਿਹਾ ਹੈ?''

''ਕੁਝ ਵੀ ਨਹੀਂ,'' ਸੋਪੀ ਨੇ ਕਿਹਾ।

ਅਗਲੀ ਸਵੇਰ ਪੁਲਿਸ ਦੀ ਕਚਹਿਰੀ ਵਿਚ ਮੈਜਿਸਟਰੇਟ ਨੇ ਉਸ ਨੂੰ ਟਾਪੂ ਵਿਚ ਤਿੰਨ ਮਹੀਨਿਆਂ ਲਈ ਕੈਦ ਕਰ ਦਿੱਤਾ।

# ਮੈਂ ਚੋਰ ਨਹੀਂ ਸੀ

ਉਸਦਾ ਅਸਲ ਨਾਂ ਕੁਝ ਹੋਰ ਸੀ ਪਰ ਉਸਦੇ ਦੋਸਤ-ਮਿੱਤਰ ਉਸ ਨੂੰ ਟਾਮੀ ਕਹਿ ਕੇ ਹੀ ਬੁਲਾਉਂਦੇ ਸਨ। ਅੱਗੇ ਚੱਲ ਕੇ ਦੋਸਤਾਂ ਵਲੋਂ ਦਿੱਤਾ ਇਹ ਨਾਂ ਉਸਦੇ ਅਸਲ ਨਾਂ ਉੱਤੇ ਇਸ ਤਰ੍ਹਾਂ ਹਾਵੀ ਹੋ ਗਿਆ ਜਿਵੇਂ ਕਿਸੇ ਨਾਮਵਰ ਕਵੀ ਦਾ ਤਖ਼ੱਲਸ ਉਸਦੇ ਅਸਲ ਨਾਂ ਨੂੰ ਦਬਾ ਦਿੰਦਾ ਹੈ।

ਅਪਣੇ ਵੇਲੇ ਦੇ ਛੋਟੀ ਲਾਈਨ ਦੇ ਡਰਾਇਵਰਾਂ ਵਿਚੋਂ ਟਾਮੀ ਸਭ ਤੋਂ ਵੱਧ ਹੁਸ਼ਿਆਰ ਅਤੇ ਚੁਸਤ ਡਰਾਇਵਰ ਸੀ। ਰੇਲਵੇ ਕਲੱਬ ਵਿਚ ਉਹ ਇਕ ਚੰਗਾ ਖਿਡਾਰੀ ਅਤੇ ਇਕ ਚੰਗਾ ਮੁੱਕੇਬਾਜ਼ ਸੀ ਅਤੇ ਐਂਗਲਸ ਇੰਡੀਅਨ ਸਮਾਜ ਵਿਚ ਕਿਸੇ ਖਾਸ ਮੌਕਿਆਂ ਉੱਤੇ ਜਦ ਉਹ ਕਿਸੇ ਲੜਕੀ ਨੂੰ ਨਾਲ਼ ਲੈ ਕੇ ਨੱਚਣਾ ਸ਼ੁਰੂ ਕਰਦਾ ਤਾਂ ਦੇਖਣ ਵਾਲਿਆਂ ਦੀਆਂ ਨਜ਼ਰਾਂ ਵਿਚ ਈਰਖਾ ਭਰ ਜਾਂਦੀ।

ਦੋਸਤਾਂ ਲਈ ਖੁਸ਼ ਮਿਜ਼ਾਜ ਤੇ ਹੱਸਮੁੱਖ ਟਾਮੀ ਦੀ ਜੇਬ ਹਮੇਸ਼ਾ ਖੁੱਲ੍ਹੀ ਰਹਿੰਦੀ ਸੀ, ਕਿਸੇ ਨੇ ਮੰਗਿਆ ਨਹੀਂ ਕਿ ਉਸਨੇ ਜੇਬ ਖਾਲੀ ਕਰ ਦਿੱਤੀ। ਮਾਲ ਗੱਡੀ ਚਲਾਉਂਦਾ ਤਾਂ ਇੰਜ ਲੱਗਦਾ ਜਿਵੇਂ ਡਾਕ ਦਾ ਮੁਕਾਬਲਾ ਕਰ ਰਿਹਾ ਹੋਵੇ। ਜਦ ਪੁਰਾਣੇ ਤਜ਼ਰਬੇਕਾਰ ਡਰਾਇਵਰ ਉਸ ਨੂੰ ਘੱਟ ਰਫ਼ਤਾਰ ਨਾਲ ਚੱਲਣ ਦੀ ਨਸੀਹਤ ਕਰਦੇ ਤਾਂ ਉਹ ਕਹਿ ਦਿੰਦਾ, ''ਇਹ ਛਕੜੇ ਵਾਲੀ ਰਫ਼ਤਾਰ ਮੈਨੂੰ ਚੰਗੀ ਨਹੀਂ ਲੱਗਦੀ ਉਸਤਾਦ।'' ਦੋਸਤਾਂ ਦੇ ਮਨ੍ਹਾਂ ਕਰਨ ਉੱਤੇ ਕਹਿੰਦਾ, ''ਤੂਫ਼ਾਨ ਦੀ ਚਾਲ ਦਾ ਮਜ਼ਾ ਬੈਲ ਗੱਡੀ ਹੱਕਣ ਵਾਲੇ ਭਲਾ ਕੀ ਸਮਝਣਗੇ'' ਅਤੇ ਫੇਰ ਇਹ ਕਹਿ ਕੇ ਉਨ੍ਹਾਂ ਦੀ ਗੱਲ ਅਣਸੁਣੀ ਕਰ ਦਿੰਦਾ ਕਿ ਜਦ ਜ਼ਿੰਦਗੀ ਖੁਦ ਇਕ ਤੂਫ਼ਾਨ ਹੈ ਤਾਂ ਉਸ ਨੂੰ ਤੂਫ਼ਾਨ ਦੀ ਰਫ਼ਤਾਰ ਨਾਲ ਚੱਲਣ ਤੋਂ ਕਿਉਂ ਰੋਕਿਆ ਜਾਵੇ।

ਫਿਰ ਉਹ ਵੇਲਾ ਅਇਆ ਜਦ ਟਾਮੀ ਦੀ ਜ਼ਿੰਦਗੀ ਵਿਚ ਸੱਚਮੁੱਚ ਇਕ ਤੂਫ਼ਾਨ ਆ ਗਿਆ। ਹਵਾ ਤੇ ਪਾਣੀ ਵਾਲਾ ਤੂਫ਼ਾਨ ਨਹੀਂ ਸਗੋਂ ਉਹ ਤੂਫ਼ਾਨ ਜੋ ਹਰ ਨੌਜਵਾਨ ਦੀ ਜ਼ਿੰਦਗੀ ਵਿਚ ਪਹਿਲਾਂ-ਪਹਿਲ ਅੱਖਾਂ ਚਾਰ ਹੋਣ 'ਤੇ ਆਉਂਦਾ ਹੈ। ਜਦ ਅਪਣੀ ਹੀ ਬਿਰਾਦਰੀ ਦੀ ਜੇਨੀ ਨਾਂ ਦੀ ਇਕ ਖ਼ੂਬਸੂਰਤ ਲੜਕੀ ਨਾਲ ਉਸਨੂੰ ਪਿਆਰ ਹੋ ਗਿਆ ਤਾਂ ਉਸਦੀ ਸਾਰੀ ਦੁਨੀਆਂ ਸਿਮਟ ਕੇ ਜੇਨੀ ਤੱਕ ਹੀ ਸੀਮਤ ਰਹਿ ਗਈ। ਇਸ ਤੋਂ ਬਾਅਦ ਕੁਝ ਦਿਨ ਉਹ ਗੁੰਮ-ਸੁੰਮ ਰਿਹਾ ਫੇਰ ਉਸ ਨੇ ਪਿਆਰ ਦੇ ਗੀਤ ਗੁਣਗੁਣਾਏ, ਜੇਨੀ ਦੀ ਗਲੀ ਦੇ ਚੱਕਰ ਕੱਟੇ ਅਤੇ ਅਖ਼ੀਰ ਜਦੋਂ ਦੋਹਾਂ ਦਿਲਾਂ ਦੇ ਤਾਰ ਇਕ ਸੁਰ 'ਚ ਆ ਗਏ ਤਾਂ ਇਕ ਦਿਨ ਗਿਰਜੇ ਵਿਚ ਪਾਦਰੀ ਨੂੰ ਗਵਾਹ ਬਣਾ ਕੇ ਉਨ੍ਹਾਂ ਨੇ ਅਪਣੇ-ਆਪ ਨੂੰ ਇਕ-ਦੂਜੇ ਨਾਲ ਜੋੜ ਦਿੱਤਾ।

ਫੇਰ ਹੁਸੀਨ ਲਮਹਿਆਂ ਨੇ ਮਿਲ ਕੇ ਦਿਨ ਬਣਾਏ, ਦਿਨਾਂ ਨੇ ਮਹੀਨੇ ਤੇ ਬਾਰ੍ਹਾਂ ਮਹੀਨੇ ਜਦੋਂ ਇਕ ਧਾਗੇ ਵਿਚ ਪਰੋਏ ਗਏ ਤਾਂ ਸਾਲ ਪੂਰਾ ਹੋ ਗਿਆ ਅਤੇ ਜਦੋਂ ਜੇਨੀ ਨੇ ਇਕ ਨੰਨ੍ਹੇ ਬੱਚੇ ਦੀਆਂ ਜੁਰਾਬਾਂ ਅਤੇ ਸਵੈਟਰ ਬੁਣਨੇ ਸ਼ੁਰੂ ਕੀਤੇ ਤਾਂ ਟਾਮੀ ਦੀ ਖ਼ੁਸ਼ੀ ਦੀ ਕੋਈ ਸੀਮਾ ਨਾ ਰਹੀ। ਉਹ ਨਵੀਂ ਜ਼ਿੰਦਗੀ ਅਤੇ ਮਾਸੂਮ ਕਿਲਕਾਰੀਆਂ ਦੇ ਆਕਰਸ਼ਕ ਸੁਪਨਿਆਂ ਵਿਚ ਤਾਰੀਆਂ ਲਾਉਣ ਲੱਗਾ। ਉਸ ਦੀ ਪਿਆਰ ਦੀ ਜ਼ਿੰਦਗੀ ਹੋਰ ਵੀ ਹੁਸੀਨ ਬਣ ਗਈ।

ਪਰ ਜਿਉਂ-ਜਿਉਂ ਜੇਨੀ ਦੇ ਮਹੀਨੇ ਪੂਰੇ ਹੋਣ ਲੱਗੇ ਤਿਉਂ-ਤਿਉਂ ਉਸਦੀ ਤਬੀਅਤ ਖ਼ਰਾਬ ਰਹਿਣ ਲੱਗੀ ਅਤੇ ਕੁਝ ਹੀ ਦਿਨਾਂ 'ਚ ਉਸਨੇ ਬਿਸਤਰਾ ਫੜ੍ਹ ਲਿਆ। ਟਾਮੀ ਨੇ ਜੇਨੀ ਦੇ ਇਲਾਜ ਉੱਤੇ ਜੀਅ ਖੋਲ੍ਹ ਕੇ ਪੈਸਾ ਖ਼ਰਚ ਕੀਤਾ ਪਰ ਉਸਦੇ ਅੰਦਰ ਨਵੀਂ ਜ਼ਿੰਦਗੀ ਜਨਮ ਲੈਣ ਤੋਂ ਪਹਿਲਾਂ ਹੀ ਦਮ ਤੋੜ ਗਈ ਅਤੇ ਫੇਰ ਜੇਨੀ ਵੀ ਤੇਜ਼ ਰਫ਼ਤਾਰ ਨਾਲ ਉਸੇ ਰਸਤੇ ਉੱਤੇ ਚੱਲ ਪਈ।

ਉਸ ਦਿਨ ਜੇਨੀ ਦੀ ਹਾਲਤ ਬਹੁਤ ਖ਼ਰਾਬ ਸੀ ਅਤੇ ਟਾਮੀ ਕੋਲ ਡਾਕਟਰ ਲਈ ਇਕ ਪੈਸਾ ਵੀ ਨਾ ਰਿਹਾ। ਉਸਦੇ ਦੋਸਤਾਂ ਨੇ, ਜਿਨ੍ਹਾਂ ਦੀ ਮੱਦਦ ਲਈ ਉਸਨੇ ਅਪਣਾ ਹੱਥ ਕਦੇ ਨਹੀਂ ਸੀ ਰੋਕਿਆ, ਹੁਣ ਉਸ ਤੋਂ ਅੱਖਾਂ ਛੁਪਾਉਣੀਆਂ ਸ਼ੁਰੂ ਕਰ ਦਿੱਤੀਆਂ ਕਿ ਟਾਮੀ ਪੈਸੇ ਨਾ ਮੰਗ ਲਵੇ। ਪਰ ਟਾਮੀ ਨੇ ਅਜੇ ਵੀ ਹਿੰਮਤ ਨਹੀਂ ਹਾਰੀ ਸੀ। ਜੇਨੀ ਦੇ ਬਹੁਤ ਮਨ੍ਹਾਂ ਕਰਨ ਦੇ ਬਾਵਜੂਦ ਇਹ ਕਹਿ ਕੇ ''ਮੈਂ ਡਾਕਟਰ ਨੂੰ ਲੈ ਕੇ ਹੁਣੇ ਆਉਂਦਾ ਹਾਂ'', ਉਹ ਘਰੋਂ ਚਲਾ ਗਿਆ।

ਟਾਮੀ ਦੇ ਵਾਪਸ ਆਉਣ ਦੀ ਉਡੀਕ ਵਿਚ ਦਰਵਾਜ਼ੇ ਵੱਲ ਨਜ਼ਰ ਗੱਡੀ ਜੇਨੀ ਚੁੱਪਚਾਪ ਖੜ੍ਹੀ ਰਹੀ। ਦੀਵਾਰ ਉਪਰ ਟੰਗੀ ਘੜੀ ਵਾਲੀ ਸੂਈ ਡਾਇਲ ਦੇ ਚੱਕਰ 'ਤੇ ਚੱਕਰ ਕੱਟਦੀ ਰਹੀ। ਘੰਟੇ ਗੁਜ਼ਰਦੇ ਗਏ ਪਰ ਟਾਮੀ ਨਹੀਂ ਆਇਆ। ਦੂਸਰੇ ਦਿਨ ਗਵਾਂਢ ਦੇ ਇਕ ਲੜਕੇ ਨੇ ਆ ਕੇ ਖ਼ਬਰ ਦਿੱਤੀ ਕਿ ਅੰਕਲ ਟਾਮੀ ਸਾਇਕਲ ਚੋਰੀ ਕਰਨ ਦੇ ਜੁਰਮ ਵਿਚ ਫੜ੍ਹ ਲਏ ਗਏ ਸਨ ਅਤੇ ਹੁਣ ਪੁਲਸ ਨੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਹੈ।

ਇਸ ਖ਼ਬਰ ਨਾਲ ਜਦ ਟਾਮੀ ਦੇ ਵਾਪਸ ਆਉਣ ਦੀ ਆਖ਼ਰੀ ਆਸ ਵੀ ਟੁੱਟ ਗਈ ਤਾਂ ਜੇਨੀ ਦੇ ਸਾਹਾਂ ਦਾ ਤਾਰ ਵੀ ਟੁੱਟ ਗਿਆ ਅਤੇ ਉਸਨੇ ਹਮੇਸ਼ਾ ਲਈ ਅੱਖਾਂ ਬੰਦ ਕਰ ਲਈਆਂ।

□□□

ਹੁਣ ਟਾਮੀ ਨੈਨੀ ਜੇਲ੍ਹ ਦੀ ਗੋਰਾ ਕੋਠੜੀ ਵਿਚ ਅਪਣੀ 17ਵੀਂ ਸਜ਼ਾ ਕੱਟ ਰਿਹਾ ਸੀ। ਚੋਰੀ ਦੇ ਅਪਰਾਧ ਵਿਚ ਜਦ ਉਹ ਪਹਿਲਾਂ ਜੇਲ੍ਹ ਆਇਆ ਤਾਂ ਉਹ 23 ਵਰ੍ਹਿਆਂ ਦਾ ਨੌਜਵਾਨ ਸੀ ਅਤੇ ਉਦੋਂ ਤੋਂ ਉਸ ਨੇ ਜੇਲ੍ਹ ਜਾਣ ਦਾ ਜੋ ਸਿਲਸਿਲਾ ਸ਼ੁਰੂ ਕੀਤਾ ਉਹ ਫਿਰ ਨਹੀਂ ਰੁਕਿਆ। ਹੁਣ ਤਾਂ ਨੈਨੀ ਜੇਲ੍ਹ ਦੀ ਗੋਰਾ ਕੋਠੜੀ ਨੂੰ ਹੀ ਉਸਨੇ ਅਪਣਾ ਘਰ ਬਣਾ ਲਿਆ। ਪੁਲਿਸ ਨੇ ਅਪਣੇ ਰਜਿਸਟਰਾਂ ਵਿਚ ਉਸ ਨੂੰ ਪੇਸ਼ਾਵਰ ਚੋਰ ਲਿਖ ਲਿਆ ਸੀ ਅਤੇ ਜੇਲ੍ਹ ਦੀ ਜ਼ਬਾਨ ਵਿਚ ਉਹ ਇਕ ਦੁਬਾਰਾ ਕੈਦੀ ਸੀ ਭਾਵ ਅਜਿਹਾ ਕੈਦੀ ਜੋ ਫੇਰ ਵਾਪਸ ਆ ਜਾਂਦਾ ਹੈ। ਟਾਮੀ ਦੇ ਵਾਪਸ ਆ ਜਾਣ ਬਾਰੇ ਜੇਲ੍ਹ ਅਧਿਕਾਰੀਆਂ ਨੂੰ ਏਨਾ ਵਿਸ਼ਵਾਸ ਹੋ ਗਿਆ ਸੀ ਕਿ ਉਸ ਦੇ ਰਿਹਾਅ ਹੋ ਜਾਣ ਤੋਂ ਬਾਅਦ ਵੀ ਕੋਠੜੀ ਨੂੰ ਉਹ ਲੋਕ ਇਹ ਕਹਿ ਕੇ ਖਾਲੀ ਰੱਖਦੇ ਸੀ ਕਿ ਟਾਮੀ ਤਾਂ ਆਉਂਦਾ ਹੀ ਹੋਵੇਗਾ।

□□□

ਟਾਮੀ ਦਸ ਦਿਨ ਤੋਂ ਵੱਧ ਕਦੀ ਜੇਲ੍ਹ ਤੋਂ ਬਾਹਰ ਰਿਹਾ ਹੀ ਨਹੀਂ ਅਤੇ ਸਾਇਕਲ ਤੋਂ ਵੱਧ ਕੀਮਤੀ ਚੀਜ਼ ਉੱਤੇ ਉਸਨੇ ਕਦੇ ਹੱਥ ਨਹੀਂ ਪਾਇਆ। ਪਹਿਲੀ ਸਜ਼ਾ ਕੱਟ ਕੇ ਜਦੋਂ ਉਹ ਬਾਹਰ ਗਿਆ ਤਾਂ ਜੇਨੀ ਦੀ ਕਮੀ ਕਾਰਨ ਉਸ ਨੂੰ ਉਥੇ ਸਭ ਕੁਝ ਸੁੰਨਾ-ਸੁੰਨਾ ਲੱਗਾ। ਜਿਵੇਂ ਹਰ ਚੀਜ਼ ਮਾਤਮ ਮਨ੍ਹਾਂ ਰਹੀ ਹੋਵੇ। ਇਕ-ਦੋ ਵਾਰ ਉਸਦੇ ਚਿੱਤ 'ਚ ਆਇਆ ਕਿ ਸ਼ਹਿਰ ਕੇ ਸਾਰੇ ਦਵਾਖਾਨਿਆਂ ਨੂੰ ਅੱਗ ਲਾ ਦੇਵੇ ਅਤੇ ਦੋਸਤਾਂ ਨੂੰ ਮਾਰ ਦੇਵੇ। ਫਿਰ ਉਸ ਨੂੰ ਖੁਦ ਅਪਣੀ ਹੀ ਹਾਲਤ ਉਪਰ ਤਰਸ ਆਇਆ ਅਤੇ ਫੇਰ ਕਈ ਦਿਨਾਂ ਤੱਕ ਅਵਾਰਾ ਇੱਧਰ-ਉੱਧਰ ਘੁੰਮਦਾ ਰਿਹਾ। ਫੇਰ ਉਸ ਨੂੰ ਜੇਲ੍ਹ ਦੀ ਕੋਠੜੀ ਯਾਦ ਆਈ ਅਤੇ ਉਸਦਾ ਮਨ ਉਥੇ ਪਹੁੰਚਣ ਲਈ ਕਾਹਲਾ ਪੈ ਗਿਆ। ਉਹ ਸਿਵਲ ਲਾਈਨਜ਼ ਦੇ ਇਕ ਬੰਗਲੇ ਵਿਚ ਵੜਿਆ ਅਤੇ ਡਰਾਇੰਗ ਰੂਮ ਦੀ ਘੜੀ ਚੁੱਕ ਕੇ ਤਦ ਤੱਕ ਖੜ੍ਹਾ ਰਿਹਾ ਜਦ ਤੱਕ ਉਸ ਉੱਤੇ ਕਿਸੇ ਦੀ ਨਜ਼ਰ ਨਹੀਂ ਪਈ। ਫੇਰ ਉਹ ਘੜੀ ਲੈ ਕੇ ਹੌਲੀ-ਹੌਲੀ ਬਾਹਰ ਸੜਕ ਉੱਤੇ ਆ ਗਿਆ। ਦੇਖਣ ਵਾਲਿਆਂ ਦੇ ਸ਼ੋਰ ਮਚਾਉਣ ਅਤੇ ਪਿੱਛਾ ਕਰਨ ਉੱਤੇ ਵੀ ਮਸਤੀ ਨਾਲ ਚੱਲਦਾ ਰਿਹਾ। ਨਾ ਭੱਜਿਆ ਨਾ ਬਚਣ ਦੀ ਕੋਸ਼ਿਸ਼ ਕੀਤੀ ਅਤੇ ਦਸ ਦਿਨ ਬਾਅਦ ਹੀ ਉਹ ਫੇਰ ਸਜ਼ਾ ਲੈ ਕੇ ਜੇਲ੍ਹ ਪਹੁੰਚ ਗਿਆ। ਉਸ ਤੋਂ ਬਾਅਦ ਜਦੋਂ ਵੀ ਉਹ ਜੇਲ੍ਹ ਤੋਂ ਰਿਹਾਅ ਹੋਇਆ ਤਾਂ ਉਸਨੇ ਦੂਸਰਿਆਂ ਨੂੰ ਇਸੇ ਤਰ੍ਹਾਂ ਦਿਖਾ ਕੇ ਚੋਰੀ ਕੀਤੀ। ਫੜਿਆ ਗਿਆ, ਕੁਝ ਮਾਰ ਖਾਧੀ ਅਤੇ ਜੇਲ੍ਹ ਗਿਆ।

ਅਦਾਲਤ ਸਾਹਮਣੇ ਵੀ ਉਸਦੇ ਘੜੇ-ਘੜਾਏ ਜਵਾਬ ਸਨ।

''ਤੂੰ ਉਸ ਆਦਮੀ ਦੇ ਘਰ ਚੋਰੀ ਕੀਤੀ?''

''ਜੀ''

''ਇਹ ਮਾਲ ਤੇਰੇ ਕੋਲੋ ਬਰਾਮਦ ਹੋਇਆ ਸੀ''

''ਜੀ''

''ਤੈਨੂੰ ਇਸ ਤੋਂ ਪਹਿਲਾਂ ਵੀ ਚੋਰੀ ਵਿਚ ਸਜ਼ਾ ਹੋ ਚੁੱਕੀ ਹੈ।''

''ਜੀ''

''ਅਪਣੀ ਸਫ਼ਾਈ ਵਿਚ ਤੂੰ ਕੁਝ ਕਹਿਣਾ ਹੈ।''

''ਜੀ ਨਹੀਂ,''

ਇਸੇ ਤਰ੍ਹਾਂ ਦੇ 'ਜੀ ਅਤੇ ਜੀ ਨਹੀਂ' ਦੇ ਘੜੇ-ਘੜਾਏ ਜਵਾਬਾਂ ਤੇ ਸਹਾਰੇ ਉਹ ਵਾਰ-ਵਾਰ ਸਜ਼ਾ ਲੈਂਦਾ ਅਤੇ ਜੇਲ੍ਹ ਚਲਾ ਜਾਂਦਾ।

ਗੋਰਾ ਕੋਠੜੀ ਦੇ ਗੋਰੇ ਅਤੇ ਅਧ-ਗੋਰੇ ਕੈਦੀ ਟਾਮੀ ਨੂੰ ਬੜੀ ਨੀਵੀਂ ਨਜ਼ਰ ਨਾਲ ਵੇਖਦੇ ਅਤੇ ਉਸ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦੇ। ਜਿਵੇਂ ਉਹ ਕੋਈ ਕਾਂ ਸੀ ਜੋ ਹੰਸਾਂ ਦੇ ਨਾਂ ਚਾਹੁਣ 'ਤੇ ਵੀ ਵਾਰ-ਵਾਰ ਬਸੇਰੇ ਲਈ ਉਨ੍ਹਾਂ ਵਿਚ ਆ ਜਾਂਦਾ ਸੀ। ਟਾਮੀ ਪ੍ਰਤੀ ਉਨ੍ਹਾਂ ਦੀ ਨਫ਼ਰਤ ਦਾ ਕਾਰਨ ਇਹ ਸੀ ਕਿ ਉਹ ਚੋਰੀ ਕਰਦਾ ਸੀ। ਉਨ੍ਹਾਂ ਵਿਚੋਂ ਕਈ ਐਂਗਲੋ-ਇੰਡੀਅਨ ਚੋਰੀ ਦੇ ਅਪਰਾਧ ਵਿਚ ਸਜ਼ਾ ਭੁਗਤ ਰਹੇ ਸਨ। ਅਜਿਹੀਆਂ ਚੋਰੀਆਂ ਜਿਨ੍ਹਾਂ ਸਾਹਮਣੇ ਟਾਮੀ ਦੀਆਂ ਚੋਰੀਆਂ ਕੁਝ ਵੀ ਨਹੀਂ ਸਨ ਅਤੇ ਇਹ ਵੀ ਨਹੀਂ ਸੀ ਕਿ ਟਾਮੀ ਕੋਈ ਕਾਲਾ ਆਦਮੀ ਸੀ। ਜ਼ਿੰਦਗੀ ਦੇ ਤੀਜੇ ਪਹਿਰ ਵਿਚ ਸੱਠ ਸਾਲ ਦਾ ਹੋ ਜਾਣ ਤੋਂ ਬਾਅਦ ਵੀ ਉਸਦੀ ਸ਼ਕਲ ਸੂਰਤ ਅਤੇ ਚਿਹਰੇ ਦੇ ਨੈਣ-ਨਕਸ਼ ਕਿਸੇ ਵੀ ਐਂਗਲੋਂ-ਇੰਡੀਅਨ ਨੂੰ ਮਾਤ ਪਾ ਸਕਦੇ ਸਨ। ਟਾਮੀ ਪ੍ਰਤੀ ਉਨ੍ਹਾਂ ਦੀ ਨਫ਼ਰਤ ਦਾ ਕਾਰਨ ਉਸਦੀਆਂ ਕੁਝ ਅਜਿਹੀਆਂ ਆਦਤਾਂ ਸਨ, ਰਹਿਣ-ਸਹਿਣ ਦੇ ਕੁਝ ਅਜਿਹੇ ਤਰੀਕੇ ਸਨ, ਜਿਨ੍ਹਾਂ ਨੂੰ ਉਹ ਲੋਕ ਅੰਗਰੇਜ਼ੀਅਤ ਦੇ ਨਾਂ ਉੱਤੇ ਕਲੰਕ ਜਾਂ ਧੱਬਾ ਮੰਨਦੇ ਸਨ।

ਉਨ੍ਹੀਂ ਦਿਨੀ ਚੋਰੀ ਵਿਚ ਸਜ਼ਾ ਕੱਟ ਰਹੇ ਕੈਦੀਆਂ ਨਾਲ ਜੇਲ੍ਹ ਵਿਚ ਆਮ ਵਰਗਾ ਹੀ ਵਿਹਾਰ ਕੀਤਾ ਜਾਂਦਾ ਸੀ। ਟਾਮੀ ਨੂੰ ਹਰ ਵਾਰ 'ਸੀ' ਦਰਜਾ ਮਿਲਿਆ। ਪਰ ਚੋਰ ਹੋਇਆ ਤਾਂ ਕੀ ਹੋਇਆ, ਸੀ ਤਾਂ ਉਹ ਸਫ਼ੈਦ ਚਮੜੀ ਵਾਲਾ ਹੀ-ਇਕ ਅੰਗਰੇਜ਼ ਮਾਂ ਅਤੇ ਐਂਗਲੋ-ਇੰਡੀਅਨ ਬਾਪ ਦੀ ਔਲਾਦ। ਅਪਣੇ ਉਸ ਸਫ਼ੈਦ ਰੰਗ ਦੀ ਬਦੌਲਤ ਸਧਾਰਨ ਸ਼੍ਰੇਣੀ ਵਿਚ ਰਹਿ ਕੇ ਵੀ ਉਹ ਅੰਗਰੇਜ਼ੀ ਖਾਣਾ ਅਤੇ ਮੇਜ਼ ਕੁਰਸੀ ਦਾ ਹੱਕਦਾਰ ਸੀ। ਉਸ ਨੂੰ ਸਧਾਰਨ ਕੈਦੀਆਂ ਵਾਲੀ ਰੁਮਾਲੀ ਰੋਟੀ ਅਤੇ ਦਾਲ ਦੀ ਥਾਂ, ਡਬਲ ਰੋਟੀ, ਦੁੱਧ, ਚਾਹ, ਮੀਟ ਆਦਿ ਮਿਲ ਜਾਂਦਾ ਸੀ।

ਟਾਮੀ ਨੂੰ ਗੋਰਾ ਹੋਣ ਦੇ ਨਾਤੇ ਜੇਲ੍ਹ ਤੋਂ ਵੀ ਜੋ ਰਾਸ਼ਨ ਮਿਲਦਾ, ਉਸ ਵਿਚੋਂ ਚਾਹ ਦੀ ਪੱਤੀ ਛੱਡ ਕੇ ਬਾਕੀ ਸਾਰਾ ਸਮਾਨ ਉਹ ਜੇਲ੍ਹ ਦੇ ਦੂਸਰੇ ਕੈਦੀਆਂ ਨੂੰ ਰੋਜ਼ਾਨਾ ਨਕਦ ਕੀਮਤ 'ਤੇ ਵੇਚ ਦਿੰਦਾ ਸੀ। ਰਾਸ਼ਨ ਵੇਚ ਕੇ ਉਹ ਜੋ ਕੁਝ ਕਮਾਉਂਦਾ, ਇਕ ਆਨਾ ਦੁਪਿਹਰ ਅਤੇ ਇਕ ਆਨਾ ਸ਼ਾਮ ਨੂੰ ਦੇ ਕੇ ਕੈਦੀ ਨੰਬਰਦਾਰ ਤੋਂ 'ਸੀ' ਦਰਜੇ ਦੀਆਂ ਰੋਟੀਆਂ ਅਤੇ ਤਸਲਾ ਦਾਲ ਖਰੀਦਦਾ।

ਦਾਲ ਨੂੰ ਉਹ ਉਥੇ ਹੀ ਲੰਗਰ ਦੇ ਸਾਹਮਣੇ ਬੈਠ ਕੇ ਪੀ ਜਾਂਦਾ ਅਤੇ ਰੋਟੀਆਂ ਨੂੰ ਇਕ ਵਾਰ ਲਪੇਟ ਕੇ ਹੱਥ ਵਿਚ ਫੜ੍ਹ ਲੈਂਦਾ ਅਤੇ ਫਿਰ ਸਾਰੇ ਹਾਤੇ ਵਿਚ ਘੁੰਮ-ਘੁੰਮ ਕੇ ਉਨ੍ਹਾਂ ਸੁੱਕੀਆਂ ਰੋਟੀਆਂ ਨੂੰ ਦੰਦੀਆਂ ਵੱਢ-ਵੱਢ ਕੇ ਇੰਜ ਸੁਆਦ ਨਾਲ ਖਾਂਦਾ ਜਿਵੇਂ ਮੇਵਾ ਚੱਬ ਰਿਹਾ ਹੋਵੇ। ਇਸ ਤਰ੍ਹਾਂ ਖਾਣੇ ਉਪਰ ਰੋਜ਼ ਦੋ ਆਨੇ ਖ਼ਰਚ ਕਰਨ ਤੋਂ ਬਾਅਦ ਉਸ ਕੋਲ ਜੋ ਕੁਝ ਬਚ ਜਾਂਦਾ, ਉਸ ਨੂੰ ਉਹ ਗਾਂਜਾ ਅਤੇ ਚਰਸ ਵਿਚ ਖ਼ਰਚ ਕਰ ਦਿੰਦਾ।

ਉਹ ਪਾਣੀ ਨਹੀਂ ਪੀਂਦਾ ਸੀ। ਉਸਦਾ ਇਕ ਵੱਡਾ ਸਾਰਾ ਡਾਲਡੇ ਦਾ ਡੱਬਾ ਸੀ ਜਿਸ ਵਿਚ ਗੋਰਿਆਂ ਦੇ ਲੰਗਰ ਵਾਲੀ ਉਸਦੀ ਚਾਹ ਲਗਾਤਾਰ ਉਬਲਦੀ ਰਹਿੰਦੀ ਸੀ। ਜਦੋਂ ਵੀ ਉਸਨੂੰ ਪਿਆਸ ਲੱਗਦੀ ਜਾਂ ਚਾਹ ਦਾ ਹੋੜਕਾ ਉੱਠਦਾ ਤਾਂ ਲੰਗਰ ਵਿਚ ਜਾ ਕੇ ਉਸੇ ਕਾੜ੍ਹੇ ਵਿਚੋਂ ਅਪਣਾ ਮਗ ਭਰ ਲੈਂਦਾ ਅਤੇ ਫੇਰ ਕਦੀ ਘੁੰਮ-ਘੁੰਮ ਕੇ ਕਦੀ ਕਿਸੇ ਦਰੱਖ਼ਤ ਦੀ ਜੜ੍ਹ ਉੱਪਰ ਬੈਠ ਕੇ, ਕਦੀ ਕਿਸੇ ਦੇ ਕਮਰੇ ਵਿਚ ਜ਼ਮੀਨ ਉਪਰ ਦੀਵਾਰ ਦੇ ਸਹਾਰੇ ਬੈਠ ਗੱਲਾਂ ਕਰਦੇ-ਕਰਦੇ ਬਿਨਾਂ ਦੁੱਧ ਅਤੇ ਖੰਡ ਦੀ ਚਾਹ ਨੂੰ ਇਉਂ ਚੁਸਕੀਆਂ ਨਾਲ ਪੀਂਦਾ ਜਿਵੇਂ ਅੰਮ੍ਰਿਤ ਪੀ ਰਿਹਾ ਹੋਵੇ।



ਸ਼ਿਵ ਵਰਮਾ

ਉਹ ਮੱਗ ਤਾਂ ਇਕ ਤਰ੍ਹਾਂ ਨਾਲ ਉਸਦਾ ਟਰੇਡ ਮਾਰਕ ਸੀ। ਸਵੇਰੇ ਬਿਸਤਰੇ ਵਿਚੋਂ ਉੱਠ ਕੇ ਮੱਗ ਹੱਥ ਵਿਚ ਲੈਂਦਾ ਅਤੇ ਫੇਰ ਰਾਤ ਨੂੰ ਸੌਣ ਵੇਲੇ ਹੀ ਛੱਡਦਾ। ਮੱਗ ਦੀ ਬਾਹਰ ਦੀ ਸਫ਼ੈਦ ਪਾਲਸ਼ ਕਈ ਥਾਵਾਂ ਤੋਂ ਉਖੜ ਗਈ ਸੀ ਅਤੇ ਅੰਦਰ ਵਾਲਾ ਹਿੱਸਾ ਚਾਹ ਦੇ ਰੰਗ ਦੀਆਂ ਪਰਤਾਂ ਚੜ੍ਹਨ ਨਾਲ ਬਿਲਕੁਲ ਕਾਲਾ ਹੋ ਗਿਆ ਸੀ। ਜੇਲ੍ਹ ਦੇ ਅਧਿਕਾਰੀ, ਜਿਸ ਤਰ੍ਹਾਂ ਉਸਦੀ ਕੋਠੜੀ ਹੋਰ ਕਿਸੇ ਨੂੰ ਨਹੀਂ ਦਿੰਦੇ ਸੀ, ਉਸੇ ਤਰ੍ਹਾਂ ਉਸ ਮੱਗ ਨੂੰ ਵੀ ਕੋਠੜੀ ਵਿਚ ਉਸ ਲਈ ਛੱਡ ਦਿੰਦੇ ਸਨ। ਜੇਕਰ ਕਦੇ ਕੋਈ ਉਸਨੂੰ ਨਵਾਂ ਮੱਗ ਦੇਣ ਦੀ ਕੋਸ਼ਿਸ਼ ਕਰਦਾ ਤਾਂ ਟਾਮੀ ਇਹ ਕਹਿ ਕੇ ਮਨ੍ਹਾ ਕਰ ਦਿੰਦਾ ਕਿ ਇਹ ਮੇਰੀ ਜੇਲ੍ਹ ਦੀ ਜ਼ਿੰਦਗੀ ਦਾ ਵਫ਼ਾਦਾਰ ਸਾਥੀ ਹੈ ਅਤੇ ਮੈਂ ਇਸਨੂੰ ਹਜ਼ਾਰਾਂ ਵਾਰ ਬੁੱਲ੍ਹਾਂ ਨਾਲ ਲਾਇਆ ਹੈ, ਹਜ਼ਾਰਾਂ ਵਾਰ ਇਸ ਨੇ ਮੇਰੇ ਬੁੱਲ੍ਹਾਂ ਨੂੰ ਗਰਮ ਕੀਤਾ ਹੈ। ਜਦੋਂ ਇਹ ਨਵਾਂ ਸੀ ਤਾਂ ਇਸਦੀ ਚਮਕ ਦੇਖ ਕੇ ਲੋਕਾਂ ਦੇ ਹੱਥ ਅਪਣੇ-ਆਪ ਇਸ ਵੱਲ ਵਧਦੇ ਸਨ। ਉਸ ਵੇਲੇ ਜੇਕਰ ਇਹ ਚਾਹੁੰਦਾ ਤਾਂ ਦਸਤਰਖਾਨਿਆਂ ਉੱਤੇ ਬੈਠ ਸਕਦਾ ਸੀ, ਫੁੱਲਦਾਰ ਮੇਜ਼ਪੋਸ਼ਾਂ ਨਾਲ ਢਕੀਆਂ ਮੇਜ਼ਾਂ ਦੀ ਖ਼ੂਬਸੂਰਤੀ ਵਧਾ ਸਕਦਾ ਸੀ। ਜਦੋਂ ਮੈਂ ਇਸ ਨੂੰ ਪਹਿਲਾਂ-ਪਹਿਲਾਂ ਪਸੰਦ ਕੀਤਾ ਸੀ ਤਾਂ ਇਸ ਦੇ ਦੂਸਰੇ ਚਾਹੁਣ ਵਾਲੇ ਮੇਰੇ ਖ਼ਿਲਾਫ਼ ਕਾਫ਼ੀ ਭੜਕੇ ਸੀ। ਫੇਰ ਕੁਝ ਦਿਨ ਦੇ ਇਸਦੇ ਅਤੇ ਮੇਰੇ ਸਾਥ ਨੇ ਇਸ ਨੂੰ ਦੂਸਰਿਆਂ ਵਿਚਾਲੇ ਨਫ਼ਰਤ ਦੀ ਚੀਜ਼ ਬਣਾ ਦਿੱਤਾ ਅਤੇ ਜਦੋਂ ਮੇਰੇ ਕਾਰਨ ਦੂਜੇ ਲੋਕ ਇਸ ਨੂੰ ਦੇਖਕੇ ਨੱਕ ਚੜ੍ਹਾਉਣ ਲੱਗੇ ਹਨ ਤਾਂ ਕੀ ਮੈਂ ਇਸ ਨੂੰ ਅਪਣੇ ਤੋਂ ਸਿਰਫ ਇਸ ਲਈ ਵੱਖ ਕਰ ਦਿਆਂ ਕਿ ਵਕਤ ਨੇ ਇਸ ਨੂੰ ਮੇਰੇ ਵਾਂਗ ਬਦਸੂਰਤ ਬਣਾ ਦਿੱਤਾ ਹੈ।

ਟਾਮੀ ਨੂੰ ਕਦੀ ਕਿਸੇ ਨਹਾਉਂਦੇ ਵੀ ਨਹੀਂ ਸੀ ਦੇਖਿਆ। ਉਸਦੇ ਸਰੀਰ 'ਚੋਂ ਇਕ ਅਜੀਬ ਤਰ੍ਹਾਂ ਦੀ ਬਦਬੂ ਆਉਂਦੀ ਰਹਿੰਦੀ ਸੀ, ਜੋ ਗਰਮੀਆਂ ਵਿਚ ਏਨੀ ਵਧ ਜਾਂਦੀ ਸੀ ਕਿ ਕਦੇ-ਕਦੇ ਉਸ ਕੋਲੋਂ ਲੰਘਣ ਵੇਲੇ ਥੋੜ੍ਹੀ ਦੇਰ ਸਾਹ ਰੋਕਣਾ ਪੈਂਦਾ ਸੀ।

ਉਸ ਕੋਲ ਖ਼ੂਬਸੂਰਤ ਫਰੇਮ ਵਿਚ ਸਜੀ ਈਸਾ-ਮਸੀਹ ਦੀ ਇਕ ਫੋਟੋ ਸੀ ਜਿਸਦੇ ਪਿੱਛੇ ਉਸਨੇ ਕਿਸੇ ਲੜਕੀ ਦਾ ਫੋਟੋ ਸ਼ੀਸ਼ੇ ਨਾਲ ਜੁੜਵਾ ਲਿਆ ਸੀ। ਉਹ ਤਸਵੀਰ ਉਸਦੇ ਬਿਸਤਰੇ ਕੋਲ ਮੇਜ਼ ਉਪਰ ਦੀਵਾਰ ਦੇ ਸਹਾਰੇ ਟਿਕੀ ਰਹਿੰਦੀ ਅਤੇ ਜਦੋਂ ਟਾਮੀ ਕਮਰੇ ਵਿਚ ਰਹਿੰਦਾ ਤਦ ਤੱਕ ਈਸਾ-ਮਸੀਹ ਦੀਵਾਰ ਵੱਲ ਚਲੇ ਜਾਂਦੇ ਅਤੇ ਹੁਸੀਨ ਲੜਕੀ ਸਾਹਮਣੇ ਮੁਸਕਰਾਉਂਦੀ ਰਹਿੰਦੀ ਅਤੇ ਜਦੋਂ ਉਹ ਕਮਰੇ ਤੋਂ ਬਾਹਰ ਜਾਣ ਲੱਗਦਾ ਤਾਂ ਲੜਕੀ ਦੀਵਾਰ ਵੱਲ ਚਲੀ ਜਾਂਦੀ ਅਤੇ ਈਸਾ-ਮਸੀਹ ਸਾਹਮਣੇ ਹੋ ਜਾਂਦੇ-ਜਿਵੇਂ ਟਾਮੀ ਦੀ ਗ਼ੈਰ-ਹਾਜ਼ਰੀ ਵਿਚ ਲੜਕੀ ਉੱਤੇ ਪਹਿਰਾ ਦੇ ਰਹੇ ਹੋਣ।

ਨਿੱਜੀ ਸੰਪਤੀ ਦੇ ਨਾਂ ਉੱਤੇ ਟਾਮੀ ਕੋਲ ਉਹ ਤਸਵੀਰ ਹੀ ਰਹਿ ਗਈ ਸੀ, ਜਿਸ ਨੂੰ ਉਸ ਨੇ ਕਿਸੇ ਵੀ ਵੇਲੇ ਵੱਖ ਨਹੀਂ ਹੋਣ ਦਿੱਤਾ ਸੀ- ਨਾ ਚੋਰੀ ਲਈ ਜਾਂਦੇ ਹੋਏ, ਨਾ ਅਦਾਲਤ ਵਿਚ, ਨਾ ਜੇਲ੍ਹ ਵਿਚ। ਅਸਲ ਵਿਚ ਟਾਮੀ ਦੇ ਨਜ਼ਦੀਕ ਈਸਾ-ਮਸੀਹ ਦੀ ਤਸਵੀਰ ਦਾ ਓਨਾ ਹੀ ਮੁੱਲ ਸੀ ਜਿੰਨਾ ਲੜਕੀ ਦੀ ਫੋਟੋ ਦਾ। ਈਸਾ ਮਸੀਹ ਤਾਂ ਲੜਕੀ ਲਈ ਸਿਰਫ ਸਹਾਰਾ ਸੀ ਕਿ ਕੋਈ ਅਧਿਕਾਰੀ ਟਾਮੀ ਕੋਲੋਂ ਉਸ ਨੂੰ ਨਾ ਲੈ ਸਕੇ।

ਆਮ ਤੌਰ 'ਤੇ ਲੋਕ ਟਾਮੀ ਦੇ ਕਮਰੇ ਵਿਚ ਬਹੁਤ ਘੱਟ ਜਾਂਦੇ ਸੀ- ਜਾਂਦਾ ਵੀ ਕੌਣ ਉਸ ਗੰਦੇ ਅਤੇ ਬਦਬੂਦਾਰ ਕਮਰੇ ਵਿਚ। ਪਰ ਇਕ ਦਿਨ ਜਦੋਂ ਉਸ ਦਾ ਗਵਾਂਢੀ ਕੈਦੀ ਕਿਸੇ ਕੰਮ ਲਈ ਉਸਦੇ ਕਮਰੇ ਵਿਚ ਵੜਿਆ ਤਾਂ ਈਸਾ-ਮਸੀਹ ਦੀ ਥਾਂ ਲੜਕੀ ਨੂੰ ਦੇਖ ਕੇ ਹੈਰਾਨ ਹੋ ਗਿਆ। ਉਸ ਨੇ ਸੋਚਿਆ ਸ਼ਾਇਦ ਟਾਮੀ ਨੇ ਈਸਾ-ਮਸੀਹ ਦੀ ਫੋਟੋ ਕੱਢ ਕੇ ਉਸ ਦੀ ਥਾਂ ਹੁਸੀਨ ਲੜਕੀ ਨੂੰ ਦੇ ਦਿੱਤੀ ਹੈ। ਉਹ ਵਿਅੰਗ ਵਿਚ ਕੁਝ ਕਹਿਣਾ ਚਾਹੁੰਦਾ ਸੀ ਪਰ ਟਾਮੀ ਦਾ ਗੰਭੀਰ ਅਤੇ ਉਦਾਸ ਚਿਹਰਾ ਦੇਖ ਕੇ ਚੁੱਪ ਹੋ ਗਿਆ। ਟਾਮੀ ਉਸ ਵੇਲੇ ਤਸਵੀਰ ਉੱਤੇ ਫੁੱਲ ਚੜ੍ਹਾ ਰਿਹਾ ਸੀ।

''ਇਹ ਕਿਸ ਦੀ ਫੋਟੋ ਹੈ ਟਾਮੀ'', ਸਟੂਲ ਖਿੱਚਦੇ ਹੋਏ ਉਸ ਦੇ ਗਵਾਂਢੀ ਨੇ ਪੁੱਛਿਆ।

ਸਵਾਲ ਸੁਣ ਕੇ ਉਸਦੀ ਉਦਾਸੀ ਹੋਰ ਵੀ ਡੂੰਘੀ ਹੋ ਗਈ ਅਤੇ ਉਹ ਦੀਵਾਰ ਦਾ ਸਹਾਰਾ ਲੈ ਕੇ ਬੈਠ ਗਿਆ। ਬਿਸਤਰੇ ਜਾਂ ਕੁਰਸੀ ਉੱਤੇ ਬੈਠਣ ਦੀ ਬਜਾਏ ਉਹ ਇਸ ਤਰ੍ਹਾਂ ਜ਼ਮੀਨ ਉੱਤੇ ਬੈਠਣਾ ਜ਼ਿਆਦਾ ਪਸੰਦ ਕਰਦਾ ਸੀ। ਜਦੋਂ ਉਹ ਕਾਫ਼ੀ ਦੇਰ ਤੱਕ ਨਾ ਬੋਲਿਆ ਤਾਂ ਗਵਾਂਢੀ ਨੇ, ਜੋ ਹੁਣ ਵੀ ਸਟੂਲ ਉੱਤੇ ਉਸੇ ਤਰ੍ਹਾਂ ਬੈਠਾ ਸੀ, ਉਸਦਾ ਨਾਂ ਲੈ ਕੇ ਫੇਰ ਬੁਲਾਇਆ। ਅਪਣਾ ਨਾਂ ਸੁਣ ਕੇ ਟਾਮੀ ਇਉਂ ਤ੍ਰਬਕ ਗਿਆ ਜਿਵੇਂ ਕਿਸੇ ਨੇ ਉਸ ਨੂੰ ਨੀਂਦ ਤੋਂ ਜਗਾਇਆ ਹੋਵੇ। ਉਸਨੇ ਗਵਾਂਢੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗਹੁ ਨਾਲ ਵੇਖਿਆ, ਕੁਝ ਦੇਰ ਚੁੱਪ ਰਿਹਾ ਫੇਰ ਹੌਲੀ ਜਿਹੇ ਬੋਲਿਆ, ''ਇਹ ਮੇਰੀ ਜੇਨੀ ਹੈ। ਸਮਾਜ ਨੇ ਬੜੀ ਕਠੋਰਤਾ ਨਾਲ ਅਜਿਹੇ ਵੇਲੇ ਮੈਨੂੰ ਇਸ ਕੋਲੋਂ ਵੱਖ ਕਰ ਦਿੱਤਾ ਸੀ ਜਦੋਂ ਉਹ ਅਪਣੇ ਆਪ ਪਾਣੀ ਚੁੱਕ ਕੇ ਵੀ ਨਹੀਂ ਪੀ ਸਕਦੀ ਸੀ। ਉਹਨਾਂ ਮੈਨੂੰ ਉਸਦੀ ਕਬਰ ਉੱਤੇ ਮਿੱਟੀ ਪਾਉਣ ਦਾ ਮੌਕਾ ਵੀ ਨਹੀਂ ਦਿੱਤਾ। ਉਸ ਵੇਲੇ ਦਿਲ ਕੀਤਾ ਸੀ ਕਿ ਜ਼ਹਿਰ ਖਾ ਕੇ ਮੈਂ ਵੀ ਉਸ ਕੋਲ ਚਲਾ ਜਾਵਾਂ। ਪਰ ਬਚਪਨ ਵਿਚ ਪਾਦਰੀਆਂ ਤੋਂ ਸੁਣਿਆ ਸੀ ਕਿ ਖ਼ੁਦਕੁਸ਼ੀ ਪਾਪ ਹੈ ਅਤੇ ਖ਼ੁਦਕੁਸ਼ੀ ਕਰਨ ਵਾਲਿਆਂ ਨੂੰ ਰੱਬ ਨਰਕ ਵਿਚ ਹੀ ਥਾਂ ਦਿੰਦਾ ਹੈ ਅਤੇ ਜੇਨੀ ਗਈ ਹੋਵੇਗੀ ਸਵਰਗ ਵਿਚ। ਇਹੀ ਸੋਚ ਕੇ ਮੈਂ ਜ਼ਹਿਰ ਨਹੀਂ ਖਾਧਾ। ਫੇਰ ਕੁਝ ਰੁਕ ਕੇ ਬੋਲਿਆ, ਜੇਨੀ ਨੂੰ ਗੁਆ ਕੇ ਵੀ ਮੈਂ ਸਮਾਜ ਵਿਚ ਕੰਮ ਦਾ ਆਦਮੀ ਬਣ ਸਕਦਾ ਸੀ। ਬਣਨਾ ਵੀ ਚਾਹੁੰਦਾ ਸੀ ਪਰ ਜਦੋਂ ਮੈਂ ਪਹਿਲੀ ਸਜ਼ਾ ਕੱਟ ਕੇ ਜੇਲ੍ਹ ਤੋਂ ਰਿਹਾਅ ਹੋਇਆ ਤਾਂ ਮੈਂ ਦੇਖਿਆ ਕਿ ਤਦ ਸਮਾਜ ਨੂੰ ਮੇਰੀ ਜ਼ਰੂਰਤ ਨਹੀਂ ਸੀ ਰਹੀ ਕਿਉਂਕਿ ਉਸ ਦੀ ਨਜ਼ਰ ਵਿਚ ਮੈਂ ਦਾਗੀ ਹੋ ਗਿਆ ਸੀ। ਮੈਂ ਚੋਰ ਨਹੀਂ ਸੀ। ਫੇਰ ਵੀ ਮੇਰੇ ਦੋਸਤਾਂ ਅਤੇ ਨਜ਼ਦੀਕੀਆਂ ਨੇ ਮੈਨੂੰ ਦੇਖ ਕੇ ਮੂੰਹ ਫੇਰ ਲਿਆ। ਮੈਨੂੰ ਲੱਗਾ ਜਿਵੇਂ ਹਰ ਕੋਈ ਮੇਰੇ ਹੀ ਵੱਲ ਘੂਰ ਰਿਹਾ ਹੈ ਅਤੇ ਜਦੋਂ ਮੈਂ ਉਸ ਵੱਲ ਵੇਖਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਉਹ ਮੂੰਹ ਫੇਰ ਲੈਂਦਾ ਹੈ। ਮੈਂ ਹੋਟਲ ਵਿਚ ਖਾਣਾ ਖਾਣ ਬੈਠਾ ਤਾਂ ਇਉਂ ਲੱਗਾ ਜਿਵੇਂ ਬੈਰੇ ਤੋਂ ਲੈ ਕੇ ਦੂਜੇ ਖਾਣ ਵਾਲੇ ਸਾਰੇ ਮੇਰੇ ਵੱਲ ਦੇਖ ਰਹੇ ਸਨ। ਮੈਂ ਜਿਸ ਕਿਸੇ ਨੂੰ ਆਪਸ ਵਿਚ ਹੌਲੀ ਜਿਹੀ ਗੱਲ ਕਰਦੇ ਦੇਖਦਾ ਹਾਂ ਤਾਂ ਲੱਗਦਾ ਹੈ ਕਿ ਉਹ ਮੇਰੇ ਬਾਰੇ ਹੀ ਗੱਲਾਂ ਕਰ ਰਹੇ ਹਨ- ਜਿਵੇਂ ਇਕ-ਦੂਜੇ ਤੋਂ ਪੁੱਛ ਰਹੇ ਹੋਣ, ''ਤੂੰ ਚੋਰ ਦੇਖਿਆ'' ਉਸ ਮਾਹੌਲ ਵਿਚ ਜਦੋਂ ਰੋਟੀ ਦੀ ਹਰੇਕ ਬੁਰਕੀ ਮੇਰੇ ਗਲ ਵਿਚ ਅੜਨ ਲੱਗੀ ਤਾਂ ਮੈਂ ਰੋਟੀ ਛੱਡ ਕੇ ਉੱਠ ਗਿਆ।

ਸਾਹਮਣਿਓਂ ਮੇਰਾ ਇਕ ਨੇੜਲਾ ਲੰਘ ਰਿਹਾ ਸੀ, ਉਸਨੂੰ ਦੇਖ ਕੇ ਮੈਂ ਰੁਕ ਗਿਆ। ਜੇਨੀ ਦੀ ਹਮਦਰਦੀ ਦੇ ਦੋ ਸ਼ਬਦ ਕਹਿਣ ਦੀ ਬਜਾਏ ਉਸਨੇ ਚੋਰੀ ਲਈ ਮੈਨੂੰ ਫਟਕਾਰਨਾ ਸ਼ੁਰੂ ਕਰ ਦਿੱਤਾ। ਮੇਰੇ ਚਿੱਤ ਵਿਚ ਆਇਆ ਕਿ ਉਸ ਦੇ ਮੂੰਹ ਉੱਤੇ ਥੁੱਕ ਦਿਆਂ। ਪਰ ਇਸ ਤਰ੍ਹਾਂ ਨਾ ਕਰਕੇ ਮੈਂ ਉਸ ਤੋਂ ਦੂਰ ਹੋਣਾ ਠੀਕ ਸਮਝਿਆ। ਉਸ ਨੂੰ ਬਕਵਾਸ ਕਰਦਾ ਛੱਡ ਕੇ ਮੈਂ ਨਾਲ ਲੱਗਦੇ ਇਕ ਪਾਰਕ ਵਿਚ ਚਲਾ ਗਿਆ।

ਪਾਰਕ ਵਿਚ ਕੁਝ ਦੇਰ ਚੁੱਪਚਾਪ ਬੈਠਾ ਰਹਿਣ ਤੋਂ ਬਾਅਦ ਦੋਸਤਾਂ ਅਤੇ ਨੇੜਲਿਆਂ ਦੇ ਘੂਰਦੇ ਚਿਹਰੇ ਫੇਰ ਮੈਨੂੰ ਘੂਰਨ ਲੱਗੇ। ਮੈਨੂੰ ਲੱਗਾ ਜਿਵੇਂ ਪਾਰਕ ਦੇ ਹਰੇਕ ਦਰੱਖ਼ਤ ਅਤੇ ਹਰੇਕ ਝਾੜੀ ਦੀ ਓਟ ਲੈ ਕੇ ਲੋਕ ਮੈਨੂੰ ਹੀ ਘੂਰ ਰਹੇ ਹਨ। ਹਰੇਕ ਦਰੱਖ਼ਤ ਦਾ ਹਰੇਕ ਪੱਤਾ ਹਵਾ ਦੇ ਹਰ ਬੁੱਲੇ ਨਾਲ ਫੁਸਫੁਸਾ ਕੇ ਕਹਿ ਰਿਹਾ ਹੋਵੇ, 'ਉਹ ਵੇਖ ਚੋਰ'। ਮੈਂ ਪਾਰਕ ਵਿਚੋਂ ਉਠ ਕੇ ਅਪਣੇ ਕਮਰੇ ਵਿਚ ਚਲਾ ਗਿਆ- ਉਹੀ ਕਮਰਾ ਜਿਸ ਵਿਚ ਮੈਂ ਜੇਨੀ ਨੂੰ ਬੇਸਹਾਰਾ ਹਾਲਤ ਵਿਚ ਇਹ ਕਹਿ ਕੇ ਛੱਡ ਆਇਆ ਸੀ ਕਿ ਮੈਂ ਹੁਣੇ ਆਉਂਦਾ ਹਾਂ। ਪਰ ਉਸ ਦਿਨ ਮੇਰਾ ਉਹ ਕਮਰਾ ਵੀ ਸਮਾਜ ਦੇ ਠੇਕੇਦਾਰਾਂ ਦੀਆਂ ਘੂਰਦੀਆਂ ਨਜ਼ਰਾਂ ਨੂੰ ਆਸਰਾ ਨਾ ਦੇ ਸਕਿਆ। ਤਦ ਮੈਂ ਮੇਜ਼ ਦੀ ਦਰਾਜ਼ ਵਿਚੋਂ ਜੇਨੀ ਦਾ ਇਹ ਫੋਟੋ ਕੱਢਿਆ। ਜੇਨੀ ਮੈਨੂੰ ਦੇਖਦਿਆ ਹੀ ਹੱਸ ਪਈ, ਠੀਕ ਉਵੇਂ ਹੀ ਜਿਵੇਂ ਅੱਜ ਹੱਸ ਰਹੀ ਹੈ। ਉਸ ਦਿਨ ਜੇਨੀ ਨੂੰ ਸਾਹਮਣੇ ਬੈਠਾ ਕੇ ਮੈਂ ਬਹੁਤ ਰੋਇਆ ਸੀ ਮੈਂ ਚੋਰ ਨਹੀਂ ਹਾਂ ਜੇਨੀ, ਉਸ ਦੀਆਂ ਗੱਲਾਂ ਉੱਤੇ ਗੱਲਾਂ ਰੱਖ ਕੇ ਮੈਂ ਕਿਹਾ ਸੀ ਅਤੇ ਜੇਨੀ ਨੇ ਇਸੇ ਤਰ੍ਹਾਂ ਹੱਸਦੇ-ਹੱਸਦੇ ਕਿਹਾ ਸੀ, ''ਕੌਣ ਕਹਿੰਦਾ ਤੂੰ ਚੋਰ ਹੈਂ?'' ਫੇਰ ਮੇਰੀ ਇਹ ਜੇਲ੍ਹ ਦੀ ਕੋਠੜੀ ਮੈਨੂੰ ਅਪਣੇ ਵੱਲ ਖਿੱਚਦੀ ਲੱਗੀ ਅਤੇ ਮੈਂ ਜੇਨੀ ਨੂੰ ਲੈ ਕੇ ਫੇਰ ਇਥੇ ਆ ਗਿਆ।

ਉਦੋਂ ਤੋਂ ਮੈਂ ਇਸ ਕੋਠੜੀ ਨੂੰ ਅਪਣਾ ਘਰ ਬਣਾ ਲਿਆ। ਮੈਂ ਜਿੰਨੀ ਵਾਰ ਇੱਥੇ ਆਇਆ ਹਾਂ ਓਨੀ ਵਾਰ ਇਸ ਕੋਠੜੀ ਨੇ ਮੇਰੇ ਸਮਾਜ ਵਲੋਂ ਨਕਾਰੇ ਅਤੇ ਗੰਦੇ ਤੇ ਬਦਸੂਰਤ ਸਰੀਰ ਨੂੰ ਅਪਣੀ ਗੋਦ ਵਿਚ ਉਸੇ ਤਰ੍ਹਾਂ ਸਹਾਰਾ ਦਿੱਤਾ ਹੈ ਜਿਵੇਂ ਮਾਂ ਚਿੱਕੜ ਵਿਚ ਲਿਬੜੇ ਅਪਣੇ ਬੱਚੇ ਨੂੰ ਬਿਨਾਂ ਝਿਜਕ ਦੇ ਅਪਣੀ ਗੋਦ ਵਿਚ ਲੁਕਾ ਲੈਂਦੀ ਹੈ। ਈਸਾ-ਮਸੀਹ ਕਹਿੰਦੇ ਹਨ, ਤੂੰ ਦੋਸ਼ੀ ਨਹੀਂ, ਜੇਨੀ ਕਹਿੰਦੀ ਹੈ ਤੂੰ ਚੋਰ ਨਹੀਂ, ਮੇਰੀ ਇਹ ਕੋਠੜੀ ਕਹਿੰਦੀ ਹੈ ਤੂੰ ਗੰਦਾ ਨਹੀਂ, ਇਹ ਬੁੱਢਾ ਮਗ ਕਹਿੰਦਾ ਹੈ ਤੂੰ ਬੇਵਫ਼ਾ ਨਹੀਂ ਅਤੇ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਚਾਰਾਂ ਤੋਂ ਵੱਖਰੀ ਮੇਰੀ ਕੋਈ ਦੁਨੀਆਂ ਨਹੀਂ ਹੈ।

''ਤੇ ਤੇਰਾ ਇਹ ਗਾਂਜਾ ਚਰਸ'' ਸਾਹਮਣੇ ਬੈਠੇ ਕੈਦੀ ਨੇ ਪੁੱਛਿਆ। ''ਇਹ ਤਾਂ ਦੁੱਖ ਭਲਾਉਣ ਦਾ ਇਕ ਜ਼ਰੀਆ ਹੈ ਦੋਸਤ। ਵੈਸੇ ਮੈਂ ਨਸ਼ਈ ਵੀ ਨਹੀਂ ਸੀ।'' ਇਹ ਕਹਿ ਕੇ ਟਾਮੀ ਖੜ੍ਹਾ ਹੋ ਗਿਆ। ਗਵਾਂਢੀ ਨੇ ਅੱਗੇ ਵਧ ਕੇ ਉਸ ਦੇ ਬਦਬੂਦਾਰ ਜਿਸਮ ਨੂੰ ਅਪਣੇ ਕਲਾਵੇ ਵਿਚ ਲੈ ਲਿਆ। ''ਤੂੰ ਚੋਰ ਨਹੀਂ ਸਾਧਕ ਹੈਂ ਟਾਮੀ।'' ਕਹਿੰਦੇ ਹੋਏ ਉਸਨੇ ਉਸਦਾ ਮੂੰਹ ਚੁੰਮ ਲਿਆ।

''ਚੱਲ ਬਾਹਰ ਚੱਲੀਏ'' ਕਹਿ ਕੇ ਟਾਮੀ ਨੇ ਉਲਟੇ ਹੱਥ ਨਾਲ ਦੋਵੇਂ ਅੱਖਾਂ ਪੂੰਝੀਆਂ। ਜੇਨੀ ਦੀਵਾਰ ਵੱਲ ਚਲੀ ਗਈ, ਈਸਾ-ਮਸੀਹ ਸਾਹਮਣੇ ਆ ਕੇ ਉਸ ਉੱਤੇ ਪਹਿਰਾ ਦੇਣ ਲੱਗੇ ਅਤੇ ਟਾਮੀ ਸਾਹਮਣੇ ਵਾਲੇ ਨਲਕੇ ਉੱਤੇ ਠੰਡੇ ਪਾਣੀ ਨਾਲ ਅਪਣੀਆਂ ਅੱਖਾਂ ਵਿਚ ਛਿੱਟੇ ਮਾਰਨ ਲੱਗਾ।

# ਬਾਰ੍ਹੀਂ ਵਰ੍ਹੀਏਂ ਸ਼ਾਮ ਆਇਆ

ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਪਿੰਡ ਸੱਜਣਾਂ ਦੀ ਛਿੰਨੋ। ਸਿਰ ਖਿਲਰਿਆ। ਘਰ ਵਾਲੇ ਕੱਪੜੇ ਪਾਏ ਹੋਏ। ਸਲਵਾਰ ਦਾ ਇਕ ਪਹੁੰਚਾ ਉਤਾਂਹ ਚੁੱਕਿਆ ਹੋਇਆ। ਸਾਰੇ ਚਿਹਰੇ 'ਤੇ ਸਿਆਹੀਆਂ। ਬੋਲਣ ਦੀ ਕੋੜੀ। ਘਰੋਂ ਖੜੀ ਹੋ ਕੇ ਬਾਹਰ ਖੇਲ੍ਹਣ ਗਏ ਨਿਆਣਿਆਂ ਨੂੰ ਆਵਾਜ਼ ਮਾਰਦੀ ਤਾਂ ਸਾਰੇ ਪਿੰਡ ਵਿਚ ਉਸਦੀ ਫਟੀ ਆਵਾਜ਼ ਗੂੰਜਦੀ। ਲੜਾਕੀ ਪੂਰੀ। ਹਰ ਕੋਈ ਉਸ ਤੋਂ ਡਰਦਾ।

ਪਰ ਉਸਦੇ ਇਕ ਪੱਖ ਦਾ ਮੈਨੂੰ ਪਤਾ ਸੀ। ਉਹ ਇਹ ਕਿ ਉਸਨੂੰ ਕੁਝ ਕੁ ਗੀਤ ਅਜਿਹੇ ਯਾਦ ਸਨ ਜੋ ਕਿਸੇ ਹੋਰ ਨੂੰ ਯਾਦ ਨਹੀਂ ਸਨ ਪਰ ਉਸਤੋਂ ਇਹ ਗੀਤ ਗੁਆਉਣੇ ਸੌਖਾ ਕੰਮ ਨਹੀਂ ਸੀ। ਖਾਸ ਤੌਰ 'ਤੇ ਇਕੱਲਿਆਂ। ਕਿਸੇ ਵਿਆਹ ਦੇ ਸਮੂਹ ਵਿਚ ਉਹ ਗਿੱਧੇ ਦਾ ਪਿੜ ਮੱਲ ਲੈਂਦੀ ਪਰ ਮੇਰਾ ਤਜਰਬਾ ਇਹ ਸੀ ਕਿ ਅਜਿਹੇ ਸਾਮੂਹਿਕ ਮੌਕਿਆਂ 'ਤੇ ਆਮ ਪ੍ਰਚੱਲਿਤ ਗੀਤ ਹੀ ਗਾਏ ਜਾਂਦੇ ਸਨ। ਫਿਰ ਰੌਲੇ ਗੌਲੇ ਵਿਚ ਰਿਕਾਰਡ ਕੀਤੇ ਗੀਤਾਂ ਨੂੰ ਉਤਾਰਨ ਸਮੇਂ ਬਹੁਤ ਦਿੱਕਤ ਆਉਂਦੀ। ਇਸ ਲਈ ਇਕੱਲੇ ਬੈਠ ਕੇ ਹੀ ਇਹਨਾਂ ਦੀ ਰਿਕਾਰਡਿੰਗ ਵਧੀਆ ਹੁੰਦੀ ਹੈ।

ਇਕ ਵਾਰੀ ਪਿੰਡ ਵਿਚ ਵਿਆਹ ਸੀ। ਛਿੰਨੋ ਸਮੂਹ ਵਿਚ ਵੜਕੇ ਸਾਂਗ ਉਤਾਰ ਰਹੀ ਸੀ ਤੇ ਸਾਰਿਆਂ ਦੇ ਢਿੱਡੀਂ ਪੀੜਾਂ ਪਾ ਰਹੀ ਸੀ। ਮੈਂ ਉਸਦੇ ਇਕ ਗੀਤ ਨੂੰ ਟੇਪ ਕਰ ਲਿਆ। ਜਦੋਂ ਉਹ ਫੁਰਸਤ ਵਿਚ ਲਾਂਭੇ ਹੋ ਕੇ ਬੈਠੀ ਤਾਂ ਮੈਂ ਜਾ ਫੜਿਆ। ਮੈਂ ਕਿਹਾ, ''ਭਾਬੀ ਤੈਨੂੰ ਏਨੇ ਗੀਤ ਆਉਂਦੇ ਐ। ਮੈਨੂੰ ਵੀ ਸੁਣਾ ਛੱਡ।'' ਕਹਿਣ ਲੱਗੀ, ''ਕਰਮ ਸਿਆਂ ਕਿਉਂ ਮਸ਼ਕਰੀਆਂ ਕਰਦੈਂ। ਮੇਰੀ ਬਾਂਸ ਵਰਗੀ ਪਾਟੀ ਆਵਾਜ਼ ਗਾਉਣ ਵਾਲੀ ਹੈ ਸਹੀ।'' ਮੈਂ ਅਗਾਉਂ ਬੋਲਿਆ, ''ਨਾ ਹੁਣੇ ਤਾਂ ਤੂੰ ਧਮੱਚੜਾਂ ਪਾਉਣ ਡਈ ਸੀ।'' ''ਓ ਛੱਡ ਤੂੰ ਇਹੋ ਜਿਹੀ ਖੱਪ ਦਾ ਕੀਆ, ਗਾਉਣ ਮੇਰੇ ਵੱਸ ਦਾ ਨਹੀਂ'' ਮੈਂ ਟੇਪ ਲਾਉਂਦਿਆਂ ਕਿਹਾ, ''ਦੇਖ ਖਾ ਕਿੰਨਾ ਵਧੀਆਂ ਗਿੱਧੇ ਦਾ ਗੀਤ ਤੂੰ ਗਾਇਆ। ਹੁਣ ਮੁਕਰਦੀ ਆ।'' ਉਹ ਅਪਣੇ ਹੀ ਗਾਏ ਗੀਤ ਨੂੰ ਸੁਣਨ ਲੱਗੀ ਤੇ ਹੱਸ ਹੱਸ ਦੂਹਰੀ ਹੋਈ ਜਾਵੇ। ਇਹ ਵੀ ਉਸਦਾ ਤਰੀਕਾ ਸੀ। ਉਸਨੇ ਅਪਣਾ ਗੀਤ ਤਿੰਨ ਚਾਰ ਵਾਰ ਸੁਣਿਆ ਜਿਸ ਤੋਂ ਮੈਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਅਗਲੇ ਗੀਤ ਮੇਰੇ ਤੱਕ ਪਹੁੰਚਣ ਹੀ ਵਾਲੇ ਹਨ। ਮੈਂ ਥੋੜ੍ਹਾ ਜਿਹਾ ਹੋਰ ਮੱਖਣ ਲਾਇਆ ਤਾਂ ਉਹ ਤਿਆਰ ਹੋ ਗਈ ਗਾਉਣ ਲਈ? ਹਰ ਗੀਤ ਪਿੱਛੋਂ ਮੈਂ ਉਸਨੂੰ ਸੁਣਾ ਵੀ ਦਿੰਦਾ। ਹੁਣ ਉਹ ਅਪਣੀ ਹੀ ਆਵਾਜ਼ ਤੋਂ ਮੋਹਿਤ ਹੋਈ ਗੀਤ ਸੁਣਾ ਰਹੀ ਸੀ। ਸਭ ਤੋਂ ਵਧੀਆ ਦੋ ਗੀਤ ਸਨ। ਇਕ ਸ਼ਿਵ ਪਾਰਬਤੀ ਬਾਰੇ। ਇਹ ਮੇਰੇ ਲਈ ਵਿਸ਼ੇਸ਼ ਲੱਭਤ ਸੀ। ਦੂਸਰਾ ਸੀ 'ਬਾਰ੍ਹੀਂ ਵਰ੍ਹੀਏਂ ਘਰ ਸ਼ਾਮ ਆਇਆ' ਗੁਦੜੀ 'ਚੋਂ ਲੱਭਾ ਇਹ ਲਾਲ ਹੀ ਮੈਂ ਇੱਥੇ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ।

ਇਹ ਗੀਤ ਇਕ ਛੋਟੀ ਜਿਹੀ ਕਹਾਣੀ ਪਾਉਂਦਾ ਹੈ। ਬਿਰਤਾਂਤ ਕਾਵਿ ਦਾ ਨਮੂਨਾ। ਇਸਦੀਆਂ ਪਹਿਲੀਆਂ ਪੰਗਤੀਆਂ ਵੱਡੇ ਤੋਂ ਵੱਡੇ ਸ਼ਾਇਰ ਨੂੰ ਵੀ ਕੀਲਣ ਦੀ ਸਮਰੱਥਾ ਰੱਖਦੀਆਂ ਹਨ।

ਚੁਣ ਚੁਣ ਮੋਤੀ ਦਾਲ ਰਿੰਨ੍ਹਾਂ ਨੀ ਮੈਂ
ਲੌਂਗਾਂ ਦਾ ਤੁੜਕਾ ਮੈਂ ਲਾਵਾਂ
ਬਾਰ੍ਹੀਂ ਵਰ੍ਹੀਏਂ ਘਰ ਸ਼ਾਮ ਆਇਆ
ਕੱਢ ਕਲੇਜਾ ਆਟਾ ਗੁੰਨ੍ਹਾਂ ਨੀ ਮੈਂ
ਦਿਲ ਦਾ ਤੰਦੂਰ ਤਪਾਵਾਂ
ਬਾਰ੍ਹੀਂ ਵਰ੍ਹੀਏਂ ਘਰ ਸ਼ਾਮ ਆਇਆ।

ਬਾਰਾਂ ਸਾਲਾਂ ਬਾਅਦ ਪਤੀ ਘਰ ਆਇਆ ਹੈ। ਪਤਨੀ ਦੀ ਖੁਸ਼ੀ ਦਾ ਪਾਰਾਵਾਰ ਨਹੀਂ। ਉਸਦੀ ਖੁਸ਼ੀ ਦੀ ਡੂੰਘਾਈ ਇਹਨਾਂ ਪੰਗਤੀਆਂ ਤੋਂ ਮਾਪੀ ਜਾ ਸਕਦੀ ਹੈ। ਕਾਲਜੇ ਦਾ ਆਟਾ ਗੁੰਨ੍ਹ ਕੇ ਦਿਲ ਦੇ ਤੰਦੂਰ 'ਤੇ ਲਾਉਣ ਲਈ ਤਿਆਰ ਇਸਤਰੀ ਦੀ ਖੁਸ਼ੀ ਦਾ ਕੋਈ ਨਾਪ ਨਹੀਂ ਹੈ। ਆਮ ਲੋਕਾਂ ਨੂੰ ਜੋ ਉਪਲੱਬਧ ਨਹੀਂ ਉਹਨਾਂ ਮੋਤੀਆਂ ਦੀ ਦਾਲ ਤੇ ਲੌਂਗਾਂ ਦਾ ਤੜਕਾ। ਕਲਪਨਾ ਦੀਆਂ ਸਿਖਰਾਂ ਕੀ ਹੋ ਸਕਦੀਆਂ ਹਨ। ਇਸਤਰੀ ਦੀਆਂ ਰੀਝਾਂ ਅਜੇ ਲੱਥੀਆਂ ਨਹੀਂ। ਉਹ ਤਾਂ ਹਰ ਕਾਰਜ ਵਿਚੋਂ ਉਭਰ ਉਭਰ ਪੈਂਦੀਆਂ ਹਨ। ਇਹ ਰੀਝ ਹੀ ਤਾਂ ਛੋਟੇ ਛੋਟੇ ਪੇੜੇ ਕਰਵਾਉਂਦੀ ਹੈ ਤੇ ਪਿੱਪਲ ਦੇ ਪੱਤਿਆਂ ਵਰਗੇ ਬਰੀਕ ਫੁਲਕੇ ਲੁਹਾਉਂਦੀ ਹੈ। ਛਿੰਨੋ ਅਪਣੇ ਰੌਅ ਵਿਚ ਗਾ ਰਹੀ ਹੈ।

ਆਤੂਆਂ ਜਿਨੇ ਜਿਨੇ ਪੇੜੇ ਕਰਾਂ ਨੀ ਮੈਂ,
ਪਿੱਪਲ ਪੱਤ ਪਕਾਵਾਂ ਬਾਰ੍ਹੀਂ ਵਰ੍ਹੀਏਂ ਘਰ ਸ਼ਾਮ ਆਇਆ
ਚੋਪੜ ਚੋਪੜ ਥਈਆਂ 'ਲਾਂਵਾਂ', ਮੇਰੇ ਸ਼ਾਮ ਨੇ ਖਾਵਣ ਆਉਣਾ
ਬਾਰ੍ਹੀਂ ਵਰ੍ਹੀਏਂ ਘਰ ਸ਼ਾਮ ਆਇਆ।

ਰੀਝਾਂ ਨਾਲ ਪਕਾਈ ਰੋਟੀ। ਦੋਨੋਂ ਖਾਣ ਬੈਠੇ। ਪਰ ਪਤਨੀ ਕਹਿ ਬੈਠਦੀ ਹੈ ਕਿ:

ਇਕ ਖਾਵੀਂ ਵੇ ਤੂੰ ਦੂਜੀ ਖਾਵੀਂ,
ਮੇਰੀ ਤੀਜੀ ਨੂੰ ਹੱਥ ਨਾ ਲਾਵੀਂ
ਬਾਰ੍ਹੀਂ ਵਰ੍ਹੀਏ ਘਰ ਸ਼ਾਮ ਆਇਆ

ਨਿੱਕੀ ਜਿਹੀ ਗੱਲ ਪਰ ਵੱਡੀ ਬਣ ਗਈ। ਰੀਝਾਂ ਬਿਖਰ ਗਈਆਂ। ਨੌਕਰ ਰੁੱਸ ਗਿਆ। ਡਾ. ਤ੍ਰਿਲੋਕ ਸਿੰਘ ਕੰਵਰ ਨੇ ਜਦੋਂ ਇਹ ਗੀਤ ਸੁਣਿਆਂ ਤਾਂ ਉਸਨੇ ਘਟਨਾ ਨੂੰ ਜਿਨਸੀ ਅਸੰਤੁਸ਼ਟੀ ਨਾਲ ਜੋੜ ਦਿੱਤਾ। ਇਸੇ ਲਈ ਉਸਨੇ ਇਹ ਯਾਦ ਕਰਕੇ ਦਿੱਲੀ ਦੀਆਂ ਮਹਿਫਲਾਂ ਵਿਚ ਸੁਆਦ ਲੈ ਲੈ ਕੇ ਸੁਣਾਇਆ। ਵਿਦਵਾਨ ਅਜਿਹੇ ਅਰਥ ਕੱਢਣ ਲਈ ਸੁਤੰਤਰ ਹਨ। ਪਰ ਲੋਕ ਅਜਿਹੇ ਅਰਥ ਨਹੀਂ ਕੱਢਦੇ ਇਸੇ ਲਈ ਛਿੰਨੋ ਉਹ ਬਿਨਾਂ ਰੋਕ ਟੋਕ ਗਾਈ ਜਾ ਰਹੀ ਸੀ।

ਖਾਂਦਾ ਤੇ ਖਾਂਦਾ ਰੁਸ ਗਿਆ ਨੀਂ ਉਹ
ਚੱਕ ਮੰਜੀ ਅੰਬੋ ਹੇਠ
ਬਾਰ੍ਹੀਂ ਵਰ੍ਹੀਏਂ ਸ਼ਾਮ ਘਰ ਆਇਆ

ਰੀਝਾਂ ਦਾ ਖੂਨ ਹੋ ਗਿਆ। ਹੁਣ ਪਤਨੀ ਕਰੇ ਤਾਂ ਕੀ ਕਰੇ। ਉਸਦੀ ਅਪਣੀ ਹਉਂ ਵੀ ਸੱਟ ਖਾ ਗਈ ਹੈ। ਉਹ ਆਪ ਮਨਾਉਣ ਨਹੀਂ ਜਾਣਾ ਚਾਹੁੰਦੀ ਪਰ ਇੱਛਾ ਉਹਦੀ ਇਹ ਹੈ ਕਿ ਪਤੀ ਉਸਦੇ ਕੋਲ ਹੋਵੇ। ਉਸਦਾ ਸਹਾਰਾ ਕੁਦਰਤ ਹੀ ਹੋ ਸਕਦੀ ਹੈ। ਇਸੇ ਲਈ ਉਹ ਉਸਦੀ ਸ਼ਰਨ ਵਿਚ ਜਾਂਦੀ ਹੈ। ਮਨ ਦੀਆਂ ਭਾਵਨਾਵਾਂ ਏਨੀਆਂ ਕੋਮਲ ਹੁੰਦੀਆਂ ਹਨ ਕਿ ਉਹ ਪਤੀ ਨੂੰ ਜਾਅ ਤੱਕ ਲੱਗਣ ਨਹੀਂ ਦੇਣਾ ਚਾਹੁੰਦੀ।

ਇਕ ਅਰਜ ਕਰਾਂ ਕਾਲੀ ਬੱਦਲੀ ਨੂੰ
ਨੀ ਤੂੰ ਜਾਏਂ ਬਰਸੀਂ ਅੰਬੋ ਹੇਠ
ਬਾਰ੍ਹੀਂ ਵਰ੍ਹੀਏਂ ਘਰ ਸ਼ਾਮ ਆਇਆ
ਪੌਂਦੀ ਭਿੱਜੇ ਵੇ ਸਰ੍ਹਾਣਾ ਭਿੱਜੇ
ਡੱਬੇ ਖੇਸ ਨੂੰ ਅੱਚ ਨਾ ਲਾਈਂ
ਬਾਰ੍ਹੀ ਵਰ੍ਹੀਏਂ ਘਰ ਸ਼ਾਮ ਆਇਆ

ਇਹ ਪੰਗਤੀਆਂ ਗਾਉਂਦੀ ਛਿੰਨੋ ਮੁਸਕਾ ਵੀ ਪੈਂਦੀ ਹੈ ਔਰਤ ਦੀ ਮਾਨਸਕ ਦਸ਼ਾ ਤੇ ਪਰ ਉਹ ਖੜ੍ਹਦੀ ਨਹੀਂ ਸਗੋਂ ਔਰਤ ਨਾਲ ਇਕ ਸੁਰ ਹੋਈ ਉਸਦੀ ਇੱਛਾ ਦੀ ਪੂਰਤੀ ਦੇਖਣਾ ਚਾਹੁੰਦੀ ਹੈ। ਇਸੇ ਲਈ ਤਾਂ ਬੱਦਲੀ ਨੇ ਉਸਦੀ ਅਰਜ਼ ਮੰਨ ਲਈ ਹੈ।

ਇਕ ਅਰਜ ਮੰਨੀ ਹੈ ਕਾਲੀ ਬੱਦਲੀ ਨੇ
ਨੀ ਓ ਜਾਇ ਬਰਸੀ ਅੰਬੋ ਹੇਠ
ਬਾਰ੍ਹੀਂ ਵਰ੍ਹੀਏਂ ਘਰ ਸ਼ਾਮ ਆਇਆ

ਔਰਤ ਦੀ ਇੱਛਾ ਪੂਰੀ ਹੋ ਗਈ। ਛਿੰਨੋ ਫਿਰ ਮੁਸਕਰਾ ਰਹੀ ਹੈ। ਉਸਦੀ ਨਾਇਕਾ ਜਿੱਤ ਰਹੀ ਹੈ।

ਚੱਕ ਮੰਜੀ ਨੀ ਉਹ ਘਰ ਨੂੰ ਆਇਆ
ਕੁੰਡਾ ਖੋਲ ਦੇ ਕੁਪੱਤੀਏ ਨਾਰੇ
ਬਾਰ੍ਹੀਂ ਵਰ੍ਹੀਏਂ ਘਰ ਸ਼ਾਮ ਆਇਆ

ਪਰ ਨਾਇਕ ਦਾ ਵਲ ਅਜੇ ਵੀ ਨਹੀਂ ਗਿਆ। ਉਸਦੇ ਸੰਬੋਧਨ 'ਕੁਪੱਤੀਏ ਨਾਰੇ' ਤੋਂ ਉਸਦੀ ਮਰਦ ਹੋਣ ਦੀ ਹੈਂਕੜ ਸਪੱਸ਼ਟ ਹੈ। ਖੈਰ ਔਰਤ ਧੰਨਵਾਦ ਕਰਦੀ ਹੈ ਉਸ ਬੱਦਲੀ ਦਾ ਜਿਸਨੇ ਉਸਦਾ ਰੁੱਸਿਆ ਸ਼ਾਮ ਮਨਾ ਦਿੱਤਾ ਹੈ।

ਇਕ ਅਰਜ ਮੰਨੀ ਕਾਲੀ ਬੱਦਲੀ ਨੇ
ਮੇਰਾ ਰੁਸੜਾ ਸ਼ਾਮ ਮਨਾਇਆ
ਬਾਰ੍ਹੀਂ ਵਰ੍ਹੀਏਂ ਘਰ ਸ਼ਾਮ ਆਇਆ।

ਛਿੰਨੋ ਥੋੜ੍ਹਾ ਜਿਹਾ ਖਿੜਖਿੜਾ ਕੇ ਗਾਉਣਾ ਬੰਦ ਕਰਦੀ ਹੈ ਤੇ ਆਖਰੀ ਸ਼ਬਦ ਕਹਿੰਦੀ ਹੈ, ਲੈ ਬੱਸ। ਕਰ ਲੈ ਇਹਦਾ ਕੀ ਕਰਨਾ।

ਇਹ ਗੀਤ ਮੇਰੇ ਸਭ ਤੋਂ ਮਨਚਾਹੇ ਗੀਤਾਂ 'ਚੋਂ ਇਕ ਹੈ। ਇਸ ਲਈ ਮੈਨੂੰ ਇਹ ਪੂਰੀ ਲੈਅ ਅਨੁਸਾਰ ਯਾਦ ਹੈ। ਲੋਕ ਗੀਤਾਂ ਵਿਚ ਇੰਨੀ ਜਾਨ ਹੈ ਕਿ ਸ੍ਰੋਤਿਆਂ ਨੂੰ ਨਾਲ ਲੈ ਤੁਰਦਾ ਹੈ। ਜਿੰਨੀ ਵਾਰੀ ਮਰਜ਼ੀ ਕੋਈ ਸੁਣੇ ਇਸਤੋਂ ਅੱਕਦਾ ਨਹੀਂ। ਅਸਲੀ ਲੋਕਗੀਤ ਦੀ ਨਿਸ਼ਾਨੀ ਵੀ ਤਾਂ ਇਹੋ ਹੈ। ਜਦ ਮੈਂ ਇਕ ਵਾਰ ਹਰਿਆਣੇ ਦੀ ਬਜ਼ੁਰਗ ਔਰਤ ਨੂੰ ਇਹ ਗੀਤ ਸੁਣਾਇਆ ਤਾ ਉਸ ਇਕ ਦਮ ਕਿਹਾ 'ਇਹ ਤਾਂ ਸਾਮਣ ਦਾ ਗੀਤ ਹੈ, ਸੱਚ ਮੁੱਚ ਧੂੜ 'ਚ ਰੁਲਦੇ ਹੀਰੇ ਅਜੇ ਵੀ ਸੰਭਾਲ ਲਈਏ ਤਾਂ ਭੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

---



ਅਨੂ ਬਾਲਾ ਪੰਜਾਬੀ ਗਜ਼ਲ ਦਾ ਨਵਾਂ ਪਰ ਸਸ਼ਕਤ ਹਸਤਾਖਰ ਹੈ। ਉਸ ਕੋਲ ਸੂਝ ਅਤੇ ਚਿੰਤਨ ਦੀ ਪ੍ਰਚੰਡਤਾ ਦੇ ਨਾਲ-ਨਾਲ ਮਿਆਰੀ ਸ਼ਿਲਪਕਾਰੀ ਦੀ ਕਲਾਸਕੀ ਪ੍ਰਵੀਨਤਾ ਵੀ ਹੈ। ਅਨੂ ਦੀਆਂ ਕਈ ਸਾਹਿਤਕ ਰਸਾਲਿਆਂ ਵਿਚ ਗਜ਼ਲਾਂ ਛਪੀਆਂ ਮੈਂ ਵੇਖੀਆਂ ਹਨ, ਜੋ ਕਿ ਉੱਚ ਪਾਏ ਦੀਆਂ ਹੁੰਦੀਆਂ ਹਨ। 'ਹੁਣ' 'ਸ਼ਿਲਾਲੇਖ', 'ਅੱਖਰ' ਅਤੇ 'ਛੇਵਾਂ ਦਰਿਆ' 'ਤ੍ਰਿਸ਼ੰਕੂ' ਵਰਗੇ ਸਾਹਿਤਕ ਮਿਆਰ ਰੱਖਣ ਵਾਲੇ ਰਸਾਲਿਆਂ ਵਿਚ ਉਹ ਛਪਦੀ ਰਹਿੰਦੀ ਹੈ। ''ਕਿਰਨਾਂ ਦਾ ਝੁਰਮਟ'' ਉਸਦਾ ਗਜ਼ਲ ਸੰਗ੍ਰਿਹ, ਉਸਦਾ ਸਥਾਨ ਪੰਜਾਬੀ ਗਜ਼ਲ ਵਿਚ ਸਥਾਪਤ ਕਰਦਾ ਹੈ। ਇਸ ਦਾ ਮੁੱਖ ਬੰਦ ਉਘੇ ਗਜ਼ਲਕਾਰ ਸੁਰਜੀਤ ਪਾਤਰ ਨੇ ਲਿਖਿਆ ਹੈ। ਅਨੂ ਬਾਲਾ ਉੱਤੇ ਪੰਜਾਬੀ ਗਜ਼ਲ ਨੂੰ ਬਹੁਤ ਵੱਡੀਆਂ ਉਮੀਦਾਂ ਹਨ।

ਸੁਖ਼ਨ ਸਾਜ਼

ਸੁਲੱਖਣ ਸਰਹੱਦੀ



# ਅਨੂ ਬਾਲਾ ਦੀਆਂ ਗ਼ਜ਼ਲਾਂ

1.

ਹਜ਼ਾਰਾਂ ਮੁਸ਼ਕਿਲਾਂ ਬਣੀਆਂ, ਹਜ਼ਾਰਾਂ ਹਾਦਸੇ ਹੋਏ।
ਕਦੇ ਨਾਰਾਜ਼ ਨਾ ਕਲਮਾਂ ਤੋਂ ਪਰ ਕੋਰੇ ਸਫ਼ੇ ਹੋਏ।

ਸਦਾ ਟੁੱਟਦੇ ਰਹੇ, ਭੁਰਦੇ ਰਹੇ, ਊਣੇ ਰਹੇ ਆਪਾਂ,
ਕਦੋਂ ਹੋਏ ਭਰੇ ਪੂਰੇ, ਕਦੋਂ ਹਾਂ ਸਾਬਤੇ ਹੋਏ।

ਜੋ ਹੁੰਦੇ ਸੱਚ ਦੇ ਪਾਂਧੀ, ਉਹ ਮੰਜ਼ਿਲ ਪਾ ਹੀ ਲੈਂਦੇ ਨੇ,
ਕਿ ਲੱਖ ਰਾਹਾਂ 'ਚ ਹੋਵਣ ਥਲ ਜਾਂ ਦਰਿਆ ਚੜ੍ਹੇ ਹੋਏ।

ਜੜੇ ਜੋ ਤਾਜ ਵਿਚ ਹੀਰੇ ਨਜ਼ਰਅੰਦਾਜ਼ ਕਰ ਦੇਈਏ,
ਚਲੋ ਚੁਗੀਏ ਵਫ਼ਾ ਤੇ ਪਿਆਰ ਦੇ ਮੋਤੀ ਰੁਲੇ ਹੋਏ।

ਵਗਾ ਦੇ ਨੂਰ ਦਾ ਦਰਿਆ ਤੇ ਰੌਸ਼ਨ ਹੋਣ ਦੇ ਰੂਹਾਂ,
ਤੂੰ ਰੱਖ ਦਿਲ ਦੇ ਬਨੇਰੇ ਤੇ ਵੀ ਕੁਛ ਦੀਵੇ ਬਲੇ ਹੋਏ।

ਹਯਾਤੀ ਬੀਤ ਚੱਲੀ ਹੈ, ਨਹੀਂ ਰਸਤਾ ਮੁਕਾ ਹੋਇਆ,
ਇਹ ਕੈਸੇ ਜ਼ਿੰਦਗੀ ਤੋਂ ਵੀ ਲਮੇਰੇ ਫ਼ਾਸਲੇ ਹੋਏ।

ਕਦੇ ਅੱਖੀਆਂ 'ਚੋਂ ਵਹਿ ਜਾਂਦੇ, ਕਦੇ ਕਾਗਜ਼ ਤੇ ਡੁੱਲ੍ਹ ਪੈਂਦੇ,
ਛਲਕ ਜਾਂਦੇ ਨੇ ਪੈਮਾਨੇ ਜਦੋਂ ਦੁੱਖ ਦੇ ਭਰੇ ਹੋਏ।

2.

ਹਰ ਡਾਲ ਕੂਲੀ ਤੇ ਹਰਿਕ ਪੱਤਾ ਹਰਾ ਮਿਲੇ।
ਰੁੱਖਾਂ ਨੂੰ ਜੇਕਰ ਹਾਣ ਦੀ ਧੁੱਪ ਤੇ ਹਵਾ ਮਿਲੇ।

ਕਿਰਨਾਂ, ਸ਼ੁਆਵਾਂ ਜਾਂ ਘਟਾ ਦਾ ਭੇਸ ਧਾਰ ਕੇ,
ਧਰਤੀ ਸਹੇਲੀ ਨੂੰ ਉਦ੍ਹਾ ਅੰਬਰ ਸਖਾ ਮਿਲੇ।

ਨੈਣਾਂ ਦੀ ਬਣ ਜਾਏ ਨਮੀ ਤੇ ਦਿਲ ਦੀ ਰੌਸ਼ਨੀ,
ਮੈਨੂੰ ਇਬਾਦਤ ਦੇ ਲਈ ਐਸਾ ਖੁਦਾ ਮਿਲੇ।

ਸ਼ਿਖਰਾਂ 'ਤੇ ਪੁੱਜੀ ਸਾਧਨਾ ਅੰਜਾਮ ਚਾਹੇ, ਹੁਣ,
ਤਪਦੀ ਥਲਾਂ ਦੀ ਰੇਤ ਜਾਂ ਕੋਈ ਝਨਾਂ ਮਿਲੇ।

ਨਾ ਦਰਦ ਉਦ੍ਹਾ ਜਰ ਸਕਾਂ, ਸੀਨੇ ਨੂੰ ਲਾ ਲਵਾਂ,
ਰਸਤੇ 'ਚ ਪੱਥਰ ਵੀ ਜੇ ਕੋਈ ਤੜਫ਼ਦਾ ਮਿਲੇ।

3.

ਬਾਗਾਂ 'ਚ ਰਹਿ ਕੇ ਬੇਸ਼ੱਕ ਜੀਵਨ ਗੁਜ਼ਾਰ ਲੈਣਾ।
ਮੈਂ ਥੋਹਰ ਹਾਂ ਥਲਾਂ ਦੀ ਕੁਛ ਪਲ ਨਿਹਾਰ ਲੈਣਾ।

ਪੱਤੇ ਜੇ ਜ਼ਰਦ ਹੋਏ, ਸ਼ਾਖਾਂ ਜੇ ਬਾਂਝ ਹੋਈਆਂ,
ਆਈ ਜੇ ਰੁੱਤ ਖਿਜ਼ਾ ਦੀ, ਮੈਨੂੰ ਪੁਕਾਰ ਲੈਣਾ।

ਤੇਰੇ ਨੈਣਾਂ ਵਿਚ ਜਗਾਂਗੀ, ਰੌਸ਼ਨ ਕਰਾਂਗੀ ਰਾਹਾਂ,
ਮੈਂ ਦੀਵਿਆਂ ਦੀ ਲੋਅ ਹਾਂ ਦਿਲ ਵਿਚ ਉਤਾਰ ਲੈਣਾ।

ਆਈ ਜੇ ਯਾਦ ਉਸਦੀ ਤਾਂ ਸੰਭਲ-ਸੰਭਲ ਕੇ ਰੋਣਾ,
ਅੱਖੀਆਂ 'ਚ ਜੀਣ-ਜੋਗੇ ਸੁਪਨੇ ਨਾ ਮਾਰ ਲੈਣਾ।

ਪਲਕਾਂ 'ਚ ਸਾਂਭ ਹੰਝੂ, ਹਾਸੇ ਦਾ ਕਰ ਦਿਖਾਵਾ,
ਹਿਜਰਾਂ ਦੀ ਗੁਪਤ ਕਵਿਤਾ ਦਿਲ ਵਿਚ ਉਚਾਰ ਲੈਣਾ।

ਫੁੱਲਾਂ ਤੋਂ ਮਹਿਕ ਮੰਗਣੀ, ਕਲੀਆਂ ਤੋਂ ਤਾਜ਼ਗੀ ਵੀ,
ਇਹ ਵੀ ਸੁਭਾ ਹੈ ਮੇਰਾ ਕੰਡਿਆਂ ਤੋਂ ਪਿਆਰ ਲੈਣਾ।

ਦੁੱਖਾਂ ਤੋਂ ਵੱਧ ਫ਼ਿੱਕੇ, ਖੁਸ਼ੀਆਂ ਤੋਂ ਵੱਧ ਗੂੜ੍ਹੇ,
ਸਭ ਰੰਗ ਦਿਲ ਦੀ ਕੈਨਵਸ ਉੱਤੇ ਉਤਾਰ ਲੈਣਾ।

ਕੱਲ੍ਹ ਨੂੰ ਚੜ੍ਹੇਗਾ ਸੂਰਜ, ਅੱਜ ਰਾਤ ਕੋਲੋਂ ਡਰ ਕੇ,
ਤੁਸੀਂ ਜ਼ਿੰਦਗੀ ਦੇ ਦਰ 'ਤੇ ਜੰਦਰਾ ਨਾ ਮਾਰ ਲੈਣਾ।

4.

ਰੋਜ਼ ਬਦਲਦੇ ਮੌਸਮ ਉੱਤੇ ਹੋਇਆ ਜੇ ਇਤਬਾਰ ਕਦੇ।
ਦਿਲ ਦਾ ਸੁੰਨਮਸੁੰਨਾ ਵਿਹੜਾ ਹੋਏਗਾ ਗੁਲਜ਼ਾਰ ਕਦੇ।

ਮੇਰੇ ਰੋਮ-ਰੋਮ 'ਚੋਂ ਕੰਡੇ ਦੀ ਮਹਿਕ ਖਿਲਾਰਨਗੇ,
ਉਸਨੂੰ ਫੁੱਲਾਂ ਵਰਗਾ ਤੋਹਫ਼ਾ ਹੋਏਗਾ ਸਵੀਕਾਰ ਕਦੇ।

ਮੈਂ ਤਪਦੀ ਰੇਤੇ ਦੀ ਮੁੱਠੀ ਕਰਦੀ ਰਹੀ ਉਡੀਕ ਸਦਾ,
ਕਾਲੀ ਬੱਦਲੀ ਦਾ ਇਕ ਟੋਟਾ ਸੀ ਮੇਰਾ ਦਿਲਦਾਰ ਕਦੇ।

ਦਿਲ ਦਾ ਬੰਦ ਹਨੇਰਾ ਕਮਰਾ ਚਾਨਣ-ਚਾਨਣ ਹੋ ਜਾਂਦਾ,
ਮੇਰਾ ਸੂਰਜ ਝੀਥਾਂ ਵਿਚੋਂ ਲੈਂਦਾ ਜਦੋਂ ਨਿਹਾਰ ਕਦੇ।

ਜਾਨ ਦੀ ਬੱਤੀ ਬਾਲਾਂਗੇ ਤੇ ਦਿਲ ਦਾ ਲਹੂ ਜਲਾਵਾਂਗੇ,
ਜਗਦੀ-ਬੁਝਦੀ ਲਾਟ ਵਫ਼ਾ ਦੀ ਹੋਏਗੀ ਇੱਕਸਾਰ ਕਦੇ।

ਮਸਤ ਹਾਂ ਇਉਂ ਮੁਰਲੀ ਦੀ ਧੁਨ ਵਿਚ, ਜਿਉਂ ਦੀਵਾਨੀ ਰਾਧਾ ਮੈਂ,
ਦਿਲ ਵਿਚ ਵਸਦੀ ਮੂਰਤ ਮੈਨੂੰ ਲੱਗਦੀ ਕ੍ਰਿਸ਼ਨ ਮੁਰਾਰ ਕਦੇ।

ਕਦੇ-ਕਦੇ ਅਪਣੀ ਬੋਲੀ ਵਿਚ ਤੇਰਾ ਦੁੱਖ ਵੀ ਕਹਿੰਦੀ ਹੈ,
ਕਵਿਤਾ ਮੇਰੇ ਜ਼ਖ਼ਮਾਂ ਦਾ ਵੀ ਕਰਦੀ ਹੈ ਉਪਚਾਰ ਕਦੇ।

ਛੱਡ ਕਿਤਾਬਾਂ, ਕਾਗਜ਼-ਕਲਮਾਂ, ਕੁਦਰਤ-ਕਵਿਤਾ ਪੜ੍ਹੀਂ ਜ਼ਰਾ,
ਮਨ ਦੀ ਪਾਵਨ ਪੁਸਤਕ ਦਾ ਵੀ ਕੋਈ ਸ਼ਬਦ ਵਿਚਾਰ ਕਦੇ।

# ਮੇਰੇ ਹਸਪਤਾਲ ਦਾ ਆਊਟਡੋਰ–ਉਰਫ਼ 9/11

**ਡਾ. ਦਲਜੀਤ ਸਿੰਘ**

ਮੇਰੇ ਹਸਪਤਾਲ ਦੇ ਆਊਟ ਡੋਰ ਕਮਰੇ ਦੇ ਦਰਵਾਜ਼ੇ ਉੱਤੇ ਇਕ ਵੱਡੀ ਤਸਵੀਰ ਲੱਗੀ ਹੋਈ ਹੈ। ਇਸ ਵਿਚ ਦੋ ਟਾਵਰ ਦਿਖਾਈ ਦੇਂਦੇ ਨੇ। ਪਿਛਲੇ ਟਾਵਰ ਦੇ ਉੱਪਰਲੇ ਹਿੱਸੇ ਵਿਚੋਂ ਖ਼ੂਬ ਕਾਲਾ ਧੂੰਆਂ ਅਸਮਾਨ ਵੱਲ ਜਾ ਰਿਹਾ ਹੈ। ਦੂਸਰੇ ਟਾਵਰ ਦੇ ਸਾਹਮਣੇ ਇਹ ਹਵਾਈ ਜਹਾਜ਼ ਹੈ, ਜਿਹੜਾ ਪੱਕਾ ਪ੍ਰਤੀਤ ਹੁੰਦਾ ਹੈ ਕਿ ਟਾਵਰ ਨਾਲ ਟਕਰਾਏਗਾ। ਇਸ ਤਸਵੀਰ ਉੱਤੇ ਮੈਂ ਲਿਖ ਰੱਖਿਆ ਹੈ–''ਇਸ ਤਸਵੀਰ ਵਿਚ ਕੀ ਨੁਕਸ ਹੈ?"

ਇਹ ਵਰਲਡ ਟਰੇਡ ਸੈਂਟਰ ਦੇ ਟਾਵਰ ਹਨ ਅਤੇ ਜਹਾਜ਼ ਹੈ, ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਨੂੰ ਹਾਈਜੈਕ ਕੀਤਾ ਗਿਆ ਸੀ, ਸਾਊਦੀ ਅਰਬ ਤੋਂ ਆਏ ਦਹਿਸ਼ਤਗਰਦਾਂ ਵਲੋਂ। ਉਹਨਾਂ ਨੇ ਪਾਇਲਟ ਦੀ ਸੀਟ ਮੱਲ ਲਈ ਸੀ ਅਤੇ ਉਹਨਾਂ ਨੇ ਆਤਮਘਾਤੀ ਢੰਗ ਨਾਲ ਸਵਾਰੀਆਂ ਸਮੇਤ ਜਹਾਜ਼ ਨੂੰ ਜੋੜੇ ਟਾਵਰਾਂ ਵਿਚ ਠਾਹ ਮਾਰਿਆ। ਜਹਾਜ਼ ਵੱਜਦਿਆਂ ਹੀ 110 ਮੰਜ਼ਲੀ ਅਸਮਾਨ ਨੂੰ ਛੂੰਹਦੀ ਇਮਾਰਤ ਵਿਚੋਂ ਅੱਗ ਦੀਆਂ ਲਪਟਾਂ ਨਿਕਲਣੀਆਂ ਸ਼ੁਰੂ ਹੋ ਗਈਆਂ। ਨਾਲ ਹੀ ਇਹ ਦੱਸਿਆ ਜਾਂਦਾ ਹੈ ਕਿ ਅੰਧਾ ਘੰਟਾ ਅੱਗ ਲੱਗੀ ਰਹਿਣ ਪਿੱਛੋਂ ਸਾਰੀ ਇਮਾਰਤ ਏਨੀ ਕਮਜ਼ੋਰ ਹੋ ਗਈ ਕਿ ਯਕਦਮ ਦਸ ਸਕਿੰਟ ਤੋਂ ਵੀ ਘੱਟ ਸਮੇਂ ਵਿਚ ਢਹਿ-ਢੇਰੀ ਹੋ ਗਈ। ਦੂਜਾ ਟਾਵਰ, ਜਿਸ ਨੂੰ ਕੁਝ ਚਿਰ ਪਹਿਲਾਂ ਹਵਾਈ ਜਹਾਜ਼ ਨੁਮਾ ਚੀਜ਼ ਟਕਰਾਈ ਸੀ, ਉਹ ਵੀ ਦਸ ਸਕਿੰਟ ਤੋਂ ਘੱਟ ਸਮੇਂ ਵਿਚ ਗ਼ਰਕ ਹੋ ਗਿਆ।

ਇਹ ਦੁਰਘਟਨਾ 11 ਸਤੰਬਰ 2001 ਨੂੰ ਵਾਪਰੀ। ਸਤੰਬਰ ਹੋਇਆ ਨੌਂਵਾਂ ਮਹੀਨਾ, ਇਸ ਲਈ ਇਸ ਨੂੰ 9/11 ਦੇ ਨਾਂ ਨਾਲ ਕੁੱਲ ਦੁਨੀਆ ਵਿਚ ਜਾਣਿਆਂ ਜਾਂਦਾ ਹੈ।

ਉਸ ਦਿਨ ਇਕ ਹੋਰ ਵੀ ਟਾਵਰ ਨੰਬਰ ਸੱਤ ਉਸੇ ਹੀ ਨਾਟਕੀ ਢੰਗ ਨਾਲ ਕੁਝ ਘੰਟਿਆਂ ਪਿੱਛੋਂ ਡਿੱਗ ਪਿਆ। ਏਸ 49 ਮੰਜ਼ਲਾ ਟਾਵਰ ਦੇ ਨਾਲ ਕੁਝ ਵੀ ਨਹੀਂ ਸੀ ਟਕਰਾਇਆ। ਦੱਸਿਆ ਜਾਂਦਾ ਹੈ ਕਿ ਇਸ ਨੂੰ ਵੀ ਉੱਡ ਕੇ ਅੱਗ ਲਾਈ ਗਈ ਸੀ, ਜਿਸ ਕਾਰਨ ਕਮਜ਼ੋਰ ਬਿਲਡਿੰਗ ਨੌਂ ਸਕਿੰਟਾਂ ਤੋਂ ਘੱਟ ਸਮੇਂ ਵਿਚ ਧੜੰਮ ਕਰਕੇ ਡਿੱਗੀ। ਤਿੰਨੇ ਹੀ ਟਾਵਰ ਸਿੱਧੀ ਲਕੀਰੇ ਅਪਣੇ ਕਦਮਾਂ 'ਚ ਢੇਰੀ ਹੋਏ। ਹੋਰ ਕਿਸੇ ਪਾਸੇ ਨਹੀਂ ਡੋਲੇ।

9/11 ਦੀ ਕਹਾਣੀ ਬੜੀ ਮਹੱਤਵਪੂਰਨ ਹੈ। ਦੁਨੀਆ ਦਾ ਕੁੱਲ ਅਗਲਾ ਪਿਛਲਾ ਇਤਿਹਾਸ ਏਸ ਦੇ ਨਾਲ ਜੁੜਿਆ ਹੋਇਆ ਹੈ। ਅੱਜ ਦੀ ਦੁਨੀਆ ਦੀ ਉੱਥਲ-ਪੁੱਥਲ 9/11 ਦੇ ਬਹਾਨੇ ਨਾਲ ਹੀ ਲਗਾਤਾਰ ਜਾਰੀ ਹੈ। ਇਕ ਤੋਂ ਪਿੱਛੋਂ ਦੂਜੇ ਮੁਲਕਾਂ ਉੱਤੇ ਬੰਬ ਵਰ੍ਹਾਏ ਜਾ ਰਹੇ ਹਨ, ਬਸਤੀਆਂ ਤੇ ਸ਼ਹਿਰਾਂ ਨੂੰ ਮਲੀਆ ਮੇਟ ਕੀਤਾ ਜਾ ਰਿਹਾ ਹੈ। ਲੱਖਾਂ ਲੋਕ ਮਾਰੇ ਤੇ ਕਰੋੜਾਂ ਉਜਾੜੇ ਜਾ ਰਹੇ ਨੇ। ਕੁੱਲ ਮੁਲਕਾਂ ਦੀਆਂ ਹਕੂਮਤਾਂ ਦੀਆਂ ਜ਼ੁਬਾਨਾਂ ਡਰ ਦੇ ਮਾਰੇ ਬੰਦ ਹਨ। ਬਹੁਤੀਆਂ ਹਕੂਮਤਾਂ ਤੇ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਕਿ ਅਸਲ ਵਿਚ 9/11 ਨੂੰ ਹੋਇਆ ਕੀ ਸੀ। ਜਿਸ ਨੂੰ ਪਤਾ ਹੈ ਉਹ ਬੋਲਦਾ ਨਹੀਂ। ਬਿਫ਼ਰੇ ਸਾਹਨ ਵਰਗੀ ਇਹ ਹਕੂਮਤ ਨਾਲ ਪੰਗਾ ਕਿਉਂ ਲਈਏ? ਸਾਡਾ ਦੇਸ ਵੀ ਏਸੇ ਬੇਸਮਝੀ ਜਾਂ ਬੇਜ਼ਬਾਨੀ ਦਾ ਸ਼ਿਕਾਰ ਹੈ। ਇਸ ਲਈ ਸਰਕਾਰੀ ਬੋਲੀ ਮਹਾਂ ਸ਼ਕਤੀ ਸਰਕਾਰ ਨਾਲ ਮੇਲ ਖਾਂਦੀ ਹੈ। ਖੈਰ, ਵਾਪਸ ਚੱਲੀਏ ਮੇਰੇ ਆਊਟ ਡੋਰ ਵੱਲ। ਮੇਰੇ ਇਸ ਕਮਰੇ ਦਾ ਮਹੱਤਵ ਹੈ। ਇਸ ਦੇ ਵਿਚੋਂ ਲੱਖਾਂ ਲੋਕ ਲੰਘ ਕੇ ਗਏ ਹਨ–ਮਰੀਜ਼ ਜਾਂ ਉਸਦੇ ਰਾਖੇ ਦੇ ਤੌਰ 'ਤੇ। ਭੋਲੇ-ਭਾਲੇ ਅਨਜਾਣ ਲੋਕਾਂ ਤੋਂ ਲੈ ਕੇ ਅਤਿਅੰਤ ਪੜ੍ਹੇ ਲਿਖੇ, ਉੱਚੇ ਰੁਤਬਿਆਂ ਦੇ ਮਾਲਕ, ਸਿਆਸਤਦਾਨ, ਸਾਇੰਸਦਾਨ, ਫੌਜੀ, ਕਵੀ ਤੇ ਨਾਵਲਕਾਰ, ਆਈ.ਏ.ਐਸ.ਅਫਸਰ। ਗੱਲ ਕੀ, ਜ਼ਿੰਦਗੀ ਦੇ ਹਰ ਵਰਗ ਦੇ ਲੋਕਾਂ ਦੀ ਵੰਨਗੀ ਮੇਰੇ ਕਮਰੇ ਵਿਚੋਂ ਲੰਘਦੀ ਆਈ ਏ ਤੇ ਆਉਂਦੀ ਜਾ ਰਹੀ ਏ।

ਮੇਰੀਆਂ ਖੋਜ ਬਿਰਤੀਆਂ ਨੇ ਅਪਣੇ ਕਿੱਤੇ ਵਿਚ ਬੇਅੰਤ ਤਬਦੀਲੀਆਂ ਲਿਆਉਣ ਤੋਂ ਇਲਾਵਾ ਮੈਨੂੰ ਇਹ ਆਦਤ ਵੀ ਦਿੱਤੀ ਹੈ ਕਿ ਸੰਸਾਰ ਵਿਚ ਹਰ ਵਾਪਰਦੀ ਘਟਨਾ ਨੂੰ ਤਿੱਖੀ ਨਜ਼ਰ ਨਾਲ ਘੋਖਿਆ ਜਾਵੇ। ਕਈ ਦਹਾਕਿਆਂ ਦੇ ਇਤਿਹਾਸ ਨੇ ਮੈਨੂੰ ਇਹ ਪੜ੍ਹਾਇਆ ਹੈ ਕਿ ਜੋ ਅਖਬਾਰਾਂ ਵਿਚ ਉਛਾਲਿਆ ਜਾਂਦਾ ਹੈ, ਜ਼ਿਆਦਾਤਰ ਝੂਠ ਹੁੰਦਾ ਹੈ। ਉਸਦੀ ਤਹਿ ਹੇਠ ਕਹਾਣੀ ਕੋਈ ਹੋਰ ਹੁੰਦੀ ਹੈ। ਸਾਡੀ ਤਾਂ ਖਾਲੀ 'ਬ੍ਰੇਨ ਵਾਸ਼ਿੰਗ' ਹੋ ਰਹੀ ਹੈ ਤਾਂ ਜੋ ਹੋ ਰਹੀਆਂ ਘਟਨਾਵਾਂ ਦੇ ਨਾਲ ਅਸੀਂ ਅਨਭੋਲ ਹੀ ਸਹਿਮਤੀ ਨਾਲ ਅਪਣੀਆਂ ਹਕੂਮਤਾਂ ਦੇ ਆਖੇ ਵਿਚ ਚੱਲਦੇ ਰਹੀਏ ਤੇ ਜ਼ੁਬਾਨ ਤੰਦੂਏ ਦੇ ਨਾਲ ਬੱਝੀ ਰਹੇ। ਇਸ ਦੇ ਉਲਟ ਅਖੌਤੀ ਰਾਹ ਦਿਖਾਉਣ ਵਾਲੇ ਧਰਮ ਦੇ ਨਾਂ ਉੱਤੇ ਦੁਕਾਨਾਂ ਤੇ ਜਗੀਰਾਂ ਬਣਾਉਣ ਤੇ ਵਸਾਉਣ ਵਾਲੀਆਂ ਹਰ ਤਰ੍ਹਾਂ ਦੀਆਂ ਸੰਸਥਾਵਾਂ ਨੂੰ ਸਭ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਕੁੱਲ ਲੋਕਾਈ ਨੂੰ ਭੰਬਲ ਭੂਸੇ ਵਿਚ ਪਾਉਣਾ ਇਕ ਮਹਾਨ ਕਾਰਜ ਦੇ ਰੂਪ ਵਿਚ ਉਭਾਰਿਆ ਜਾ ਰਿਹਾ ਹੈ।

ਇਹ ਗੱਲਾਂ ਜਾਣਨ ਪਿੱਛੋਂ ਮੈਨੂੰ ਡਾਕਟਰੀ ਦੀਆਂ ਸਭ ਪ੍ਰਾਪਤੀਆਂ ਬਹੁਤ ਤੁੱਛ ਪ੍ਰਤੀਤ ਹੁੰਦੀਆਂ ਹਨ। ਮੈਂ ਸੋਚਣ 'ਤੇ ਮਜਬੂਰ ਹੋ ਜਾਂਦਾ ਹਾਂ ਕਿ ਡਾਕਟਰੀ ਪੇਸ਼ੇ ਦੇ ਨਾਲ ਨਾਲ ਹੋਰ ਕੀ ਕੀਤਾ ਜਾਵੇ ਤਾਂ ਜੋ ਜਾਪੇ ਕਿ ਜ਼ਿੰਦਗੀ ਵਿਅਰਥ ਨਹੀਂ ਗਈ। ਦੇਸ ਦੇ ਹਰ ਕੋਨੇ ਤੋਂ ਹਰ ਵਰਗ ਦੇ ਲੋਕ ਜਦੋਂ ਅਪਣੇ ਦੁੱਖਾਂ ਦਾ ਤੇ ਮਜਬੂਰੀਆਂ ਦਾ ਬਿਆਨ ਕਰਦੇ ਨੇ ਤਾਂ ਪਿਛਲੇ ਸੱਠ ਸਾਲਾਂ ਦੀ ਤਰੱਕੀ ਦਾ ਪੋਲ ਖੁੱਲ੍ਹ ਜਾਂਦਾ ਹੈ। ਜਿਹੜੇ ਲੋਕ ਰੋਜ਼ ਦੀ ਰੋਟੀ ਟੁੱਕ ਦੀ ਭਾਲ ਵਿਚ ਕੁੱਲ ਸਮਾਂ ਲਗਾ ਦੇਂਦੇ ਨੇ ਉਹਨਾਂ ਕੋਲ ਅੱਜ ਭਲਕ ਦੀ ਖ਼ਬਰ ਵੀ ਨਹੀਂ ਹੁੰਦੀ। ਉਹਨਾਂ ਕੋਲੋਂ ਤਾਂ ਕੋਈ ਵੀ ਉਮੀਦ ਨਹੀਂ ਕੀਤੀ ਜਾ ਸਕਦੀ। ਅਗਲੀ ਸ਼੍ਰੇਣੀ ਵਿਚ ਗਿਣ ਲਵੋ ਅੱਠ-ਦਸ ਜਾਂ ਬਾਰਾਂ ਜਮਾਤਾਂ ਪੜ੍ਹੇ ਜਾਂ ਅੱਧ-ਪੜ੍ਹੇ ਜਿਹਨਾਂ ਦੀ ਬਿਰਤੀ ਤੇ ਸ਼ਕਤੀ ਕੋਈ ਰੋਜ਼ਗਾਰ ਲੱਭਣ 'ਤੇ ਲੱਗੀ ਹੁੰਦੀ ਹੈ। ਇੱਕ ਨਵੀਂ ਵਸੋਂ ਪੈਦਾ ਹੋਈ ਹੈ ਜੋ ਕੰਪਿਊਟਰ ਦੀ ਪੜ੍ਹਾਈ ਜਾਂ ਵਰਤੋਂ ਦੇ ਨਾਲ ਸੰਬੰਧਿਤ ਹੈ। ਇਹਨਾਂ ਦੀ ਸਮਝ ਸ਼ਕਤੀ ਤੇਜ਼ ਹੈ ਅਤੇ ਕਿਸੇ ਵੀ ਸਵਾਲ ਨੂੰ ਸਮਝਣ ਦੀ ਅਤੇ ਖੋਜਣ ਦੀ ਸਮਰੱਥਾ ਹੈ। ਇਹਨਾਂ ਤੋਂ ਉੱਪਰ ਇਕ ਤਬਕਾ ਹੈ ਜੋ ਅਪਣੇ ਆਪ ਨੂੰ ਬੁੱਧੀਜੀਵੀ ਅਰਥਾਤ 'ਇੰਟਲੈਕਚੁਅਲ' ਆਖਦਾ ਹੈ। ਇਹ ਉਹ ਲੋਕ ਹਨ ਜਿਹਨਾਂ ਨੇ ਬੀ. ਏ. ਜਾਂ ਇਸ ਤੋਂ ਉਪਰ ਪੜ੍ਹਾਈ ਕੀਤੀ ਹੁੰਦੀ ਹੈ ਅਤੇ ਮੈਡੀਕਲ, ਇੰਜਨੀਅਰਿੰਗ, ਫਾਈਨੈਂਸ, ਕਾਮਰਸ ਅਤੇ ਹੋਰ ਬੇਅੰਤ ਮਹਿਕਮਿਆਂ ਵਿਚ ਸਰਕਾਰੀ ਤੇ ਗ਼ੈਰ-ਸਰਕਾਰੀ ਅਹੁਦਿਆਂ ਨੂੰ ਮੱਲ ਕੇ ਬੈਠੇ ਹੁੰਦੇ ਨੇ ਅਤੇ ਆਉਣ ਵਾਲੇ ਸਮਿਆਂ ਵਿਚ ਉੱਚੀਆਂ ਤਰੱਕੀਆਂ ਦੀ ਝਾਕ ਵਿਚ ਰਹਿੰਦੇ ਨੇ।

ਮੇਰੇ ਪਾਸ ਇਕ ਵੱਡਾ ਗਰੁੱਪ ਆਉਂਦਾ ਹੈ ਰਿਟਾਇਰ ਹੋਏ ਜਾਂ ਹੋਣ ਵਾਲੇ ਬੁੱਧੀਜੀਵੀਆਂ ਦਾ। ਉਹਨਾਂ ਦਾ ਜ਼ਿਆਦਾਤਰ ਰੁਝੇਵਾਂ ਰਹਿੰਦਾ ਹੈ ਧਾਰਮਿਕ ਨਿਤਨੇਮ, ਰੋਜ਼ਾਨਾ ਅਖਬਾਰ ਤੇ ਸਰਸਰੀ ਨਜ਼ਰ ਮਾਰਨੀ, ਸੈਰ ਕਰਨੀ ਜਾਂ ਐਵੇਂ ਟੀ.ਵੀ. ਦੇ ਅੱਗੇ ਬਹਿ ਰਹਿਣਾ। ਇਹਨਾਂ ਬਹੁਤਿਆਂ ਦੇ ਬੱਚੇ ਚੰਗੇ ਪੜ੍ਹੇ ਲਿਖੇ ਨੇ ਤੇ ਘਰ ਦੇ ਵਿਚ ਕੰਪਿਊਟਰ ਵੀ ਨੇ। ਪਰ ਨਾ ਇਹ ਕੰਪਿਊਟਰ ਵਰਤਣਾ ਜਾਣਦੇ ਨੇ ਅਤੇ ਨਾ ਹੀ ਅਜਿਹੀ ਇੱਛਾ ਹੁੰਦੀ ਹੈ। ਕਈ ਸਿਆਸਤ ਨੂੰ ਵੀ ਮੂੰਹ ਮਾਰਦੇ ਨੇ ਅਤੇ ਕਿਸੇ ਨਾ ਕਿਸੇ ਸਿਆਸੀ ਨੇਤਾ ਨੂੰ ਨਿੱਜੀ ਤੌਰ 'ਤੇ ਜਾਣਨ ਦਾ ਮਾਣ ਕਰਦੇ ਨੇ। ਦੇਸ ਪ੍ਰਦੇਸ ਵਿਚ ਹੁੰਦੀਆਂ ਘਟਨਾਵਾਂ ਬਾਰੇ ਸਿਰਫ ਧੁੰਦਲਾ ਜਿਹਾ ਗਿਆਨ ਰੱਖਦੇ ਨੇ।

ਇਹ ਸਭ ਸਿਆਸੀ ਜਾਂ ਗ਼ੈਰ-ਸਿਆਸੀ ਲੋਕ ਮੇਰਾ ਕੱਚਾ ਮਾਲ ਨੇ ਜਿਹਨਾਂ ਵਿਚ ਕੁਝ ਇਕ ਨੂੰ ਮੈਂ ਰੋਜ਼ ਵੰਨਗੀ ਦੇ ਤੌਰ 'ਤੇ ਚੁਣ ਲੈਂਦਾ ਹਾਂ। ਦੁਖਦੀਆਂ ਅੱਖਾਂ, ਕਾਲੇ ਚਿੱਟੇ ਮੋਤੀਏ ਅਤੇ ਸੱਟਾ ਫੇਟਾਂ, ਸੋਜਾਂ ਆਦਿ ਜਹੀਆਂ ਬੇਅੰਤ ਬਿਮਾਰੀਆਂ ਨੂੰ 10-15 ਮਿੰਟ ਲਈ ਛੱਡ ਕੇ, ਨਵੀਂਆ ਵਾਕਫ਼ੀਆਂ ਅਤੇ ਕਈ ਵਾਰ ਦੋਸਤੀਆਂ ਵੱਲ ਲਗਾ ਦੇਂਦਾ ਹਾਂ। ਹਸਪਤਾਲ ਵਿਚੋਂ ਦੁਨੀਆ ਦਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ, ਥੋੜ੍ਹੀ ਦੇਰ ਵਾਸਤੇ।

ਮੁੱਢਲੀ ਵਾਕਫ਼ੀ ਦੇ ਪਿੱਛੋਂ ਮੇਰਾ ਪਹਿਲਾ ਸੁਆਲ ਹੁੰਦਾ ਹੈ–''ਕੀ ਤੁਸਾਂ ਕਦੇ 9/11 ਬਾਰੇ ਕੁਝ ਸੁਣਿਆ? ਜਾਂ ਵਰਲਡ ਟਰੇਡ ਸੈਂਟਰ ਬਾਰੇ ਕੁਝ ਜਾਣਦੇ ਹੋ? ਜਾਂ ਬਿਨ ਲਾਦੇਨ ਬਾਰੇ ਸੁਣਿਐ ਜਾਂ ਸੁਣਿਐ ਕਦੇ ਹਾਈਜੈਕਰਾਂ ਨੇ ਅਮਰੀਕਾ ਦੇ ਵਿਚ ਹਵਾਈ ਜਹਾਜ਼ ਅਗਵਾ ਕੀਤਾ ਹੋਵੇ ਅਤੇ ਉੱਚੀਆਂ ਇਮਾਰਤਾਂ ਵਿਚ ਜਾ ਮਾਰੇ ਹੋਣ। ਬਹੁਤਿਆਂ ਦਾ ਜਵਾਬ ਹੁੰਦਾ ਹੈ ਕਿ ਕੁਝ ਪਤਾ ਨਹੀਂ। ਕੁਝ ਕਹਿੰਦੇ ਹਨ ਕਿ ਸੁਣਿਆਂ ਹੈ ਪਰ ਚੰਗੀ ਤਰ੍ਹਾਂ ਯਾਦ ਨਹੀਂ ਕੀ ਹੋਇਆ ਸੀ। ਕੁਝ ਬਚੇ ਖੁਚੇ ਕਹਿੰਦੇ ਹਨ ਕਿ ਹਾਂ ਜੀ ਮੁਸਲਮਾਨਾਂ ਨੇ ਅਮਰੀਕਾ ਦੇ ਟਾਵਰਾਂ ਉੱਤੇ ਹਮਲਾ ਕੀਤਾ ਸੀ। ਪੰਜ ਚਾਰ ਅਜਿਹੇ ਵੀ ਮਿਲੇ ਜਿਹਨਾਂ ਨੇ ਕਿਹਾ ਕਿ ਮੈਂ ਉਸ ਦਿਨ ਨਿਊਯੌਰਕ ਸਾਂ ਜਦੋਂ ਜਹਾਜ਼ ਹਾਈਜੈਕ ਕਰ ਕੇ ਉੱਚੀਆਂ ਬਿਲਡਿੰਗਾਂ ਨੂੰ ਮਾਰੇ ਗਏ।

ਫਿਰ ਮੈਂ ਪੁੱਛਦਾ ਹਾਂ ਕਿ ਇਹ ਪੱਕੀ ਤਰ੍ਹਾਂ ਕਿਵੇਂ ਕਿਹਾ ਜਾ ਸਕਦਾ ਹੈ ਕਿ ਜਹਾਜ਼ ਹਾਈਜੈਕ ਹੋਏ? ਕੀ ਇਹ ਕੰਮ ਅਮਰੀਕਨ ਸਰਕਾਰ ਕਿਸੇ ਢੰਗ ਨਾਲ ਨਹੀਂ ਕਰਵਾ ਸਕਦੀ? ਜਵਾਬ ਮਿਲਦੈ ਇਹ ਕਿਵੇਂ ਹੋ ਸਕਦੈ ਕਿ ਸਰਕਾਰ ਅਪਣੇ ਲੋਕਾਂ ਨੂੰ ਆਪ ਮਰਵਾਏ। ਇਸ ਪਿੱਛੋਂ ਮੈਂ ਹਰ ਬੁੱਧੀਜੀਵੀ ਨੂੰ ਕਹਿੰਦਾ ਹਾਂ ਕਿ ਉਹ ਉੱਡਦੇ ਜਹਾਜ਼ ਦੀ ਤਸਵੀਰ ਉੱਤੇ ਚੰਗੀ ਤਰ੍ਹਾਂ ਨਜ਼ਰ ਮਾਰ ਕੇ ਦੱਸੇ ਕਿ ਉਸ ਵਿਚ ਕੋਈ ਅਸਾਧਾਰਨ ਬਣਤਰ ਤਾਂ ਨਹੀਂ। ਅਜੇ ਤੱਕ ਕਿਸੇ ਨੂੰ ਅਪਣੇ ਆਪ ਕੋਈ ਨੁਕਸ ਦਿਖਾਈ ਨਹੀਂ ਦਿੱਤਾ। ਇਸ ਪਿੱਛੋਂ ਮੈਂ ਤਸਵੀਰ ਕੋਲ ਲਿਜਾ ਕੇ ਉਹਨਾਂ ਨੂੰ ਵਿਖਾਉਂਦਾ, ਜਹਾਜ਼ ਦੇ ਪੇਟ ਹੇਠਾਂ ਲੱਗਿਆ ਲੱਗਪੱਗ 20 ਮੀਟਰ ਲੰਬੀ ਕੋਈ ਬਨਾਵਟ ਜੋ ਕੇਵਲ ਇਕ ਰਾਕਟ ਹੀ ਹੋ ਸਕਦੈ ਅਤੇ ਜਿਸ ਦਾ ਭਾਰ ਕਈ ਟਨ ਹੋਵੇਗਾ। ਮੈਂ ਪੁੱਛਦਾਂ-ਇਹ ਦਸ ਵੀਹ ਜਾਂ ਤੀਹ ਟਨ ਦੀ ਅਟੈਚਮੈਂਟ ਕਿਸੇ ਹਾਈਜੈਕਰ ਕੋਲੋਂ ਹਵਾਈ ਜਹਾਜ਼ ਦੇ ਥੱਲੇ ਲੱਗ ਸਕਦੀ ਹੈ? ਕੀ ਇਹ ਰਾਕਟ ਨੁਮਾ ਬਣਤਰ ਹਵਾਈ ਅੱਡੇ ਉੱਤੇ ਲੁੱਕ ਛਿਪ ਕੇ ਫਿੱਟ ਕੀਤੀ ਜਾ ਸਕਦੀ ਹੈ? ਜਵਾਬ ਹੁੰਦਾ ਹੈ ਨਹੀਂ। ਇਹ ਤਾਂ ਉੱਥੇ ਹੀ ਲੱਗ ਸਕਦੀ ਹੈ ਜਿੱਥੇ ਜਹਾਜ਼ ਬਣਾਏ ਜਾਂਦੇ ਹਨ। ਤਾਂ ਭਾਈ ਉੱਥੇ ਕਿਹੜਾ ਹਾਈਜੈਕਰ ਪਹੁੰਚ ਸਕਦਾ ਹੈ? ਹਾਈਜੈਕਰ ਇਕੋ ਹੀ ਹੈ– ਉਹ ਹੈ ਸਰਕਾਰ। ਜਿਸ ਦੀ ਮਰਜ਼ੀ ਤੋਂ ਬਿਨਾਂ ਉਸ ਮੁਲਕ ਵਿਚ ਪੱਤਾ ਨਹੀਂ ਹਿੱਲ ਸਕਦਾ। ਜਿਸ ਦੀ ਮਰਜ਼ੀ ਤੋਂ ਬਿਨਾਂ ਇਹ ਜਹਾਜ਼ ਅਮਰੀਕਾ ਦੇ ਕਈ ਫੌਜੀ ਹਵਾਈ ਅੱਡਿਆਂ ਦੇ ਵਿਚੋਂ ਲੰਘ ਕੇ 'ਟਵਿਨ ਟਾਵਰਜ਼' ਭਾਵ ਜੋੜੇ ਟਾਵਰਾਂ ਵੱਲ ਕਿਵੇਂ ਵਧਿਆ? ਹਵਾਈ ਅੱਡਿਆਂ ਦੇ ਵਿਚੋਂ ਇਕ ਵੀ ਲੜਾਕੂ ਜਹਾਜ਼ ਨੇ ਉਡਾਨ ਭਰ ਕੇ ਇਸ ਜਹਾਜ਼ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਕਿਹਾ ਜਾਂਦਾ ਹੈ, 'ਕੁੱਤਾ ਨਹੀਂ ਸੀ ਭੌਂਕਿਆ ਕਿਉਂਕਿ ਜੁਰਮ ਕਰਨ ਵਾਲਾ ਮਾਲਕ ਆਪ ਸੀ।' ਇਸ ਦੇ ਉਪਰੰਤ ਮੈਂ ਉਹਨਾਂ ਨੂੰ ਸਮਝਾਉਂਦਾ ਹਾਂ ਕਿ ਜੋੜੇ ਟਾਵਰਾਂ ਬਾਰੇ ਵੱਧ ਵਾਕਫ਼ੀ ਹੋਣੀ ਚਾਹੀਦੀ ਹੈ। ਇਹ ਟਾਵਰ ਡੇਗੇ ਜਾਣ ਤੋਂ ਕੇਵਲ ਦੋ ਮਹੀਨੇ ਪਹਿਲਾਂ ਹੀ ਇਕ 'ਲਾਰੀ ਸਿਲਵਰਸਟੀਨ' ਨਾਂ ਦੇ ਵਿਅਕਤੀ ਨੇ ਖਰੀਦੇ ਸਨ। ਕੁੱਲ ਸੱਤ ਟਾਵਰ ਸਨ ਜੋ ਉਸਦੇ ਹੱਥ ਕਰੀਬ 400 ਮਿਲੀਅਨ ਡਾਲਰ ਵਿਚ ਆਏ ਜਾਂ ਕਹੋ ਕਿ ਉਸ ਨੂੰ ਸੌਂਪੇ ਗਏ ਸਨ ਸਸਤੇ ਮੁੱਲ 'ਤੇ। ਲਾਰੀ ਸਿਲਵਰਸਟੀਨ ਅਪਣੀ ਵਧੀਆ ਕੰਪਨੀ ਕਰਕੇ ਕੁੱਲ ਦੁਨੀਆ ਵਿਚ ਜਾਣਿਆ ਜਾਂਦਾ ਹੈ। ਇਸ ਦਾ ਕੰਮ ਹੈ ਵੱਡੇ ਵੱਡੇ ਸ਼ਹਿਰਾਂ ਵਿਚ ਉੱਚੀਆਂ ਪੁਰਾਣੀਆਂ ਇਮਾਰਤਾਂ ਡੇਗ ਕੇ ਮਲਬਾ ਚੁੱਕ ਦੇਣਾ। ਕੰਪਨੀ ਦਾ ਨਾਮ ਹੈ 'ਕੰਟਰੋਲਡ ਡੈਮੋਲਿਸ਼ਨ ਇਨਕਾਰਪੋਰੇਟਿਡ'। ਇਸ ਕੋਲ ਅਜਿਹੀ ਤਕਨਾਲੋਜੀ ਹੈ ਕਿ ਵਧੀਆ ਤੋਂ ਵਧੀਆ ਸਟੀਲ ਵੀ ਪਾਣੀ ਵਾਂਗ ਪੰਘਰ ਜਾਂਦਾ ਹੈ। ਤਕਨਾਲੋਜੀ ਦਾ ਨਾਂ ਹੈ–ਨੈਨੋ ਥਰਮਾਈਟ।

ਉਹਨਾਂ ਨੇ ਸੱਤ ਦੇ ਸੱਤ ਟਾਵਰ ਕੇਵਲ 400 ਮਿਲੀਅਨ ਡਾਲਰਾਂ ਨਾਲ ਖਰੀਦੇ ਅਤੇ ਉਹਨਾਂ ਦੀ ਨਵੇਂ ਸਿਰਿਓਂ ਇੰਸ਼ੋਰੈਂਸ ਕਰਵਾਈ ਦਸ ਗੁਣਾਂ ਮੁੱਲ ਉੱਤੇ। ਇਨਸ਼ੋਰੈਂਸ 'ਚ ਨੁਕਤਾ ਜਮ੍ਹਾਂ ਕਰ ਦਿੱਤਾ ਗਿਆ–ਟੈਰਸਿਟ ਅਟੈਕ। ਉਸ ਨੇ ਕੁੱਲ ਇਮਾਰਤਾਂ ਦੀ ਦੇਖਭਾਲ ਭਾਵ ਸਿਕਿਓਰਟੀ ਦਾ ਠੇਕਾ ਅਮਰੀਕਾ ਦੇ ਪ੍ਰਧਾਨ ਦੇ ਛੋਟੇ ਭਰਾ ਬੁਸ਼ ਨੂੰ ਦੇ ਦਿੱਤਾ। ਰੌਚਕ ਗੱਲ ਇਹ ਹੈ ਕਿ ਦੇਖ ਭਾਲ ਦਾ ਠੇਕਾ ਸਤੰਬਰ 10 ਨੂੰ ਖ਼ਤਮ ਹੋ ਜਾਂਦਾ ਸੀ। ਯਾਦ ਰਹੇ ਕਿ ਜੋੜੇ ਟਾਵਰ ਇਕ ਦਿਨ ਪਿੱਛੋਂ ਉਡਾਏ ਗਏ, ਇਸ ਤਰ੍ਹਾਂ ਪ੍ਰਧਾਨ ਬੁਸ਼ ਦੇ ਭਰਾ ਉੱਤੇ ਕੋਈ ਹਰਫ਼ ਨਹੀਂ ਆ ਸਕਦਾ ਸੀ। ਖਰੀਦੇ ਜਾਣ ਦੇ ਪਿੱਛੋਂ ਦੋ ਮਹੀਨੇ ਦਾ ਸਮਾਂ ਇਮਾਰਤਾਂ ਨੂੰ ਉਡਾ ਦੇਣ ਦੀ ਗ਼ਰਜ ਨਾਲ ਯੰਤਰਾਂ ਅਤੇ ਲੋੜੀਂਦੇ ਅਸਲੇ ਤੇ ਵਿਸਫ਼ੋਟਕ ਪਦਾਰਥਾਂ ਦੇ ਨਾਲ ਲੈਸ ਕਰ ਦਿੱਤਾ ਗਿਆ। ਜੋੜੇ ਟਾਵਰਾਂ ਨਾਲ ਟਕਰਾਣ ਵਾਲੇ 'ਜਹਾਜ਼' ਖਾਸ ਬਣਾਏ ਗਏ ਸਨ। ਇਹਨਾਂ ਵਿਚ ਨਾ ਕੋਈ ਪਾਇਲਟ ਸੀ ਤੇ ਨਾਂ ਹੀ ਕੋਈ ਸਵਾਰ ਸੀ। ਉਹਨਾਂ ਦੀ ਉਡਾਣ ਦੂਰ ਤੋਂ ਕੰਟਰੋਲ ਹੇਠ ਸੀ। ਅਗਲੇ ਦਿਨ ਛਾਪੀਆਂ ਗਈਆਂ ਤਸਵੀਰਾਂ ਦੀਆਂ ਲਿਸਟਾਂ ਫ਼ਰਜ਼ੀ ਸਨ ਤੇ ਉਹਨਾਂ ਫ਼ਰਜ਼ੀ ਲਿਸਟਾਂ ਵਿਚ ਵੀ ਕਿਸੇ ਹਾਈਜੈਕਰ ਦਾ ਨਾਂ ਨਹੀਂ ਸੀ। ਜਦ ਕਿ ਜਹਾਜ਼ ਨੂੰ ਇਮਾਰਤ ਦੇ ਅੰਦਰ ਅੱਗ ਦੇ ਗੋਲੇ ਵਾਂਗ ਫਟਦੇ ਵਿਖਾਇਆ ਗਿਆ ਹੈ, ਕਿਸੇ ਸਵਾਰ ਜਾਂ ਅਸਬਾਬ ਦਾ ਅੰਸ਼ ਨਹੀਂ ਪਾਇਆ ਗਿਆ, ਫੇਰ ਵੀ ਹਾਸੋ ਹੀਣੇ ਢੰਗ ਨਾਲ ਇਕ ਕਥਿੱਤ ਹਾਈਜੈਕਰ ਦਾ ਪਾਸਪੋਰਟ ਅਤੇ ਇਕ ਹੋਰ ਕ੍ਰੈਡਿਟ ਕਾਰਡ ਇਕ ਜਾਦੂਈ ਢੰਗ ਨਾਲ ਬਚ ਕੇ ਉੱਡ ਗਏ। ਕ੍ਰੈਡਿਟ ਕਾਰਡ ਦੇ ਨਾਲ ਬੈਂਕ ਵਿਚੋਂ ਨਕਦੀ ਵੀ ਕੱਢ ਕੇ ਵਿਖਾਈ ਗਈ। ਧੰਨ ਹਨ ਉਹ ਅਮਰੀਕਨ ਲੋਕ ਜਿਹਨਾਂ ਨੇ ਹਰ ਕੋਰੇ ਝੂਠ ਨੂੰ ਸੱਚ ਕਰ ਕੇ ਮੰਨਿਆ ਤੇ ਧੰਨ ਹੈ ਸਾਰੀ ਦੁਨੀਆ ਜਿਸ ਦੀ ਜ਼ੁਬਾਨ ਨੂੰ ਤੰਦੂਏ ਨੇ ਘੁੱਟ ਕੇ ਫੜ ਲਿਆ।

ਅਕਲਮੰਦ ਨੂੰ ਇਸ਼ਾਰਾ ਹੀ ਕਾਫੀ ਹੁੰਦਾ ਹੈ। ਅੱਜ ਹਰ ਪੜ੍ਹਿਆ ਲਿਖਿਆ ਅਪਣੇ ਲਈ ਸੱਚਾਈ ਦੀ ਖੋਜ ਖੁਦ ਕਰ ਸਕਦਾ ਹੈ, ਸੱਚ ਇੰਟਰਨੈੱਟ ਦੀਆਂ ਕੁਝ ਸਾਈਟਾਂ 'ਤੇ ਖੋਜਿਆ ਜਾ ਸਕਦਾ ਹੈ–whatreallyhappened.com ਅਤੇ 911truth.com ਹੋਰ ਵੀ ਬੇਅੰਤ ਟਿਕਾਣੇ ਹਨ ਜਿੱਥੇ 9/11 ਦੀ ਸਮੱਗਰੀ ਭਰੀ ਪਈ ਹੈ।

ਇੰਟਰਨੈੱਟ ਰਾਹੀਂ ਸੱਚਾਈ ਨੂੰ ਭਾਲਣ ਦੀ ਰੁਚੀ ਲੋਕਾਂ ਵਿਚ ਵੱਧਦੀ ਜਾ ਰਹੀ ਹੈ। ਬੇਅੰਤ ਲੋਕਾਂ ਨੂੰ ਸਮਝ ਆ ਰਹੀ ਹੈ ਕਿ ਵੱਡੇ ਵੱਡੇ ਜਾਣੇ ਪਛਾਣੇ ਅਖਬਾਰ ਅਤੇ ਟੀ.ਵੀ. ਦੇ ਚੈਨਲ ਕਿਸੇ ਅੰਤਰ ਰਾਸ਼ਟਰੀ ਬਦਮਾਸ਼ ਜੁੰਡਲੀ ਦੀ ਮੁੱਠੀ ਵਿਚ ਨੇ। ਅੱਜਕੱਲ ਇਸ ਜੁੰਡਲੀ ਦੀ ਕੋਸ਼ਿਸ਼ ਹੈ ਕਿ ਇੰਟਰਨੈੱਟ ਨੂੰ ਨਕੇਲ ਪਾਈ ਜਾਵੇ ਤਾਂ ਜੋ ਦੁਨੀਆ ਦੀ ਕੁੱਲ ਲੋਕਾਈ ਨੂੰ ਅਸਲ ਹਾਲਤ ਦੀ ਭਿਣਕ ਨਾ ਪਵੇ। ਅਮਰੀਕਾ ਦੀ ਪਬਲਿਕ ਦਾ ਕੰਟਰੋਲ ਏਥੋਂ ਤੱਕ ਪਹੁੰਚ ਗਿਆ ਹੈ ਕਿ ਅਮਰੀਕਨ ਲੋਕ ਇੰਟਰਨੈੱਟ ਚਿੱਠੀਆਂ ਭਾਵ ਈ-ਮੇਲ ਅਤੇ ਟੈਲੀਫੋਨ ਤੱਕ ਵੀ ਅਪਣੇ ਅੰਦਰ ਦੀ ਗੱਲ ਕਹਿਣ ਤੋਂ ਨਿਰਾ ਝਿਜਕਦੇ ਹੀ ਨਹੀ, ਡਰਦੇ ਹਨ, ਕਿਉਂਕਿ ਸ਼ਕਤੀਸ਼ਾਲੀ ਖੋਜ ਇੰਜਣ ਉਹਨਾਂ ਦੇ ਹਰ ਖਿਆਲ ਨੂੰ ਖੋਜ ਜਾਲੀ ਦੇ ਵਿਚੋਂ ਕੱਢ ਲੈਂਦੇ ਹਨ। ਬਾਜ਼ਾਰ ਵਿਚੋਂ ਖਰੀਦੀ ਜਾਂ ਲਾਇਬ੍ਰੇਰੀ ਵਿਚੋਂ ਕਢਾਈ ਗਈ ਕਿਤਾਬ ਜਾਂ ਫਿਲਮ, ਵਿਅਕਤੀ ਦੇ ਖਾਤੇ ਵਿਚ ਪਾ ਕੇ ਉਸ ਦੀ ਮਨੋਬਿਰਤੀ ਦਾ ਜਾਇਜ਼ਾ ਲਿਆ ਜਾਂਦਾ ਹੈ ਕਿ ਉਹ ਹਾਕਮ ਜਮਾਤ/ਟੋਲੇ ਦੇ ਉਲਟ ਤਾਂ ਨਹੀਂ ਜਾਂਦੇ? ਅਜਿਹੇ ਵਿਸ਼ਲੇਸ਼ਣ ਦੇ ਨਾਲ ਇਸ ਸਮੇਂ ਕੋਈ ਇੱਕ ਲੱਖ ਲੋਕ 'ਨੋ ਫਲਾਈ ਲਿਸਟ' ਉੱਤੇ ਪਾ ਦਿੱਤੇ ਗਏ ਨੇ। ਅਮਰੀਕਾ ਇਕ ਵਿਸ਼ਾਲ ਦੇਸ਼ ਹੈ ਤੇ ਹਵਾਈ ਸਫ਼ਰ ਸਭ ਦੀ ਜ਼ਰੂਰਤ ਹੈ। ਜਦੋਂ ਕੋਈ ਪ੍ਰੋਫੈਸਰ, ਡਾਕਟਰ ਜਾਂ ਕੋਈ ਹੋਰ ਕਿੱਤੇ ਦਾ ਮਾਹਰ ਹਵਾਈ ਅੱਡੇ 'ਤੇ ਪਹੁੰਚਦਾ ਹੈ ਤਾਂ ਟਿਕਟ ਦੀ ਮੰਗ ਕਰਨ ਸਮੇਂ ਜਵਾਬ ਮਿਲਦਾ ਹੈ 'ਮੁਆਫ਼ ਕਰਨਾ, ਆਪ ਦਾ ਨਾਂ ਨੋ ਫਲਾਈ ਲਿਸਟ ਉੱਤੇ ਹੈ।' ਮੇਰੇ ਇਕ ਸਾਇੰਸਦਾਨ ਖੋਜੀ ਦੋਸਤ ਨਾਲ ਅਜਿਹਾ ਹੀ ਹੋਇਆ। 'ਨੋ ਫਲਾਈ ਲਿਸਟ' ਤੋਂ ਵੀ ਟੱਪ ਕੇ ਉਸਦਾ ਪਾਸਪੋਰਟ ਵੀ ਰੱਦ ਹੋ ਗਿਆ। ਪੰਜਾਹ ਦਰਵਾਜ਼ੇ ਖਟਖਟਾਉਣ ਅਤੇ ਬੇਅੰਤ ਸਿਆਸੀ ਦਬਾਅ ਦੇ ਹੇਠਾਂ ਉਸਦਾ ਪਾਸਪੋਰਟ ਬਹਾਲ ਹੋਇਆ। ਮੇਰੇ ਨਾਲ ਦਸ ਸਾਲ ਦੇ ਸਪੰਰਕ ਵਿਚ ਉਹਨੇ ਇਕ ਵੇਰ ਵੀ ਸਿਆਸੀ ਗੱਲਬਾਤ ਨਹੀਂ ਕੀਤੀ। ਜੇ ਅਜਿਹੇ ਲੋਕਾਂ ਨੂੰ ਛਾਣਬੀਣ ਦੇ ਖਾਨੇ ਵਿਚ ਰੱਖਿਆ ਜਾਂਦਾ ਹੈ ਤਾਂ ਸੱਚਮੁੱਚ ਦੇ ਨੀਤੀ ਵਿਰੋਧੀਆਂ ਨਾਲ ਕੀ ਸਲੂਕ ਹੁੰਦਾ ਹੋਵੇਗਾ।

ਉੱਥੇ ਤਾਂ ਕੋਈ ਦੇਸ਼ ਦਾ ਪ੍ਰਧਾਨ ਵੀ ਸੁਰੱਖਿਅਤ ਨਹੀਂ। ਸਭ ਪ੍ਰਧਾਨਾਂ ਨੂੰ ਕਿਸੇ ਸ਼ਕਤੀ ਦੇ ਪਾਏ ਪੂਰਨਿਆਂ 'ਤੇ ਚੱਲਣਾ ਪੈਂਦਾ ਹੈ। ਨਹੀਂ ਤਾਂ ਪ੍ਰਧਾਨ ਜੌਹਨ ਕੈਨੇਡੀ ਜਿਹਾ ਹਾਲ ਹੁੰਦਾ ਹੈ। ਕੈਨੇਡੀ ਨੇ ਪੁਰਾਣੀਆਂ ਲੁਟੇਰ ਨੀਤੀਆਂ ਤੋਂ ਹੱਟ ਕੇ ਨਵਾਂ ਰਾਹ ਲੱਭਣ ਦੀ ਕੋਸ਼ਿਸ਼ ਕੀਤੀ। ਤਦੋਂ ਹੀ ਉਸਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਐਨਾ ਹੀ ਨਹੀਂ, ਉਸ ਦੇ ਕੁੱਲ ਪਰਿਵਾਰ ਦਾ ਇਕ ਇਕ ਕਰਕੇ ਸਫ਼ਾਇਆ ਕਰ ਦਿੱਤਾ ਗਿਆ ਤਾਂ ਜੋ ਉਹਨਾਂ ਵਿਚੋਂ ਕੋਈ ਸਿਆਸਤ ਵਿਚ ਵੜ ਕੇ ਕੈਨੇਡੀ ਵਾਲੇ 'ਕੁਚੱਜੇ ਰਸਤੇ' 'ਤੇ ਨਾ ਪੈ ਜਾਵੇ। ਅਮਰੀਕਾ ਵਿਚ ਲਗਾਤਾਰ ਉਹਨਾਂ ਸ਼ਕਤੀਆਂ ਦਾ ਰਾਜ ਚੱਲਦਾ ਆ ਰਿਹਾ ਹੈ ਜੋ ਅਮਰੀਕੀ ਸਾਮਰਾਜ ਦਾ ਝੰਡਾ ਕੁੱਲ ਦੁਨੀਆਂ ਵਿਚ ਗੱਡਣ 'ਚ ਜੁਟੀਆਂ ਹੋਈਆਂ ਹਨ। ਪ੍ਰਧਾਨ ਕਿਸੇ ਵੀ ਪਾਰਟੀ ਦੇ ਨਾਂ 'ਤੇ ਆਵੇ, ਉਹਨਾਂ ਦਾ ਅਪਣਾ ਹੀ ਹੱਥ-ਠੋਕਾ ਹੁੰਦਾ ਹੈ।

ਜੌਰਜ ਔਰਵੈੱਲ ਦੀ ਕਿਤਾਬ ਹੈ– 1984। ਉਸ ਵਿਚ ਹਾਕਮ ਪਾਰਟੀ ਦੇ ਤਿੰਨ ਵੱਡੇ ਨਾਹਰੇ ਹਨ:

ਜੰਗ ਹੀ ਅਮਨ ਹੈ।

ਆਜ਼ਾਦੀ ਗ਼ੁਲਾਮੀ ਵਿਚ ਹੈ।

ਅਗਿਆਨਤਾ, ਤਾਕਤ ਦੀ ਕੁੰਜੀ ਹੈ।

ਅਮਰੀਕਨ ਸਮਾਜ ਸੁਲਝੇ ਹੋਏ ਰਹਿਨੁਮਾਵਾਂ ਦੀ ਅਗਵਾਈ ਹੇਠ ਜੌਰਜ ਆਰਵੈੱਲ ਦੇ ਤਿੰਨ ਨਾਅਰਿਆਂ ਦੇ ਉੱਤੇ ਬੜੀ ਦੂਰ ਤੱਕ ਮੰਜ਼ਲਾਂ ਕੱਛ ਚੁੱਕਾ ਹੈ।



9/11 ਦੀ ਕਹਾਣੀ ਬੜੀ ਮਹੱਤਵਪੂਰਨ ਹੈ। ਦੁਨੀਆ ਦਾ ਕੁੱਲ ਅਗਲਾ ਪਿਛਲਾ ਇਤਿਹਾਸ ਏਸ ਦੇ ਨਾਲ ਜੁੜਿਆ ਹੋਇਆ ਹੈ। ਅੱਜ ਦੀ ਦੁਨੀਆ ਦੀ ਉੱਥਲ-ਪੁੱਥਲ 9/11 ਦੇ ਬਹਾਨੇ ਨਾਲ ਹੀ ਲਗਾਤਾਰ ਜਾਰੀ ਹੈ। ਇਕ ਤੋਂ ਪਿੱਛੋਂ ਦੂਜੇ ਮੁਲਕਾਂ ਉੱਤੇ ਬੰਬ ਵਰ੍ਹਾਏ ਜਾ ਰਹੇ ਹਨ, ਬਸਤੀਆਂ ਤੇ ਸ਼ਹਿਰਾਂ ਨੂੰ ਮਲੀਆ ਮੇਟ ਕੀਤਾ ਜਾ ਰਿਹਾ ਹੈ। ਲੱਖਾਂ ਲੋਕ ਮਾਰੇ ਤੇ ਕਰੋੜਾਂ ਉਜਾੜੇ ਜਾ ਰਹੇ ਨੇ। ਕੁੱਲ ਮੁਲਕਾਂ ਦੀਆਂ ਹਕੂਮਤਾਂ ਦੀਆਂ ਜ਼ੁਬਾਨਾਂ ਡਰ ਦੇ ਮਾਰੇ ਬੰਦ ਹਨ। ਬਹੁਤੀਆਂ ਹਕੂਮਤਾਂ ਤੇ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਕਿ ਅਸਲ ਵਿਚ 9/11 ਨੂੰ ਹੋਇਆ ਕੀ ਸੀ। ਜਿਸ ਨੂੰ ਪਤਾ ਹੈ ਉਹ ਬੋਲਦਾ ਨਹੀਂ।

# ਧਰਮ : ਵਿਗਿਆਨ ਅਤੇ ਨੈਤਿਕ-ਸ਼ਾਸ਼ਤਰ

ਘੱਟ ਗਿਣਤੀ ਕਮਿਸ਼ਨ ਭਾਰਤ ਦੇ ਸਾਬਕਾ ਵਾਈਸ ਚੈਅਰਮੈਨ ਪ੍ਰੋ. ਬਾਵਾ ਸਿੰਘ ਖ਼ਾਲਸਾ ਕਾਲਜ ਗੁਰੂ ਸਰ ਸਧਾਰ ਵਿਖੇ ਅੰਗਰੇਜ਼ੀ ਵਿਸ਼ੇ ਦੇ ਪ੍ਰੋਫੈਸਰ ਹਨ ਤੇ ਲੰਮੇ ਸਮੇਂ ਤੱਕ ਸਮਾਜਕ, ਸੱਭਿਆਚਾਰਕ ਤੇ ਰਾਜਸੀ ਵਿਸ਼ਿਆਂ ਉੱਪਰ ਅਖ਼ਬਾਰਾਂ ਵਿਚ ਐਡੀਟੋਰੀਅਲ ਲੇਖ ਲਿਖਦੇ ਰਹੇ ਹਨ। ਪਿਛਲੇ ਕੁੱਝ ਸਮੇਂ ਤੋਂ ਉਹ ਖਾਮੋਸ਼ ਸਨ। 'ਨਵੀਂ ਦੁਨੀਆ' ਦੇ ਮੰਚ ਤੋਂ ਉਹਨਾਂ ਨੇ ਅਪਣੀ ਖਾਮੋਸ਼ੀ ਤੋੜੀ ਹੈ ਤੇ 'ਨਵੀਂ ਦੁਨੀਆ' ਦੇ ਪਾਠਕਾਂ ਲਈ ਉਹਨਾਂ ਦੇ ਵਿਚਾਰ ਉਤੇਜਿਕ ਲੇਖ ਲਗਾਤਾਰ ਉਪਲਬੱਧ ਰਹਿਣਗੇ।



ਸੰਪਾਦਕ

ਸੱਭਿਅਕ ਸਮਾਜ ਦੀ ਸ਼ੁਰੂਆਤ ਤੋਂ ਅੱਜ ਤੱਕ ਸੱਭਿਅਕ ਅਤੇ ਕੁਦਰਤ ਦਰਮਿਆਨ, ਸੱਭਿਅਕ/ਅਸੱਭਿਅਕ ਦਰਮਿਆਨ ; ਜਾਂ ਕਹਿ ਲਈਏ ਕਿ ਸ਼ਿਸਟਤਾ /ਨੈਤਿਕਤਾ ਅਤੇ ਅਸ਼ਿਸ਼ਟਤਾ/ ਅਨੈਤਿਕਤਾ ਦਰਮਿਆਨ, ਇਕ ਨਿਰੰਤਰ ਕਸ਼ਮਕਸ਼ ਰਹੀ ਹੈ। ਮਨੁੱਖੀ ਸਮਾਜ ਦੀ ਸਥਾਪਨਾ ਅਤੇ ਵਿਕਾਸ ਲਈ ਇਹ ਕਸ਼ਮਕਸ਼ ਇਕ ਲੋੜ ਹੀ ਤਾਂ ਸੀ। ਇਹ ਜਰੂਰੀ ਲੋੜ ਕਾਰਨ ਮਨੁੱਖ ਦੀ ਸਮਾਜਿਕ ਜ਼ਿੰਦਗੀ ਅਤੇ ਸਭਿਆਚਾਰ ਦਾ ਹਰ ਵਰਤਾਰਾ...ਦੋ ਆਪਸੀ ਵਿਰੋਧੀ ਜੁੱਟਾਂ-ਗੁੱਟਾਂ ਵਿਚ ਵੰਡਿਆ ਜਾਣ ਲੱਗਾ। ਸਮਾਜ-ਸੱਭਿਆਚਾਰ ਦਾ ਹਰ ਵਰਤਾਰਾ ਇਹਨਾਂ ਦੋ ਵਿਰੋਧੀ ਗੁੱਟਾਂ-ਜੁੱਟਾਂ (Binary opposition) ਦੀ ਸਾਪੇਖਿਕ (ਪਰਸਪਰ) ਸਥਿੱਤੀਆਂ ਤੋਂ ਅੰਕਿਆ ਜਾਣ ਲੱਗਾ। ਜਿਵੇਂ ਚੰਗਾ-ਮਾੜਾ, ਨੇਕੀ-ਬਦੀ, ਪੁੰਨ-ਪਾਪ, ਭਲਾ-ਬੁਰਾ, ਸੱਚ-ਝੂਠ, ਠੀਕ-ਗਲਤ....ਆਦਿ ਆਦਿ। ਜੋ ਕੁੱਝ ਵੀ ਮਨੁੱਖ ਅਤੇ ਸਮਾਜ ਲਈ ਬੇਹਤਰ ਲੋੜੀਦਾ ਅਤੇ ਸੱਭਿਅਕ ਸਮਝਿਆ ਗਿਆ, ਉਹ ਚੰਗਾ ਐਲਾਨਿਆ ਗਿਆ ਅਤੇ ਬਾਕੀ ਬੁਰਾ। ਮੁੱਦਤਾਂ ਤੋਂ ਹੁਣ ਤੱਕ ਬੱਸ ਏਸੇ ਮਾਪ-ਦੰਡ ਅਧੀਨ ਮਨੁੱਖੀ ਸਮਾਜਿਕ-ਸੱਭਿਆਚਾਰਕ ਵਰਤਾਰਾ ਨਿਰੰਤਰ ਉਸਰਦਾ ਅਤੇ ਵਿਕਸਦਾ ਰਿਹਾ ਹੈ। ਜੋ ''ਚੰਗਾ'' ਸੀ... ਉਹ ਨੈਤਿਕ (ਭਾਵ ਕਿ ਪ੍ਰਵਾਨਿਤ) ਅਤੇ ਜੋ ''ਚੰਗਾ'' ਨਹੀਂ... ਉਹ ਅਨੈਤਿਕ: ਜਾਂ ਅਸੱਭਿਅਕ ਭਾਵ ਕਿ ਅਪ੍ਰਵਾਨਿਤ।

ਮਨੁੱਖ ਵੱਲੋਂ ਪ੍ਰਵਾਨਿਤ ਇਸ ਮਨਜੂਰ-ਸ਼ੁਦਾ ਵਿਹਾਰ ਨੂੰ ਹੀ ਸਦਾਚਾਰ, ਨੈਤਿਕ ਸ਼ਾਸ਼ਤਰ, ਵੀਚਾਰ ਸਾਹਿੰਤਾ ਆਦਿ ਕਿਹਾ ਜਾਂਦਾ ਹੈ। ਸਮਾਜ ਵਿਚ ਪ੍ਰਚੱਲਿਤ ਇਸ ਨੈਤਿਕ ਸ਼ਾਸ਼ਤਰ ਦੇ ਵਿਕਾਸ ਦੀ ਵੀ ਲੰਮੀ ਕਹਾਣੀ ਹੈ। ਹਜ਼ਾਰਾਂ ਸਾਲ ਲੰਮੀ ਅਤੇ ਪੁਰਾਣੀ ਕਹਾਣੀ। ਦੁਨੀਆਂ ਦੇ ਸਭ ਪੌਰਾਣਿਕ ਵੇਦ-ਸ਼ਾਸ਼ਤਰ, ਗ੍ਰੰਥ, ਧਰਮ ਗ੍ਰੰਥ, ਕਾਵਿ...ਮਹਾਂਕਾਵਿ, ਦੰਦ-ਕਥਾਵਾਂ, ਲੋਕ-ਕਹਾਣੀਆਂ, ਲੋਕ-ਸਾਹਿਤ, ਮੌਖਿਕ ਕਹਾਣੀਆਂ ਆਦਿ, ਕਿਸੇ ਨਾ ਕਿਸੇ ਰੂਪ 'ਚ ਇਸ ਨੈਤਿਕ ਵਿਗਿਆਨ/ਨੀਤੀ ਸ਼ਾਸ਼ਤਰ ਦਾ ਪ੍ਰਚਾਰ/ਪ੍ਰਸਾਰ ਹੀ ਤਾਂ ਕਰ ਰਹੀਆਂ ਹਨ। ਵਿਸ਼ੇ ਨੂੰ ਸੀਮਾ ਬੱਧ ਕਰਨ ਲਈ ਜੇਕਰ ਨੀਤੀ-ਸ਼ਾਸ਼ਤਰ ਦੀ ਬਾਕਾਇਦਾ ਸ਼ੁਰੂਆਤ ਧਾਰਮਿਕ ਪ੍ਰਵਿਰਤੀਆਂ ਅਤੇ ਧਰਮ ਦੀ ਸ਼ੁਰੂਆਤ ਨਾਲ ਹੀ ਜੋੜ ਲਈ ਜਾਵੇ ਤਾਂ ਕੁੱਝ ਬੇਹਤਰ ਹੋਵੇਗਾ।

ਨੈਤਿਕ ਵਿਗਿਆਨ, ਨੈਤਿਕ ਮੁੱਲਾਂ, ਨਿਯਮਾਂ ਦਾ ਵਿਗਿਆਨਕ ਵਿਸ਼ਾ ਹੈ। ਉਹ ਨੈਤਿਕ ਮੁੱਲ, ਜਿਹਨਾਂ ਦਾ ਜੀਵਨ ਨੂੰ ਉਚਿਆਉਣ ਵਿਚ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਹਨਾਂ ਤੋਂ ਬਿਨਾਂ ਮਨੁੱਖੀ ਜੀਵਨ ਸਰਵਪੱਖੀ ਚੰਗਿਆਈਆਂ ਦੇ ਅਨੁਸਾਰ ਵਿਕਸਤ ਨਹੀਂ ਹੋ ਸਕਦਾ। ਇਹਨਾਂ ਨੈਤਿਕ ਗੁਣਾਂ ਸਦਕਾ ਹੀ ਮਨੁੱਖ ਕੁਦਰਤ ਦੀ ਸਰਵੋਤਮ ਰਚਨਾ ਹੈ। ਦਰਅਸਲ, ਨੈਤਿਕ ਕਦਰਾਂ-ਕੀਮਤਾਂ ਮਨੁੱਖਤਾ ਦੀ ਅਨਮੋਲ ਵਿਰਾਸਤ ਹੈ।

ਮਨੁੱਖੀ ਵਿਕਾਸ ਦੇ ਪੂਰਵ ਇਤਿਹਾਸ 'ਚ ਕੋਈ ਜਮਾਨਾ ਉਹ ਵੀ ਸੀ ਜਦੋਂ ਸਮਾਜ ਵਿਚ ਕੋਈ ਵੀ ਨੈਤਿਕ-ਮੁੱਲ ਨਹੀਂ ਸੀ ਹੁੰਦੇ। ਕਿਉਂਕਿ ਉਦੋਂ ਸਮਾਜ ਹੀ ਨਹੀਂ ਸੀ। ਇਸ ਲਈ ਕੋਈ ਸਮਾਜਿਕ ਬੰਧਨ ਜਾਂ ਸਮਾਜਿਕ ਰੀਤੀਆਂ ਵੀ ਨਹੀਂ ਸੀ। ਉਦੋਂ ਅਜੇ ਚੰਗੇ-ਮਾੜੇ ਦਾ ਸੰਕਲਪ ਹੀ ਨਹੀਂ ਸੀ ਪੈਦਾ ਹੋਇਆ। ਵਿਕਾਸ ਦੇ ਅਗਲੇਰੇ ਪੜਾਅ 'ਤੇ ਡਰ-ਸਹਿਮ ਦੇ ਪਿਛੋਕੜ 'ਚ ਪੂਜਾ-ਪਾਠ, ਜੰਤਰ-ਤੰਤਰ, ਟੂਣੇ-ਟਾਮਣ ਆਦਿ ਦੀ ਈਜਾਦ 'ਚੋਂ ਬਾਅਦ 'ਚ ਬਾਕਾਇਦਾ ਧਾਰਮਿਕ ਪ੍ਰਵ੍ਰਿਤੀਆਂ ਪੈਦਾ ਅਤੇ ਧਰਮ ਪੈਦਾ ਹੋਏ। ਵਿਕਸਤ ਹੋ ਰਹੇ ਸਮਾਜ ਦੇ ਸ਼ੁਰੂਆਤੀ ਦੌਰ 'ਚ ਇੱਕ ਸੱਭਿਅਕ ਮਨੁੱਖ ਦੀ ਰਚਨਾ ਕਰਨ 'ਚ ਧਰਮ ਦਾ ਅਹਿਮ ਰੋਲ ਰਿਹਾ ਹੈ। ਹਰ ਧਰਮ ਨੇ ਸੱਭਿਅਕ ਮਨੁੱਖ ਦੀ ਰਚਨਾ -ਉਸਾਰੀ ਦਾ ਆਧਾਰ ਨੈਤਿਕ-ਮੁੱਲਾਂ ਨੂੰ ਬਣਾਇਆ ਹੈ। ਮੁੱਢਲੇ ਦੌਰ ਦੇ ਸਭ ਧਾਰਮਿਕ ਪੈਗੰਬਰ, ਦਾਰਸ਼ਨਿਕ ਅਤੇ ਕਰਤਾਰੀ ਸ਼ਖਸ਼ੀਅਤਾਂ ਨੂੰ ਇਸ ਤੱਥ ਦਾ ਇਲਮ ਜਰੂਰ ਹੋਵੇਗਾ ਕਿ ਮਨੁੱਖ ਇਕ ਬਹੁਤ ਹੀ ਗੁੰਝਲਦਾਰ ਚੀਜ਼ ਹੈ। ਇਸ ਦੀਆਂ ਮਨੋਬ੍ਰਿਤੀਆਂ, ਭਾਵਨਾਵਾਂ, ਇੱਛਾਵਾਂ ਨੂੰ ਸਮਝ ਸਕਣਾ, ਪੂਰੀ ਤਰ੍ਹਾਂ ਨਾ-ਮੁਮਕਿਨ ਹੈ। ਮਨੁੱਖੀ ਸਮਾਜ ਨੂੰ ਕਿਸੇ ਤਰਤੀਬ ਵਿਚ ਰੱਖਣ ਅਤੇ ਬੰਨਣ ਲਈ; ਸਮਾਜ 'ਚੋਂ ਬੇਤਰਤੀਬੀ ਅਤੇ ਅਫਰਾਤਫਰੀ ਨੂੰ ਰੋਕਣ ਲਈ ਘੱਟੋ-ਘੱਟ ਹੱਦ ਤੱਕ ਕੁਝ ਕੁ ਸਰਬ ਸਾਂਝੇ ਨਿਯਮ/ਰੋਕਾਂ ਜਰੂਰੀ ਸਮਝੇ ਗਏ। ਇਹ ਸਰਬ ਸਾਂਝੇ ਨਿਯਮ/ਰੋਕਾਂ, ਮਨੁੱਖ ਵਿਚ ਸਦਾ ਮੌਜੂਦ ਪਸ਼ੂ-ਬਿਰਤੀਆਂ ਨੂੰ ਖਾਰਜ ਕਰਨ, ਘੱਟ ਕਰਨ ਜਾਂ ਰੋਕਣ ਲਈ ਬਣਾਏ ਗਏ। ਇਸ ਵੱਡੇ ਮਨੋਰਥ ਦੀ ਪ੍ਰਾਪਤੀ ਦੋ ਤਰ੍ਹਾਂ ਦੇ ਯਤਨਾਂ ਨਾਲ ਕੀਤੀ ਜਾਣ ਲੱਗੀ। ਸਵੈ-ਯਤਨਾਂ ਨਾਲ ਅਤੇ ਸਟੇਟ ਭਾਵ ਹਕੂਮਤ ਦੁਆਰਾ, ਭਾਵ ਕਿ ਕਾਨੂੰਨ ਦੀ ਮੱਦਦ ਨਾਲ। ਸਵੈ-ਯਤਨਾਂ 'ਚ ਵਿੱਦਿਆ ਅਤੇ ਧਰਮ ਨੇ ਅਹਿਮ ਭੂਮਿਕਾ ਨਿਭਾਈ। ਇਸ ਪ੍ਰਕ੍ਰਿਆ ਵਿਚ ਦੁਨੀਆਂ ਭਰ 'ਚ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਯਤਨ/ਤਜਰਬੇ ਹੋਏ/ਬਹੁਤ ਸਾਰੇ ਵਿਅਕਤੀਆਂ/ ਪੈਗੰਬਰਾਂ ਨੇ ਮਨੁੱਖ ਨੂੰ ਪਸ਼ੂ-ਬਿਰਤੀਆਂ 'ਚੋਂ ਕੱਢ ਕੇ 'ਫਰਿਸ਼ਤਾ' ਬਣਾਉਣ ਲਈ ਪੂਰਾ ਯਤਨ ਲਾਇਆ ਹੈ।



ਇਤਿਹਾਸ ਕਿਉਂਕਿ ਸ਼ੁਰੂ ਤੋਂ ਹੀ ਇਕ ਮੰਤਵ ਨਿਰਧਾਰਨ ਸਿਲਸਿਲਾ ਰਿਹਾ ਹੈ। ਇਸ ਲਈ ਆਰੰਭ ਤੋਂ ਹੀ ਹਰ ਧਰਮ ਨੇ ਇਹ ਮੁਤਾਲਬਾ (ਦਾਅਵਾ) ਕੀਤਾ ਕਿ ਉਹ ਮਨੁੱਖ ਨੂੰ ਅਗਲੇਰੀ ਵਿਕਾਸ ਪੱਧਰ 'ਤੇ ਵੀ ਲੈ ਕੇ ਜਾਵੇਗਾ ਅਤੇ ਉਸਦੀ ਹਰ ਸਮੱਸਿਆ ਦਾ ਸਮਾਧਾਨ ਵੀ ਕਰੇਗਾ। ਕਿਉਂਕਿ ਹਰ ਧਰਮ ਅਪਣੇ ਆਪ 'ਚ ਇਕ ਮਹਾਂ-ਬਿਰਤਾਂਤ ਹੁੰਦਾ ਹੈ ਅਤੇ ਹਰ ਮਹਾਂ-ਬਿਰਤਾਂਤ ਹਮੇਸ਼ਾ ਇੰਝ ਹੀ ਦਾਅਵਾ ਕਰਦਾ ਹੈ। ਧਾਰਮਿਕ ਪ੍ਰਵਿਰਤੀਆਂ ਦੇ ਲੋਕ ਅਤੇ ਧਰਮ ਕਰੀਬ ਸਾਢੇ ਚਾਰ ਹਜ਼ਾਰ ਸਾਲ ਨੈਤਿਕ ਮੁੱਲਾਂ ਅਤੇ ਸੱਭਿਅਕ ਕਾਇਦੇ ਕਾਨੂੰਨਾਂ ਦਾ ਪ੍ਰਚਾਰ ਕਰਦੇ ਰਹੇ ਤਾਂ ਕਿ ਮਨੁੱਖ ਨੂੰ ਇੱਕ ਆਦਰਸ਼ ਮਨੁੱਖ ਬਣਾਇਆ ਜਾ ਸਕੇ। ਮਨੁੱਖੀ ਮਨ ਲਹੂ ਅਤੇ ਦੇਹ 'ਚ ਮੌਜੂਦ ਪੰਜ ਮੌਲਿਕ (ਮੁੱਖ) ਬਦੀਆਂ (ਬੁਰਾਈਆਂ) ਹੀ ਨਿਸ਼ਾਨਦੇਹੀ ਕਰਕੇ, ਕਾਮ, ਕਰੋਧ, ਲੋਭ, ਮੋਹ, ਹੰਕਾਰ ਵਿਰੁੱਧ ਹਰ ਧਰਮ ਨੇ ਇਕ ਵਿਆਪਕ ਪ੍ਰਚਾਰ ਕੀਤਾ ਹੈ ਅਤੇ ਕਰਿਆ ਜਾ ਰਿਹਾ ਹੈ। ਇਹ ਤੱਥ ਸਥਾਪਤ ਕਰਨ ਦੀ ਚੇਤੰਨ ਕੋਸ਼ਿਸ਼ ਕੀਤੀ ਗਈ ਕਿ ਵਿਅਕਤੀ ਦੇ ਮਨ ਤੇ ਵਿਹਾਰ 'ਚ ਸਿਰਫ ਅਤੇ ਸਿਰਫ ਧਰਮ ਹੀ ਨੈਤਿਕ ਕਦਰਾਂ ਕੀਮਤਾਂ ਪੈਦਾ ਕਰ ਸਕਦਾ ਹੈ।

ਮਨੁੱਖੀ ਵਿਕਾਸ ਦੇ ਇਤਿਹਾਸ 'ਤੇ ਨਜ਼ਰ ਮਾਰਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਧਰਮ ਨੂੰ ਸਮਾਜ ਵਿਚ ਅਪਣਾ ਰੋਲ ਅਦਾ ਕਰਨ ਦਾ ਬਹੁਤ ਲੰਮਾ ਸਮਾਂ ਮਿਲਿਆ। ਸਮਾਂ ਵੀ ਅਤੇ ਸੁਵਿਧਾਵਾਂ ਵੀ। ਧਰਮਾਂ ਨੂੰ ਰਾਜਨੀਤਕ ਸਰਪਰਸਤੀ ਵੀ ਹਾਸਿਲ ਨਹੀਂ। ਧਰਮ ਸ਼ਾਸ਼ਤਰ ਨੇ ਨਿਰਸੰਦੇਹ ਮਨੁੱਖਤਾ ਦੇ ਵਿਕਾਸ 'ਚ ਬੇਮਿਸਾਲ ਹਿੱਸਾ ਵੀ ਪਾਇਆ। ਪਰ ਮਨੁੱਖ ਨੂੰ ਮਨੁੱਖਤਾ ਦੇ ਵਿਕਾਸ ਦੀ ਚਰਮ ਸੀਮਾ ਤੱਕ, ਮਨੁੱਖ ਨੂੰ ਨੈਤਿਕਤਾ ਦੇ ਖੇਤਰ ਵਿਚ ਚਰਮ ਸੀਮਾ ਤੱਕ ਲੈ ਜਾਣ 'ਚ ਧਰਮ ਵੀ ਨਾਕਾਮਯਾਬ ਹੀ ਰਿਹਾ! ਸੰਸਾਰ-ਇਤਿਹਾਸ ਦੀਆਂ ਪੋਥੀਆਂ ਦੇ ਪੰਨੇ, ਧਾਰਮਿਕ-ਜੱਹਾਦਾਂ ਦੇ ਨਾਂ 'ਤੇ ਹੋਏ ਮਹਾਂ-ਵਿਨਾਸਾਂ/ ਕਤਲੇਆਮਾਂ ਨਾਲ ਭਰੇ ਪਏ ਹਨ। ਧਰਮਾਂ ਨੇ ਪਿਆਰ-ਪ੍ਰੇਮ ਘੱਟ, ਨਫ਼ਰਤ, ਈਰਖਾ ਅਤੇ ਅਸਹਿਨਸ਼ੀਲਤਾ ਵੱਧ ਦਿੱਤੀ ਹੈ। ਧਰਮਾਂ ਨੇ ਸਹਿਜ, ਮਿਲਵਰਤਨ ਘੱਟ, ਮੁਕਾਬਲੇਬਾਜ਼ੀ , ਬੈਚੇਨੀ ਅਤੇ ਦੁਸ਼ਮਣੀ ਵੱਧ ਦਿੱਤੀ ਹੈ। ਵਿਸ਼ਵ-ਇਤਿਹਾਸ 'ਚ ਧਰਮ ਅਪਣਾ ਅਧਿਕਾਰ ਜਾਂ ਸਦਭਾਵਨਾ....ਇਕ ਵਾਰ ਨਹੀਂ, ਸਗੋਂ ਅਨੇਕਾਂ ਵਾਰ ਗੁਆ ਚੁੱਕਾ ਹੈ। ਨੈਤਿਕ-ਸ਼ਾਸ਼ਤਰ ਦੇ ਅਲੰਬਰਦਾਰ/ਰਖਵਾਲੇ, ਧਰਮ/ਧਾਰਮਿਕ ਨੇਤਾ ਲੋਕ...ਰੱਬ ਦੇ ਨਾਂ 'ਤੇ ਕੀਤੇ ਗਏ ਪਵਿੱਤਰ ਯੁੱਧਾਂ, ਕਤਲੇਆਮਾਂ, ਸ਼ਰਵਨਾਸ਼ ਮੁਹਿੰਮਾਂ, ਦੇਸ਼/ਕੌਮਾਂ ਦੀਆਂ ਵੰਡਾਂ ਅਤੇ ਬਟਵਾਰਿਆਂ ਦੇ ਮੂਕ-ਦਰਸ਼ਕ ਹੀ ਨਹੀਂ....ਸਗੋਂ ਵਿਧਾਤਾ ਵੀ ਬਣਦੇ ਰਹੇ।

15 ਵੀਂ ਸਦੀ ਦੇ ਦੂਜੇ ਅੱਧ ਤੋਂ ਬਾਅਦ ਮਨੁੱਖ ਨੇ ਸਮਾਜ/ ਸੱਭਿਆਚਾਰ ਨੂੰ ਇਕ ਦੂਜੇ ਦ੍ਰਿਸ਼ਟੀਕੋਣ ਅਤੇ ਪਹੁੰਚ ਤੋਂ ਉਸਾਰਨ ਦੀ ਕੋਸ਼ਿਸ਼ ਸ਼ੁਰੂ ਕੀਤੀ। ਇਸ ਪਹੁੰਚ ਦਾ ਧਰਾਤਲ ਵਿਗਿਆਨ, ਗਿਆਨ, ਤਰਕ ਅਤੇ ਵਿਵੇਕ ਸੀ। ਧਰਮ ਤੋਂ ਬਾਅਦ ਮਨੁੱਖ ਕੋਲ ਇਹ ਇਕ ਦੂਜਾ ਮਾਡਲ/ਯੋਜਨਾ ਸੀ। ਜਿਸ ਤਹਿਤ ਇਹ ਵਾਅਦਾ ਦਿੱਤਾ ਗਿਆ ਕਿ ਵਿਗਿਆਨ ਪਹੁੰਚ/ਦ੍ਰਿਸ਼ਟੀਕੋਨ ਦੀਆਂ ਬੈਸਾਖੀਆਂ ਨਾਲ ਵਿਅਕਤੀ ਅਪਣੇ ਆਦਰਸ਼ਕ ਨਿਸ਼ਾਨਿਆਂ ਦੀ ਪ੍ਰਾਪਤੀ ਕਰ ਸਕਦਾ ਹੈ। ਏਸ ਪ੍ਰਾਜੈਕਟ ਨੂੰ ਗਿਆਨ-ਕਰਨ, ਬੋਧ-ਕਰਨ ਦਾ ਨਾਮ ਦਿੱਤਾ ਗਿਆ। ਮਨੁੱਖੀ ਜਾਤੀ ਦੀ ਹਰ ਸਮੱਸਿਆ ਦਾ ਸਮਾਧਾਨ ਗਿਆਨ ਦੇ ਜ਼ਰੀਏ ਵਿਵੇਕ ਦੇ ਜ਼ਰੀਏ ਲੱਭਿਆ ਜਾਣ ਲੱਗਾ। ਵਿਗਿਆਨ ਨੂੰ ਇੰਦਰੀਆਵੀ ਬੋਧ ਨੂੰ ਧਰਮ-ਧਾਰਮਿਕ ਅਨੁਭਾਵਾਂ ਦਾ ਬਦਲ ਮੰਨਿਆ ਜਾਣ ਲੱਗਾ। ਗਿਆਨ, ਵਿਗਿਆਨ ਅਪਣੇ ਆਪ 'ਚ ਇਕ ਬਦਲਵਾਂ ਮਹਾਂ-ਬਿਰਤਾਂਤ ਸਥਾਪਤ ਹੋਇਆ। ਨੈਤਿਕ-ਮੁੱਲ, ਗਿਆਨ , ਤਰਕ, ਦਲੀਲ ਦੇ ਆਧਾਰ 'ਤੇ ਉਸਰਨੇ ਸ਼ੁਰੂ ਹੋਏ। ਯੂਰਪੀ ਦੇਸ਼ਾਂ ਤੋਂ ਸ਼ੁਰੂ ਹੋਇਆ ਦੌਰ...20 ਵੀਂ ਸਦੀ ਤੱਕ ਪਹੁੰਚਦੇ ਹੋਏ ਅਪਣੀਆਂ ਭਰਪੂਰ ਸੰਭਾਵਨਾਵਾਂ ਸਮੇਤ ਸਮਾਜ-ਸੱਭਿਆਚਾਰ ਦੇ ਹਰ ਖੇਤਰ ਵਿਚ ਸਮਾਜ ਦੇ ਵਿਭਿੰਨ ਪ੍ਰਵਚਨਾਂ ਵਿਚ ਹਾਵੀ ਹੋ ਗਿਆ।

ਪਰ ਮਨੁੱਖ ਜਾਤੀ/ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਹੱਲ ਹੋਣ ਦੀ ਬਜਾਏ ਨਵੇਂ-ਨਵੇਂ ਰੂਪਾਂ 'ਚ ਸਾਹਮਣੇ ਆਉਣ ਲੱਗੀਆਂ। ਮਨੁੱਖ ਦੀ ਕੋਰੀ ਵਿਗਿਆਨਕ ਪਹੁੰਚ 'ਚ ਨਿਕਲੇ ਦੋ ਆਲਮੀ ਯੁੱਧਾਂ, ਮਹਾਂ-ਵਿਨਾਸੀ ਜੰਗੀ ਸਾਜੋ-ਸਮਾਨ ਦੇ ਸਨਮੁੱਖ.... ਸਮੁੱਚੀ ਮਨੁੱਖਤਾ ਫਿਰ ਨਿੰਮੋਝੂਣ ਸੀ। ਕੌਮੀ ਵਿਤਕਿਰਿਆਂ, ਨਸਲੀ ਭੇਦ-ਭਾਵਾਂ, ਬਾਜਾਰੀ-ਵਪਾਰੀ ਲਾਭ/ ਹਾਣ 'ਚੋਂ ਜੋ ਨੈਤਿਕ-ਮੁੱਲ ਨਿਕਲੇ ਉਹ ਫਿਰ ਸੰਦੇਹ ਪੂਰਨ ਸਨ। ਮਨੁੱਖੀ ਜਾਤੀ ਬੈਸਾਖੀ-ਰਹਿਤ ਮਹਿਸੂਸ ਕਰਨ ਲੱਗੀ। ਨਾ ਧਰਮ ਦੇ ਸ਼ੋਰ 'ਚ ਕੁਝ ਲੱਭ ਰਿਹਾ ਸੀ ਅਤੇ ਨਾ ਹੀ ਵਿਗਿਆਨ ਦੀ ਪ੍ਰਯੋਗਸ਼ਾਲਾ 'ਚੋਂ। ਮਨੁੱਖ ਅਪਣੇ-ਆਪ ਨੂੰ ਦੁਬਿਧਾ ਦੀ ਸੂਲੀ 'ਤੇ ਲਟਕਿਆ ਮਹਿਸੂਸ ਕਰਨ ਲੱਗਾ। ਸਮਾਜਿਕ ਵਿਕਾਸ ਦੇ ਲੱਖਾਂ-ਹਜ਼ਾਰਾਂ ਮੀਲ ਲੰਮੇ ਇਤਿਹਾਸ/ ਪੂਰਵ-ਇਤਿਹਾਸਕ ਪੈਂਡਿਆਂ 'ਤੇ ਤੁਰਨ ਤੋਂ ਬਾਅਦ ਵੀ ਉਹ ਕਿਤੇ ਨਹੀਂ ਸੀ ਪਹੁੰਚ ਸਕਿਆ। ਨੈਤਿਕ ਕਦਰਾਂ ਕੀਮਤਾਂ ਦੀ ਲੰਮੀ ਸੂਚੀ 'ਚੋਂ.. ਉਸਨੂੰ ਜਾਪਿਆ ਕਿ ਉਸ ਨੇ ਤਾਂ ਅਜੇ ਪੂਣੀ ਵੀ ਨਹੀਂ ਕੱਤੀ। ਉਹ ਅਜੇ ਵੀ ਉਤਨਾ ਹੀ ਪਸ਼ੂ ਸੀ....ਜਿੰਨਾ ਕਿ ਲੱਖਾਂ ਸਾਲ ਪਹਿਲਾਂ। ਉਹ ਅਜੇ ਵੀ ਉਤਨਾ ਹੀ ਜੰਗਲੀ/ ਅਸੱਭਿਅਕ ਸੀ, ਜਿੰਨਾ ਕਿ ਉਸਦੇ ਗੁਫ਼ਾਵਾਂ ਵਿਚ ਰਹਿੰਦੇ ਪੂਰਵਜ। ਆਚਾਰ-ਸਾਹਿੰਤਾ ਦੇ ਰਾਹ 'ਤੇ ਨਾ ਉਸਨੂੰ ਧਾਰਮਕ ਵਾਅਦੇ ਅਤੇ ਰੱਬ ਦਾ ਭੈਅ ਲਿਆ ਸਕੇ ਅਤੇ ਨਾ ਹੀ ਵਿਗਿਆਨਕ ਪਹੁੰਚ। ਉਸ ਦੇ ਮਨ 'ਤੇ ਨਾ ਉਸਦਾ ਅਪਣਾ ਕਬਜ਼ਾ ਸੀ ਨਾ ਕਿਸੇ ਬਾਹਰੀ ਤਾਕਤ ਦਾ ਅਤੇ ਨਾ ਵਿਗਿਆਨ ਦਾ। ਅਪਣੀ ਏਸ ਅਜੀਬ ਸੁੰਦਰਤਾ ਦਾ ਉਹ ਖ਼ੁਦ ਇਕ ਸ਼ਿਕਾਰ ਹੈ ਸੀ। ਮਨੁੱਖ ਸਭ ਕੁੱਝ ਖ਼ੁਦ ਬਣਾਉਂਦਾ ਹੈ, ਉਸਾਰਦਾ ਹੈ, ਉਗਿਆਉਂਦਾ ਹੈ, ਸੰਵਾਰਦਾ ਹੈ......ਪਰ ਸਭ ਕੁੱਝ ਖ਼ੁਦ ਹੀ ਢਾਹ ਦੇਂਦਾ ਹੈ। ਉਹ ਸਦਾ ਬੈਚੇਨ ਹੋ, ਐਨਾਰਕਿਕ ਹੈ....ਸਦਾ ਢਾਹੂ ਬਿਰਤੀਆਂ ਦਾ ਮਾਲਕ ਹੈ। ਉਹ ਛੇਤੀ ਉਕਤਾ ਜਾਂਦਾ ਹੈ ਸਭ ਕੁੱਝ ਤੋਂ। ਦੁਨੀਆਂ ਦੀ ਕੋਈ ਵੀ ਤਾਕਤ ਨਾ ਇਸ ਨੂੰ ਸਮਝ ਸਕਦੀ ਹੈ ਨਾ ਰਿਝਾ ਸਕਦੀ ਹੈ ਅਤੇ ਨਾ ਹੀ ਸਹਿਜ ਵਿਚ ਲਿਆ ਸਕਦੀ ਹੈ। ਇਸ ਵਿਚ 'ਬੁਰਾਈ' ਹਮੇਸ਼ਾ ਜ਼ਿਆਦਾ ਰਹੀ ਹੈ ਅਤੇ ਰਹੇਗੀ ਵੀ। ਕਿਉਂਕਿ 'ਬੁਰਾਈ' ਲਹੂ ਹੈ। ਲਹੂ ਪ੍ਰਾਕ੍ਰਿਤੀ ਦੇ ਵੱਧ ਨੇੜੇ ਹੈ। ਲਹੂ ਸੱਭਿਅਤਾ ਦੇ ਨੇੜੇ ਨਹੀਂ। ਪ੍ਰਾਕ੍ਰਿਤੀ ਦੇ ਵੱਧ ਨਜ਼ਦੀਕ ਹੈ। ਮਨੁੱਖ ਦੇ ਲਹੂ 'ਚੋਂ ਆਦਮ-ਹਵਾ ਦੇ ਜਮਾਂਦਰੂ 'ਪਾਪ' ਨੂੰ ਮਨਫ਼ੀ ਕਰ ਸਕਣਾ ਸੰਭਵ ਨਹੀਂ। ਬੱਸ ਸਿਰਫ਼ ਯਤਨ ਦੀ ਪੱਧਰ 'ਤੇ ਕਰਨਾ ਜਾਰੀ ਰੱਖਣਾ ਹੀ ਸੰਭਵ ਹੈ।

ਹਾਂ- ਨੈਤਿਕ ਮੁੱਲਾਂ ਦੀ ਸਥਾਪਤੀ ਅਤੇ ਹਾਰ ਦੀ ਕਸ਼ਮਕਸ਼ 'ਚ ਬੱਸ ਏਹੋ ਸੱਚਾਈ ਹੈ। ਤਹਿਜ਼ੀਬ/ਸ਼ਿਸ਼ਟਤਾ ਦੀ ਸਥਾਪਤੀ ਰੇਤ ਦੇ ਮਹਿਲ ਵਰਗੀ ਹੁੰਦੀ ਹੈ। ਮਨੁੱਖੀ ਸੀਨੇ/ਲਹੂ ਵਿਚ ਤੈਰਦੇ ਸ਼ੈਤਾਨੀ ਤੂਫਾਨ ਇਸਨੂੰ ਕਦੇ ਵੀ ਤਹਿਸ-ਨਹਿਸ ਕਰ ਸਕਦੇ ਹਨ....ਕਰਦੇ ਰਹੇ ਹਨ....ਅਤੇ ਕਰਦੇ ਵੀ ਰਹਿਣਗੇ। ਇਸ ਮਹਾਂਤਾਕਤਵਰ ਸ਼ੈਤਾਨੀ ਤੂਫਾਨ ਦੇ ਸਨਮੁੱਖ....ਸਭ ਦੇ ਧਰਮਠ ਗਿਆਨ-ਵਿਗਿਆਨ, ਤਰਕ-ਵਿਤਰਕ, ਵਿਵੇਕ, ਦਰਸ਼ਨ-ਚਿੰਤਨ....ਬਹੁਤੀ ਵਾਰ ਨਿਤਾਣੇ ਹੋ ਜਾਂਦੇ ਰਹੇ ਹਨ। ਇਤਿਹਾਸ ਦੇ ਪੰਨਿਆਂ 'ਚ ਹੀ ਦਰਜਨਾਂ ਹੀ ਅਜਿਹੀਆਂ ਉਦਾਹਰਨਾਂ ਲਈਆਂ ਜਾ ਸਕਦੀਆਂ ਹਨ।



ਪਰ ਇਸ ਨਾ-ਖੁਸ਼ਗਵਾਰ ਹਕੀਕਤ ਦੇ ਬਾਵਜੂਦ...ਜ਼ਿੰਦਗੀ ਦੇ ਕਾਫਲੇ ਅਪਣੇ ਅਕੀਦਿਆਂ-ਨਿਸ਼ਾਨਿਆਂ ਦੀ ਪ੍ਰਾਪਤੀ ਲਈ ਸਦਾ ਜਾਰੀ ਰਹੇ ਹਨ। ਇਹ ਵੀ ਤਾਂ ਇਕ ਏਨੀ ਹੀ ਤਾਕਤਵਰ ਸੱਚਾਈ ਹੈ। ਨੈਤਿਕ ਮੁੱਲ...ਧਰਮ ਜਾਂ ਵਿਗਿਆਨ ਦੀ ਵਜਾਹ ਕਰਕੇ ਘੱਟ ਸ਼ਾਇਦ ਇਹ ਨਿੱਜੀ ਲੋੜਾਂ ਅਤੇ ਕਈ ਤਰ੍ਹਾਂ ਦੇ ਭੈਆਂ-ਡਰਾਂ ਕਰਕੇ ਜ਼ਿਆਦਾ ਬਚੇ ਹੋਏ ਹਨ। ਨੈਤਿਕ-ਮੁੱਲ....ਨਿੱਜੀ ਸਰੋਕਾਰਾਂ ਦੇ ਵਧੀਕ ਨੇੜੇ ਜਾਪਦੇ ਹਨ। ਇਹਨਾਂ ਨੂੰ ਬਣਾਈ ਰੱਖਣਾ ਜਾਂ ਤੋੜਨਾ ਵਿਅਕਤੀਗਤ ਸਰੋਕਾਰ ਹੈ। ਧਰਮ : ਵਿਵੇਕ ਜਾਂ ਕਾਨੂੰਨ ਬਾਹਰੀ ਏਜੰਸੀਆਂ ਹਨ। ਬਾਹਰਲਾ ਡਰ ਜਾਂ ਤਰਕ। ਜਮੀਰ ਦੀ ਆਵਾਜ਼...ਅੰਤਮ ਮੁਨਸ਼ਫ ਹੈ, ਅੰਤਮ ਨਿਆਂਧਿਕਾਰੀ।

ਪਰ ਅਫਸੋਸ ਕਿ ਸਮਾਜ-ਸੱਭਿਆਚਾਰ ਜਮੀਰ ਦੀ ਆਵਾਜ਼ ਨਾਲ ਨਹੀਂ ਚੱਲਦੇ ਜਾਂ ਚਲਾਏ ਜਾ ਰਹੇ ਹੁੰਦੇ। ਇਹ ਕਿਸੇ ਨਾ ਕਿਸੇ ਧਰਮ ਵਿਵੇਕ ਜਾਂ ਕਾਨੂੰਨ ਦੁਆਰਾ ਹੀ ਸਿਰਜਤ ਕੀਤੇ ਜਾ ਰਹੇ ਹੁੰਦੇ ਹਨ। ਕੋਈ ਨਾ ਕੋਈ ਵਿਸ਼ੇਸ਼ ਨੈਤਿਕ-ਸ਼ਾਸ਼ਤਰ ਇਹਨਾਂ ਬਾਹਰੀ ਏਜੰਸੀਆਂ ਵੱਲੋਂ ਹੀ ਸਥਾਪਤ ਹੋ ਰਿਹਾ ਹੁੰਦਾ ਹੈ, ਕੀਤਾ ਜਾ ਰਿਹਾ ਹੁੰਦਾ ਹੈ। ਏਸੇ ਲਈ ਤਾਂ ਸਮਾਜ ਦੇ ਕੁੱਝ ਅੰਗ ਇਸ ਸਥਾਪਤ ਕੀਤੇ ਜਾ ਰਹੇ ਨੈਤਿਕ-ਸ਼ਾਸ਼ਤਰ ਤੋਂ ਨਾਬਰ ਵੀ ਹੋ ਜਾਂਦੇ ਹਨ। ਇਹ ਕਸ਼ਮਕਸ਼ ਹਮੇਸ਼ਾ ਚੱਲਦੀ ਰਹਿੰਦੀ ਹੈ। ਇਹ ਇਕ ਅਮੁੱਕ ਕਸ਼ਮਕਸ਼ ਹੈ। ਇਹ ਨਿਰੰਤਰ ਕਸ਼ਮਕਸ਼ .....ਜ਼ਬਤ ਅਤੇ ਆਜ਼ਾਦੀ ਦੀ ਕਸ਼ਮਕਸ਼ ਹੈ। ਸੱਭਿਅਤਾ ਲਈ ਜ਼ਬਤ ਲਾਜ਼ਮੀ ਹੈ, ਨੈਤਿਕ-ਸ਼ਾਸ਼ਤਰ ਲਾਜ਼ਮੀ ਹੈ। ਜਦੋਂ ਕਿ ਆਜ਼ਾਦੀ/ਸੁੰਦਰਤਾ, ਲਹੂ 'ਚ ਤੈਰਦੇ ਤੂਫਾਨਾਂ ਨਾਲ ਇਸ ਜ਼ਬਤ ਨੂੰ ਬਰਾਬਰ ਤੋੜਦੀ-ਉਲੰਘਦੀ ਰਹਿੰਦੀ ਹੈ। ਇਸ ਵਿਰੋਧਾਭਾਸ ਦੀ ਏਹੋ ਤਾਂ ਤਰਾਸਦੀ ਹੈ।

ਧਰਮ/ਆਸਥਾ 'ਚੋਂ ਕੀ ਨਿਕਲਿਆ- ਜੰਗਾਂ-ਯੁੱਧ, ਵਿਆਪਕ ਮੌਤ, ਤਬਾਹੀ, ਸਰਵ ਵਿਨਾਸ਼, ਪਾਖੰਡ, ਦੰਭ, ਵਹਿਮ-ਭਰਮ, ਜਜਬਾਤੀ ਸ਼ੋਸ਼ਣ, ਭਰਿਸ਼ਟਾਚਾਰ, ਈਰਖਾ, ਨਫ਼ਰਤ, ਵੰਡਾਂ ਮੁਕਾਬਲੇਬਾਜ਼ੀ, ਦੰਗੇ-ਫਸਾਦ, ਨਸਲੀ ਭੇਦ-ਭਾਵ।

ਸਾਇੰਸ ਵਿਗਿਆਨ 'ਚੋਂ- (ਦੋ ਆਲਮੀ ਯੁੱਧ) ਜੰਗਾਂ-ਯੁੱਧ, ਵਿਆਪਕ ਮੌਤ, ਮੌਤ ਦਾ ਬੇਅੰਤ ਸਾਮਾਨ! ਬੰਬ-ਮੌਤ ਦਾ ਵਪਾਰ, ਉਪਰਾਮਤਾ, ਡਿਕਟੇਟਰ-ਹਿਟਲਰ! ਵਿਆਪਕ ਸਰਵਨਾਸ਼, ਕੌਮਾਂ ਦੀ ਤਬਾਹੀ, ਨਸਲੀ ਭੇਦ-ਭਾਵ, ਸਿਜੋਫਰੇਨੀਆ, ਝੂਠ, ਭਰਿਸ਼ਟਾਚਾਰ, ਲੁੱਟ ਬੇਈਮਾਨੀ, ਗਲਾਕੱਟ-ਮੁਕਾਬਲੇਬਾਜ਼ੀ।

ਬਚਪਨ

# ਝੱਖੜ ਦੀ ਉਡੀਕ

**ਜਸਵੰਤ ਸਿੰਘ ਗੰਡਮ**

ਬੱਚਾ ਬਾਦਸ਼ਾਹ ਹੁੰਦਾ ਹੈ! ਰੱਬ ਦਾ ਰੂਪ! ਉਸਦੀ ਮਾਸੂਮੀਅਤ ਵਿਚ ਮੌਲਾ ਤੇ ਮੁਸਕਾਨ ਵਿਚ ਮਸੀਹਾ ਵੱਸਦੈ। ਉਸਦਾ ਖੇੜਾ ਖਾਲਿਕ ਦੀ ਹੋਂਦ ਦਾ ਲਖਾਇਕ ਹੁੰਦੈ। ਬੱਚੇ ਦਾ ਰੋਣਾ ਰੱਬ ਦਾ ਰੋਸਾ, ਬੱਚੇ ਦਾ ਹਾਸਾ ਰੱਬ ਦਾ ਰਾਜ਼ੀ ਹੋਣਾ। ਇਸੇ ਲਈ ਤਾਂ ਸ਼ਾਇਰ ਨਿਦਾ ਫ਼ਾਜ਼ਲੀ ਆਖਦੈ-

''**ਘਰ ਸੇ ਮਸਜਿਦ ਹੈ ਬਹੁਤ ਦੂਰ ਚਲੋ ਯੂੰ ਕਰ ਲੇਂ,**

ਕਿਸੀ ਰੋਤੇ ਹੂਏ ਬੱਚੇ ਕੋ ਹਸਾਇਆ ਜਾਏ।''

ਅੰਗਰੇਜ਼ੀ ਦਾ ਪ੍ਰਸਿੱਧ ਕਵੀ ਵਰਡਜ਼ਵਰਥ ਤਾਂ ਬੱਚੇ ਨੂੰ ਬੰਦੇ ਦਾ ਬਾਪ ਕਹਿੰਦੈ। ਮਿਲਟਨ ਅਨੁਸਾਰ ਜਿਵੇਂ ਸਵੇਰਾ ਦਿਨ ਦਾ ਸੂਚਕ ਹੁੰਦੈ ਉਵੇਂ ਬਚਪਨ ਬੰਦੇ ਦਾ। ਇਕ ਕਵੀ ਤਾਂ ਇੱਥੋਂ ਤੱਕ ਕਹਿੰਦਾ ਕਿ ਆਲੇ-ਦੁਆਲੇ ਹੱਸਦੇ-ਖੇਲਦੇ ਬੱਚੇ ਉਸ ਨੂੰ ਰੱਬ ਦੀ ਹੋਂਦ ਦਾ ਸਬੂਤ ਲੱਗਦੇ ਹਨ।

ਅੱਜ ਇਹ ਵਿਚਾਰ ਇਸ ਲਈ ਦਿਲ ਵਿਚ ਆ ਗਏ ਕਿਉਂਕਿ ਦੋ ਬੱਚਿਆਂ ਬਾਰੇ ਹੱਡ ਬੀਤੀ ਅਤੇ ਜੱਗ ਬੀਤੀ ਲਿਖਣ ਲੱਗਿਆ ਹਾਂ। ਦੋਨੋਂ ਬੱਚੇ ਪਰਵਾਸੀ ਹਨ, ਇਕ ਦੇਸ਼ 'ਚ ਤੇ ਦੂਜਾ ਪਰਦੇਸ ਭੋਗਣ ਵਾਲਾ। ਇਕ ਬਿਹਾਰੋਂ ਪੰਜਾਬ ਤੇ ਦੂਰਾ ਪੰਜਾਬੋਂ ਕੈਨੇਡਾ। ਪਹਿਲਾਂ ਬਿਹਾਰੀ ਬੱਚੇ ਬਾਰੇ 'ਬਤਿਆਈਏ'।

ਮੇਰਾ ਇਕ ਦੋਸਤ ਮਿਹਰਬਾਨ ਹੋ ਕੇ ਇਕ ਬਿਹਾਰੀ ਮੁੰਡਾ, ਘਰ ਅਤੇ ਬਾਹਰ ਦੇ ਕੰਮ ਦੀ ਚੱਕੀ ਦੇ ਦੋ ਪੁੜਾਂ 'ਚ ਪਿਸੀ ਮੇਰੀ ਘਰਵਾਲੀ ਦੇ ਘਰ ਦੇ ਕੰਮਕਾਜ ਵਿਚ ਹੱਥ ਵਟਾਉਣ ਵਾਸਤੇ ਛੱਡ ਗਿਆ। ਮੁੰਡੇ ਦਾ ਮਾਮਾ ਵੀ ਨਾਲ ਸੀ। ਮਾਮੇ ਨੇ ਜਾਣ ਤੋਂ ਪਹਿਲਾਂ ਭਾਣਜੇ ਨਾਲ ਬਿਹਾਰੀ 'ਚ ਕੁਝ 'ਹੀਆਂ-ਹੂੰਆਂ' ਕੀਤੀ ਤੇ ਚਲਾ ਗਿਆ।

ਮਾਮੇ ਦੇ ਜਾਣ ਤੋਂ ਬਾਅਦ ਮੁੰਡਾ ਸ਼ੁੱਧ ਭੋਜਪੁਰੀ 'ਚ ਗੱਲ ਕਰਨ ਲੱਗਿਆ ਅਤੇ ਮੈਂ ਤੇ ਮੇਰੀ ਘਰਵਾਲੀ ਸ਼ੁੱਧ ਪੰਜਾਬੀ 'ਚ ਗੱਲ ਕਰਨ ਲੱਗੇ। ਨਤੀਜਾ 'ਗ਼ਾਲਿਬਾਨਾ' ਨਿਕਲਿਆ-

''**ਯਾ ਰੱਬ ਵੋਹ ਨਾ ਸਮਝੇ ਹੈਂ ਨਾ ਸਮਝੇਗੇ ਮੇਰੀ ਬਾਤ,**

ਦੇ ਔਰ ਦਿਲ ਉਨਕੋ ਜੋ ਯਾ ਦੇ ਮੁਝ ਕੋ ਜ਼ੁਬਾਂ ਔਰ।''

ਮਜਬੂਰਨ ਅਸੀਂ ਗੁਲਾਬੀ ਪੰਜਾਬੀ ਬੋਲਣੀ ਸ਼ੁਰੂ ਕਰ ਦਿੱਤੀ। 'ਭਈਆ, ਅਬ ਸਟਾਪ ਹੋ ਜਾਓ ਮੈਂ ਗਿਰ ਜਾਊਂਗਾ ਵਰਗੀ 'ਹਿੰਗਲਿਸ਼' ਦੀ ਤਰਜ਼ ਵਰਗੀ 'ਹਿੰਜਾਬੀ' ਬੋਲਣੀ ਆਰੰਭੀ। ਥੋੜ੍ਹਾ ਬਹੁਤ ਦੋਨਾਂ ਧਿਰਾਂ ਦੇ ਪਿੱੜ ਪੱਲੇ ਪੈਣ ਲੱਗ ਪਿਆ।

ਰੇਲ ਗੱਡੀ ਦੀ ਛੱਕ-ਛੱਕ ਸੁਣ ਕੇ ਮੁੰਡਾ ਇਕਦਮ ਉੱਛਲਿਆ, 'ਯਹਾਂ ਗਾੜੀ ਆਤੀ ਹੈ?' ਉਸ ਪੁੱਛਿਆ। 'ਹਾਂ' ਅਸੀਂ ਕਿਹਾ। 'ਬਿਹਾਰ ਜਾਏਗੀ? ਉਸ ਫਿਰ ਪੁੱਛਿਆ, 'ਬਿਲਕੁਲ'! ਅਸੀਂ ਜਵਾਬ ਦਿੱਤਾ।

ਮੁੰਡਾ ਸ਼ਹਿਰ ਤੋਂ ਹਟਵੇਂ ਪਿੰਡੋਂ ਆਇਆ ਸੀ। ਗੱਡੀ ਦੀ ਆਵਾਜ਼ ਸੁਣ ਕੇ ਉਸਨੂੰ ਬਿਹਾਰ ਵਿਚਲਾ ਅਪਣਾ ਘਰ ਯਾਦ ਆ ਗਿਆ। 'ਪਰਦੇਸੀ' ਅੰਦਰ ਅਪਣੇ 'ਦੇਸ਼' ਪਰਤਣ ਦੀ ਤੜਪ ਪ੍ਰਬਲ ਹੋ ਗਈ। ਫਿਰ ਸਾਡਾ ਫੋਨ ਵੱਜਿਆ। ਮੁੰਡੇ ਨੇ ਇੱਕਦਮ ਕੰਨ ਖੜ੍ਹੇ ਕਰ ਲਏ। 'ਫੂਨ ਹੈ? ਉਸ ਸਵਾਲ ਕੀਤਾ। 'ਹਾਂ' ਅਸੀਂ ਜਵਾਬ ਦਿੱਤਾ। 'ਬਿਹਾਰ ਜਾਏਗਾ'? ਉਸ ਅੱਗੋਂ ਹੋਰ ਸਵਾਲ ਕੀਤਾ। ਸਾਡੀ ਨਾਂਹ ਸੁਣ ਕੇ ਉਸਨੇ ਅੱਖਾਂ ਭਰ ਲਈਆਂ। ਬਿਹਾਰੀ ਬੱਚੇ ਨੂੰ ਇੰਜ ਲੱਗਦਾ ਸੀ ਕਿ ਜੇ ਸਫ਼ਰ ਤੇ ਸੰਚਾਰ ਦੇ ਸਾਧਨ ਬਿਹਾਰ ਵਿਚਲੇ ਉਸਦੇ ਪਿੰਡ ਨਹੀਂ ਜਾਂਦੇ ਤਾਂ ਸਮਝੋਂ ਸੰਸਾਰ ਵਿਚ ਹੋਰ ਕਿਧਰੇ ਵੀ ਨਹੀਂ ਜਾਂਦੇ!

ਉਹ ਫਿਰ ਦੱਸਣ ਲੱਗਿਆ ਕਿ ਉਸ ਦੇ ਮਾਮੇ ਨੇ ਬਿਹਾਰ ਫੂਨ ਕੀਤਾ ਸੀ ਪਰ ਉਸਦੀ ਗੱਲ ਉਸਦੀ ਮਾਂ ਜਾਂ ਭਰਾ ਨਾਲ ਨਹੀਂ ਸੀ ਕਰਾਈ। ਹਾਂ, ਅਗਲੀ ਵਾਲੀ ਗੱਲ ਕਰਵਾਉਣ ਦਾ ਵਾਅਦਾ ਜ਼ਰੂਰ ਕੀਤਾ ਸੀ ਤੇ ਇਸ 'ਅਗਲੀ ਵਾਰੀ' ਦੇ ਆਉਣ ਵਿਚ ਅੱਜ ਪੂਰੇ ਪੰਦਰਾਂ ਦਿਨ ਬਾਕੀ ਸਨ ਜੋ ਮੁੰਡੇ ਲਈ ਪੰਦਰਾਂ ਸਾਲਾਂ ਵਾਂਗ ਭਾਰੀ ਪੈ ਰਹੇ ਸਨ। ਮੁੰਡਾ ਵਿਛੋੜੇ ਦਾ ਵਿਯੋਗ ਭੋਗ ਰਿਹਾ ਸੀ।

ਮੈਂ ਕਿਹਾ ਕਾਕਾ ਤੂੰ ਮਾਮੇ ਨੂੰ ਸਾਫ-ਸਾਫ ਕਿਉਂ ਨਹੀਂ ਦੱਸ ਦਿੰਦਾ ਕਿ ਤੂੰ ਅਪਣੇ ਪਿੰਡ ਪਰਤਣਾ ਚਾਹੁੰਦਾ ਏਂ। ਮੁੰਡਾ ਫੁੱਟ-ਫੁੱਟ ਰੋਣ ਲੱਗ ਪਿਆ। 'ਮਾਮਾ ਕਹਿੰਦਾ ਕਿ ਬਿਹਾਰ ਜਾਣ ਲਈ ਪੈਸੇ ਬਹੁਤ ਲੱਗਦੇ ਐ। ਪਹਿਲਾਂ ਕਿਰਾਏ ਜੋਗੇ ਕਮਾ ਲੈ ਫਿਰ ਵਾਪਸ ਚਲਾ ਜਾਈਂ, ਮੁੰਡੇ ਨੇ ਹਟਕੋਰੇ ਲੈਂਦਿਆਂ ਦੱਸਿਆ।

ਮੈਂ ਸੋਚਿਆ ਵਾਹ ਨੀ ਕੰਗਾਲੀਏ! ਕੁੱਖਾਂ ਤੋਂ ਲਾਲ ਕੋਹਾਂ ਦੂਰ ਸੁੱਟੇ!

''**ਉਂਗਲੀਆਂ ਮਜ਼ਬੂਤ ਹਾਥੋਂ ਸੇ ਛੂਟੀ,**

ਭੀੜ ਮੇ ਬੱਚੇ ਅਕੇਲੇ ਹੋ ਗਏ।''



ਤੇ ਮੈਂ ਅਗਲੀ ਸਵੇਰ ਮੁੰਡਾ ਅਪਣੇ ਦੋਸਤ ਕੋਲ ਛੱਡ ਆਇਆ।

ਦੂਜੀ ਜੱਗਬੀਤੀ ਹੈ ਅਤੇ ਉਹ ਵੀ ਨਿੱਕੇ ਬੱਚੇ ਦੀ ਬਾਤ ਹੈ। ਬਸ ਪੰਜ ਕੁ ਸਾਲ ਦੇ ਬੱਚੇ ਦੀ, ਬਲਕਿ ਬੱਚੀ ਦੀ। ਸੱਤ ਸਮੁੰਦਰੋਂ ਪਾਰ ਵੱਸਦੇ ਸਰਦੇ-ਪੁਜਦੇ ਘਰ ਦੀ ਬੱਚੀ ਦੀ। ਮਾਂ-ਬਾਪ ਨੇ ਮਿਹਨਤ-ਮੁਸ਼ੱਕਤ ਕਰਕੇ ਅਪਣਾ ਸੁਹਣਾ ਕਾਰੋਬਾਰ ਸਥਾਪਤ ਕਰ ਲਿਆ ਪਰ ਇਸ ਡਾਲਰ-ਪੌਂਡ ਦੇ ਸੱਭਿਆਚਾਰ 'ਚ ਵਪਾਰਿਕ ਸਥਾਪਤੀ ਤੋਂ ਪਹਿਲਾਂ ਵੀ ਤੇ ਇਸ ਦੌਰਾਨ ਵੀ ਪੰਦਰਾਂ-ਸੋਲਾਂ ਘੰਟੇ ਕੰਮ ਕਰਨਾ ਪਿਆ ਅਤੇ ਪੈਂਦੈ। ਬੱਚੇ ਜਾਂ ਤਾਂ ਪੇਸ਼ਾਵਰ ਬੇਬੀ-ਸਿਟਰ (ਖਿਡਾਵੇ) ਕੋਲ ਤੇ ਜਾਂ ਵੱਡੇ ਬੱਚੇ ਦੀ ਬੇਬੀ-ਸਿਟਿੰਗ ਸਪੁਰਦ ਕਰਨੇ ਪਏ। ਕਾਰੋਬਾਰ ਵਿਚ ਹਫ਼ਤਾਵਾਰੀ ਛੁੱਟੀ ਵੀ ਕਹਾਣੀ ਹੁੰਦੀ? ਦੁਕਾਨਦਾਰ ਆਨੇ-ਬਹਾਨੇ ਦੁਕਾਨ ਖੋਲ੍ਹ ਹੀ ਲੈਂਦੇ। ਬੱਚੇ ਮਾਂ-ਬਾਪ ਦਾ ਮੂੰਹ ਵੇਖਣ, ਸਾਥ ਮਾਨਣ ਅਤੇ ਖਾਸ ਤੌਰ 'ਤੇ ਮਾਂ ਦੀ ਮਮਤਾ ਦਾ ਨਿੱਘ ਭੋਗਣ ਤੋਂ ਵਿਰਵੇ ਰਹਿੰਦੇ ਹਨ।

ਇਕ ਦਿਨ ਪੰਜ ਸਾਲ ਦੀ ਬੱਚੀ ਰਾਤ ਨੂੰ ਅਪਣੀ ਮਾਂ ਨੂੰ ਕਹਿਣ ਲੱਗੀ ਕਿ ਉਸਦਾ ਦਿਲ ਕਰਦੈ ਕਿ 'ਟੈਲੀ ਜਾਂ ਫਿਲਮਾਂ ਵਿਚ ਜਿਸ ਤਰ੍ਹਾਂ ਸਕੂਲ ਜਾਂ ਕਰੈੱਸ਼ (ਬਾਲ-ਸੰਭਾਲ ਘਰ) ਤੋਂ ਘਰ ਪਰਤੇ ਬੱਚਿਆਂ ਦੇ ਕੋਟ ਅਤੇ ਬੂਟ ਮਾਵਾਂ ਆਪ ਲਾਹੁੰਦੀਆਂ ਹਨ, ਉਸ ਤਰ੍ਹਾਂ ਉਸ ਦੀ ਮਾਂ ਵੀ ਲਾਹਵੇ। ਸੁਣ ਕੇ ਮਾਂ ਦਾ ਗੱਚ ਭਰ ਆਇਆ ਤੇ ਮੇਰੇ ਇਹ ਸਭ ਸੁਣ ਕੇ ਸਹਿਜ-ਸੁਭਾਅ ਹੀ ਨਿਕਲਿਆ, 'ਵਾਹ ਨੀ ਖੁਸ਼ਹਾਲੀਏ! ਬੱਚਿਆਂ ਨੂੰ ਮਮਤਾ ਦੀ ਕੰਗਾਲੀ ਦੇ ਕਸ਼ਟ ਨਾਲ ਕੋਹ ਛੱਡਿਐ!' ਤੇ ਫਿਰ ਇਕ ਦਿਨ ਟਾਰਨੇਡੋ (ਝੱਖੜ) ਆਇਆ। ਕਰਨੀ ਕੁਦਰਤ ਦੀ ਕਿ ਝੱਖੜ ਕਾਰੋਬਾਰ ਵਾਲੇ ਪਾਸੇ ਆਇਆ, ਘਰ/ਸਕੂਲ ਵਾਲੇ ਪਾਸੇ ਨਹੀਂ। ਘਰ ਤੇ ਸਟੋਰ ਵਾਲੀ ਥਾਂ ਕੋਈ ਘੰਟੇ ਕੁ ਦੇ ਸਫ਼ਰ ਦੀ ਦੂਰੀ 'ਤੇ ਸੀ। ਮਾਂ ਨੂੰ ਦੋ ਦਿਨ ਘਰ ਰਹਿਣ ਨੂੰ ਮਿਲ ਗਏ। ਬੜੇ ਲਾਡ ਪਿਆਰ ਨਾਲ ਮਾਂ ਨੇ ਬੱਚੀ ਨੂੰ ਤਿਆਰ ਕਰਕੇ ਸਕੂਲ ਭੇਜਿਆ। ਤਰਕਾਲੀਂ ਸਕੂਲੋਂ ਪਰਤਣ 'ਤੇ ਚਾਅ ਦੁਲਾਰ ਨਾਲ ਬੱਚੀ ਦੇ ਬੂਟ ਤੇ ਕੋਟ ਲਾਹੇ। ਬੱਚੀ ਬਾਗ਼ੋ-ਬਾਗ ਹੋ ਗਈ।

ਫਿਰ ਝੱਖੜ ਥੰਮਿਆਂ। ਪਹਿਲੇ ਵਾਂਗ ਹੀ ਚੱਲ ਸੋ ਚੱਲ, ਭੱਜੋ-ਨੱਠੀ ਤੇ ਉਹੀ ਸੋਲਾਂ-ਸੋਲਾਂ ਘੰਟੇ ਕੰਮ। ਬਸ ਕੰਮ ਹੀ ਕੰਮ ਅਤੇ ਹੋਰ ਕੰਮ।

ਤੇ ਰੋਜ਼ ਰਾਤ ਨੂੰ ਬੱਚੀ ਮਾਂ ਕੋਲੋਂ ਬਿਹਬਲ ਹੋ ਕੇ ਪੁੱਛਣ ਲੱਗ ਪਈ, 'ਮੰਮੀ! ਝੱਖੜ ਫਿਰ ਕਦ ਆਊਗਾ?


## ਜ਼ਿੰਦਗੀ ਬੜੀ ਬੇਵਫਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

ਜ਼ਰਾ ਸੋਚੋ!!

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ? * ਕੀ ਤੁਸੀਂ ਘਰ ਦੇ ਮੁਖੀਆ ਹੋ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ?

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।



Jessie Singh
(C.A.I.B.)

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

**Jessie Off: (403) 717-0666**

**Jessie Singh (C.A.I.B.) Cell: (403) 830-7007**

# ਮਨੁੱਖੀ ਜੀਵਨ ਲਈ ਵਿਗਿਆਨਕ ਦ੍ਰਿਸ਼ਟੀਕੋਣ

**ਡਾ. ਸੁਰਜੀਤ ਸਿੰਘ ਢਿੱਲੋਂ**

ਵਿਗਿਆਨ ਦਾ ਮਨੁੱਖ ਲਈ ਅਤੇ ਉਸ ਦੇ ਜੀਵਨ ਲਈ ਬਹੁਤ ਮਹੱਤਵ ਹੈ। ਵਿਗਿਆਨ ਕਈ ਪ੍ਰਕਾਰ ਮਨੁੱਖ ਦੇ ਜੀਵਨ ਨੂੰ ਪ੍ਰਭਾਵਤ ਕਰਦਾ ਰਹਿੰਦਾ ਹੈ। ਮਨੁੱਖ ਦੀ ਸੋਚਣੀ, ਮਨੁੱਖ ਦੀ ਰਹਿਣੀ, ਮਨੁੱਖ ਦੀ ਆਰਥਿਕਤਾ, ਮਨੁੱਖ ਦੀ ਸਮਾਜਿਕ ਬਣਤਰ ਅਤੇ ਮਨੁੱਖ ਦੇ ਆਪਣੇ ਆਲੇ-ਦੁਆਲੇ ਨਾਲ ਸਬੰਧ, ਇਨ੍ਹਾਂ ਸਭਨਾਂ ਉਪਰ ਵਿਗਿਆਨ ਦਾ ਪ੍ਰਭਾਵ ਪ੍ਰਤੱਖ ਹੈ। ਅੱਜ ਮਨੁੱਖ ਦੀ ਹੋਂਦ ਦਾ ਸ਼ਾਇਦ ਹੀ ਕੋਈ ਪੱਖ ਅਜਿਹਾ ਹੋਵੇ ਜਿਹੜਾ ਵਿਗਿਆਨ ਦੇ ਪ੍ਰਭਾਵ ਤੋਂ ਅਣਭਿੱਜ ਰਹਿ ਗਿਆ ਹੋਵੇ।

ਮਨੁੱਖੀ ਇਤਿਹਾਸ 'ਚ ਉਹ ਸਮਾਂ ਵੀ ਸੀ ਜਦ ਮਨੁੱਖ ਵਿਗਿਆਨ ਦੇ ਪ੍ਰਭਾਵ ਤੋਂ ਉੱਕਾ ਹੀ ਕੋਰਾ ਸੀ। ਉਨ੍ਹਾਂ ਸਮਿਆਂ ਵਿਚ ਸਭ ਕੁਝ ਲਈ ਦੇਵੀ ਦੇਵਤਿਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਸੀ ਭਾਵੇਂ ਇਹ ਬਿਮਾਰੀ ਹੋਵੇ, ਭਾਵੇਂ ਲੜਾਈ, ਭਾਵੇਂ ਭੁਚਾਲ ਅਤੇ ਭਾਵੇਂ ਕਾਲ। ਮਨੁੱਖੀ ਕੁਰਬਾਨੀਆਂ ਰਾਹੀਂ ਭੋਇੰ ਨੂੰ ਉਪਜਾਊ ਬਣਾਇਆ ਜਾਂਦਾ ਸੀ। ਸੂਰਜ ਅਤੇ ਚੰਦਰਮਾ ਦੇ ਗ੍ਰਹਿਣ ਹਊਆ ਸਨ ਕਿਉਂ ਜੋ ਇਨ੍ਹਾਂ ਨੂੰ ਆਉਣ ਵਾਲੀ ਬਿਪਤਾ ਦਾ ਜਾਂ ਕਿਸੇ ਉਚ ਪਦਵੀ ਉਪਰ ਬਿਰਾਜਮਾਨ ਵਿਅਕਤੀ ਦੀ ਮੌਤ ਦਾ ਦਾ ਪ੍ਰਤੀਕ ਮੰਨਿਆ ਜਾਂਦਾ ਸੀ।

ਪਰ ਵਿਗਿਆਨ ਦੇ ਪ੍ਰਚੱਲਤ ਹੁੰਦਿਆਂ ਹੀ ਮਨੁੱਖ ਦੀ ਸੋਚਣੀ 'ਚ ਠਹਿਰਾਉ ਆ ਗਿਆ ਅਤੇ ਇਸ ਵਿਚ ਇਕ ਵਿਉਂਤ ਉਭਰਨ ਲੱਗੀ। ਵਹਿਮਾਂ ਭਰਮਾਂ ਵਿਚ ਬੱਝੇ ਵਿਸ਼ਵਾਸ਼ਾਂ ਵਿਚ ਦਰਾੜਾਂ ਤਾਂ ਪੈਣ ਲੱਗੀਆਂ, ਪਰ ਸਮਾਂ ਪਾ ਕੇ ਇਹ ਅਲੋਪ ਨਾ ਹੋਏ। ਮਨੁੱਖ ਦੀ ਵਿਗਿਆਨ ਨਾਲ ਸਦੀਆਂ ਦੀ ਪਛਾਣ ਉਪਰੰਤ ਅੱਜ ਵੀ ਮਨੁੱਖੀ ਸਮਾਜ ਦੇ ਕਈ ਵਰਗ ਅਜਿਹੇ ਹਨ ਜਿਨ੍ਹਾਂ ਉਪਰ ਵਿਗਿਆਨ ਦਾ ਪ੍ਰਭਾਵ ਥਿੰਦੇ ਘੜੇ ਉਪਰ ਪਾਣੀ ਵਾਂਗ ਹੀ ਪੈ ਰਿਹਾ ਹੈ। ਇਹ ਅਜੇ ਤਕ ਵੀ ਵਹਿਮਾਂ ਭਰਮਾਂ ਦੇ ਭੰਬਲ ਭੂਸਿਆਂ ਵਿਚ ਉਲਝੇ ਹੋਏ ਹੀ ਵਿਚਰ ਰਹੇ ਹਨ। ਅਜੇ ਵੀ ਇਹ ਲੋਕ ਰੋਗਾਂ ਦਾ ਅਤੇ ਆਪਣੀਆਂ ਵਿਅਕਤੀਗਤ ਉਲਝਣਾਂ ਦਾ ਇਲਾਜ ਟੂਣਿਆਂ ਰਾਹੀਂ, ਟੋਟਕਿਆਂ ਰਾਹੀਂ ਜਾਂ ਫਿਰ ਜਨਮ ਪੱਤਰੀਆਂ ਪੜ੍ਹਵਾ ਕੇ ਕਰ ਰਹੇ ਹਨ। ਮਨੁੱਖ ਦਾ ਇਹੋ ਜਿਹਾ ਵਤੀਰਾ, ਇਸ ਦੇ ਸਵੈਮਾਣ ਉਪਰ ਲੱਗੀ ਹੋਈ ਇਕ ਊਜ ਹੈ।

ਵਿਗਿਆਨ ਇਕ ਪ੍ਰਕਾਰ ਦਾ ਗਿਆਨ ਹੀ ਹੈ, ਪਰ ਹੈ ਇਹ ਵਿਸ਼ੇਸ ਪ੍ਰਕਾਰ ਦਾ। ਵਾਪਰ ਰਹੀਆਂ ਘਟਨਾਵਾਂ ਵਿਚੋਂ ਨਿਯਮਾਂ ਨੂੰ ਸਤ ਵਾਂਗ ਨਿਚੋੜਨਾ ਇਸ ਦਾ ਕੰਮ ਹੈ। ਇਸ ਨੁੱਚੜੇ ਸਤ ਤੋਂ ਪੁੰਗਰੇ ਗਿਆਨ ਸਦਕਾ ਮਨੁੱਖ ਦੇ ਕੰਮ ਕਰਨ ਦੀ ਜਾਂਚ 'ਚ ਸੁਚੱਜ ਆ ਗਿਆ ਹੈ। ਇਸ ਦੀ ਸੋਚਣੀ ਵਿਚ ਪੁਖ਼ਤਗੀ ਅਤੇ ਗੰਭੀਰਤਾ ਸਮਾਉਂਦੀ ਜਾ ਰਹੀ ਹੈ। ਆਲੇ-ਦੁਆਲੇ ਉਪਰ ਮਨੁੱਖ ਦਾ ਕਾਬੂ ਵੱਧਦਾ ਜਾ ਰਿਹਾ ਹੈ। ਪਰ ਇਸ ਦੇ ਬਾਵਜੂਦ ਮਨੁੱਖ ਦੀ ਸੋਚਣੀ ਦਕਿਆਨੂਸੀ ਵਿਚਾਰਾਂ ਤੋਂ ਉਸ ਹੱਦ ਤਕ ਸੁਤੰਤਰ ਨਹੀਂ ਹੋ ਸਕੀ ਜਿਸ ਦੀ ਕਿ ਆਸ ਸੀ। ਇਸ ਦਾ ਕਾਰਨ ਹੈ ਮਨੁੱਖ ਦੇ ਕੁਦਰਤੀ ਸੁਭਾਉ 'ਚ ਇਕ ਵੱਡੀ ਊਣਤਾਈ, ਉਸਦਾ ਮਨ ਦਲੀਲਾਂ ਅਤੇ ਤਰਕ ਤੋਂ ਉਸ ਹੱਦ ਤਕ ਨਹੀਂ ਪਸੀਜਦਾ ਜਿੰਨਾ ਕਿ ਭਾਵਨਾਵਾਂ ਤੋਂ ਜਦ ਕਿ ਵਿਗਿਆਨ ਦਾ ਮੂਲ ਹੀ ਪਰਖ ਅਤੇ ਤਰਕ ਹੁੰਦੇ ਹਨ ਜਿਸ ਕਾਰਨ, ਬਿਨਾਂ ਉਦਮੀ ਹੰਭਲਿਆਂ ਦੇ, ਮਨੁੱਖ ਦਾ ਮਨ ਵਿਗਿਆਨ ਦੇ ਪ੍ਰਭਾਵ ਤੋਂ ਕੋਰਾ ਰਹਿ ਜਾਂਦਾ ਹੈ। ਵਿਗਿਆਨ ਦੇ ਆਧਾਰ ਤੇ ਦ੍ਰਿਸ਼ਟੀਕੋਣ ਗ੍ਰਹਿਣ ਕਰਨਾ ਇਸੇ ਲਈ ਇਕ ਮਸੱਸਿਆ ਬਣੀ ਹੋਈ ਹੈ, ਹਾਲਾਂ ਕਿ ਹਰ ਇਕ ਨੂੰ ਇਸ ਲੋੜ ਦਾ ਡੂੰਘਾ ਅਹਿਸਾਸ ਹੈ।

ਵਿਗਿਆਨਕ ਦ੍ਰਿਸ਼ਟੀਕੋਣ ਦੇ ਕੀ ਅਰਥ ਹਨ?

ਵਿਗਿਆਨ ਨਿਰੋਲ ਲੰਮੇ ਚੌੜੇ ਵਿਉਂਤੇ ਹੋਏ ਪ੍ਰਯੋਗਾਂ ਦਾ ਸਮੂਹ ਨਹੀਂ ਹੁੰਦਾ, ਨਾ ਹੀ ਇਹ ਕੇਵਲ ਭਾਰੀ ਮਸ਼ੀਨਾਂ, ਤੇਜ਼ ਨੱਠਦੀਆਂ ਗੱਡੀਆਂ, ਪੁਲਾੜਾਂ ਦਾ ਸਫ਼ਰ ਤੈਅ ਕਰਦੇ ਜਹਾਜ਼ਾਂ ਅਤੇ ਰੋਗ ਵਿਰੋਧੀ ਦਵਾਈਆਂ ਦੀ ਉਪਜ ਦਾ ਸੋਮਾ ਹੁੰਦਾ ਹੈ। ਇਹ ਸਭ ਕੁਝ ਹੁੰਦਿਆਂ ਹੋਇਆਂ ਵੀ, ਵਿਗਿਆਨ ਕੁਝ ਹੋਰ ਵੀ ਹੁੰਦਾ ਹੈ। ਇਹ ਇਕ ਪ੍ਰਕਾਰ ਦਾ ਸਭਿਆਚਾਰ ਹੈ ਜਿਹੜਾ ਮਨੁੱਖੀ ਮਨ ਲਈ ਇਕ ਸੇਧ ਹੁੰਦਾ ਹੈ, ਇਸ ਦੀ ਇਕ ਸਾਧਨਾ ਹੁੰਦੀ ਹੈ। ਮਨੁੱਖ ਦੇ ਮਨ ਚੋਂ ਪੁੰਗਰਦੀ ਸੋਚ ਨੂੰ ਵਿਗਿਆਨ ਇਕ ਵਿਉਂਤ ਅਰਪਣ ਕਰਦਾ ਹੈ ਅਤੇ ਮਨੁੱਖੀ ਮਨ ਨੂੰ ਵਿਸ਼ੇਸ਼ ਢੰਗ ਨਾਲ ਸੋਚਣ ਲਈ ਉਕਸਾਉਂਦਾ ਹੈ। ਵਿਗਿਆਨ ਅਤੇ ਮਨ ਦੇ ਅਜੇਹੇ ਸੰਪਰਕ ਵਿਚੋਂ ਹੀ ਮਨੁੱਖ ਦਾ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਹੁੰਦਾ ਹੈ।

ਵਿਗਿਆਨ ਦ੍ਰਿਸ਼ਟੀਕੋਣ ਦੀਆਂ ਕੁਝ ਕੁ ਮੂਲ ਧਾਰਨਾਵਾਂ ਹਨ। ਇਕ ਤਾਂ ਇਹ ਹੈ ਕਿ ਕੇਵਲ ਕਹੀ ਸੁਣੀ ਗੱਲ ਉੱਤੇ ਉਸ ਸਮੇਂ ਤਕ ਭਰੋਸਾ ਕਰਨਾ ਉਚਿਤ ਨਹੀਂ ਜਦ ਤਕ ਇਸ ਨੂੰ ਪਰਖ ਜਾਂਚ ਨਾ ਲਿਆ ਜਾਵੇ, ਭਾਵੇਂ ਇਸ ਵਿਚ ਭਰੋਸਾ ਕਰਨਾ ਕਿੰਨਾ ਹੀ ਸਹਿਜ ਅਤੇ ਮਨਚਾਹਿਰਆ ਕਿਉਂ ਨਾ ਜਾਪੇ। ਦੂਜੇ ਇਹ ਕਿ ਸਾਰਾ ਸੰਸਾਰ ਸਦਾ ਤੋਂ ਕੇਵਲ ਕੁਦਰਤੀ ਨਿਯਮਾਂ ਦੇ ਆਧਾਰ ਤੇ ਵਿਚਰਦਾ ਚਲਿਆ ਆ ਰਿਹਾ ਹੈ। ਵਿਸ਼ਵ ਅੰਦਰ ਨਿਯਮਾਂ ਦੀ ਵਿਰੋਧਤਾ ਕਰਦਾ ਕੁਝ ਵੀ, ਕਦੀ ਵੀ ਅਤੇ ਕਿਧਰੇ ਵੀ ਨਹੀਂ ਵਾਪਰਦਾ। ਜੇ ਅਜਿਹਾ ਕੁਝ ਵਾਪਰਦਾ ਸਾਨੂੰ ਭਾਸਦਾ ਵੀ ਹੈ ਤਦ ਉਹ ਕੇਵਲ ਸਾਡੀ ਸੋਚਣੀ ਦਾ ਵਹਿਮ ਜਾਂ ਭੁਲੇਖਾ ਹੋ ਸਕਦਾ ਹੈ। ਤੀਜੇ ਇਹ, ਕਿ ਨਾ ਹੀ ਮਨੁੱਖ ਅਤੇ ਨਾ ਹੀ ਧਰਤੀ, ਜਿਸ ਤੇ ਉਹ ਵਸਦਾ ਹੈ, ਵਿਸ਼ਵ ਲਈ ਵਿਸ਼ੇਸ ਮਹੱਤਵ ਵਾਲੇ ਹਨ। ਧਰਤੀ ਨਾ ਹੀ ਵਿਸ਼ਵ ਦਾ ਧੁਰਾ ਹੈ ਅਤੇ ਨਾ ਹੀ ਇਹ ਉਸ ਦੇ ਕੇਂਦਰ ਵਿਚ ਸਥਿਤ ਹੈ। ਮਨੁੱਖ ਦੀ ਹੋਂਦ ਵੀ ਵਿਸ਼ਵ ਦਾ ਕਦਾਚਿਤ ਕੋਈ ਉਦੇਸ਼ ਨਹੀਂ ਹੋ ਸਕਦਾ। ਵੇਖਿਆ ਜਾਵੇ ਤਾਂ ਉਦੇਸ਼ ਸ਼ਬਦ ਕੁਦਰਤ ਦੇ ਪ੍ਰਸੰਗ ਵਿਚ ਉਕਾ ਹੀ ਨਿਰਾਰਥਕ ਹੈ। ਵਿਸ਼ਵ ਵਿਚ ਵਾਪਰਦੀਆਂ ਘਟਨਾਵਾਂ ਇਕ ਦੂਜੇ ਦਾ ਵਸੀਲਾ ਅਤੇ ਪਰਿਣਾਮ ਬਣ ਬਣ ਪੁੰਗਰਦੀਆਂ ਅਤੇ ਸੰਪੰਨ ਹੁੰਦੀਆਂ ਰਹਿੰਦੀਆਂ ਹਨ। ਇੰਝ ਵਾਰਪਦੀਆਂ ਘਟਨਾਵਾਂ ਦਾ ਨਾ ਹੀ ਕੋਈ ਟੀਚਾ ਹੈ ਅਤੇ ਨਾ ਹੀ ਕੋਈ ਮੰਜ਼ਿਲ।

*ਵਿਗਿਆਨ ਨਿਰੋਲ ਲੰਮੇ ਚੌੜੇ ਵਿਉਂਤੇ ਹੋਏ ਪ੍ਰਯੋਗਾਂ ਦਾ ਸਮੂਹ ਨਹੀਂ ਹੁੰਦਾ, ਨਾ ਹੀ ਇਹ ਕੇਵਲ ਭਾਰੀ ਮਸ਼ੀਨਾਂ, ਤੇਜ਼ ਨੱਠਦੀਆਂ ਗੱਡੀਆਂ, ਪੁਲਾੜਾਂ ਦਾ ਸਫ਼ਰ ਤੈਅ ਕਰਦੇ ਜਹਾਜ਼ਾਂ ਅਤੇ ਰੋਗ ਵਿਰੋਧੀ ਦਵਾਈਆਂ ਦੀ ਉਪਜ ਦਾ ਸੋਮਾ ਹੁੰਦਾ ਹੈ। ਇਹ ਸਭ ਕੁਝ ਹੁੰਦਿਆਂ ਹੋਇਆਂ ਵੀ, ਵਿਗਿਆਨ ਕੁਝ ਹੋਰ ਵੀ ਹੁੰਦਾ ਹੈ। ਇਹ ਇਕ ਪ੍ਰਕਾਰ ਦਾ ਸਭਿਆਚਾਰ ਹੈ ਜਿਹੜਾ ਮਨੁੱਖੀ ਮਨ ਲਈ ਇਕ ਸੇਧ ਹੁੰਦਾ ਹੈ, ਇਸ ਦੀ ਇਕ ਸਾਧਨਾ ਹੁੰਦੀ ਹੈ। ਮਨੁੱਖ ਦੇ ਮਨ ਚੋਂ ਪੁੰਗਰਦੀ ਸੋਚ ਨੂੰ ਵਿਗਿਆਨ ਇਕ ਵਿਉਂਤ ਅਰਪਣ ਕਰਦਾ ਹੈ ਅਤੇ ਮਨੁੱਖੀ ਮਨ ਨੂੰ ਵਿਸ਼ੇਸ਼ ਢੰਗ ਨਾਲ ਸੋਚਣ ਲਈ ਉਕਸਾਉਂਦਾ ਹੈ। ਵਿਗਿਆਨ ਅਤੇ ਮਨ ਦੇ ਅਜੇਹੇ ਸੰਪਰਕ ਵਿਚੋਂ ਹੀ ਮਨੁੱਖ ਦਾ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਹੁੰਦਾ ਹੈ।*



ਵਿਗਿਆਨਕ ਦ੍ਰਿਸ਼ਟੀਕੋਣ ਦੀਆਂ ਇ੍ਹਨਾਂ ਮੂਲ ਧਾਰਨਾਵਾਂ ਦੀ ਵਿਆਖਿਆ ਕੁਝ ਕੁ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ।

ਵਿਗਿਆਨਕ ਵਿਚਾਰ ਅਸਲ ਵਿਚ ਉਹ ਹੁੰਦੇ ਹਨ ਜਿਨ੍ਹਾਂ ਦਾ ਆਧਾਰ ਜਾਂ ਤਾਂ ਕੋਈ ਵਾਪਰੀ ਘਟਨਾ ਹੋਵੇ ਅਤੇ ਜਾਂ ਫਿਰ ਪਰਖਣ ਉਪਰੰਤ ਪ੍ਰੇਰਿਤ ਹੋਇਆ ਤਰਕ। ਆਮ ਵਿਚਾਰ ਨਿਰਆਧਾਰ ਹੁੰਦੇ ਹਨ ਅਤੇ ਉਹ ਕੇਵਲ ਇਸ ਲਈ ਮੰਨੇ ਜਾਂਦੇ ਹਨ ਕਿਉਂਕਿ ਵਧੇਰੇ ਵਿਅਕਤੀ ਉਨ੍ਹਾਂ ਵਿਚ ਵਿਸ਼ਵਾਸ ਰੱਖਦੇ ਹਨ। ਸਾਡੇ ਵਿਸ਼ਵਾਸ ਦੇ ਪਾਤਰ ਵਧੇਰੇ ਵਿਚਾਰ ਤਾਂ ਪਿਰਤ ਜਾਂ ਪਰੰਪਰਾ ਦੇ ਰੂਪ 'ਚ ਪੁਸ਼ਤ ਦਰ ਪੁਸ਼ਤ ਚਲੇ ਆ ਰਹੇ ਹੁੰਦੇ ਹਨ। ਕਿਸੇ ਨੇ ਕਦੀ ਵੀ ਇਨ੍ਹਾਂ ਨੂੰ ਜਾਚਣ ਜਾਂ ਪਰਖਣ ਦਾ ਕੋਈ ਉਪਰਾਲਾ ਨਹੀਂ ਕੀਤਾ ਹੁੰਦਾ। ਨਿਰਆਧਾਰ ਵਿਚਾਰਾਂ ਵਿਚ ਵਿਸ਼ਵਾਸ, ਕੇਵਲ ਅਗਿਆਨੀ ਮਨ ਦਾ ਹੀ ਵਤੀਰਾ ਨਹੀਂ, ਕਈ ਪੜ੍ਹੇ ਲਿਖੇ ਅਤੇ ਗੂੜ੍ਹ ਗਿਆਨੀ ਵੀ ਅਜੇਹੇ ਵਿਚਾਰਾਂ ਵਿਚ ਵਿਸ਼ਵਾਸ ਰੱਖਣੋਂ ਨਹੀਂ ਉਕਦੇ। ਇਸ ਸੰਬੰਧ 'ਚ ਸਿਰੇ ਦੀ ਗੱਲ ਕਰਦਿਆਂ ਅਰਸਤੂ ਦੀ ਉਦਾਹਰਣ ਸਾਹਮਣੇ ਆ ਜਾਂਦੀ ਹੈ। ਉਸ ਦਾ ਵਿਸ਼ਵਾਸ ਸੀ ਕਿ ਇਸਤਰੀਆਂ ਦੇ ਮੂੰਹ ਵਿਚ ਦੰਦ ਪੁਰਸ਼ਾਂ ਨਾਲੋਂ ਘੱਟ ਹੁੰਦੇ ਹਨ। ਅਰਸਤੂ ਦੇ ਦੋ ਵਿਆਹ ਸਨ, ਪਰ ਉਸ ਨੇ ਆਪਣੇ ਵਿਸ਼ਵਾਸ ਨੂੰ ਕਦੀ ਵੀ ਪਰਖਣ ਦਾ ਯਤਨ ਨਾ ਕੀਤਾ। ਇਸ ਜਿਹੇ ਹੀ ਉਸਦੇ ਕਈ ਹੋਰ ਵੀ ਅਨੋਖੇ ਵਿਸ਼ਵਾਸ ਸਨ ਜਿਨ੍ਹਾਂ ਨੂੰ ਉਹ ਬਿਨ੍ਹਾਂ ਪਰਖ ਦੇ ਹੀ ਕਬੂਲ ਕਰਦਾ ਰਿਹਾ।

ਅਰਸਤੂ ਤਾਂ ਬਹੁਤ ਪਹਿਲਾਂ ਹੋ ਗੁਜ਼ਰਿਆ ਹੈ ਅਤੇ ਉਸ ਦਾ ਯੁੱਗ ਵਿਗਿਆਨਕ ਯੁੱਗ ਨਹੀਂ ਸੀ ਪਰ ਅੱਜ ਜਿਹੜੇ ਅਸੀਂ ਵਿਗਿਆਨਕ ਯੁੱਗ ਵਿਚ ਰਹਿ ਰਹੇ ਹਾਂ ਅਤੇ ਪੜ੍ਹੇ ਲਿਖਿਆਂ ਵਿਚ ਗਿਣੇ ਵੀ ਜਾਂਦੇ ਹਾਂ, ਸਾਡੇ ਵਿਚੋਂ ਕਿੰਨੇ ਕੁ ਅਜੇਹੇ ਹਨ ਜਿਹੜੇ ਕੋਈ ਵੀ ਕੰਮ ਸਹੇੜਨ ਤੋਂ ਪਹਿਲਾਂ ਪੰਡਤਾਂ, ਪਾਂਡਿਆਂ ਨੂੰ ਆਪਣੀਆਂ ਜਨਮ ਪੱਤਰੀਆਂ ਵਾਚਣ ਲਈ ਨਹੀਂ ਦਿੰਦੇ? ਮਨੁੱਖ ਦਾ ਅਪਣੀ ਮਹਾਨਤਾ ਵਿਚ ਕਿੰਨਾ ਲੰਮਾ ਵਿਸ਼ਵਾਸ ਹੈ?

ਵਿਗਿਆਨ ਦੇ ਇਤਿਹਾਸ ਵਿਚ ਇਕ ਹੋਰ ਉਦਾਹਰਣ ਬਹੁਤ ਮਹੱਤਵਪੂਰਨ ਹੈ ਜਿਹੜੀ ਮਨੁੱਖ ਦੇ ਅੰਧਵਿਸ਼ਵਾਸਾਂ ਦੀ ਸਰਬਵਿਆਪਕਤਾ ਨੂੰ ਭਲੀ ਪ੍ਰਕਾਰ ਉਜਾਗਰ ਕਰਦੀ ਹੈ। ਜਦ ਇਟਲੀ ਦੇ ਮਹਾਨ ਵਿਗਿਆਨੀ ਗੈਲੀਲਿਊ ਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਸੂਰਜ, ਧਰਤੀ ਦੁਆਲੇ ਨਹੀਂ ਸਗੋਂ ਧਰਤੀ, ਸੂਰਜ ਦੁਆਲੇ ਚੱਕਰ ਲਾ ਰਹੀ ਹੈ ਤਕ ਹਰ ਇਕ ਨੇ ਇਸ ਗਿੱਲ ਨੂੰ ਮੰਨਣੋ ਇਨਕਾਰ ਕਰ ਦਿੱਤਾ। ਜੇ ਕੇਵਲ ਇਨਕਾਰ ਹੀ ਕੀਤਾ ਹੁੰਦਾ ਇਹ ਵੀ ਉਚਿਤ ਹੀ ਹੋਣਾ ਸੀ, ਪਰ ਉਸ ਉਪਰ ਤਾਂ ਮੁਕੱਦਮਾ ਚਲਾਇਆ ਗਿਆ। ਉਸ ਉਪਰ ਦੋਸ਼ ਲਾਇਆ ਗਿਆ ਕਿ ਉਹ ਲੋਕਾਂ ਨੂੰ ਕੁਰਾਹੇ ਪਾ ਰਿਹਾ ਹੈ। ਸਮੇਂ ਦੀ ਸਰਕਾਰ ਨੇ ਇਸ ਦੋਸ਼ ਲਈ ਉਸ ਨੂੰ ਮੌਤ ਦੀ ਸਜ਼ਾ ਸੁਣਾਈ। ਜੁੜੀ ਭੀੜ ਸਾਹਮਣੇ ਅਪਣੀ ਕਹੀ ਗੱਲ ਨੂੰ ਝੁਠਲਾ ਕੇ ਹੀ ਗੈਲੀਲਿਊ ਮਰਨ ਤੋਂ ਬਚ ਸਕਿਆ ਸੀ। ਉਸ ਤੋਂ ਧੱਕੇ ਨਾਲ ਮੰਨਵਾਇਆ ਗਿਆ ਕਿ ਉਹ ਗ਼ਲਤ ਕਹਿ ਰਿਹਾ ਸੀ ਕਿ ਧਰਤੀ ਸੂਰਜ ਦੁਆਲੇ ਚੱਕਰ ਲਾ ਰਹੀ ਸੀ।

ਅਜੇਹੀਆਂ ਅਨੇਕਾਂ ਉਦਾਹਰਣਾਂ ਇਤਿਹਾਸ ਵਿਚੋਂ ਚੁਣੀਆਂ ਜਾ ਸਕਦੀਆਂ ਹਨ ਜਦ ਮਨੁੱਖ ਪਰਖੀ ਹੋਈ ਗੱਲ ਨੂੰ ਇਸ ਲਈ ਸਵੀਕਾਰ ਕਰਨੋਂ ਇਨਕਾਰ ਕਰਦਾ ਰਿਹਾ ਹੈ ਕਿਉਂਕਿ ਉਸ ਦਾ ਅਪਣਾ ਵਿਸ਼ਵਾਸ ਇਸਦੇ ਉਲਟ ਬੱਝਾ ਹੋਇਆ ਸੀ। ਪੁਰਾਣੀਆਂ ਗੱਲਾਂ ਵੀ ਛੱਡੀਏ ਅਤੇ ਅੱਜ ਦੀ ਪ੍ਰਚੱਲਤ ਸਥਿਤੀ ਨੂੰ ਘੋਖੀਏ ਤਦ ਵੀ ਇਹ ਗੱਲ ਉਭਰ ਕੇ ਸਾਹਮਣੇ ਆਵੇਗੀ ਕਿ ਸਾਡੀ ਸੋਚਣੀ ਬਹੁਤ ਹੱਦ ਤਕ ਅੰਧਵਿਸ਼ਵਾਸੀ ਤੇ ਵਹਿਮੀ ਨਿੱਕ ਸੁੱਕ ਨਾਲ ਆਫਰੀ ਹੋਈ ਹੈ। ਇਸ ਨਿੱਕ ਸੁੱਕ ਨੂੰ ਹੂੰਝਣ ਲਈ ਵਿਗਿਆਨਕ ਦ੍ਰਿਸ਼ਟੀਕੋਣ ਪ੍ਰਤੀ ਸਾਡੀ ਰੁਚੀ ਦਾ ਪੁੰਗਰਨਾ ਬੇਹੱਦ ਲਾਜ਼ਮੀ ਹੈ।

ਦੂਜੇ ਬੰਨੇ, ਕੁਦਰਤੀ ਨਿਯਮਾਂ ਬਾਰੇ ਗਿਆਨ ਦੇ ਆਧਾਰ ਤੇ ਤਕਨਾਲੋਜੀ ਦਾ ਜਨਮ ਹੋਇਆ ਅਤੇ ਇਹ ਪ੍ਰਫੁੱਲਤ ਹੋਈ। ਇਨ੍ਹਾਂ ਨਿਯਮਾ ਦੀ ਸਿੱਧ ਪੁੱਠ ਰਾਹੀਂ ਮਸ਼ੀਨਾਂ ਬਣੀਆਂ, ਹਵਾਈ ਅਤੇ ਪੁਲਾੜੀ ਜਹਾਜ਼ ਬਣੇ, ਗੱਡੀਆਂ ਅਤੇ ਫਰਿੱਜ ਬਣੇ। ਇਹ ਕਾਢਾਂ ਕੋਈ ਕੁਦਰਤੀ ਕਰਾਮਾਤਾਂ ਤਾਂ ਨਹੀਂ ਸਨ। ਇਨ੍ਹਾਂ 'ਚੋਂ ਕੋਈ ਇਕ ਕਾਢ ਵੀ ਕੁਦਰਤੀ ਨਿਯਮਾਂ ਦੀ ਉਲੰਘਣਾ ਨਹੀਂ ਹੈ। ਜੇ ਮਨੁੱਖ ਪੰਛੀਆਂ ਤੋਂ ਵੀ ਭਲੀ ਪ੍ਰਕਾਰ ਵਾਯੂਮੰਡਲ ਵਿਚ ਉਡਾਰੀਆਂ ਲਾਉਣ ਯੋਗ ਹੈ, ਜੇ ਇਹ ਚੰਨ ਨੂੰ ਛੋਹ ਕੇ ਸਹੀ ਸਲਾਮਤ ਧਰਤੀ ਉਪਰ ਪਰਤ ਸਕਿਆ ਹੈ ਅਤੇ ਜੇ ਮਨੁੱਖ ਦੇ ਬਣਾਏ ਚੰਨ ਅੱਜ ਧਰਤੀ ਦੁਆਲੇ ਕੁਦਰਤੀ ਚੰਨ ਵਾਂਗ ਹੀ ਚੱਕਰ ਲਾ ਰਹੇ ਹਨ ਤਦ ਇਹ ਸਭ ਕੁਝ ਕੇਵਲ ਕੁਦਰਤੀ ਨਿਯਮਾਂ ਦੀ ਪਾਲਣਾ ਰਾਹੀਂ ਹੀ ਸੰਭਵ ਹੋ ਸਕਿਆ ਹੈ, ਉਨ੍ਹਾਂ ਦੀ ਉਲੰਘਣਾ ਕਰ ਕੇ ਕਦਾਚਿਤ ਨਹੀਂ। ਇਨ੍ਹਾਂ ਵਿਚੋਂ ਕੋਈ ਵੀ ਚਮਤਕਾਰ ਨਹੀਂ ਹੈ। ਫਿਰ ਇਹ ਗੱਲ ਵੀ ਦਿਨ ਵਾਂਗ ਸਪਸ਼ਟ ਹੈ ਕਿ ਸਾਡਾ ਬ੍ਰਹਿਮੰਡ, ਸਾਡੀ ਆਪਣੀ ਸੋਚਣੀ ਤੋਂ ਵੀ ਕਿਧਰੇ ਵਧੀਕ ਵਿਸ਼ਾਲ ਹੈ। ਇਹ ਅਰਬਾਂ ਕਰੋੜਾਂ ਅਜਿਹੀਆਂ ਗਲੈਕਸੀਆਂ ਦਾ ਇਕੱਠ ਹੈ ਜਿਨ੍ਹਾਂ 'ਚੋਂ ਹਰ ਇਕ ਅੱਗੋਂ ਆਪ ਅਰਬਾਂ ਕਰੋੜਾਂ ਤਾਰਿਆਂ ਦੀ ਬਣੀ ਹੋਈ ਹੈ। ਸਾਡੀ ਆਪਣੀ ਗਲੈਕਸੀ ਵੀ ਇੰਨ੍ਹੇ ਕੁ ਹੀ ਤਾਰਿਆਂ ਦਾ ਸੰਗ੍ਰਹਿ ਹੈ ਜਿਸ ਨੂੰ ਅਸੀਂ ਆਕਾਸ਼ ਗੰਗਾ ਸੱਦਦੇ ਹਾਂ। ਇਸ ਭਰੇ ਭਕੁੰਨੇ ਬ੍ਰਹਿਮੰਡ ਵਿਚ ਸਾਡੇ ਸੂਰਜ ਦਾ ਤੁੱਛ ਜਿਹਾ ਸਥਾਨ ਹੈ, ਜਿਸ ਵਿਚ ਵਿਚਰਦਿਆਂ ਵਿਚਰਦਿਆਂ ਇਹ ਆਕਾਸ਼ ਗੰਗਾ ਦੇ ਕੇਂਦਰ ਦੁਆਲੇ ਭੌਂ ਰਿਹਾ ਹੈ, ਇੰਜ ਹੀ ਜਿਵੇਂ ਕਿ ਨੌਂ ਧਰਤੀਆਂ ਇਸ ਦੇ ਆਪਣੇ ਦੁਆਲੇ ਭੌਂ ਰਹੀਆਂ ਹਨ। ਸੂਰਜ ਦੁਆਲੇ ਘੁੰਮ ਰਹੇ ਇਨ੍ਹਾਂ ਨੌਂ ਗ੍ਰਹਿਆਂ ਵਿਚੋਂ ਸਾਡੀ ਧਰਤੀ ਵੀ ਇਕ ਹੈ। ਸਾਡੀ ਧਰਤੀ ਨੌਂਆਂ 'ਚੋਂ ਨਾ ਤਾਂ ਸਭ ਤੋਂ ਵੱਡੀ ਹੈ ਤੇ ਨਾ ਹੀ ਛੋਟੀ। ਸੂਰਜ ਵੱਲੋਂ ਬਾਹਰ ਨੂੰ ਜਾਂਦਿਆਂ ਇਸ ਦਾ ਤੀਜਾ ਸਥਾਨ ਹੈ। ਹੋਰ ਤਾਂ ਭਾਵੇਂ ਕੋਈ ਵਿਦਮਾਨਤਾ ਸਾਰੀ ਧਰਤੀ ਵਿਚ ਨਾ ਹੋਵੇ, ਪਰ ਸੂਰਜ ਤੋਂ ਢੁਕਵੀਂ ਦੂਰੀ ਤੇ ਸਥਿਤ ਹੋਣ ਕਾਰਨ ਇਸ ਉਪਰਲਾ ਪਾਣੀ ਨਾ ਤਾਂ ਨਿਰੋਲ ਬਰਫ਼ ਹੈ ਤੇ ਨਾ ਹੀ ਨਿਰੋਲ ਭਾਫ਼। ਇਸੇ ਕਾਰਨ ਜਿਸ ਜੀਵਨ ਨੂੰ ਅਸੀਂ ਜਾਣਦੇ ਹਾਂ, ਉਹ ਇਸ ਉਪਰ ਸੰਭਵ ਹੋ ਸਕਿਆ ਹੈ।

ਜੀਵਨ ਬਾਰੇ ਅੱਜ ਇਹ ਵਿਚਾਰ ਬਣਦੇ ਜਾ ਰਹੇ ਹਨ ਕਿ ਬ੍ਰਹਿਮੰਡ ਅੰਦਰ ਜਿੱਥੇ ਵੀ ਅਜੇਹੇ ਹਾਲਾਤ ਹੋਣਗੇ, ਜਿਹੋ ਜਿਹੇ ਕਿ ਧਰਤੀ ਤੇ ਵਿਆਕਤ ਰਹੇ ਹਨ, ਉਥੇ ਇਹ ਜ਼ਰੂਰ ਹੀ ਪੁੰਗਰ ਆਵੇਗਾ। ਇਕ ਅਨੁਮਾਨ ਅਨੁਸਾਰ ਸਾਡੀ ਧਰਤੀ ਜਿਹੀਆਂ ਅਨੇਕਾਂ ਧਰਤੀਆ ਇਸ ਬ੍ਰਹਿਮੰਡ ਵਿਚ ਹਨ ਜਿਨ੍ਹਾਂ ਉਪਰ ਜੀਵਨ ਹੋਂਦ ਦੀ ਸੰਭਾਵਨਾ ਮੰਨੀ ਜਾ ਰਹੀ ਹੈ।

ਸੂਰਜੀ ਕਿਰਨਾਂ ਦੇ ਪ੍ਰਭਾਵ ਅਧੀਨ ਸਾਡੀ ਧਰਤੀ ਉਪਰ ਅਜੇਹੇ ਵਿਸ਼ੇਸ ਰਸਾਇਣਕ ਪ੍ਰਤੀਕਰਮ ਪਾਣੀ ਅੰਦਰ ਜਾਂ ਫਿਰ ਇਸ ਦੇ ਆਲੇ-ਦੁਆਲੇ ਛਿੜ ਪਏ ਜਿਨ੍ਹਾਂ ਦੇ ਸਿੱਟੇ ਵਜੋਂ ਜੀਵਨ ਉਤਪੰਨ ਹੋਇਆ। ਵਿਕਾਸ ਦੇ ਅਨੇਕਾਂ ਪੜਾਅ ਪਾਰ ਕਰਨ ਉਪਰੰਤ ਜੀਵਨ ਛੇਕੜ ਮਨੁੱਖ ਦੀ ਪਦਵੀ ਨੂੰ ਪੁੱਜਾ। ਜੀਵਨ ਦੀ ਉਪਜ ਅਤੇ ਇਸ ਦਾ ਵਿਕਾਸ ਬ੍ਰਹਿਮੰਡ ਵਿਚ ਵਾਪਰ ਰਹੀਆਂ ਭਾਂਤ ਭਾਂਤ ਦੀਆਂ ਘਟਨਾਵਾਂ ਵਿਚੋਂ ਇਕ ਹੈ, ਜਿਸ ਦਾ ਨਾ ਤਾਂ ਕੋਈ ਵਿਸ਼ੇਸ ਮੰਤਵ ਹੈ ਅਤੇ ਜਿਸ ਦੀ ਨਾ ਕੋਈ ਪਹਿਲੋਂ ਤੋਂ ਮਿਥੀ ਹੋਈ ਮੰਜ਼ਿਲ। ਜੀਵਨ ਧੱਕਿਆ ਧਕਾਇਆ, ਉਸ ਸਮੇਂ ਤਕ ਧਰਤੀ ਉਪਰ ਵਿਚਰਦਾ ਰਹੇਗਾ ਜਦ ਤਕ ਇਥੇ ਇਸ ਦੇ ਅਨੁਕੂਲ ਹਾਲਾਤ ਬਣੇ ਰਹਿਣਗੇ। ਇਸੇ ਲਈ ਧਰਤੀ ਉਪਰ ਜੀਵਨ ਜਾਂ ਮਨੁੱਖ ਦੀ ਹੋਂਦ ਨੂੰ ਅਨੋਖਾ ਸਮਝਣਾ ਉਚਿਤ ਨਹੀਂ। ਇਹ ਕਦਾਚਿਤ ਸੰਭਵ ਹੈ ਕਿ ਮਨੁੱਖ ਜਿਹੇ ਜਾਂ ਇਸ ਤੋਂ ਵੀ ਉਪਰਲੀ ਪੱਧਰ ਦੇ ਪ੍ਰਾਣੀ ਬ੍ਰਹਿਮੰਡ ਵਿਚ ਹੋਰ ਵੀ ਕਈ ਥਾਂਈ ਹੋਣ।

ਇਹ ਕੁਝ ਕਰਨ ਲਈ ਕੇਵਲ ਵਿਗਿਆਨ ਹੀ ਇਸ ਨੂੰ ਰਾਹੇ ਪਾ ਸਕਦਾ ਹੈ। ਵਿਗਿਆਨਕ ਪੱਖੋਂ ਪੂਰੇ ਉਤਰਦੇ ਵਿਚਾਰ ਤਿੰਨ ਪੱਧਰੀ ਸਾਧਨਾਂ ਰਾਹੀਂ ਪ੍ਰਵਾਨਯੋਗ ਬਣਦੇ ਹਨ।

ਪਹਿਲੀ ਪੱਧਰ ਤੇ, ਵਾਪਰ ਰਹੀਆਂ ਘਟਨਾਵਾਂ ਨੂੰ ਘੋਖਿਆ ਜਾਂਦਾ ਹੈ। ਦੂਜੀ ਪੱਧਰ ਤੇ, ਇਨ੍ਹਾਂ ਘਟਨਾਵਾਂ ਦੀ ਵਿਆਖਿਆ ਕਰਦੀ ਮਨੌਤ ਅਪਣਾਈ ਜਾਂਦੀ ਹੈ। ਛੇਕੜਲੀ ਪੱਧਰ ਤੇ, ਮਨੌਤ ਦੇ ਆਧਾਰ ਤੇ ਕੱਢੇ ਹੋਏ ਸਿੱਟਿਆਂ ਨੂੰ, ਪ੍ਰਯੋਗਾਂ ਰਾਹੀਂ, ਮੁੜ ਮੁੜ ਪਰਖਿਆ ਜਾਂਦਾ ਹੈ, ਅਤੇ ਇਹ ਸਿੱਟੇ ਪਰਖੇ ਜਾਣ ਤੇ ਪੂਰੇ ਉਤਰਨ ਤਕ ਅਪਣਾਈ ਗਈ ਮਨੌਤ (ਬਪੋਟਹਇਸਸਿ) ਨੂੰ ਸਿਧਾਂਤ (ਠਹਓਰੇ) ਦੀ ਪਦਵੀ ਦੇ ਦਿੱਤੀ ਜਾਂਦੀ ਹੈ। ਇਸ ਸਿਧਾਂਤ ਨੂੰ ਫਿਰ, ਸਮੇਤ ਨਵੀਂ ਅਪਣਾਈ ਜਾ ਰਹੀ ਜਾਣਕਾਰੀ ਦੇ ਆਧਾਰ ਤੇ ਵਾਰ ਵਾਰ ਸੋਧਿਆ ਤੇ ਸੰਵਾਰਿਆ ਜਾਂਦਾ ਹੈ। ਜਦੋਂ ਇਹ ਜਾਪੇ ਕਿ ਇਸ ਸਿਧਾਂਤ ਵਿਚ ਕੋਈ ਉਣਤਾਈ ਬਾਕੀ ਨਹੀਂ ਰਹੀ ਤਦ ਇਸ ਨੂੰ ਵਿਗਿਆਨਕ ਨਿਯਮ (ਂਚਿ-ਇਨਟਚਿ.ਅੱ) ਦੀ ਪਦਵੀ ਦੇ ਦਿੱਤੀ ਜਾਂਦੀ ਹੈ।

ਜਿਉਂ ਜਿਉਂ ਵਿਗਿਆਨ ਪ੍ਰਫੁੱਲਤ ਹੁੰਦਾ ਜਾ ਰਿਹਾ ਹੈ, ਇਸ ਤੋਂ ਉਪਜਿਆ ਦ੍ਰਿਸ਼ਟੀਕੋਣ ਵੀ ਵੱਧ ਤੋਂ ਵੱਧ ਅਪਣਾਇਆ ਜਾ ਰਿਹਾ ਹੈ। ਇਸ ਨਾਲ ਮਨੁੱਖ ਦੀ ਸੋਚਣੀ ਅਤੇ ਉਸ ਦੇ ਵਤੀਰੇ ਵਿਚ ਵੀ ਫ਼ਰਕ ਪੈ ਰਿਹਾ ਹੈ। ਮਨੁੱਖ ਦੀ ਰਹਿਣੀ ਦੇ ਇਹ ਦੋਹਵੇਂ ਪੱਖ ਵਧੇਰੇ ਚੱਜ ਆਚਾਰ ਵਾਲੇ ਅਤੇ ਵਧੇਰੇ ਸੁਚੱਜੇ ਹੁੰਦੇ ਜਾ ਰਹੇ ਹਨ। ਪਰ ਇਹ ਗੱਲ ਜ਼ਰੂਰ ਹੈ ਕਿ ਮਨੁੱਖ ਦੀ ਸੋਚਣੀ ਵਿਚ ਆ ਰਹੇ ਪਰਿਵਰਤਨਾਂ ਦੀ ਚਾਲ ਬਹੁਤ ਮੱਠੀ ਹੈ। ਘੱਟੋਂ ਘੱਟ ਤਕਨਾਲੋਜੀ ਦੇ ਖੇਤਰ ਵਿਚ ਹੋ ਰਹੀ ਤਰੱਕੀ ਦੇ ਟਾਕਰੇ ਵਿਚ ਬਹੁਤ ਹੀ ਮੱਠੀ ਹੈ। ਇਸ ਨੂੰ ਤੇਜ਼ ਕਰਨ ਦੀ ਲੋੜ ਹੈ।

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

# ਆਲਮੀ ਤਪਸ਼

**ਸ਼ਿਲਪਾ ਨਾਗ**

ਪਿਛਲੀ ਸਦੀ 'ਚ ਹੋਏ ਵਸੋਂ ਦੇ ਵਾਧੇ ਅਤੇ ਇਸਦੀ ਸਰਗਰਮੀ ਕਾਰਨ ਧਰਤੀ ਦਾ ਵਾਤਾਵਰਣ ਮਹੱਤਵਪੂਰਨ ਤਬਦੀਲੀਆਂ ਵਿਚੋਂ ਗੁਜ਼ਰ ਰਿਹਾ ਹੈ। ਬੀਤੀ ਸਦੀ ਦੇ ਦੌਰਾਨ ਧਰਤੀ ਦੇ ਔਸਤ ਤਾਪਮਾਨ ਵਿਚ ਧਿਆਨ ਦੇਣ ਯੋਗ ਵਾਧਾ ਹੋਇਆ ਹੈ। ਤਾਪਮਾਨ ਵਿਚ ਇਹ ਵਾਧਾ ਗਰੀਨ ਹਾਊਸ ਗੈਸਾਂ ਦੀ ਵਧੀ ਹੋਈ ਮਾਤਰਾ ਨੇ ਲਿਆਂਦਾ ਹੈ। ਇਸ ਵਰਤਾਰੇ ਨੂੰ ਆਲਮੀ ਤਪਸ਼ ਕਿਹਾ ਜਾਂਦਾ ਹੈ।

ਧਰਤੀ ਦੇ ਜਲਵਾਯੂ ਦਾ ਔਸਤ ਤਾਪਮਾਨ ਇਕ ਅਜਿਹੀ ਪ੍ਰਣਾਲੀ ਰਾਹੀਂ ਨਿਯੰਤ੍ਰਿਤ ਹੁੰਦਾ ਹੈ, ਜਿਸ ਵਿਚ ਊਰਜਾ ਦੀ ਸੂਰਜ ਤੋਂ ਗ੍ਰਹਿਣ ਕੀਤੀ ਮਾਤਰਾ ਨੂੰ ਦੁਬਾਰਾ ਖ਼ਲਾਅ ਵਿਚ ਭੇਜ ਕੇ ਸੰਤੁਲਨ ਕਾਇਮ ਰੱਖਿਆ ਜਾਂਦਾ ਹੈ। ਜਲਵਾਯੂ ਦੀਆਂ ਗਰੀਨ ਹਾਊਸ ਗੈਸਾਂ ਦੁਆਰਾ ਤਾਪ ਨੂੰ ਮੁੜ ਪਰਿਵਰਤਿਤ ਕਰਨ ਦਾ ਵਰਤਾਰਾ ਗਰੀਨ ਹਾਊਸ ਪ੍ਰਭਾਵ ਅਖਵਾਉਂਦਾ ਹੈ।

ਕੁਦਰਤੀ ਤੌਰ 'ਤੇ ਜਲਵਾਯੂ ਵਿਚ ਗਰੀਨ ਹਾਊਸ ਗੈਸਾਂ ਦਾ ਸੋਖਣ ਧਰਤੀ ਉੱਪਰਲੇ ਖ਼ਲਾਅ ਵਿਚ ਇਕ ਅਜਿਹਾ ਪਰਦਾ ਬਣਾ ਦਿੰਦਾ ਹੈ, ਜਿਹੜਾ ਧਰਤੀ ਦੀ ਉੱਪਰਲੀ ਸਤਹਿ ਨੂੰ ਬਾਹਰੀ ਖ਼ਲਾਅ ਦੀ ਗਰਮੀ ਤੋਂ ਬਚਾਉਂਦਾ ਹੈ। ਇਹ ਪਰਦਾ ਸਾਡੇ ਗ੍ਰਹਿ ਨੂੰ ਨਿੱਘਾ ਅਤੇ ਸੁਰੱਖਿਅਤ ਰੱਖਦਾ ਹੈ। ਗਰੀਨ ਹਾਊਸ ਗੈਸਾਂ ਤੋਂ ਬਗੈਰ ਧਰਤੀ ਠੰਡੀ ਯਖ਼ ਅਤੇ ਨਿਰਜਿੰਦ ਗ੍ਰਹਿ ਹੋਵੇਗੀ। ਇਸਦਾ ਤਾਪਮਾਨ 18 ਸੈਂਟੀਗਰੇਡ ਹੋਵੇਗਾ। ਹੁਣੇ-ਹੁਣੇ ਹੋਈਆਂ ਗਿਣਤੀਆਂ -ਮਿਣਤੀਆਂ ਤੋਂ ਸੰਕੇਤ ਮਿਲਦੇ ਹਨ ਕਿ ਧਰਤੀ ਖ਼ਲਾਅ ਵਿਚ ਨਿਕਾਸੀ ਨਾਲੋਂ 0.85+ 0.15 ੱ/ਮ2 ਵੱਧ ਤਾਪ ਸੋਖ ਰਹੀ ਹੈ। ਆਲਮੀ ਤਪਸ਼ ਵਿਚ ਹੋ ਰਹੇ ਇਸ ਵਾਧੇ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਪਿੱਛੇ ਜਿਹੇ ਤੋਂ ਗਰੀਨ ਹਾਊਸ ਗੈਸਾਂ 'ਤੇ ਵੱਧਦੇ ਦਬਾਅ ਕਾਰਨ ਹੋਇਆ ਹੈ। 'ਕੁਦਰਤ ਦਾ ਇਹੋ ਜਿਹਾ ਜ਼ਾਲਮ ਵਿਅੰਗ ਹੈ ਕਿ ਜਿਹਨਾਂ ਗੈਸਾਂ ਨੇ ਧਰਤੀ ਉੱਪਰ ਜੀਵਨ ਸੰਭਵ ਬਣਾਇਆ ਹੈ, ਸਾਡੀ ਹੋਂਦ ਲਈ ਖ਼ਤਰਾ ਬਣ ਗਈਆਂ ਹਨ।'

ਗਰੀਨ ਹਾਊਸ ਗੈਸਾਂ ਸਨਅਤੀ ਵਿਕਾਸ, ਊਰਜਾ ਦੇ ਉਤਪਾਦਨ ਤੇ ਉਪਯੋਗ ਵਿਚ ਭਾਰੀ ਵਾਧੇ, ਜੰਗਲਾਂ ਦੀ ਤਬਾਹੀ ਅਤੇ ਸੰਘਣੀ ਖੇਤੀਬਾੜੀ ਕਾਰਨ ਵੱਧ ਰਹੀਆਂ ਹਨ। ਆਲਮੀ ਤਪਸ਼ ਇਕ ਜਟਿੱਲ ਵਰਤਾਰਾ ਹੈ ਤੇ ਇਸਦੇ ਕੁੱਲ ਪ੍ਰਭਾਵ ਦੀ ਭਵਿੱਖਬਾਣੀ ਕਰਨਾ ਅਜੇ ਕਾਫ਼ੀ ਔਖਾ ਹੈ। ਸਾਡਾ ਵਾਯੂਮੰਡਲ ਸਾਡੇ ਜੀਵਨ ਦੇ ਕਈ ਖੇਤਰਾਂ ਨੂੰ ਪ੍ਰਭਾਵਿਤ ਕਰਦਾ ਹੈ। ਸਾਡਾ ਅੰਨ, ਪਾਣੀ ਤੇ ਘਰ ਸਭ ਜਲਵਾਯੂ 'ਤੇ ਨਿਰਭਰ ਕਰਦੇ ਹਨ। ਕੁਝ ਵਿਗਿਆਨੀਆਂ ਦਾ ਵਿਚਾਰ ਹੈ ਕਿ ਤਪਸ਼ਗ੍ਰਸਤ ਸੰਸਾਰ ਇਕ ਬਿਮਾਰ ਸੰਸਾਰ ਹੋਵੇਗਾ।

ਪਰਾਬੈਂਗਣੀ ਰੌਸ਼ਨੀ ਦੇ ਉਚੇਚੇ ਪੱਧਰ ਦਾ ਪ੍ਰਕਾਸ਼ਕਰਣ ਹੋਣ ਨਾਲ ਪ੍ਰਤੀ ਸਾਲ ਚਮੜੀ ਦੇ ਕੈਂਸਰ ਤੇ 500 ਵਾਧੂ ਮੌਤਾਂ ਹੋ ਸਕਦੀਆਂ ਹਨ। ਮੋਤੀਆ ਬਿੰਦ ਦੇ ਮਾਮਲਿਆਂ ਵਿਚ 2,000 ਦਾ ਵਾਧਾ ਤੇ ਭੋਜਨ ਰਾਹੀਂ ਜ਼ਹਿਰਬਾਦ ਦੇ ਪ੍ਰਤੀ ਸਾਲ ਹੋਰ 10,000 ਲੋਕ ਸ਼ਿਕਾਰ ਹੋ ਸਕਦੇ ਹਨ, ਗਰਮ ਮੌਸਮ ਨਾਲ ਸਬੰਧਿਤ ਮੌਤਾਂ ਦੀ ਗਿਣਤੀ 2800 ਤੱਕ ਪਹੁੰਚ ਸਕਦੀ ਹੈ। ਜਨਮ ਦਰ ਨਾਲ ਵੀ ਮੌਸਮ ਦੀ ਤਬਦੀਲੀ ਦਾ ਸਬੰਧ ਹੈ। ਗਰੀਬ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਤਬਦੀਲੀਆਂ ਨੂੰ ਸਹਿਣ ਕਰਨ ਦੇ ਅਯੋਗ ਹੋਣ ਜਾ ਰਹੇ ਹਨ, ਜਿਸ ਕਾਰਨ ਸੰਸਾਰ ਵਸੋਂ 'ਤੇ ਅਸਾਵਾਂ ਪ੍ਰਭਾਵ ਪਵੇਗਾ। ਜਲਵਾਯੂ ਦੀ ਤਬਦੀਲੀ ਉੱਤਰੀ ਅਰਧ ਗੋਲੇ ਦੀ ਵਰਖਾ ਵਿਚ 0.5ਫੀਸਦੀ ਤੋਂ 1ਫੀਸਦੀ ਦਾ ਵਾਧਾ ਕਰ ਚੁੱਕੀ ਹੈ ਤੇ ਭੂ-ਖੰਡਾਂ ਵਿਚ 0.3ਫੀਸਦੀ ਵਰਖਾ ਘਟਣ ਦੀਆਂ ਰਿਪੋਰਟਾਂ ਹਨ। ਅਣਕਿਆਸੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਗਲੇਸ਼ੀਅਰ ਪਿਘਲਣ ਨਾਲ ਘਣੀ ਆਬਾਦੀ ਵਾਲੇ ਇਲਾਕਿਆਂ 'ਚ ਭਾਰੀ ਹੜ੍ਹ ਆ ਸਕਦੇ ਹਨ। ਹਿਮ ਸ਼ਿਖ਼ਰਾਂ ਦਾ ਪਿਘਲਣਾ ਵਿਸ਼ਵ ਵਾਯੂਮੰਡਲੀ ਪ੍ਰਣਾਲੀ ਦਾ ਸੰਤੁਲਨ ਵਿਗਾੜ ਦੇਵੇਗਾ, ਸਮੁੰਦਰ ਦਾ ਪਾਣੀ ਘਟੇਗਾ, ਜਿਹੜਾ ਤਾਪਮਾਨ ਨੂੰ ਸੰਚਾਲਿਤ ਕਰਨ ਵਾਲੀਆਂ ਸਮੁੰਦਰੀ ਲਹਿਰਾਂ ਨੂੰ ਸੁੰਗੇੜ ਦੇਵੇਗਾ।

ਜੀਵ ਤੇ ਪੌਦੇ ਵੱਖ-ਵੱਖ ਖੇਤਰਾਂ ਵਿਚ ਵੰਡੇ ਹੋਏ ਹਨ। ਵੱਧ ਰਹੀ ਆਲਮੀ ਤਪਸ਼ ਕਾਰਨ ਉਮੀਦ ਹੈ ਕਿ ਬਹੁਤ ਸਾਰੀਆਂ ਪ੍ਰਜਾਤੀਆਂ ਇਕ-ਦੂਜੇ ਭੌ-ਖੰਡਾਂ ਵਿਚ ਤਬਦੀਲ ਹੋ ਜਾਣਗੀਆਂ। ਸਮੁੰਦਰੀ ਤਲ ਦਾ ਉੱਚ ਤਾਪਮਾਨ ਉੱਚ-ਰੌਸ਼ਨੀ ਦਬਾਅ ਨਾਲ ਦੁੱਗਣਾ ਹੋ ਕੇ ਕੋਰਲ ਟਾਪੂਆਂ ਨੂੰ ਸੱਟ ਮਾਰਦਾ ਹੈ ਤੇ ਤਬਾਹ ਕਰਦਾ ਹੈ। ਆਲਮੀ ਤਪਸ਼ ਦੇ ਜੀਵਨ ਉੱਪਰ ਪੈਣ ਵਾਲੇ ਜ਼ਿਆਦਾਤਰ ਪ੍ਰਭਾਵ ਚੰਗੇ ਨਹੀਂ ਹੋਣਗੇ। ਵਿਸ਼ਵ ਦੇ ਬਹੁਤ ਸਾਰੇ ਦੇਸ਼ਾਂ ਨੂੰ ਇਸਦੇ ਆਰਥਿਕ ਸਿੱਟੇ ਭੁਗਤਣੇ ਪੈਣਗੇ। ਜਲਵਾਯੂ ਨੂੰ ਲੰਮੇ ਸਮੇਂ ਤੱਕ ਸਥਿਰ ਰੱਖਣ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦਾ ਅਜੋਕਾ ਪੱਧਰ ਘਟਾਉਣਾ ਪਵੇਗਾ। ਆਲਮੀ ਤਪਸ਼ ਤੋਂ ਪੈਦਾ ਹੋਣ ਵਾਲੇ ਖ਼ਤਰੇ ਬਹੁਤ ਘਾਤਕ ਹਨ ਤੇ ਅੰਤਰਰਾਸ਼ਟਰੀ ਕਾਰਵਾਈ ਦੀ ਮੰਗ ਕਰਦੇ ਹਨ।

ਜਲਵਾਯੂ ਤਬਦੀਲੀ 'ਤੇ ਗਠਿਤ ਅੰਤਰ-ਸਰਕਾਰੀ ਪੈਨਲ ਆਈ. ਪੀ. ਸੀ. ਸੀ. ਅੰਤਰਰਾਸ਼ਟਰੀ ਭਾਈਚਾਰੇ ਕਾਇਟੋ ਵਿਚ ਜਲਵਾਯੂ ਤਬਦੀਲੀ 'ਤੇ ਦਸੰਬਰ 97 ਨੂੰ ਆਯੋਜਿਤ ਸੰਯੁਕਤ ਰਾਸ਼ਟਰ ਯੂ.ਐਨ.ਐਫ.ਸੀ.ਸੀ. ਦੀ ਕਾਨਫਰੰਸ ਦੇ ਤੀਜੇ ਸੈਸ਼ਨ ਵਿਚ ਭਾਗ ਲੈ ਰਹੀਆਂ ਪਾਰਟੀਆਂ ਵਲੋਂ ਕਾਇਟੋ ਪ੍ਰੋਟੋਕੋਲ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਵਿਚ 146 ਰਾਸ਼ਟਰਾਂ ਦੇ 37 ਸਨਅਤੀ ਦੇਸ਼ਾਂ ਨੇ ਅਪਣੀਆਂ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦਾ ਪੱਧਰ 2008 ਤੋਂ ਲੈ ਕੇ 2012 ਦੌਰਾਨ 1990 ਦੇ ਪੱਧਰ ਤੱਕ ਘਟਾਉਣ 'ਤੇ ਸਹਿਮਤੀ ਪ੍ਰਗਟ ਕੀਤੀ।

# ਮੁੱਕੇਬਾਜ਼ੀ ਦੀ ਚਮਕ

**ਵਿਸ਼ੇਸ਼ ਟਿੱਪਣੀ**

ਦਿੱਲੀ ਵਿਚ ਆਯੋਜਿਤ ਕਾਮਨਵੈਲਥ ਬਾਕਸਿੰਗ ਚੈਪੀਅਨਸ਼ਿਪ ਵਿਚ ਛੇ ਭਾਰਤੀ ਮੁੱਕੇਬਾਜ ਫਾਈਨਲ ਵਿਚ ਪਹੁੰਚੇ ਅਤੇ ਛੇਆਂ ਨੇ ਸੋਨ ਤਗ਼ਮੇ ਜਿੱਤੇ। ਇਹ ਵੀ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਹਨਾਂ ਤੋਂ ਇਲਾਵਾ ਵੀ ਭਾਰਤ ਵਿਚ ਕਈ ਮੁੱਕੇਬਾਜ ਹਨ ਜਿਹੜੇ ਇਸ ਪੱਧਰ ਉੱਤੇ ਤਗ਼ਮੇ ਜਿੱਤ ਸਕਦੇ ਹਨ। ਜਿਹੜੇ ਕਈ ਕਾਰਨਾਂ ਕਰਕੇ ਇਸ ਚੈਂਪੀਅਨਸ਼ਿਪ ਵਿਚ ਨਹੀਂ ਖੇਡ ਸਕੇ। ਸਾਰੇ ਭਾਰਤ ਵਿਚ ਮੁੱਕੇਬਾਜੀ ਤਰੱਕੀ ਕਰ ਰਹੀ ਹੈ ਅਤੇ ਵਿਸ਼ਵ ਪੱਧਰ ਉਤੇ ਭਾਰਤ ਇਸ ਖੇਡ ਵਿਚ ਇਕ ਤਾਕਤ ਬਣ ਚੁੱਕਾ ਹੈ। ਅਸੀਂ ਨਹੀਂ ਕਹਿ ਸਕਦੇ ਕਿ ਮੁੱਕੇਬਾਜੀ ਦੀ ਤਰੱਕੀ ਲਈ ਸਾਡੇ ਇੱਥੇ ਬਹੁਤ ਚੰਗੀਆਂ ਸਹੂਲਤਾਂ ਹਨ, ਪਰ ਜਿਹੋ-ਜਿਹਾ ਵੀ ਢਾਂਚਾ ਹੈ, ਉਸੇ ਵਿਚ ਹੀ ਚੰਗੇ ਖਿਡਾਰੀ ਅੱਗੇ ਆ ਰਹੇ ਹਨ ਅਤੇ ਢਾਂਚੇ ਵਿਚ ਵੀ ਸੁਧਾਰ ਆ ਰਿਹਾ ਹੈ। ਚੰਗੇ ਪ੍ਰਦਰਸ਼ਨ ਕਰਕੇ ਦੇਸ਼ ਵਿਚ ਇਸ ਖੇਡ ਪ੍ਰਤੀ ਜਨਤਾ ਦੀ ਪਿਆਰ ਭਾਵਨਾ ਵਧੀ ਹੈ ਅਤੇ ਇਹ ਖੇਡ ਹੁਣ ਜਨਤਾ ਦੀ ਨਜ਼ਰ ਵਿਚ ਆਈ ਹੈ। ਇਸ ਕਰਕੇ ਇਸ ਵਿਚ ਸਰਕਾਰੀ ਅਤੇ ਨਿੱਜੀ ਪੱਧਰ ਉੱਤੇ ਕੋਸ਼ਿਸ਼ਾਂ ਵੀ ਜ਼ਿਆਦਾ ਹੋਈਆਂ। ਦਿੱਲੀ ਦੇ ਤਾਲਕਟੋਰਾ ਮੈਦਾਨ ਵਿਚ ਇਨ੍ਹਾਂ ਖੇਡਾਂ ਦਾ ਅਰੰਭ ਕੋਈ ਆਦਰਸ਼ ਸਥਿਤੀਆਂ ਵਿਚ ਨਹੀਂ ਹੋਇਆ ਪਰ ਇਸ ਦੇ ਬਾਵਜੂਦ ਹਜ਼ਾਰਾਂ ਦੀ ਗਿਣਤੀ ਵਿਚ ਦਰਸ਼ਕ ਇਹ ਖੇਡ ਦੇਖਣ ਪਹੁੰਚੇ। ਜੇਕਰ ਚੰਗਾ ਪ੍ਰਚਾਰ ਹੋਵੇ, ਦਰਸ਼ਕਾਂ ਦੇ ਲਈ ਸਹੂਲਤਾਂ ਹੋਣ ਤਾਂ ਇਸ ਨੂੰ ਦਰਸ਼ਕਾਂ ਦਾ ਕਿੰਨਾ ਸਮਰਥਨ ਮਿਲੇਗਾ, ਇਸ ਦੀ ਕਲਪਨਾ ਕੀਤੀ ਜਾ ਸਕਦੀ ਹੈ। ਨਿੱਜੀ ਖੇਤਰ ਦੀ ਦਿਲਚਸਪੀ ਹੋਣ ਕਰਕੇ ਵੀ ਇਸ ਸਮਾਗਮ ਵਿਚ ਸਫਾਈ ਅਤੇ ਚੁਸਤੀ ਆਈ ਹੈ। ਅਸੀਂ ਉਮੀਦ ਕਰ ਸਕਦੇ ਹਾਂ ਕਿ ਭਾਰਤ ਵਿਚ ਮੁੱਕੇਬਾਜੀ ਦੀ ਸਥਿਤੀ ਬੇਹਤਰ ਹੋਵੇਗੀ। ਪਿਛਲੇ ਦਿਨੀਂ ਇਹ ਗੱਲ ਗਲਤ ਸਾਬਤ ਹੋਈ ਹੈ ਕਿ ਕ੍ਰਿਕਟ ਤੋਂ ਇਲਾਵਾ ਦੂਸਰੀਆਂ ਖੇਡਾਂ ਵਿਚ ਪੈਸਾ ਅਤੇ ਦਰਸ਼ਕਾਂ ਦੀ ਦਿਲਚਸਪੀ ਨਹੀਂ ਹੈ। ਚਾਹੇ ਹਾਕੀ ਦਾ ਵਰਲਡ ਕੱਪ ਹੋਵੇ ਜਾਂ ਮੁੱਕੇਬਾਜ਼ੀ ਚੈਪੀਅਨਸ਼ਿਪ, ਸਿੱਧ ਇਹੀ ਹੁੰਦਾ ਹੈ ਕਿ ਖੇਡਾਂ ਵਿਚ ਲੋਕਾਂ ਦਾ ਸਮਰਥਨ ਵੀ ਹੈ ਅਤੇ ਦਿਲਚਸਪੀ ਵੀ, ਸਿਰਫ਼ ਉਸਨੂੰ ਸਹੀ ਦਿਸ਼ਾ ਅਤੇ ਸਹੀ ਪ੍ਰਬੰਧ ਕਰਨ ਦੀ ਲੋੜ ਹੈ।

ਖੇਡ ਮੰਤਰੀ ਐਮ. ਐਸ. ਗਿੱਲ ਨੇ ਇਕ ਇੰਟਰਵਿਊ ਵਿਚ ਦੱਸਿਆ ਹੈ ਕਿ ਹੁਣ ਵੀ ਵਿਸ਼ਵ ਹਾਕੀ ਦਾ ਅੱਧਾ ਪੈਸਾ ਭਾਰਤ ਤੋਂ ਆਉਂਦਾ ਹੈ। ਜੇਕਰ ਭਾਰਤ ਵਿਚ ਹਾਕੀ ਪ੍ਰਸ਼ਾਸਨ ਠੀਕ ਹੋ ਜਾਵੇ, ਮੰਤਰੀਆਂ ਅਤੇ ਅਫਸਰਾਂ ਦੀ ਫੁੱਟ ਖ਼ਤਮ ਹੋ ਜਾਵੇ ਤਾਂ ਇਹ ਪੈਸਾ ਕਈ ਗੁਣਾ ਹੋ ਸਕਦਾ ਹੈ। ਅੰਤਰਰਾਸ਼ਟਰੀ ਮੁੱਕੇਬਾਜ਼ੀ ਫੈਡਰੇਸ਼ਨ ਨੇ ਜਿਹੜੀ ਪੇਸ਼ੇਵਰ ਲੀਗ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ, ਉਸਦੇ ਕੇਂਦਰ ਵਿਚ ਵੀ ਭਾਰਤ ਹੈ। ਅਸੀਂ ਇਹ ਸੋਚ ਸਕਦੇ ਹਾਂ ਕਿ ਜਦੋਂ ਇਹ ਪੇਸ਼ੇਵਰ ਲੀਗ ਲੋਕਾਂ ਦੀ ਹਰਮਨ ਪਿਆਰੀ ਹੋਵੇਗੀ ਅਤੇ ਮੁੱਕੇਬਾਜ਼ੀ ਨੂੰ ਕ੍ਰਿਕਟਰਾਂ ਦੇ ਵਾਂਗੂ ਲੱਖਾਂ ਜਾਂ ਕਰੋੜਾਂ ਰੁਪਇਆਂ ਦੇ ਇਨਾਮ ਮਿਲਿਆ ਕਰਨਗੇ ਤਾਂ ਕਿੰਨੇ ਹੀ ਨੌਜਵਾਨ ਇਸ ਖੇਡ ਪ੍ਰਤੀ ਪ੍ਰੇਰਿਤ ਹੋ ਕੇ ਇਸ ਖੇਡ ਵੱਲ ਵਧਣਗੇ।

ਸਾਨੂੰ ਚਾਹੀਦਾ ਹੈ ਕਿ ਜਿਹੜਾ ਉਤਸ਼ਾਹ ਅਤੇ ਸਮਰਥਨ ਭਾਰਤੀ ਜਨਤਾ ਤੋਂ ਇਹਨਾਂ ਖੇਡਾਂ ਨੂੰ ਮਿਲ ਰਿਹਾ ਹੈ, ਉਸਦੀ ਰਚਨਾਤਮਕ ਵਰਤੋਂ ਕਰੀਏ। ਭਾਰਤ ਵਿਚ ਕਈ ਖੇਡਾਂ ਦੀ ਇੰਨੀ ਲੋਕ ਪਿਆਰਤਾ ਤਾਂ ਹੈ ਹੀ ਕਿ ਉਦਯੋਗਿਕ ਘਰਾਣੇ ਸਿਰਫ਼ ਸਹਾਇਤਾ ਕਰਕੇਨਹੀਂ, ਸ਼ੁੱਧ ਵਪਾਰਕ ਵਜ੍ਹਾ ਨਾਲ ਇਹਨਾਂ ਤੇ ਪੈਸਾ ਲਾਉਣਪਰ ਸਭ ਤੋਂ ਵੱਡੀ ਤਾਕਤ ਜਨਤਾ ਦੀ ਦਿਲਚਸਪੀ ਹੈ। ਅੱਜ ਕ੍ਰਿਕੇਟ ਦਾ ਪ੍ਰਸ਼ਾਸਨ ਦੂਸਰੀਆਂ ਖੇਡਾਂ ਤੋਂ ਬੇਹਤਰ ਇਸ ਕਰਕੇ ਹੈ ਕਿ ਜਨਤਾ ਦੀ ਇਸ ਖੇਡ ਵਿਚ ਦਿਲਚਸਪੀ ਹੈ ਅਤੇ ਇਸ ਦੀ ਵਜ੍ਹਾ ਨਾਲ ਕੁਝ ਜਵਾਬਦੇਹੀ ਖੇਡ ਪ੍ਰਸ਼ਾਸਕਾਂ ਦੀ ਬਣ ਜਾਂਦੀ ਹੈ। ਮੁੱਕੇਬਾਜ਼ੀ ਵਿਚ ਦਿਲਚਸਪੀ ਪਿਛਲੇ ਉਲੰਪਿਕ ਵਿਚ ਭਾਰਤ ਦੇ ਚੰਗੇ ਪ੍ਰਦਰਸ਼ਨ ਤੋਂ ਸ਼ੁਰੂ ਹੋਈ। ਇਸ ਤੋਂ ਬਾਅਦ ਏਸ਼ੀਅਨ ਚੈਂਪੀਅਨਸ਼ਿਪ, ਵਿਸ਼ਵ ਚੈਂਪੀਅਨਸ਼ਿਪ ਅਤੇ ਹੁਣ ਕਾਮਨਵੈਲਥ ਵਿਚ ਚੰਗੇ ਪ੍ਰਦਰਸ਼ਨ ਨੇ ਮੁੱਕੇਬਾਜ਼ੀ ਅਤੇ ਭਾਰਤੀ ਦਰਸ਼ਕਾਂ ਦੇ ਵਿਚ ਸੰਬੰਧਾਂ ਨੂੰ ਮਜ਼ਬੂਤ ਕੀਤਾ ਹੈ ਅਤੇ ਇਸ ਦੇ ਚੰਗੇ ਨਤੀਜੇ ਨਿਕਲਣਗੇ।

**ਟਿੱਪਣੀਕਾਰ**




# ਐਡਮਿੰਟਨ 'ਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ ਮਨਾਇਆ

**ਐਡਮਿੰਟਨ** -ਪ੍ਰੋਗਰੈਸਿਵ ਪੀਪਲਜ਼ ਫਾਂਉਡੇਸ਼ਨ ਆਫ ਐਡਮਿੰਟਨ ਵੱਲੋਂ ਤਿੰਨ ਅਪਰੈਲ ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਨ ਸੈਮੀਨਾਰ ਅਤੇ ਕਵੀ ਦਰਵਾਰ ਕਰਵਾ ਕੇ ਮਨਾਇਆ ਗਿਆ। ਵੱਡੀ ਗਿਣਤੀ 'ਚ ਪੁੱਜੇ ਬਜ਼ੁਰਗਾਂ, ਨੌਜਵਾਨਾਂ ਤੇ ਬੱਚਿਆਂ ਨੂੰ ਦਲਬੀਰ ਸਾਂਗਿਆਣ ਨੇ ਸੈਮੀਨਾਰ ਦੇ ਵਿਸ਼ੇ ਦੀ ਰੂਪ ਰੇਖਾ ਬਾਰੇ ਦਸਿਆ। ਉਹਨਾਂ ਸਵਾਲ ਕੀਤਾ ਕਿ ਕੀ ਕਾਰਣ ਹੈ ਅੱਜ ਦੇ ਯੁੱਗ ਵਿਚ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਕੌਮਾਂਤਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਯਾਦ ਕੀਤਾ ਜਾ ਰਿਹਾ ਹੈ। ਕੀ ਇਹ ਸਮੇਂ ਦੀ ਲੋੜ ਹੈ ਜਾਂ ਫਿਰ ਸ਼ਹੀਦਾਂ ਦੇ ਦਿਨ ਮਨਾਉਣ ਦੀ ਸਿਰਫ ਇਕ ਕਾਰਵਾਈ ਮਾਤਰ ਹੀ ਹੈ। ਉਹਨਾਂ ਕਿਹਾ ਕਿ ਭਗਤ ਸਿੰਘ ਤੇ ਉਨਾਂ ਦੇ ਸਾਥੀਆਂ ਵੱਲੋਂ ਦਿੱਤੀ ਸ਼ਹੀਦੀ ਉਸ ਸਮੇਂ ਕੋਈ ਮਹਿਜ਼ ਕਿਸੇ ਛੋਟੇ ਜਿਹੇ ਮਕਸਦ ਲਈ ਨਹੀਂ ਸੀ। ਉਹ ਉਸ ਸਮੇਂ ਹਿੰਦੋਸਤਾਨ ਨੂੰ ਅੰਗਰੇਜ਼ ਸਾਮਰਾਜ ਤੋਂ ਅਜ਼ਾਦ ਕਰਵਾਉਣਾ ਚਾਹੁੰਦੇ ਸਨ। ਪਰ ਇਸ ਦੇ ਨਾਲ ਹੀ ਉਹ ਹਿੰਦੋਸਤਾਨ ਵਿਚ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਬਰਾਬਰਤਾ 'ਤੇ ਆਧਾਰਿਤ ਲੁਟ-ਖਸੁੱਟ ਰਹਿਤ ਧਰਮ-ਨਿਰਪੱਖ ਸਮਾਜ ਸਿਰਜਣਾ ਚਾਹੁੰਦੇ ਸਨ। ਉਹਨਾਂ ਕਿਹਾ ਕਿ ਇਹ ਹਿੰਦੋਸਤਾਨ ਦੀ ਬਦਕਿਸਮਤੀ ਹੈ ਕਿ ਹੁਣ ਤਕ ਸੰਪੂਰਨ ਅਜ਼ਾਦੀ ਨਹੀਂ ਆਈ ਜਿਹੜੀ ਕਿ ਨੌਜਵਾਨ ਸੰਗਰਾਮੀਆਂ ਦੀ ਸੋਚ ਸੀ। ਅੱਜ ਦਾ ਭਾਰਤ ਉਸ ਆਦਰਸ਼ ਤੋਂ ਕਿੰਨਾ ਲਾਂਭੇ ਹੋ ਗਿਆ ਹੈ ਉਸ ਦਾ ਅੰਦਾਜ਼ਾ ਧਰਮ ਦੇ ਨਾਂ 'ਤੇ ਹੋਏ ਗੁਜ਼ਰਾਤ ਤੇ ਦਿੱਲੀ ਵਿਚ ਦੰਗੇ, ਵੱਖਵਾਦ ਦੇ ਨਾਹਰੇ ਹੇਠ ਸਮਾਜ ਵਿਚ ਫੈਲਾਈ ਗਈ ਦਹਿਸ਼ਤ, ਆਦਿ ਵਾਸੀਆਂ ਤੋਂ ਧੱਕੇ ਨਾਲ ਖੋਹੀਆਂ ਜਾ ਰਹੀਆਂ ਝੌਂਪੜੀਆਂ ਤੇ ਅਮੀਰ ਗਰੀਬ ਦੇ ਪਾੜੇ ਤੋਂ ਲਾਇਆ ਜਾ ਸਕਦਾ ਹੈ। ਓਹਨਾਂ ਅਤਗੇ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਸਾਮਰਾਜ਼ੀ ਤਾਕਤਾਂ ਹਰ ਹੀਲਾ ਵਰਤਣ ਨੂੰ ਤਿਆਰ ਹਨ ਜਿਨ੍ਹਾਂ ਤਹਿਤ ਵਿਕਾਸਸ਼ੀਲ ਦੇਸ਼ਾਂ 'ਤੇ ਹਰ ਪਾਬੰਦੀ ਲਾਉਣ ਲਈ ਹਰ ਦਾਅ ਵਰਤਿਆ ਜਾ ਰਿਹਾ ਹੈ। ਧਾਰਮਕ ਕੱਟੜਵਾਦ ਨੂੰ ਸ਼ਹਿ ਦੇ ਕੇ ਮਾਰੂ ਸ਼ਕਤੀਆਂ ਇਨਸਾਨੀਅਤ ਨੂੰ ਵੰਡ ਰਹੀਆਂ ਹਨ। ਵਾਤਾਵਰਣ ਦਾ ਅੱਤਵਾਦ ਵੀ ਸਾਮਰਾਜੀ ਸ਼ਕਤੀਆਂ ਦੀ ਹੀ ਦੇਣ ਹੈ ਜਿਨਾਂ ਨੇ ਵਿਕਾਸ ਦੇ ਨਾਂ ਉੱਤੇ ਪੂੰਜੀ ਨੂੰ ਵੱਧ ਤੋਂ ਵੱਧ ਹਥਿਆਉਣ ਲਈ ਕੁਦਰਤੀ ਸਰੋਤਾਂ ਨੂੰ ਤਹਿਸ ਨਹਿਸ ਕੀਤਾ ਹੈ। ਇਨਾਂ ਸਾਰੀਆਂ ਗਲ-ਘੋਟੂ ਸਮੀਕਰਣਾਂ ਨੂੰ ਜੇਕਰ ਇੱਕਠਾ ਕਰੀਏ ਤਾਂ ਇਕ ਗੱਲ ਸਹਿਜੇ ਹੀ ਸਮਝ ਆਉਂਦੀ ਹੈ ਕਿ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਹੋ ਰਹੀ ਹੈ। ਉਹ ਲੁੱਟ ਕਰਨ ਵਾਲਿਆਂ ਦੀ ਜਮਾਤ ਇਕ ਹੈ। ਇਸੇ ਕਰਕੇ ਭਗਤ ਸਿੰਘ ਤੇ ਉਨਾਂ ਦੇ ਸਾਥੀਆਂ ਨੂੰ ਯਾਦ ਕਰਨ ਦੀ ਲੋੜ ਬਣ ਰਹੀ ਹੈ ਅਤੇ ਅਜੋਕੇ ਸਮੇਂ ਵਿਚ ਉਨਾਂ ਦੀ ਪ੍ਰਸੰਗਤਾ ਹੋਰ ਵੀ ਵਧ ਗਈ ਹੈ।

ਇਸ ਤੋਂ ਬਾਅਦ ਡਾਕਟਰ ਪੀ ਆਰ ਕਾਲੀਆ ਨੇ ਵਿਸ਼ੇ ਨੂੰ ਇਤਹਾਸਿਕ ਪਰਖੇਪ ਵਿਚ ਅੱਗੇ ਤੋਰਦਿਆਂ ਕਿਹਾ ਕਿ ਸਾਰੇ ਕ੍ਰਾਂਤੀਕਾਰੀਆਂ ਦਾ ਨਿਸ਼ਾਨਾ ਗੁਲਾਮੀ ਨੂੰ ਗਲੋਂ ਲਾਹੁਣਾ ਤੇ ਨਵੇਂ ਸਮਾਜ ਦੀ ਸਿਰਜਣਾ ਕਰਨਾ ਸੀ। ਭਗਤ ਸਿੰਘ ਨੇ ਆਪਣੀ ਰਾਜਨੀਤਿਕ ਸੂਝ-ਬੂਝ ਨਾਲ ਲੋਕਾਂ ਵਿਚ ਇਕ ਸਾਲ ਵਿਚ ਚੱਲੇ ਕੋਰਟ ਦੇ ਟਰਾਇਲ ਸਮੇਂ ਪ੍ਰੈਸ ਨੋਟ ਦੇ ਕੇ ਭਾਰਤੀ ਅਜ਼ਾਦੀ ਦੇ ਸੰਕਲਪ ਨੂੰ ਸੰਸਾਰ ਪੱਧਰ 'ਤੇ ਪ੍ਰਚਾਰਿਆ। ਭਗਤ ਸਿੰਘ ਦਾ ਹਰੇਕ ਬਿਆਨ ਸਾਮਰਾਜ਼ ਦੀ ਵਿਵਸਥਾ ਨੂੰ ਚੁਣੋਤੀ ਦਿੰਦਾ ਸੀ। ਭਗਤ ਸਿੰਘ ਨੇ ਆਪਣੇ ਜ਼ੇਲ ਸਮੇਂ ਸਾਹਿਤ ਤੇ ਸੰਸਾਰਿਕ ਪੱਧਰ 'ਤੇ ਆਈਆਂ ਕ੍ਰਾਂਤੀਆਂ ਦਾ ਵਧੇਰੇ ਅਧਿਅਨ ਕੀਤਾ। ਇਸੇ ਕਰਕੇ ਉਨਾਂ ਦੀ ਦਲੀਲ ਵਿਚ ਤਾਜ਼ਗੀ ਤੇ ਸਾਮਰਾਜ਼ ਨੂੰ ਝੁਠਲਿਆਉਣ ਲਈ ਬੇਹਤਰੀਨ ਤਰਕ ਸ਼ਾਮਲ ਸੀ।

ਨਰੇਸ਼ ਭਾਰਦਵਾਜ਼ (ਐਮ ਐਲ ਏ) ਨੇ ਕਿਹਾ ਕਿ ਦੇਸ਼ ਭਗਤਾਂ ਦਾ ਜੀਵਨ ਆਦਰਸ਼ਮਈ ਹੁੰਦਾ ਹੈ ਸਾਨੂੰ ਉਨਾਂ ਦੇ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ। ਨਿੱਜੀ ਉਦਾਹਰਣ ਦੇ ਕੇ ਉਨਾਂ ਦੱਸਿਆ ਕਿ ਉਨਾਂ ਦੇ ਬਾਬਾ ਜੀ ਵੀ ਬੱਬਰ ਲਹਿਰ ਨਾਲ ਸਬੰਧ ਰੱਖਦੇ ਸਨ। ਅਮਰਜੀਤ ਸੋਹੀ ਨੇ ਕਿਹਾ ਕਿ ਸਾਨੂੰ ਭਗਤ ਸਿੰਘ ਦੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਕਨੇਡਾ ਦੀਆਂ ਰਾਜਨੀਤਿਕ, ਸਮਾਜਕ ਸਮੱਸਿਆਵਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਇਹਨਾਂ ਦੇ ਹੱਲ ਲਈ ਚਲ ਰਹੇ ਸੰਘਰਸ਼ਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਯੂਨੀਵਰਸਿਟੀ ਆਫ ਅਲਬਰਟਾ ਦੇ ਵਿਦਿਆਰਥੀ ਹਸਮਨ ਧਾਲੀਵਾਲ ਨੇ ਕਿਹਾ ਕਿ ਭਗਤ ਸਿੰਘ ਅਪਣੇ ਸਿਧਾਂਤ ਅਤੇ ਕੁਰਬਾਨੀ ਕਰਕੇ ਅੱਜ ਦੀ ਨੌਜਵਾਨ ਪੀੜ੍ਹੀ ਦੇ ਦਿਲ ਦੀ ਧੜਕਣ ਅਤੇ ਪ੍ਰੇਰਣਾ ਸਰੋਤ ਹਨ। ਇਸ ਨੌਜਵਾਨ ਤੋਂ ਇਲਾਵਾ ਛੋਟੇ ਬੱਚੇ ਨਵਦੀਪ ਤੇ ਕਰੀਨਾ ਗਿੱਲ ਨੇ ਭਗਤ ਸਿੰਘ 'ਤੇ ਲਿਖੀਆਂ ਕੁਝ ਲਾਈਨਾਂ ਪੇਸ਼ ਕੀਤੀਆਂ ਜਿਹੜੀਆ ਕਿ ਕਾਫੀ ਪਸੰਦ ਕੀਤੀਆਂ ਗਈਆਂ। ਬਖਸ਼ ਸੰਘਾ ਨੇ ਕਿਹਾ ਕਿ ਮਲਟੀਨੈਸ਼ਨਲ ਕੰਪਨੀਆਂ ਤੇ ਸਰਮਾਏਦਾਰ ਸਰਕਾਰਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੀਆਂ ਹਨ। ਕਿਰਤ ਦੀ ਲੁੱਟ ਜਾਰੀ ਹੈ। ਇਹ ਤਾਂ ਹੀ ਖਤਮ ਹੋ ਸਕਦੀ ਹੈ ਜੇਕਰ ਲੋਕ ਸੰਘਰਸ਼ ਦੇ ਰਾਹ ਪੈਣ ਅਤੇ ਆਪਣੇ ਅਧਿਕਾਰਾਂ ਦੀ ਰੱਖਿਆ ਕਰਣ। ਇਨਾਂ ਤੋਂ ਇਲਾਵਾ ਹਰਚਰਨ ਗਰੇਵਾਲ, ਸੰਤੋਖ ਸਿੰਘ ਸੰਧੂ, ਪੀ. ਡੀ. ਸ਼ਰਮਾ, ਹਰਮਿੰਦਰ ਸਿੰਘ ਹਰਜ਼ੀ ਨੇ ਆਪਣੀ ਹਾਜ਼ਰੀ ਲਵਾਈ। ਸੈਮੀਨਾਰ ਵਿਚ ਸ਼ਾਮਲ ਲੋਕਾਂ ਦਾ ਧੰਨਵਾਦ ਕਰਦਿਆਂ ਗੁਰਸੇਵਕ ਮਾਨ ਕਿਹਾ ਕਿ ਸੰਸਾਰ ਦੇ ਸਾਰੇ ਕ੍ਰਾਂਤੀਕਾਰੀਆਂ ਦਾ ਨਿਸ਼ਾਨਾ ਇਕੋ ਹੀ ਰਿਹਾ ਹੈ ਕਿ ਲੋਕਾਂ ਦੀ ਲੁੱਟ ਨੂੰ ਰੋਕਿਆ ਜਾਏ ਤੇ ਸਮਾਜ ਵਿਚ ਬਰਾਬਰਤਾ ਲਿਆਂਦੀ ਜਾ ਸਕੇ। ਮਨੁੱਖਤਾ ਲਈ ਇਹ ਲਗਾਤਾਰ ਚੱਲਣ ਵਾਲਾ ਸੰਘਰਸ਼ ਹੈ ਕਿ ਮਾੜੀਆਂ ਤਾਕਤਾਂ ਨਾਲ ਜੂਝਦੇ ਰਹਿਣਾ ਹੀ ਮਨੁੱਖ ਦੀ ਬੇਹਤਰੀ ਕਾਇਮ ਰੱਖ ਸਕਦਾ ਹੈ, ਨਹੀਂ ਤਾਂ ਮਾੜੀਆਂ ਸ਼ਕਤੀਆਂ ਸਮਾਜ ਤੇ ਕਾਬਜ਼ ਹੋ ਕੇ ਆਪਣੇ ਪੈਰ ਪਸਾਰ ਲੈਦੀਂਆਂ ਹਨ। ਇਸ ਕਰਕੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸੰਕਲਪ ਅੱਜ ਵੀ ਓਨਾ ਹੀ ਸਾਰਥਕ ਹੈ ਜਿੰਨਾਂ ਕਿ ਪਹਿਲਾਂ ਸੀ। ਗੁਰਸੇਵਕ ਮਾਨ ਨੇ ਸਾਰੇ ਮੀਡੀਏ ਦਾ ਧੰਨਵਾਦ ਕੀਤਾ ਜਿਹੜੇ ਇਸ ਸੈਮੀਨਾਰ ਵਿਚ ਸ਼ਾਮਲ ਹੋਏ ਸਨ। ਸਮਾਗਮ ਦੇ ਦੂਜੇ ਸ਼ੈਸ਼ਨ ਵਿਚ ਦੇਸ਼ ਭਗਤੀ ਤੇ ਸਮਾਜ ਕਲਿਆਣ ਦੀਆਂ ਕਵਿਤਾਵਾਂ ਦਾ ਦੌਰ ਸ਼ੁਰੂ ਹੋਇਆ। ਲਾਡੀ ਸੂਸ, ਸ਼ਾਨੇ ਪੰਜਾਬ ਦੇ ਸੰਪਾਦਕ ਅਮਰਜੀਤ ਪੁਰੇਵਾਲ, ਜੋਗਿੰਦਰ ਰੰਧਾਵਾ, ਜਸਵੀਰ ਸੰਘਾ, ਜਰਨੈਲ ਕੌਰ ਧਾਲੀਵਾਲ, ਪਵਿੱਤਰ ਧਾਲੀਵਾਲ, ਏਸ਼ੀਅਨ ਟਾਈਮਜ਼ ਦੇ ਸੰਪਾਦਕ ਪੀ ਆਰ ਕਾਲੀਆ, ਦਲਬੀਰ ਸਾਗਿਆਣ, ਹਰਮਿੰਦਰ ਸਿੰਘ ਹਰਜੀ ਨੇ ਕਵਿਤਾਵਾਂ ਸੁਣਾਈਆਂ। ਕੈਲਗਿਰੀ ਤੋਂ ਤ੍ਰਿਲੋਚਨ ਦੂਹੜਾ ਤੇ ਉਨ੍ਹਾਂ ਦੀ ਜੀਵਨ ਸਾਥਣ ਨੇ ਉਚੇਚੇ ਤੌਰ ਤੇ ਸਮਾਗਮ ਵਿਚ ਸ਼ਿਰਕਤ ਕੀਤੀ। ਸੈਮੀਨਾਰ ਦੀ ਪ੍ਰਧਾਨਗੀ ਚਾਰ ਸੰਸਥਾਵਾਂ (ਪੰਜਾਬੀ ਕਲਚਰਲ ਐਸੋਸ਼ੀਏਸ਼ਨ, ਮੇਪਲ ਲੀਫ ਰਾਈਟਰਜ਼ ਫਾਂਉਡੇਸ਼ਨ, ਪੰਜਾਬੀ ਆਰਟ ਐਸੋਸ਼ੀਏਸ਼ਨ, ਸੈਕੂਲਰ ਪੀਪਲਜ਼ ਐਸੋਸ਼ੀਏਸ਼ਨ) ਦੇ ਪ੍ਰਤੀਨਿੱਧਾਂ ਗੁਰਚਰਨ ਬਰਾੜ, ਡਾਕਟਰ ਪੀ. ਆਰ. ਕਾਲੀਆ, ਬਖਸ਼ ਸੰਘਾ ਅਤੇ ਜਗਦੇਵ ਸੋਹੀ 'ਤੇ ਅਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ।

ਹਰਚੰਦ ਸਿੰਘ ਗਰੇਵਾਲ ਨੇ ਕਿਹਾ ਕਿ ਦੇਸ਼ ਭਗਤਾਂ ਨੂੰ ਯਾਦ ਕਰ ਕੇ ਕਨੇਡਾ ਵਿਚਲੀਆਂ ਸਮੱਸਆਵਾਂ ਸੁਲਝਾਉਣ ਲਈ ਸਾਨੂੰ ਯਤਨਸ਼ੀਲ ਹੋਣਾ ਚਾਹੀਦਾ ਹੈ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ 23 ਮਾਰਚ ਦੇ ਸਹੀਦਾਂ ਨੂੰ ਸ਼ਰਧਾਂਜਲੀ

ਕੈਲਗਰੀ (ਹਰਬੰਸ ਬੁੱਟਰ) ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਾਰਚ ਮਹੀਨੇ ਦੀ ਮੀਟਿੰਗ ਕੋਸੋ ਦੇ ਹਾਲ ਵਿੱਚ ਹੋਈ।ਸਟੇਜ ਸਕੱਤਰ ਹਰਬੰਸ ਬੁੱਟਰ ਨੇ ਕਾਰਵਾਈ ਸੁਰੂ ਕਰਦਿਆਂ 23 ਮਾਰਚ ਦੇ *ਸਹੀਦਾਂ* ਨੂੰ ਯਾਦ ਕਰਦਿਆਂ ਸਮੁੱਚੀ ਸਭਾ ਵੱਲੋਂ ਸਰਧਾਜਲੀ ਭੇਟ ਕੀਤੀ। ਫਿਲਮ ਪ੍ਰੋਡਿਉਸਰ ਪਰਮਜੀਤ ਸੰਦਲ ਨੇ ਆਪਣੀ ਆਉਣ ਵਾਲੀ ਫਿਲਮ "ਦਿਲ ਦਰਿਆ ਸਮੁੰਦਰੋਂ ਡੂੰਘੇ" ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰਦੀਪ ਕੰਗ ਨੇ ਆਪਣੀ ਕਵਿਤਾ ਸੁਣਾਈ। "ਹੋ ਗਿਆ ਅਜਾਦ ਹੈ ਮੁਲਕ ਸਾਡਾ ਪਰ ਲੋਕ ਨਹੀਂ ਅਜੇ ਅਜਾਦ ਹੋਏ" ਗੋਰਾ ਰਕਵੇ ਵਾਲਾ ਨੇ ਇਸ ਗੀਤ ਰਾਹੀਂ ਸਹੀਦ ਭਗਤ ਸਿੰਘ ਹੋਰਾਂ ਨੂੰ ਸਰਧਾਜਲੀ ਭੇਟ ਕੀਤੀ। ਮਹਿੰਦਰਪਾਲ ਸਿੰਘ ਪਾਲ ਨੇ "ਆਓ ਅੱਗੇ ਚੱਲੀਏ" ਕਵਿਤਾ ਪੜੀ।

ਮੈਡੀਸਨਹੈਟ ਤੋਂ ਆਏ ਚਰਚਿਤ ਕਹਾਣੀਕਾਰ ਜ਼ੋਰਾਵਰ ਸਿੰਘ ਬਾਂਸਲ ਨੇ ਵੀ ਆਪਣੇ ਵਿਚਾਰ ਰੱਖੇ। ਸਿਵ ਬਟਾਲਵੀ ਦੀ ਰਚਨਾ "ਸਹੀਦ ਦੀ ਮੌਤ" ਰਣਜੀਤ ਲਾਡੀ ਗੋਬਿੰਦਪੁਰੀ ਨੇ ਸੁਣਾਈ। ਹਰਮਿੰਦਰ ਕੌਰ ਢਿਲੋਂ ਨੇ ਗਾਇਆ ਕਿ "ਪੀਣਾ ਪੈਂਦਾ ਕੁਰਬਾਨੀ ਦਾ ਜਾਮ ਸ਼ਹੀਦਾਂ ਨੂੰ"। ਵੋਟਾਂ ਦੌਰਾਨ ਵਰਤੇ ਜਾਂਦੇ ਕੋਝੇ ਹੱਥ ਕੰਡਿਆਂ ਨੂੰ ਬਲਜਿੰਦਰ ਸੰਘਾ ਨੇ ਆਪਣੀ ਕਵਿਤਾ ਰਾਹੀ ਪੇਸ਼ ਕੀਤਾ। ਅਮਨਦੀਪ ਪਰਹਾਰ, ਕੁਲਦੀਪ ਕੋਰ, ਖੁਸਵੰਤ ਚਹਿਲ, ਗੁਰਚਰਨ ਕੌਰ ਥਿੰਦ, ਮਨਜੋਤ ਗਿੱਲ, ਗੁਰਚਰਨ ਕੌਰ ਥਿੰਦ ਨੇ ਵੀ ਆਪੋ ਆਪਣੇ ਢੰਗ ਨਾਲ ਹਾਜ਼ਰੀ ਲਵਾਈ। ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ ਜਨਾਗਲ ਨੇ ਆਪਣੇ ਚਿੱਤਰਾਂ ਦੀ ਪ੍ਰਦਰਸਨੀ ਲਾਈ। ਪ੍ਰੋ ਮਨਜੀਤ ਸਿੱਧੂ ਨੇ ਸਹੀਦ ਭਗਤ ਸਿੰਘ ਨੂੰ ਸਰਧਾਜਲੀ ਭੇਟ ਕੀਤੀ। ਤ੍ਰਿਲੋਚਨ ਸੈਂਭੀ, ਹਰਭਜਨ ਢਿਲੋਂ, ਜਰਨੈਲ ਤੱਗੜ, ਡਾ: ਮਹਿੰਦਰ ਸਿੰਘ, ਭਜਨ ਸਿੰਘ ਗਿੱਲ ਵੀ ਸਹੀਦ ਭਗਤ ਸਿੰਘ ਨੂੰ ਸਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਸਾਮਿਲ ਰਹੇ। ਭਗਤ ਸਿੰਘ ਆਪਣੀ ਵਿਚਾਰਧਾਰਾ ਕਾਰਨ ਹੀਰੋ ਬਣਿਆ ਇਹ ਗੱਲ ਇਕਬਾਲ ਖਾਨ ਨੇ ਕਹੀ ਅਤੇ ਨਾਲ ਅਵਤਾਰ ਪਾਸ਼ ਨੂੰ ਵੀ ਯਾਦ ਕੀਤਾ।

# ਸਰੀ ਵਿਚ ਭਗਤ ਸਿੰਘ ਤੇ ਸਾਥੀਆਂ ਨੂੰ ਸਮਰਪਿਤ ਦੌੜ ਦਾ ਆਯੋਜਨ

**ਸਰੀ-ਨ ਦ ਬਿਊਰੋ :** ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ ਵਿਚ 28 ਮਾਰਚ ਨੂੰ ਬੀਅਰ ਕਰੀਕ ਪਾਰਕ ਸਰੀ ਵਿਖੇ ਦੌੜ ਦਾ ਪ੍ਰਬੰਧ ਕੀਤਾ ਗਿਆ। ਇਹ ਦੌੜ ਸ਼ਹੀਦ ਭਗਤ ਸਿੰਘ ਮੈਮੋਰੀਅਲ ਫਾਉਂਡੇਸ਼ਨ ਤੇ ਹੋਰਨਾਂ ਖੇਡ ਕਲੱਬਾਂ ਵੱਲੋਂ ਆਯੋਜਿਤ ਕੀਤੀ ਗਈ ਪਰ ਦੁਸਾਂਝ ਭਰਾਵਾਂ ਵੱਲੋਂ ਸੰਚਾਲਤ ਯੂਨੀਵਰਸਲ ਅਥਲੈਟਿਸ ਕਲੱਬ ਦਾ ਯੋਗਦਾਨ ਇਸ ਵਿਚ ਅਹਿਮ ਰਿਹਾ। ਇਸ ਦੌੜ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ ਅਤੇ ਇਸ ਤੋਂ 7000.00 ਡਾਲਰ ਹੈਤੀ ਤਬਾਹੀ ਦੇ ਪੀੜਤਾਂ ਲਈ ਇਕੱਤਰ ਹੋਏ। ਇਸ ਦੌੜ ਦਾ ਮਕਸਦ ਭਾਈਚਾਰੇ ਨੂੰ ਭਗਤ ਸਿੰਘ ਦੀ ਵਿਚਾਰਧਾਰਾਵ ਬਾਰੇ ਸਿੱਖਿਅਤ ਕਰਨਾ, ਉਨ੍ਹਾਂ ਨੂੰ ਇਕ ਮੰਚ 'ਤੇ ਇਕੱਤਰ ਕਰਨਾ ਅਤੇ ਆਪਣੇ ਨੌਜਵਾਨਾਂ ਵਿਚ ਖੇਡਾਂ ਪ੍ਰਤੀ ਰੁਚੀ ਵਧਾਉਣਾ ਸੀ। ਇਸ ਮਕਸਦ ਵਿਚ ਬੇਹੱਦ ਕਾਮਯਾਬੀ ਵੀ ਮਿਲੀ ਕਿਉਂਕਿ ਇਸ ਵਿਚ ਕਾਲੇ, ਗੋਰੇ, ਵੱਖ ਵੱਖ ਧਰਮਾਂ ਦੇ ਲੋਕਾਂ ਨੇ ਸ਼ਿਰਕਤ ਕੀਤੀ। ਇਸ ਵਿਚ 50 ਫੀਸਦੀ ਤੋਂ ਵੱਧ ਨੌਜਵਾਨ ਅਥਲੀਟ ਸਨ।

ਇਸ ਮੌਕੇ 'ਤੇ ਬੋਲਦਿਆਂ ਯੂਨੀਵਰਸਲ ਅਥਲੈਟਿਸ ਕਲੱਬ ਦੇ ਪ੍ਰਮੁੱਖ ਕੋਚ ਜਸਵੀਰ ਸਿੰਘ ਦੁਸਾਂਝ ਨੇ ਕਿਹਾ ਕਿ ਇਥੇ ਪੰਜਾਬੀ ਭਾਈਚਾਰੇ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨੌਜਵਾਨਾਂ ਤੇ ਔਰਤਾਂ ਖਿਲਾਫ ਵੱਧ ਰਹੀ ਹਿੰਸਾ ਅਤੇ ਨਸ਼ਿਆਂ ਖਿਲਾਫ ਸਾਡੇ ਕਲੱਬ ਵੱਲੋਂ ਅਹਿਮ ਕਦਮ ਚੁੱਕੇ ਜਾ ਰਹੇ ਹਨ ਅਤੇ ਇਸ 'ਚ ਮਦਦ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤੇ ਆਪਣੇ ਭਾਈਚਾਰੇ ਦੀ ਅਗਵਾਈ ਕਰਨੀ ਚਾਹੀਦੀ ਹੈ। ਸਾਡੀ ਨੌਜਵਾਨ ਪੀੜ੍ਹੀ ਨੂੰ ਭਗਤ ਸਿੰਘ ਦੇ ਜੀਵਨ ਤੇ ਵਿਚਾਰਧਾਰਾ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ ਤਾਂ ਹੀ ਅਸੀਂ ਉੱਜਲ ਭਵਿੱਖ ਦੀ ਪ੍ਰਾਪਤੀ ਕਰ ਸਕਦੇ ਹਾਂ। ਉਹਨਾਂ ਇਸ ਮਕਸਦ ਵਿਚ ਸ਼ਾਮਲ ਹੋਣ ਵਾਲੇ ਸਾਰੇ ਵਰਗਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਅਸੀਂ ਇਹ ਵੀ ਉਮੀਦ ਕਰਦੇ ਹਾਂ ਕਿ ਇਹ ਇਵੈਂਟ ਪੂਰੇ ਸੰਸਾਰ ਵਿਚ ਅਰੰਭਿਆ ਜਾਵੇਗਾ। ਮਰਦਾਂ ਵਿਚੋਂ ਗੁਰਜੀਤ ਰਾਜਪੂਤ ਨੇ 18.01 ਸੈਕਿੰਟ ਵਿਚ ਇਹ ਦੌੜ ਜਿੱਤੀ ਤੇ ਔਰਤਾਂ ਵਿਚੋਂ ਲਿਲੀ ਮਾਹਲ ਨੇ 21.14 ਸੈਕਿੰਟ ਵਿਚ ਜਿੱਤ ਦਰਜ ਕਰਵਾਈ। ਲੜਕਿਆਂ ਵਿਚੋਂ ਨਵ ਗਿੱਲ ਤੇ ਕੁੜੀਆਂ ਵਿਚੋਂ ਜਸਨੀਤ ਗਿੱਲ ਮੋਹਰੀ ਰਹੇ। ਇਨਾਮਾਂ ਦੀ ਵੰਡ ਉਲੰਪੀਅਨ ਐਮੀਕਾ ਓਸੀਜਾ ਵੱਲੋਂ ਕੀਤੀ ਗਈ।

## ਹੈਤੀ ਦੇ ਭੂਚਾਲ ਪੀੜਤਾਂ ਦੀ ਮਦਦ ਲਈ ਮੇਲਾ 11 ਅਪ੍ਰੈਲ ਨੂੰ

ਐਡਮਿੰਟਨ: ਇਸ ਵਾਰ ਵਿਸਾਖੀ ਮੇਲਾ 2010 ਐਡਮਿੰਟਨ ਸ਼ਹਿਰ ਸਥਿਤ ਬੌਨੀਡੂਨ ਸ਼ਾਪਿੰਗ ਸੈਂਟਰ ਦੀ ਪਾਰਕਿੰਗ 'ਚ 11 ਅਪ੍ਰੈਲ ਨੂੰ ਦੁਪਹਿਰ 1 ਵਜੇ ਤੋਂ 6 ਸ਼ਾਮ ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਮੇਲੇ ਦੇ ਪ੍ਰਬੰਧਕਾਂ ਅਨੁਸਾਰ ਇਹ ਮੇਲਾ ਹੈਤੀ ਦੇ ਭੁਚਾਲ ਪੀੜਤਾਂ ਦੀ ਮਦਦ ਲਈ ਇਕ 'ਫੰਡ ਰੇਜ਼ ਈਵੈਂਟ' ਹੋਵੇਗਾ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਪ੍ਰਬੰਧਕਾਂ ਦਾ ਸੰਪਰਕ ਫੋਨ 780-236-3636 ਹੈ।

## ਭਾਈ ਦਵਿੰਦਰ ਸਿੰਘ ਸੋਢੀ ਦਾ ਕੀਰਤਨ 25 ਅਪ੍ਰੈਲ ਤੋਂ

ਐਡਮਿੰਟਨ: ਖਾਲਸੇ ਦੇ ਸਾਜਨਾ ਦਿਵਸ ਮੌਕੇ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲਿਆਂ ਦਾ ਜੱਥਾ ਗੁਰਦਵਾਰਾ ਮਿਲਵੁਡਜ਼ ਵਿਖੇ ਐਤਵਾਰ 25 ਅਪਰੈਲ ਤੋਂ ਐਤਵਾਰ 9 ਮਈ ਤੱਕ ਕੀਰਤਨ ਦੁਆਰਾ ਨਿਹਾਲ ਕਰੇਗਾ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਨਿਰਮਲ ਸਿੰਘ ਭੂਈ ਨਾਲ 780-990-9152, ਪ੍ਰਧਾਨ ਸ: ਸੁਰਿੰਦਰ ਸਿੰਘ ਹੂੰਜਣ ਨਾਲ 780-777-3653 ਜਾਂ ਗਿਆਨੀ ਹਰਦਿਆਲ ਸਿੰਘ ਨਾਲ 780-450-3844 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਿਸਾਖੀ ਪ੍ਰੋਗਰਾਮ 7 ਮਈ ਨੂੰ

ਐਡਮਿੰਟਨ: ਐਡਮਿੰਟਨ ਖਾਲਸਾ ਸਕੂਲ ਦੇ ਪ੍ਰਬੰਧਕਾਂ ਵਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵਾਰ ਵਿਸਾਖੀ ਦਾ ਪ੍ਰੋਗਰਾਮ 7 ਮਈ, ਸ਼ੁਕਰਵਾਰ ਸ਼ਾਮ ਦੇ ਠੀਕ 6:45 ਵਜੇ ਮਾਹਾਰਾਜਾ ਬੈਂਕੁਐਟ ਹਾਲ, 9257-34ਅ ਐਵਨਿਊ, ਐਡਮਿੰਟਨ ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਪ੍ਰਬੰਧਕਾਂ ਦਾ ਸੰਪਰਕ ਫੋਨ 780-450-8753 ਹੈ।

## ਪੰਜਾਬੀ ਨਾਟਕ "ਮੈਂ ਭਗਤ ਸਿੰਘ" ਐਡਮਿੰਟਨ 'ਚ ਜੁਲਾਈ 11 ਨੂੰ

**ਐਡਮਿੰਟਨ:** ਰੰਗਮੰਚ ਥੀਏਟਰ ਸੁਸਾਇਟੀ ਆਫ ਅਲਬਰਟਾ ਵਲੋਂ ਪਾਲੀ ਭੁਪਿੰਦਰ ਦਾ ਲਿਖਿਆ ਨਾਟਕ "ਮੈਂ ਭਗਤ ਸਿੰਘ" 11 ਜੁਲਾਈ ਨੂੰ ਸ਼ਾਮ 3 ਵਜੇ ਫੈਸਟੀਵਲ ਪਲੇਸ, ਸ਼ੇਰਵੁੱਡ ਪਾਰਕ (ਐਡਮਿੰਟਨ) 'ਚ ਜਗਜੀਤ ਹੇਅਰ ਦੀ ਨਿਰਦੇਸ਼ਨਾ ਹੇਠ ਖੇਡਿਆ ਜਾਵੇਗਾ । ਰੰਗਮੰਚ ਥੀਏਟਰ ਸੁਸਾਇਟੀ ਆਫ ਅਲਬਰਟਾ ਪਿਛਲੇ ਸਾਲਾਂ ਦੌਰਾਨ ਪੰਜਾਬੀ ਨਾਟਕ "ਮਿਰਚ ਮਸਾਲਾ" ਦਾ ਆਯੋਜਨ ਕਰ ਚੁੱਕੀ ਹੈ। ਨਾਟਕ ਸਬੰਧੀ ਹੋਰ ਜਾਣਕਾਰੀ ਜਗਜੀਤ ਹੇਅਰ ਫੋਨ 780-995-4623 ਜਾਂ ਭੁਪਿੰਦਰ ਗਿੱਲ ਫੋਨ 780-239-8600 ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਇੰਡੋ-ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਟਰਾਂਟੋ ਵਲੋਂ ਮਨਾਏ ਸ਼ਹੀਦੀ ਦਿਨ ਨੂੰ ਭਰਵਾਂ ਹੁੰਗਾਰਾ

ਬਰੈਪਟਨ-ਨ ਦ ਬਿਊਰੋ

ਇੰਡੋ-ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਹਰ ਸਾਲ ਦੀ ਤਰ੍ਹਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ 27 ਮਾਰਚ ਦਿਨ ਸ਼ਨਿਚਰਵਾਰ ਨੂੰ ਬਰੈਂਪਟਨ ਸਿਵਿਕ ਸੈਂਟਰ ਦੇ ਪੀਅਰਸਨ ਥੀਏਟਰ ਵਿਚ ਕਰਵਾਇਆ ਗਿਆ। ਐਸੋਸੀਏਸ਼ਨ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਸੂਚ ਵਲੋਂ ਲੋਕਾਂ ਨੂੰ ਇਸ ਸਮਾਗਮ ਵਿਚ ਜੀ ਆਇਆ ਆਖਿਆ ਗਿਆ।

ਪ੍ਰੋਗਰਾਮ ਦੇ ਸ਼ੁਰੂ ਵਿਚ ਕਵੀ ਲਛਮਣ ਸਿੰਘ ਗਾਖਲ, ਪ੍ਰੀਤਮ ਸਿੰਘ ਅਤੇ ਹੋਰ ਕਵੀਆਂ ਨੇ ਕਵਿਤਾਵਾਂ ਪੜ੍ਹੀਆਂ। ਲੱਗਪਗ 40 ਬੱਚਿਆਂ ਦੀ ਟੀਮ ਨੇ ਪੂਨਮ ਪੋਪਲੀ ਅਤੇ ਗੀਤਾ ਚੋਪੜਾ ਦੀ ਨਿਰਦੇਸ਼ਨਾ ਹੇਠ ਰੰਗ ਦੇ ਬਸੰਤੀ ਗੀਤ ਅਤੇ ਨਾਟਕ ਕੀਤਾ। ਛੋਟੇ ਬੱਚਿਆਂ ਦੀ ਪੇਸ਼ਕਾਰੀ ਬੇਹੱਦ ਸਲਾਹੁਣਯੋਗ ਸੀ। ਪਰਮਜੀਤ ਹੰਸ ਅਤੇ ਹੈਰੀ ਸੰਧੂ ਦੀ ਪਾਰਟੀ ਨੇ ਸ਼ਹੀਦੀ ਗੀਤ ਪੇਸ਼ ਕੀਤੇ।

ਸ਼ਹੀਦ ਭਗਤ ਸਿੰਘ ਦੇ ਪ੍ਰੀਵਾਰ ਵਿਚੋਂ ਅੰਮ੍ਰਿਤ ਢਿੱਲੋਂ ਜੀ ਨੇ ਸ਼ਹੀਦ ਸੁਖਦੇਵ ਦੇ ਦਲੇਰਾਨਾਂ ਵਿਚਾਰਾਂ ਬਾਰੇ ਖਾਸ ਜਾਣਕਾਰੀ ਦਿੱਤੀ। ਇਸ ਸਮੇਂ ਸ਼ਹੀਦ ਭਗਤ ਸਿੰਘ ਜੀ ਦੀ ਭਤੀਜੀ ਇੰਦਰਜੀਤ ਕੌਰ ਢਿਲੋਂ ਵੀ ਹਾਜ਼ਰ ਸਨ।

ਸ਼ਹੀਦਾਂ ਦੀ ਸੋਚ ਨੂੰ ਉਜਾਗਰ ਕਰਦੀ ਇਕ ਡਾਕੂਮੈਂਟਰੀ ਫਿਲਮ ''ਇਨਕਲਾਬ ਜ਼ਿੰਦਾਬਾਦ'' ਰਾਹੀਂ ਸ਼ਹੀਦਾਂ ਬਾਰੇ ਇਤਿਹਾਸਕ ਵੇਰਵੇ ਪੇਸ਼ ਕੀਤੇ ਗਏ। ਮਾਨਯੋਗ ਐਮ.ਪੀ. ਗੁਰਬਖਸ਼ ਸਿੰਘ ਮੱਲੀ, ਐਮ.ਪੀ.ਪੀ. ਵਿਕ ਢਿਲੋਂ, ਐਮ.ਪੀ. ਪੀ. ਹਰਿੰਦਰ ਤੱਖਰ, ਕੌਂਸਲੇਟ ਦਫ਼ਤਰ ਤੋਂ ਹੈੱਡ ਆਫ਼ ਚਾਂਸਰੀ ਸ੍ਰੀ ਐਮ. ਪੀ. ਸਿੰਘ ਅਤੇ ਕੌਂਸਲ ਸ੍ਰੀ ਤੀਰਥ ਸਿੰਘ ਨੇ ਅਪਣੇ ਵਲੋਂ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ ਗਈ ਅਤੇ ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਸ਼ਹੀਦਾਂ ਨੂੰ ਯਾਦ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

ਪੰਜਾਬੀ ਆਰਟਸ ਐਸੋਸੀਏਸ਼ਨ ਟਰਾਂਟੋ ਦੇ ਕਲਾਕਾਰਾਂ ਅਸੀਸ ਸੇਠੀ, ਤਰਨਜੀਤ ਸੰਧੂ, ਨੀਤੂ ਸੰਧੂ, ਗੁਰਵਿੰਦਰ ਢਿਲੋਂ, ਸ਼ਮਾ, ਹਰੀਤ ਔਜਲਾ ਪ੍ਰੀਆ ਪ੍ਰਭਾਕਰ, ਸੋਨੀਆਂ ਅਰੋੜਾ, ਸਰਬਜੀਤ ਸਿੰਘ ਅਰੋੜਾ, ਹਰਭਜਨ ਫਲੋਰਾ, ਗੁਰਬਚਨ ਸਿੰਘ ਢਿੱਲੋਂ, ਨਵਦੀਪ ਬੁੱਟਰ, ਕੁਲਦੀਪ ਰੰਧਾਵਾ, ਤਜਿੰਦਰ ਬੇਦੀ ਅਤੇ ਬਿਟੂ ਔਜਲਾ ਦੀ ਟੀਮ ਵਲੋਂ ਪਾਲੀ ਭੁਪਿੰਦਰ ਸਿੰਘ ਦਾ ਲਿਖਿਆ ਨਾਟਕ ''ਸਿਰਜਣਾ'' ਬਲਜਿੰਦਰ ਲੇਲਨਾ ਦੀ ਨਿਰਦੇਸ਼ਨਾਂ ਹੇਠ ਖੇਡਿਆ ਗਿਆ। ਭਰੂਣ ਹੱਤਿਆ ਉਤੇ ਨਿਰਧਾਰਿਤ ਤੀਜੀ ਪੇਸ਼ਕਾਰੀ ਨੂੰ ਦਰਸ਼ਕਾਂ ਵਲੋਂ ਬੇਹੱਦ ਸਲਾਹਿਆ ਗਿਆ। ਪੰਜਾਬ ਤੋਂ ਉੱਘੀ ਨਾਟਕ ਤੇ ਫਿਲਮੀ ਕਲਾਕਾਰ ਮਿਸਿਜ ਦਵਿੰਦਰ ਦਮਨ ਨੇ ਬੜੇ ਭਾਵੁਕ ਸ਼ਬਦਾਂ ਵਿਚ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਨਾਟਕਾਂ ਰਾਹੀਂ ਸ਼ਹੀਦਾਂ ਦੀ ਸੋਚ ਨੂੰ ਲੋਕਾਂ ਤੱਕ ਪਹੁੰਚਾ ਰਹੇ ਹਨ ਅਤੇ ਕੈਨੇਡਾ ਵਿਚ ਰੁੱਝੀ ਜ਼ਿੰਦਗੀ ਦੇ ਬਾਵਜੂਦ ਏਦਾਂ ਦੇ ਸਮਾਗਮ ਕਰ ਪਾਉਣਾ ਬੇਹੱਦ ਸ਼ਲਾਘਾਯੋਗ ਕਦਮ ਹੈ। ਸੁਰਿੰਦਰ ਸਿੰਘ ਸੰਧੂ ਨੇ ਮਾਇਕ ਸਹਾਇਤਾ ਵਾਸਤੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਸਟੇਜ ਦੀ ਕਾਰਵਾਈ ਰੁਪਿੰਦਰ ਮਿਨਹਾਸ ਨੇ ਨਿਭਾਈ। ਐਸੋਸੀਏਸ਼ਨ ਦੇ ਪ੍ਰਧਾਨ ਨਿਰਮਲ ਢੀਂਡਸਾ ਵਲੋਂ ਲੋਕਾਂ ਨੂੰ ਅਪਣੇ ਹਿਤਾਂ ਲਈ ਸੁਚੇਤ ਰਹਿਣ ਲਈ ਕਿਹਾ ਗਿਆ ਅਤੇ ਸਮੁੱਚੇ ਮੀਡੀਆ ਤੇ ਲੋਕਾਂ ਦਾ ਏਸ ਸਮਾਗਮ ਵਿਚ ਆਉਣ ਲਈ ਧੰਨਵਾਦ ਕੀਤਾ। ਵਿੱਛੜ ਚੁੱਕੇ ਮਰਹੂਮ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਜੋਤੀ ਬਾਸੂ, ਗਦਰੀ ਬਾਬਾ ਭਗਤ ਸਿੰਘ ਬਿਲਗਾ, ਉੱਘੇ ਕਵੀ ਸੰਤੋਖ ਸਿੰਘ ਧੀਰ ਅਤੇ ਰਾਮ ਸਰੂਪ ਅਣਖੀ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ। ਬਾਲ ਕਲਾਕਾਰਾਂ ਸਮੇਤ ਸਭ ਕਲਾਕਾਰਾਂ ਦਾ ਸਨਮਾਨ ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਟਰਾਂਟੋ ਦੇ ਮੈਬਰਾਂ ਅਤੇ ਮੰਤਰੀ ਹਰਿੰਦਰ ਤੱਖਰ ਵਲੋਂ ਕੀਤਾ ਗਿਆ।

*"We Had Dinner along with my friends family, it was really nice, pure Indian taste......
I will recommend this to any-one who like REAL Indian food."*







"Service was prompt friendly.
Food was hot and tasty. Loved it!"

**"quite authentic Indian Food"**

# NIRVANA

**Take-Out/Delivery/Catering Big & Small Function/Private Banquet Room**

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan or Roomali Roti
Chi. Tikka/Haryali Tikka/Malai Tikka/Resmbi Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag with Salty Lassi

Friday
Bhangra Night 10-2
No Cover Charge 18+

Sunday
Indo Chinese Night 5-0
All You Can Eat
Chilli Chiken/Veg or Chiken Fried Rice/Veg. or Chiken Mein/Manchorian

**1009-5075 FALCONRIDGE BL.VD.NE CALGARY, AB. T3J SK9**
**EMAIL: info@nirvanacalgary.com Phone (403) 590-9797 Fax. (403) 590-9798**

## ਡਾਕਟਰ ਦੀ ਸਲਾਹ

ਡਾ. ਪਰਮਿੰਦਰ ਕੌਰ

# ਪਿੱਠ ਦਰਦ



'ਪਿੱਠ ਦਰਦ' ਔਰਤਾਂ ਲਈ ਵਿਸ਼ੇਸ ਸਿਹਤ ਸਮੱਸਿਆ ਹੈ। ਹੋਰਨਾਂ ਕਾਰਨਾਂ ਤੋਂ ਵੱਖ, ਔਰਤ ਦੇ ਪ੍ਰਜਨਣ ਅੰਗਾਂ ਦੀ ਮੌਜੂਦਗੀ ਅਤੇ ਉਸ ਦੀ ਲਗਾਤਾਰ ਇੰਨਫੈਕਸ਼ਨ ਮੁੱਖ ਕਾਰਨ ਹੈ। ਨਾਲ ਹੀ ਇਹ ਕਿ ਇਸ ਤਕਲੀਫ਼ ਤੋਂ ਛੁਟਕਾਰਾ ਮਿਲ ਸਕਦਾ ਹੈ, ਜੇ ਕੁਝ ਗੱਲਾਂ ਵਿਚ ਧਿਆਨ ਦਿੱਤਾ ਜਾਵੇ। ਅਜਿਹੀ ਜਾਣਕਾਰੀ ਭਰਪੂਰ ਲੇਖ ਹੈ ਇਹ-

ਪਿੱਠ ਦਰਦ ਔਰਤਾਂ ਵਿਚ ਆਮ ਸੁਣਨ/ਦੇਖਣ ਨੂੰ ਮਿਲਦਾ ਹੈ। ਭਾਵੇਂ ਇਹ ਸਚਾਈ ਹੈ ਕਿ ਪਿੱਠ ਦਰਦ ਦੇ ਬਹੁਤੇ ਕਾਰਨ ਪ੍ਰਜਨਣ ਜਾਂ ਸੈਕਸ ਅੰਗਾਂ ਨਾਲ ਸਬੰਧਿਤ ਨਹੀਂ ਹੁੰਦੇ, ਜਿੰਨੇ ਕਿ ਹੱਡੀਆਂ ਨਾਲ ਹੁੰਦੇ ਹਨ, ਫਿਰ ਵੀ ਪਿੱਠ ਦਰਦ ਆਦਮੀਆਂ ਨਾਲੋਂ ਔਰਤਾਂ ਵਿਚ ਵੱਧ ਹੁੰਦਾ ਹੈ।

ਪਿੱਠ ਦਰਦ ਦਾ ਸਹੀ ਹਿੱਸਾ ਲੱਕ ਤੋਂ ਥੱਲੇ-ਥੱਲੇ ਦਾ ਹੈ ਜਾਂ ਇੰਝ ਕਹੀਏ ਕਿ ਪੇਟ ਵਾਲੇ ਪਾਸੇ ਧੁੰਨੀ ਅਤੇ ਉਸ ਦੀ ਸੀਧ ਵਿਚ ਪਿੱਠ ਵਾਲੇ ਪਾਸੇ, ਇਹ ਪਿੱਠ ਦਰਦ ਦੀ ਉਪਰਲੀ ਹੱਦ ਹੈ।

ਔਰਤ ਦੇ ਸੈਕਸ ਅੰਗਾਂ ਨਾਲ ਸਬੰਧਿਤ ਕਾਰਨਾਂ ਵਿਚ ਸਭ ਤੋਂ ਮੁੱਖ ਕਾਰਨ ਇਨਫੈਕਸ਼ਨ ਹੈ ਭਾਵੇਂ ਕਿਸੇ ਵੀ ਜੀਵਾਣੂ, ਕੀਟਾਣੂ, ਵਿਸ਼ਾਣੂ ਜਾਂ ਪੈਰਾਸਾਈਟ ਦਾ ਹਮਲਾ। ਇਸ ਤਰ੍ਹਾਂ ਦੇ ਹਮਲੇ ਦੀ ਦਰ ਵਿਆਹ ਮਗਰੋਂ ਵੱਧ ਹੁੰਦੀ ਹੈ, ਜਦੋਂ ਇਸ ਇਨਫੈਕਸ਼ਨ ਵਿਚ ਸੰਭੋਗ ਕਿਰਿਆ ਰਾਹੀਂ ਵੀ ਯੋਗਦਾਨ ਪਾਇਆ ਜਾਂਦਾ ਹੈ।

ਆਪਾਂ ਜਾਣਦੇ ਹਾਂ ਕਿ ਔਰਤ ਹਰ ਮਹੀਨੇ ਮਾਹਵਾਰੀ ਰਾਹੀਂ ਖ਼ੂਨ ਵਹਾਉਂਦੀ ਹੈ ਅਤੇ ਇਸ ਦੇ ਨਾਲ ਬੱਚੇਦਾਨੀ ਦੀ ਸਤ੍ਹਾ ਖੁਰਚੀ ਜਾਂਦੀ ਹੈ। ਇਹ ਇਕ ਆਮ ਪ੍ਰਕਿਰਿਆ ਹੈ, ਜਿਸ ਵਿਚ ਕੁਦਰਤੀ ਤੌਰ 'ਤੇ ਜ਼ਖ਼ਮ ਹੁੰਦੇ ਹਨ। ਜੇਕਰ ਇਸ ਸਮੇਂ ਦੌਰਾਨ ਸਹੀ ਸੰਭਾਲ ਨਾ ਕੀਤੀ ਜਾਵੇ ਜਾਂ ਕਹੀਏ ਕਿ ਖ਼ੂਨ ਸੋਕਣ ਲਈ ਸਾਫ਼-ਸੁਥਰਾ, ਧੋਤਾ ਪ੍ਰੈੱਸ ਕੀਤਾ ਕੱਪੜਾ ਜਾਂ ਬਜ਼ਾਰੀ ਸੈਟਨਰੀ ਪੈਡ ਨਾ ਵਰਤੇ ਜਾਣ ਤਾਂ ਇਨਫੈਕਸ਼ਨ ਦੇ ਚਾਂਸ ਵੱਧ ਹੁੰਦੇ ਹਨ। ਪੇਂਡੂ ਅਨਪੜ੍ਹ ਅਤੇ ਗਰੀਬ ਪਰਿਵਾਰਾਂ ਦੀਆਂ ਔਰਤਾਂ ਵਿਚ ਅਜਿਹਾ ਆਮ ਹੁੰਦਾ ਹੈ ਜਦੋਂ ਗੰਦਾ ਕੱਪੜਾ ਵਰਤਿਆ ਜਾਂਦਾ ਹੈ।

ਇਹ ਸਥਿਤੀ ਵਿਚ ਹੋਰ ਵਿਗਾੜ ਉਦੋਂ ਪੈਦਾ ਹੁੰਦਾ ਹੈ ਜਦੋਂ ਸਰਗਰਮ ਸੈਕਸ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਸੰਭੋਗ ਕਿਰਿਆ ਦੌਰਾਨ ਯੋਨੀ ਵਿਚ ਬਹੁਤ ਬਰੀਕ ਜ਼ਖ਼ਮ ਹੋ ਜਾਂਦੇ ਹਨ ਅਤੇ ਇਨਫੈਕਸ਼ਨ ਦੇ ਚਾਂਸ ਹੋਰ ਵੱਧ ਜਾਂਦੇ ਹਨ। ਇਸ ਤਰ੍ਹਾਂ ਜ਼ਖ਼ਮਾਂ ਰਾਹੀਂ ਇਨਫੈਕਸ਼ਨ, ਇਨਫੈਕਸ਼ਨ ਨਾਲ ਹੋਰ ਵਧੇਰੇ ਜ਼ਖ਼ਮ ਅਤੇ ਇਸ ਸਥਿਤੀ ਵਿਚ, ਮਰਦ ਪ੍ਰਧਾਨ ਸਮਾਜ ਵਿਚ, ਬਿਨਾਂ ਔਰਤ ਦੀ ਮਰਜ਼ੀ ਪੁੱਛੇ ਜਾਂ ਸਰੀਰਕ-ਮਾਨਸਿਕ ਸਥਿਤੀ ਦੇਖੇ ਸੰਭੋਗ, ਔਰਤ ਦੀ ਹਾਲਤ ਨੂੰ ਹੋਰ ਵਿਗਾੜ ਦੇਂਦੇ ਹਨ।

ਇਸ ਤੋਂ ਇਲਾਵਾ ਸੂਤਕ ਦੇ ਦਿਨਾਂ ਦੌਰਾਨ ਗਰਭਪਾਤ ਤੋਂ ਫੌਰਨ ਬਾਅਦ, ਪ੍ਰਜਨਣ ਅੰਗਾਂ ਦੇ ਕਿਸੇ ਵੀ ਤਰ੍ਹਾਂ ਦੇ ਅਪ੍ਰੇਸ਼ਨ ਮਗਰੋਂ ਵੀ ਇਨਫੈਕਸ਼ਨ ਦੇ ਚਾਂਸ ਹੁੰਦੇ ਹਨ।

ਪ੍ਰਜਨਣ ਅੰਗਾਂ ਦੇ ਨਿਕਾਸ ਅਤੇ ਪੇਸ਼ਾਬ-ਪਖਾਨੇ ਦੇ ਨਿਕਾਸ ਸਥਾਨ ਨਾਲ-ਨਾਲ ਹੋਣ ਕਾਰਨ ਵੀ, ਇਨ੍ਹਾਂ ਤਿੰਨਾਂ ਥਾਵਾਂ ਵਿਚ ਇਨਫੈਕਸ਼ਨ ਦੇ ਪੱਖੋਂ ਆਪਸੀ ਸਬੰਧ ਹੈ। ਇਸ ਲਈ ਔਰਤਾਂ ਵਿਚ ਪੇਸ਼ਾਬ ਨਲੀ ਜਾਂ ਬਲੈਡਰ ਦੀ ਇਨਫੈਕਸ਼ਨ ਤਕਰੀਬਨ ਇਕੱਠੀ ਹੁੰਦੀ ਹੈ।

ਪਿੱਠ ਦਰਦ ਦੀ ਸਥਿਤੀ ਹੋਰ ਮਾੜੀ ਹੋ ਜਾਂਦੀ ਹੈ ਜਦੋਂ ਔਰਤ ਵਿਚ ਖ਼ੂਨ ਦੀ ਘਾਟ ਹੋਵੇ ਤੇ ਉਸ ਨੂੰ ਘੱਟ ਖ਼ੁਰਾਕ ਮਿਲਣ ਕਾਰਨ ਕੁਪੋਸ਼ਣ ਹੋਵੇ।

ਸੈਕਸ ਨਾਲ ਹੋਣ ਵਾਲੀਆਂ ਬੀਮਾਰੀਆਂ ਜਿਵੇਂ ਸਿਫਲਸ, ਗਨੋਰੀਆ ਅਤੇ ਅੱਜ-ਕਲ੍ਹ ਏਡਜ਼ ਵੀ ਔਰਤਾਂ ਵਿਚ ਮਰਦਾਂ ਨਾਲੋਂ ਵੱਧ ਹੁੰਦੀਆਂ ਹਨ।

ਪਿੱਠ ਦਰਦ ਦਾ ਇਕ ਹੋਰ ਮਹੱਤਵਪੂਰਨ ਕਾਰਨ, ਬੱਚੇਦਾਨੀ ਦਾ ਆਪਣੀ ਸਹੀ ਥਾਂ 'ਤੇ ਨਾ ਹੋਣਾ ਹੈ। ਇਸ ਦਾ ਕਾਰਨ ਅੱਗੋਂ ਇਹ ਹੈ ਕਿ ਵਾਰ-ਵਾਰ ਗਰਭ ਧਾਰਨ ਕਾਰਨ ਅਤੇ ਬਿਨ੍ਹਾਂ ਕਿਸੇ ਵਕਫੇ ਤੋਂ ਗਰਭ ਧਾਰਨ ਕਰਨ ਨਾਲ (ਜੋ ਕਿ ਘੱਟੋ-ਘੱਟ ਤਿੰਨ ਸਾਲ ਦਾ ਹੋਣਾ ਚਾਹੀਦਾ ਹੈ), ਬੱਚੇਦਾਨੀ ਨੂੰ ਉਸ ਦੀ ਸਹੀ ਥਾਂ 'ਤੇ ਰੱਖਣ ਵਾਲੀਆਂ ਮਾਸਪੇਸ਼ੀਆਂ ਕਮਜ਼ੋਰ ਅਤੇ ਢਿੱਲੀਆਂ ਪੈ ਜਾਂਦੀਆਂ ਹਨ ਅਤੇ ਬੱਚੇਦਾਨੀ ਪਿੱਠ ਵਾਲੇ ਪਾਸੇ ਡਿੱਗ ਪੈਂਦੀ ਹੈ। ਇਸ ਤਰ੍ਹਾਂ ਖਿੱਚ ਪੈਣ ਨਾਲ ਦਰਦ ਹੁੰਦਾ ਹੈ। ਇਹ ਦਰਦ ਲੰਮੇ ਪੈਣ ਨਾਲ ਠੀਕ ਹੋ ਜਾਂਦਾ ਹੈ।

ਯੋਨੀ, ਬੱਚੇਦਾਨੀ, ਬੱਚੇਦਾਨੀ ਦੀਆ ਟਿਊਬਾਂ, ਅੰਡਕੋਸ਼ ਆਦਿ ਨਾਲ ਸਬੰਧਿਤ ਰਸੌਲੀਆਂ ਜਾਂ ਗਿਲਟੀਆਂ ਕਾਰਨ, ਪ੍ਰਜਨਣ ਅੰਗਾਂ ਦੇ ਭਾਰ ਦਾ ਸੰਤੁਲਨ ਨਹੀਂ ਬਣਦਾ ਤੇ ਉਸ ਨਾਲ ਕਿਸੇ ਪਾਸੇ ਵੱਲ ਖਿੱਚ ਪੈਣ ਕਾਰਨ ਪਿੱਠ ਦਰਦ ਹੁੰਦਾ ਹੈ।

ਜੇਕਰ ਕਿਸੇ ਆਪ੍ਰੇਸ਼ਨ ਲਈ, ਲੱਕ ਦਾ ਹੇਠਲਾ ਹਿੱਸਾ ਸੁੰਨ ਕਰਨਾ ਹੋਵੇ ਤਾਂ ਰੀੜ੍ਹ ਦੀ ਹੱਡੀ ਵਿਚ ਟੀਕਾ ਲਗਾਇਆ ਜਾਂਦਾ ਹੈ। ਇਸ ਦੇ ਨਾਲ ਵੀ, ਬਾਅਦ ਵਿਚ ਪਿੱਠ ਦਰਦ ਹੁੰਦਾ ਰਹਿੰਦਾ ਹੈ।

ਹੱਡੀਆਂ ਨਾਲ ਸਬੰਧਿਤ ਕਾਰਨਾਂ ਵਿਚੋਂ ਮੁੱਖ ਕਾਰਨ ਰੀੜ੍ਹ ਦੀ ਹੱਡੀਆਂ ਦੇ ਵਿਚਕਾਰ ਜਗ੍ਹਾ ਦਾ ਘੱਟ ਹੋਣਾ ਹੈ। ਇਹ ਕਾਰਨ ਸਰੀਰ ਦੇ ਸਹੀ ਬੈਠਣ ਢੰਗ ਨਾ ਹੋਣ ਕਰਕੇ ਵੀ ਹੋ ਸਕਦਾ ਹੈ ਜਾਂ ਕਮਜ਼ੋਰ ਔਰਤਾਂ ਵਿਚ ਗਰਭ ਤੋਂ ਬਾਅਦ ਵੀ ਹੁੰਦਾ ਹੈ। ਇਸ ਕਿਸਮ ਦਾ ਪਿੱਠ ਦਰਦ ਝੁਕਣ ਨਾਲ ਹੋਰ ਵੱਧ ਜਾਂਦਾ ਹੈ। ਜੇਕਰ ਸਰੀਰ ਕਮਜ਼ੋਰ ਹੋਵੇ ਤੇ ਕੰਮ ਕਰਨ ਦਾ ਢੰਗ ਜਾਂ ਰੋਜ਼ਮਰ੍ਹਾ ਦਾ ਕੰਮ ਹੀ ਅਜਿਹਾ ਹੋਵੇ ਕਿ ਰੀੜ੍ਹ ਦੀ ਹੱਡੀ ਸਹੀ ਥਾਂ 'ਤੇ ਨਾ ਰਹੇ ਤਾਂ ਰੀੜ੍ਹ ਦੀ ਹੱਡੀ ਦੇ ਮਣਕੇ ਹਿੱਲ ਜਾਂਦੇ ਹਨ।

ਇਸੇ ਤਰ੍ਹਾਂ ਹੀ ਮੋਟਾਪੇ ਕਾਰਨ ਵੀ ਸਰੀਰ ਦੇ ਭਾਰ ਦਾ ਸੰਤੁਲਨ ਨਹੀਂ ਬਣਦਾ ਅਤੇ ਰੀੜ੍ਹ ਦੀ ਹੱਡੀ ਆਪਣੀ ਸਹੀ ਬਣਤਰ ਵਿਚ ਨਹੀਂ ਰਹਿ ਪਾਉਂਦੀ। ਹੱਡੀਆਂ ਨਾਲ ਸਬੰਧਿਤ ਅਤੇ ਪ੍ਰਜਨਣ ਅੰਗਾਂ ਨਾਲ ਜੁੜੇ ਕਾਰਨਾਂ ਤੋਂ ਹੋਣ ਵਾਲੇ ਪਿੱਠ ਦਰਦ ਵਿਚ ਇਹ ਫ਼ਰਕ ਹੈ ਕਿ ਪ੍ਰਜਨਣ ਅੰਗਾਂ (ਬੱਚੇਦਾਨੀ ਜਾਂ ਟਿਊਬਾਂ ਆਦਿ) ਨਾਲ ਹੋਣ ਵਾਲਾ ਪਿੱਠ ਦਰਦ, ਲੱਕ ਤੋਂ ਉੱਪਰ ਕਦੇ ਨਹੀਂ ਜਾਂਦਾ ਅਤੇ ਇਹ ਰੀੜ੍ਹ ਦੀ ਹੱਡੀ ਦੇ ਦੋਹਾਂ ਪਾਸੇ ਹੁੰਦਾ ਹੈ ਜਦੋਂ ਕਿ ਹੱਡੀਆਂ ਨਾਲ ਸਬੰਧਿਤ ਦਰਦ ਇਕ ਥਾਂ 'ਤੇ ਟਿਕਿਆ ਹੁੰਦਾ ਹੈ ਜਾਂ ਇਕੋ ਹੀ ਪਾਸੇ ਹੁੰਦਾ ਹੈ ਅਤੇ ਇਸ ਦਾ ਸਬੰਧ ਚਲਣ-ਫਿਰਨ ਜਾਂ ਆਰਾਮ ਕਰਨ ਨਾਲ ਵੀ ਹੁੰਦਾ ਹੈ ਜਦੋਂ ਕਿ ਪ੍ਰਜਨਣ ਅੰਗਾਂ ਕਾਰਨ ਹੋਣ ਵਾਲਾ ਦਰਦ ਹਰ ਅਵਸਥਾ ਵਿਚ ਜਾਰੀ ਰਹਿੰਦਾ ਹੈ ਭਾਵ ਦਵਾਈ/ਇਲਾਜ ਨਾਲ ਹੀ ਠੀਕ ਹੁੰਦਾ ਹੈ।

## ਜ਼ਿਆਦਾ ਸੁੰਗੜ ਰਹੇ ਹਨ ਦਿਮਾਗ ਦੇ ਕੁਝ ਹਿੱਸੇ

ਨਵੀਂ ਦਿੱਲੀ-

ਮਨੁੱਖ ਦਾ ਸਿਰ ਸੁੰਗੜਦਾ ਜਾ ਰਿਹਾ ਹੈ ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਮਨੁੱਖ ਦੀ ਦਿਮਾਗੀ ਸਮਰੱਥਾ ਵਿਚ ਘਾਟ ਹੋ ਰਹੀ ਹੈ। ਬਲਕਿ ਉਸਦਾ ਦਿਮਾਗ ਸੁੰਗੜਦੇ ਕੰਪਿਊਟਰ ਦੀ ਤਰ੍ਹਾਂ ਜ਼ਿਆਦਾ ਠੀਕ ਬਣਦਾ ਜਾ ਰਿਹਾ ਹੈ। ਫਰਾਂਸੀਸੀ ਵਿਗਿਆਨੀਆਂ ਨੇ 1868 ਵਿਚ ਪੇਰਿਸ ਦੇ ਦੋਦਾਰਨ ਵਿਚ ਇਕ ਗੁਫਾ 'ਚੋਂ ਪੰਜ ਪੁਰਾਣੇ ਪਿੰਜਰਾਂ ਦੇ ਵਿਚੋਂ ਮਿਲੀ ਵੀਹ ਹਜ਼ਾਰ ਸਾਲ ਪੁਰਾਣੀ ਇਕ ਖੋਪੜੀ ਦੀ ਜਾਂਚ ਕਰਨ ਤੋਂ ਬਾਅਦ ਦੱਸਿਆ ਹੈ ਕਿ ਇਹ ਵਰਤਮਾਨ ਮਨੁੱਖ ਦੀ ਖੋਪੜੀ ਤੋਂ 20 ਪ੍ਰਤੀਸ਼ਤ ਤੱਕ ਵੱਡੀ ਹੈ। ਇਹ ਖੋਪੜੀ ਕ੍ਰੋ ਮੈਗਨਨ ਮਨੁੱਖ ਦੀ ਜਾਤੀ ਨਾਲ ਸੰਬੰਧ ਰੱਖਦੀ ਸੀ। ਇਹ ਫਰਾਂਸ ਦੇ ਰਾਸ਼ਟਰੀ ਕੁਦਰਤੀ ਵਿਗਿਆਨ ਮੰਤਰਾਲੇ ਵਿਚ ਰੱਖੀ ਹੋਈ ਹੈ। ਵਿਗਿਆਨੀਆਂ ਦੇ ਦਲ ਨੇ ਇਸ ਦੀ ਸ਼ਕਲ ਤਿਆਰ ਕੀਤੀ ਹੈ, ਜਿਸਦੇ ਬਾਰੇ ਉਹਨਾਂ ਦਾ ਦਾਅਵਾ ਹੈ ਕਿ ਇਹ ਆਧੁਨਿਕ ਸਮਾਜ ਦੇ ਆਰੰਭਕ ਮਨੁੱਖ ਦੀ ਖੋਪੜੀ ਹੁਣ ਤੱਕ ਦੀ ਸਰਵੋਤਮ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਖੋਪੜੀ ਦੇ ਵੱਡੇ ਹੋਣ ਦਾ ਇਹ ਮਤਲਬ ਨਹੀਂ ਕਿ ਪੂਰਵਜ਼ ਜ਼ਿਆਦਾ ਬੁੱਧੀਮਾਨ ਸਨ। ਅਧਿਐਨਾਂ ਨਾਲ ਪਤਾ ਲੱਗਦਾ ਹੈ ਕਿ ਦਿਮਾਗ ਦੇ ਆਕਾਰ ਅਤੇ ਆਈ ਕਿਊ, ਬਰਾਬਰ ਬੁੱਧੀ ਦੇ ਵਿਚ ਬਹੁਤ ਮਾਮੂਲੀ ਫਰਕ ਹੁੰਦਾ ਹੈ। ਵਿਗਿਆਨੀਆਂ ਦੇ ਇਸ ਖੁਲਾਸੇ ਤੋਂ ਮਨੁੱਖੀ ਵਿਕਾਸ ਦੇ ਇਕ ਮਹੱਤਵਪੂਰਨ ਸਵਾਲ ਉੱਤੇ ਰੌਸ਼ਨੀ ਪੈਂਦੀ ਹੈ ਕਿ ਜੇਕਰ ਮਨੁੱਖ ਦਾ ਦਿਮਾਗ ਸੁੰਗੜਦਾ ਜਾ ਰਿਹਾ ਹੈ ਤਾਂ ਇਸਦਾ ਕਾਰਨ ਕੀ ਹੈ? ਮੰਨਿਆ ਜਾਂਦਾ ਹੈ ਕਿ ਇਹ ਖੋਪੜੀ ਕਿਸੇ ਸਿਹਤਮੰਦ ਅਧਖੜ੍ਹ ਵਿਅਕਤੀ ਦੀ ਹੈ ਜਿਹੜਾ ਲੱਗਭੱਗ ਛੇ ਫੁੱਟ ਲੰਬਾ ਸੀ। ਇਸ ਖੋਪੜੀ ਦੇ ਬਾਰੇ ਦੁਨੀਆਂ ਭਰ ਦੇ ਵਿਗਿਆਨੀ ਪਹਿਲਾਂ ਤੋਂ ਹੀ ਜਾਣਦੇ ਹਨ। ਪੇਰਿਸ ਦੇ ਕੁਇੱਜ ਬਿੰਗਟਰਸ ਹਸਪਤਾਲ ਵਿਚ ਖੋਪੜੀ ਦੇ ਅੰਦਰੂਨੀ ਭਾਗ ਨੂੰ ਸਕੈਨ ਕਰਕੇ ਇਸ ਕਲਾਕ੍ਰਿਤੀ ਨੂੰ ਤਿਆਰ ਕੀਤਾ ਗਿਆ ਸੀ। ਤਾਂ ਕਿ ਦਿਮਾਗ 'ਚੋਂ ਤੰਤਰਿਕਾ ਕਪਾਲ ਉੱਤੇ ਪਏ ਪ੍ਰਭਾਵ ਦੀ ਤਸਵੀਰ ਲਈ ਜਾ ਸਕੇ। ਫਰਾਂਸ ਮੰਤਰਾਲੇ ਦੇ ਇਤਿਔਨ ਬਾਲਸ਼ਾਂ ਨੇ ਇਸ ਨੂੰ ਥ੍ਰੀ ਡੀ ਤਸਵੀਰ ਵਿਚ ਬਦਲ ਦਿੱਤਾ ਅਤੇ ਇਕ ਵਿਸ਼ੇਸ਼ ਸਾਫਟਵੇਅਰ ਪ੍ਰੋਟੋਟਾਈਪਿੰਗ ਫਰਮ ਨਾਲ ਇਸ ਖੋਪੜੀ ਦੀ ਕਲਾਕ੍ਰਿਤੀ ਤਿਆਰ ਕੀਤੀ। ਬਾਲਸ਼ਾਂ ਦਾ ਕਹਿਣਾ ਹੈ ਕਿ ਇਹ ਹੁਣ ਤੱਕ ਦੀ ਸਭ ਤੋਂ ਸੁੰਦਰ ਕਲਾਕ੍ਰਿਤੀ ਹੈ। ਉਹਨਾਂ ਨੇ ਦੱਸਿਆ ਕਿ ਕ੍ਰੋ ਮੈਗਨਨ ਦੀ ਖੋਪੜੀ ਦੀ ਆਰੰਭਿਕ ਜਾਂਚ ਤੋਂ ਪੁਸ਼ਟੀ ਹੋਈ ਹੈ ਕਿ ਮਨੁੱਖ ਦਾ ਦਿਮਾਗ ਲੱਖਾਂ ਸਾਲਾਂ ਦੇ ਦੌਰਾਨ ਕੁਝ ਛੋਟਾ ਹੋਇਆ ਹੈ।


Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room
& 10 Hours in Car
Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਮੈਂ ਚੁੱਲ੍ਹਾ ਬੋਲਦਾ ਹਾਂ .....

ਅੱਜ ਦੇ ਐਲ.ਪੀ.ਜੀ ਯਾਨੀ ਲੀਕੁਈਫਾਈਡ ਪੈਟਰੋਲੀਅਮ ਗੈਸ ਦੇ ਯੁੱਗ ਤੋਂ ਥੋੜ੍ਹੀ ਜਿਹੀ ਪਿਛਾਂਹ ਨੂੰ ਝਾਤ ਮਾਰੀਏ ਤਾਂ ਰਸੋਈ ਵਿਚ ਚਲਦੇ ਸਟੋਵਾਂ ਦਾ ਸਮਾਂ ਯਾਦ ਆ ਜਾਂਦਾ ਹੈ। ਇਸ ਤੋਂ ਥੋੜ੍ਹਾ ਹੋਰ ਪਿਛਾਂਹ ਜਾਈਏ ਤਾਂ ਹਰ ਘਰ ਵਿਚ ਮੇਰੀ ਹੀ ਯਾਨੀ ਚੁੱਲ੍ਹੇ ਦੀ ਗੱਲ ਚੱਲਦੀ ਹੈ।

ਪੰਜਾਬ ਵਿਚ ਮੇਰਾ ਜਨਮ ਸੁਘੜ ਸਵਾਣੀ ਦੇ ਹੱਥੋਂ ਹੋਇਆ। ਮੈਂ ਪੁਲਿੰਗ ਜਾਤੀ ਨਾਲ ਸੰਬੰਧ ਰੱਖਦਾ ਹਾਂ। ਤੰਦੂਰ, ਭੱਠੀ, ਅੰਗੀਠੀ ਤੇ ਹਾਰਾ ਮੇਰੇ ਵਿਰਾਸਤੀ ਭੈਣ-ਭਰਾ ਹਨ ਅਤੇ ਸਟੋਵ ਤੇ ਗੈਸੀ-ਚੁੱਲ੍ਹਾ ਮੇਰੇ ਮਾਡਰਨ ਭਰਾ ਹਨ। ਮੈਨੂੰ ਪਤੈ ਤੁਹਾਡੀ ਦੇਹੀ, ਘਰ ਦੀ ਛੱਤ ਹੇਠ ਰਕਤ-ਬਿੰਦ ਰਾਹੀਂ ਪੰਜ ਤੱਤਾਂ ਤੋਂ ਬਣ ਕੇ ਇਸ ਧਰਤੀ 'ਤੇ ਆਪਣਾ ਵਜੂਦ ਰੱਖਦੀ ਹੈ ਪਰ ਮੇਰੇ ਹੋਂਦ ਵਿਚ ਆਉਣ ਦਾ ਇਤਿਹਾਸ ਕੁਝ ਵੱਖਰਾ ਹੈ। ਮੇਰੀ ਬਣਤਰ ਬਾਰੇ ਸੁਣੋ। ਮੈਂ ਮਿੱਟੀ, ਤੂੜੀ ਅਤੇ ਪਾਣੀ ਰਾਹੀਂ ਆਪਣਾ ਸਰੂਪ ਧਾਰਦਾ ਹਾਂ। ਸਭ ਤੋਂ ਪਹਿਲਾਂ ਚੌਂਕਾ ਤਿਆਰ ਕਰਨ ਲਈ ਅਕਸਰ ਘਰ ਦੇ ਕਮਰੇ ਦੀ ਕਿਸੇ ਦੀਵਾਰ ਦੇ ਨਾਲ ਵਾਲੀ ਖਾਲੀ ਥਾਂ ਨੂੰ ਮੇਰੇ ਜਨਮ ਲਈ ਚੁਣ ਲਿਆ ਜਾਂਦਾ। ਫੇਰ ਉਸ ਦੀਵਾਰ ਨੂੰ ਸਹਾਰਾ ਬਣਾ ਤਿੰਨ ਪਾਸੇ ਓਟਾ ਬਣਾ ਲਿਆ ਜਾਂਦਾ ਤੇ ਇਕ ਪਾਸੇ ਲੰਘਣ ਲਈ ਰਾਹ ਰੱਖ ਲਿਆ ਜਾਂਦਾ। ਮੈਨੂੰ ਬਣਾਉਣ ਤੋਂ ਪਹਿਲਾਂ ਪੰਜਾਬਣ ਸਵਾਣੀ ਮੇਰੇ ਤੋਂ ਥੋੜ੍ਹਾ ਜਿਹਾ ਲੰਬਾ-ਚੌੜਾ ਚੌਂਤਰਾ ਬਣਾ ਲੈਂਦੀ। ਫਿਰ ਮਿੱਟੀ ਅਤੇ ਤੂੜੀ ਨੂੰ ਪਾਣੀ ਨਾਲ ਗੁੰਨਣ ਉਪਰੰਤ ਅੱਧੇ ਗੋਲੇ ਜਾਂ ਤਿੰਨ ਬਾਹੀਆਂ ਵਾਲੀ ਆਇਤ ਦੀ ਸ਼ਕਲ ਵਿਚ ਡੇਢ ਕੁ ਇੰਚ ਦੀ ਚੌੜਾਈ ਅਤੇ ਫੁੱਟ-ਡੇਢ ਫੁੱਟ ਦੀ ਲੰਬਾਈ ਤਕ ਮੈਨੂੰ ਤਿਆਰ ਕਰਦੀ ਹੈ। ਆਇਤ ਦੀ ਸ਼ਕਲ ਧਾਰਨ ਕਰਨ ਵਾਲੇ ਮੇਰੇ ਰੂਪ ਵਿਚ ਚੌਥੀ ਬਾਹੀ ਦੀ ਥਾਂ ਖੁੱਲ੍ਹਾ ਮੂੰਹ ਰੱਖਿਆ ਜਾਂਦਾ। ਫਿਰ ਉਸ ਉਤੇ ਭਾਂਡਾ ਰੱਖਣ ਲਈ ਤਿੰਨ ਮੁੰਨੇ ਲਾਉਂਦੀ ਹੈ। ਇਕ ਮੁੰਨਾ ਅੱਧੇ ਗੋਲੇ ਦੇ ਵਿਚਕਾਰ ਭਾਵ ਪਿਛਲੇ ਪਾਸੇ ਅਤੇ ਦੋ ਮੁੰਨੇ ਮੂੰਹ ਵਾਲੇ ਪਾਸੇ ਜਿਥੋਂ ਗੋਲਾਈ ਸ਼ੁਰੂ ਅਤੇ ਖਤਮ ਹੁੰਦੀ ਹੈ, ਉਥੇ ਲਾਉਂਦੀ ਹੈ। ਤ੍ਰੈ-ਮੂਰਤੀ ਦੇ ਪ੍ਰਤੀਕ ਇਹ ਗੋਲੇ ਮੇਰੇ ਅੰਦਰ ਬਲਣ ਵਾਲੀ ਅੱਗ ਦਾ ਧੂੰਆ ਅਸਾਨੀ ਨਾਲ ਬਾਹਰ ਕੱਢਣ ਅਤੇ ਭਾਂਡੇ ਨੂੰ ਟਿਕਣ ਵਿਚ ਸਹਾਈ ਹੁੰਦੇ ਹਨ। ਇਹ ਤਾਂ ਹੈ ਮੇਰਾ ਟਿਕਾਊ ਰੂਪ ਪਰ ਜੇ ਸਵਾਣੀ ਚਾਹੇ ਤਾਂ ਮੈਨੂੰ ਚੱਕਵੇਂ ਰੂਪ ਵਿਚ ਵੀ ਤਿਆਰ ਕਰ ਲੈਂਦੀ ਹੈ ਤਾਂ ਕਿ ਔਖੇ-ਸੌਖੇ ਸਮੇਂ ਮੈਨੂੰ ਜਿਥੇ ਚਾਹੇ ਰੱਖ ਕੇ ਪਰਿਵਾਰ ਦੇ ਜੀਆਂ ਲਈ ਭੋਜਨ ਤਿਆਰ ਕਰ ਸਕੇ। ਮੇਰਾ ਇਹ ਰੂਪ 'ਚੱਕਵੇਂ ਚੁੱਲ੍ਹੇ' ਵਜੋਂ ਜਾਣਿਆ ਜਾਂਦਾ ਹੈ। ਇਸ ਰੂਪ ਵਿਚ ਤਿਆਰ ਕਰਨ ਲਈ ਉਹ ਇਕ ਪੁਰਾਣਾ ਘੜਾ ਲੈ ਲੈਂਦੀ ਹੈ। ਇਸ ਕਾਰਜ ਲਈ ਘੜੇ ਨੂੰ ਵਰਤੋਂ ਵਿਚ ਲਿਆਉਣ ਲਈ ਉਹ ਘੜੇ ਦੇ ਥੱਲੜੇ ਅੱਧੇ ਤੋਂ ਬਹੁਤੇ ਹਿੱਸੇ ਨੂੰ ਨਸ਼ਟ ਕਰਕੇ, ਮੂੰਹ ਵਾਲੇ ਪਾਸਿਉਂ ਥੋੜ੍ਹੀ ਜਿਹੀ ਗੋਲਾਈ ਸਹਿਤ ਹਿੱਸਾ ਅੱਡ ਕਰ ਲੈਂਦੀ ਹੈ। ਘੜੇ ਦਾ ਮੂੰਹ ਮੇਰੇ ਖੜ੍ਹਨ ਲਈ ਸਹਾਰੇ ਭਾਵ ਸਟੈਂਡ ਦਾ ਕੰਮ ਕਰਦਾ ਹੈ। ਫਿਰ ਗੋਲਾਈ ਵਾਲੇ ਪਾਸੇ ਟਿਕਾਊ ਚੁੱਲ੍ਹੇ ਵਾਲੀ ਸ਼ਕਲ ਵਾਂਗ ਹੀ ਚੁੱਲ੍ਹਾ ਤਿਆਰ ਕਰ ਲਿਆ ਜਾਂਦਾ ਹੈ। ਅਜਿਹਾ ਕਰਕੇ ਉਹ ਮੈਨੂੰ ਸਤਿਕਾਰਤ ਸਥਾਨ ਦਿੰਦੀ ਹੈ ਅਤੇ ਮੀਂਹ ਤੋਂ ਮੇਰੇ ਬਚਾਅ ਲਈ ਭਾਵ ਮੇਰੀ ਲੰਬੀ ਉਮਰ ਦਾ ਅਗਾਊਂ ਆਹਰ ਵੀ ਕਰਦੀ ਹੈ। ਮੀਂਹ ਪੈਣ ਸਮੇਂ ਉਹ ਮੇਰੇ 'ਤੇ ਪੁੱਠਾ ਤਸਲਾ ਰੱਖ ਦਿੰਦੀ ਹੈ ਤਾਂ ਕਿ ਮਿੱਟੀ ਦੇ ਬਾਵੇ ਵਾਂਗ ਪਾਣੀ ਵਿਚ ਘੁਲ ਨਾ ਜਾਵਾਂ। ਧਰਤੀ ਮਾਤਾ ਦੀ ਹਿੱਕ ਵਿਚੋਂ ਲਈ ਮਿੱਟੀ, ਉਪਜ ਦੇ ਹਿੱਸੇ ਤੂੜੀ ਅਤੇ ਜਲ ਦੇਵਤੇ ਰਾਹੀਂ ਜਦੋਂ ਮੈਂ ਤਿਆਰ ਹੋ ਜਾਂਦਾ ਹਾਂ ਤਾਂ ਅਗਨੀ ਦੇਵਤੇ ਦਾ ਨਿਵਾਸ ਸਥਾਨ ਬਣਦਾ ਹਾਂ। ਅੱਗ ਧੜਕਦੀ ਜ਼ਿੰਦਗੀ ਦੀ ਪ੍ਰਤੀਕ ਹੈ। ਪਾਣੀ ਦੀ ਲੋੜ ਵਾਂਗ ਇਹ ਵੀ ਮਨੁੱਖ ਲਈ ਬੇਹੱਦ ਜ਼ਰੂਰੀ ਹੈ। ਅੱਗ ਸੂਰਜ ਦੀ ਪ੍ਰਤੀਨਿਧ ਹੈ, ਇਸ ਕਰਕੇ ਇਹ ਇਕ ਪਾਸੇ ਰੌਸ਼ਨੀ ਦੀਆਂ ਕਿਰਨਾਂ ਨਾਲ ਸੰਬੰਧਤ ਹੈ ਅਤੇ ਦੂਜੇ ਪਾਸੇ ਸੋਨੇ ਨਾਲ। ਇਹ ਜੀਵਾਂ ਨੂੰ ਊਰਜਾ ਤੇ ਆਤਮਿਕ ਸ਼ਕਤੀ ਦੇਣ ਕਰਕੇ ਸਿਹਤਯਾਬ ਰੱਖਣ ਦੀ ਸ਼ਕਤੀ ਰੱਖਦੀ ਹੈ। ਤੁਹਾਡੇ ਅੰਦਰਲੀ ਅਗਨੀ ਤੁਹਾਡੇ ਸਰੀਰ ਦੀ ਤੰਦਰੁਸਤੀ ਲਈ ਚਾਹੀਦੇ ਜ਼ਰੂਰੀ ਤੱਤਾਂ ਨੂੰ ਆਪਣੇ ਅੰਦਰ ਜਜ਼ਬ ਕਰ ਲੈਂਦੀ ਹੈ ਅਤੇ ਬਾਕੀ ਫੋਕਟ ਪਦਾਰਥਾਂ ਨੂੰ ਮਲ-ਮੂਤਰ ਦੇ ਰੂਪ ਵਿਚ ਬਾਹਰ ਕੱਢ ਦਿੰਦੀ ਹੈ। ਤੁਹਾਡੇ ਪੇਟ ਦੀ ਭੁੱਖ ਮਿਟਾਉਣ ਖਾਤਰ ਸਵਾਣੀਆਂ ਮੇਰੇ ਉਪਰ ਅੰਨ ਪਕਾਉਂਦੀਆਂ ਹਨ। ਪਵਿੱਤਰ ਤੱਤਾਂ ਤੋਂ ਵਜੂਦ ਵਿਚ ਆਇਆ ਹੋਣ ਕਰਕੇ ਮੈਨੂੰ ਪਵਿੱਤਰਤਾ ਦਾ ਦਰਜਾ ਹਾਸਲ ਹੈ। ਤੁਸੀਂ ਆਪਣੀ ਸਫਾਈ ਲਈ ਸਵੇਰੇ ਉਠ ਕੇ ਇਸ਼ਨਾਨ ਕਰਨ ਉਪਰੰਤ ਆਪਣੇ ਦਿਨ ਦਾ ਕਾਰ-ਵਿਹਾਰ ਆਰੰਭ ਕਰਦੇ ਹੋ। ਉਸੇ ਤਰ੍ਹਾਂ ਮੇਰੀ ਜਨਮਦਾਤੀ ਵੀ ਰੋਜ਼ ਸਵੇਰੇ ਘਰ ਦਾ ਕੰਮ-ਕਾਰ ਆਰੰਭ ਕਰਨ ਤੋਂ ਪਹਿਲਾਂ ਮੈਨੂੰ ਸਾਫ ਤੇ ਸ਼ੁੱਧ ਕਰਨ ਹਿਤ ਜਾਂ ਤਾਂ ਮੈਨੂੰ ਅੰਦਰੋਂ-ਬਾਹਰੋਂ ਗੋਹੇ ਵਿਚ ਮਿੱਟੀ ਰਲਾ ਕੇ ਤੇ ਜਾਂ ਪਾਂਡੂ ਮਿੱਟੀ ਨੂੰ ਪਾਣੀ ਵਿਚ ਘੋਲ ਕੇ ਮੇਰੇ 'ਤੇ ਪੋਚਾ ਫੇਰਦੀ। ਇਸੇ ਤਰ੍ਹਾਂ ਉਹ ਓਟੇ ਤੇ ਵੀ ਪੋਚਾ ਮਾਰ ਕੇ ਉਪਰ ਵੇਲਾਂ, ਫੁੱਲ-ਬੂਟੀਆਂ ਅਤੇ ਤੋਤੇ-ਮੋਰ ਆਦਿ ਪੰਛੀਆਂ ਦੇ ਚਿੱਤਰ ਬਣਾ ਕੇ ਮੈਨੂੰ ਸਜਾਉਂਦੀ ਰਹੀ ਹੈ। ਮੇਰਾ ਇਹ ਨਿੱਖਰਿਆ ਹੋਇਆ ਰੂਪ ਦੇਖਣ ਵਾਲੇ ਨੂੰ ਬੜਾ ਸੋਹਣਾ ਲਗਦਾ। ਅੱਜ ਦੀ ਪੀੜ੍ਹੀ ਜੇ ਕਿਤੇ ਮੇਰਾ ਇਹ ਰੂਪ ਵੇਖ ਲੈਂਦੀ ਹੈ ਤਾਂ ਦੰਦਾਂ ਥੱਲੇ ਉਂਗਲਾਂ ਦੇ ਲੈਂਦੀ ਹੈ ਤੇ 'ਵਾਉ-ਵਾਉ' ਕਰਦੀ ਹੈ। ਮੇਰੀ ਸ਼ੁੱਧਤਾ ਬਰਕਰਾਰ ਰੱਖਣ ਲਈ ਚੁੱਲ੍ਹੇ-ਚੌਂਕੇ ਨੂੰ ਸ਼ੁੱਧ ਕਰਨ ਤੋਂ ਬਾਅਦ ਘਰ ਦਾ ਕੋਈ ਜੀਅ ਇਸ ਜਗ੍ਹਾ ਉਤੇ ਚੱਪਲ ਜਾਂ ਜੁੱਤੀ ਸਮੇਤ ਨਹੀਂ ਸੀ ਆਉਂਦਾ। ਦੇਵ ਨਿਵਾਸ ਹੋਣ ਕਰਕੇ ਪਹਿਲਿਆਂ ਵਿਚ ਮੇਰੀ ਸ਼ੁੱਧਤਾ ਲਈ ਕਿਸੇ ਵਲੋਂ ਮੇਰੇ ਉਤੇ ਕੋਈ ਜੂਠੀ ਵਸਤ ਵੀ ਨਹੀਂ ਸੀ ਰੱਖੀ ਜਾਂਦੀ। ਇਸੇ ਤਰ੍ਹਾਂ ਕੰਮ ਖਤਮ ਕਰਨ ਉਪਰੰਤ ਅਗਨੀ ਦੇਵਤੇ ਨੂੰ ਸ਼ਾਂਤ ਕਰਨ ਲਈ ਭਾਵ ਅੱਗ ਬੁਝਾਉਣ ਲਈ ਜੂਠੇ ਪਾਣੀ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ। ਮੈਂ ਤਾਂ ਸਿਆਣਿਆਂ ਤੋਂ ਇਹ ਵੀ ਸੁਣਿਐ ਕਿ ਚੁੱਲ੍ਹੇ-ਚੌਂਕੇ ਦੀ ਸ਼ੁੱਧਤਾ ਨਾ ਰਹਿਣ ਕਰਕੇ ਘਰ ਵਿਚ ਬਰਕਤ ਨਹੀਂ ਰਹਿੰਦੀ।



ਮੇਰੇ ਅੰਦਰ ਅਗਨੀ ਦੇਵਤੇ ਦਾ ਨਿਵਾਸ ਕਰਾਉਣ ਲਈ ਲੱਕੜਾਂ ਅਤੇ ਗੋਹਿਆਂ ਭਾਵ ਪਾਥੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਮਾਚਿਸ ਦੀ ਹੋਂਦ ਤੋਂ ਪਹਿਲਾਂ ਮੇਰੇ ਅੰਦਰ ਰੋਜ਼ ਤਾਜ਼ੀ ਅੱਗ ਨਹੀਂ ਸੀ ਬਾਲੀ ਜਾਂਦੀ ਸਗੋਂ ਰਾਤ ਨੂੰ ਮੇਰੇ ਅੰਦਰ ਬਚੀ ਸਵਾਹ ਵਿਚ ਹੀ ਅੱਗ ਦੱਬ ਦਿੱਤੀ ਜਾਂਦੀ ਸੀ ਤੇ ਸਵੇਰੇ ਉਸੇ ਅੱਗ ਉਪਰੋਂ ਸਵਾਹ ਝਾੜ ਕੇ ਮੁੜ ਅੱਗ ਬਾਲ ਲਈ ਜਾਂਦੀ ਸੀ। ਮੀਂਹ ਜਾਂ ਹਨ੍ਹੇਰੀ ਸਮੇਂ ਅੱਗ ਬੁਝਣ ਦੀ ਸੂਰਤ ਵਿਚ ਗਵਾਂਢ ਵਿਚੋਂ ਅੱਗ ਮੰਗ ਲਈ ਜਾਂਦੀ ਸੀ। ਲੋਕਾਂ ਅਨੁਸਾਰ ਅਜਿਹਾ ਕਰਨ ਨਾਲ ਅਗਨੀ ਦੇਵਤਾ ਖੁਸ਼ ਨਹੀਂ ਸੀ ਹੁੰਦਾ। ਇਸ ਲਈ ਲੋਹੜੀ ਤੇ ਸਭਨਾਂ ਘਰਾਂ ਵਿਚੋਂ ਆਏ ਬਾਲਣ ਨਾਲ ਵੱਡੀ ਅੱਗ ਬਾਲ ਕੇ ਉਸ ਵਿਚੋਂ ਨਵੀਂ ਅੱਗ ਲੈ ਕੇ ਆਪੋ ਆਪਣੇ ਚੁੱਲ੍ਹਿਆਂ ਵਿਚ ਦੱਬ ਲਈ ਜਾਂਦੀ ਸੀ। ਲੋਕ ਵਿਸ਼ਵਾਸ ਹੈ ਕਿ ਅਜਿਹਾ ਕਰਨ ਨਾਲ ਘਰ ਵਿਚ ਸਦਾ ਖੁਸ਼ਹਾਲੀ ਰਹਿੰਦੀ ਹੈ, ਕਦੇ ਅੰਨ ਦੀ ਕਮੀ ਨਹੀਂ ਆਉਂਦੀ। ਲੋਹੜੀ ਦੀ ਅੱਗ ਨੂੰ ਜਿੰਨਾ ਹੋ ਸਕੇ, ਉਨਾ ਲੰਮਾ ਸਮਾਂ ਸਾਂਭ ਕੇ ਰੱਖਿਆ ਜਾਂਦਾ ਸੀ ਅਤੇ ਵਰਤਿਆ ਜਾਂਦਾ ਸੀ। ਮੇਰੀ ਸਵਾਹ ਨੂੰ ਬੜਾ ਪਵਿੱਤਰ ਮੰਨਿਆ ਜਾਂਦਾ ਹੈ। ਇਸੇ ਕਰਕੇ ਖਾਣੇ ਵਾਲੇ ਜੂਠੇ ਭਾਂਡੇ ਮਾਂਜਣ ਲਈ ਸਵਾਹ ਦੀ ਵਰਤੋਂ ਕੀਤੀ ਜਾਂਦੀ ਹੈ। ਲੋਹੜੀ ਦੀ ਢਾਂਢੀ ਦੀ ਸਵਾਹ ਨੂੰ ਵੀ ਗੁਣਕਾਰੀ ਮੰਨਦਿਆਂ ਕਈ ਅਸਾਧ ਰੋਗਾਂ ਲਈ ਦਵਾਈ ਵਜੋਂ ਵਰਤਿਆ ਜਾਂਦਾ ਹੈ। ਕਈ ਲੋਕ ਸਵਾਹ ਨੂੰ ਟੂਣੇ ਲਈ ਵੀ ਵਰਤ ਲੈਂਦੇ ਹਨ। ਕਈ ਵਾਰ ਤਾਂ ਉਹ ਆਪਣੇ ਮੰਤਵ ਦੀ ਸਿੱਧੀ ਲਈ ਸੱਤ ਚੁੱਲ੍ਹਿਆਂ ਦੀ ਸਵਾਹ ਇਕੱਠੀ ਕਰਕੇ ਕਿਸੇ ਵਿਅਕਤੀ ਦੇ ਸਿਰ ਪਾ ਦਿੰਦੇ ਹਨ ਤਾਂ ਜੋ ਉਹ ਸਦਾ ਲਈ ਰੋਗੀ ਤੇ ਦਲਿੱਦਰੀ ਹੋ ਜਾਵੇ।

ਮੈਂ ਪੰਜਾਬੀ ਸਭਿਆਚਾਰ ਦੀ ਮੁੱਖ ਚੂਲ ਅਤੇ ਸਾਂਝੇ ਪਰਿਵਾਰ ਦਾ ਪ੍ਰਤੀਕ ਰਿਹਾ ਹਾਂ। ਸਾਂਝੇ ਪਰਿਵਾਰ ਦੇ ਕਿਸੇ ਵੀ ਵਿਆਹੇ ਜੀਅ ਦੇ ਵੱਖਰੇ ਹੋਣ ਸਮੇਂ ਉਸ ਦਾ ਚੁੱਲ੍ਹਾ-ਚੌਂਕਾ ਵੀ ਵੱਖ ਕਰ ਦਿੱਤਾ ਜਾਂਦਾ ਸੀ ਪਰ ਸਿਆਣੇ ਕਹਿੰਦੇ ਨੇ, "ਚੁੱਲ੍ਹਿਓਂ ਦੂਰ, ਸੋ ਦੂਰ।" ਇਸ ਲਈ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਸੀ ਕਿ ਪਰਿਵਾਰ ਦੇ ਸਾਰੇ ਜੀਆਂ ਦਾ ਇਕੋ ਚੁੱਲ੍ਹਾ ਰਹੇ। ਇਕ ਵਿਹੜੇ ਵਿਚ ਜਿੰਨੇ ਪਰਿਵਾਰ ਵਸਦੇ ਹੁੰਦੇ, ਸਭ ਦਾ ਚੁੱਲ੍ਹਾ ਇਕੋ ਹੁੰਦਾ। ਮੇਰੇ 'ਤੇ ਪੱਕਿਆ ਭੋਜਨ ਖਾ ਕੇ ਸਭ ਦੇ ਮੂੰਹੋਂ ਸਵਾਦ ਨਾਲ ਵਾਹ-ਵਾਹ ਨਿਕਲਣ ਲਗਦਾ ਹੈ। ਇਸ ਤਰ੍ਹਾਂ ਸਾਂਝੇ ਪਰਿਵਾਰ ਦੇ ਸਾਰੇ ਮੈਂਬਰਾਂ ਦਾ ਢਿੱਡ ਭਰਨ ਦਾ ਸਾਧਨ ਮੈਂ ਬਣਦਾ ਤਾਂ ਮੈਨੂੰ ਬੜੀ ਆਤਮਕ ਤਸੱਲੀ ਮਿਲਦੀ ਪਰ ਅੱਜ ਪਰਿਵਾਰਾਂ ਦੇ ਟੁੱਟਣ ਕਾਰਨ ਜਿੰਨੇ ਜੀਅ, ਉਨੇ ਚੁੱਲ੍ਹਿਆਂ ਵਾਲੀ ਨੌਬਤ ਆ ਗਈ ਹੈ। ਵੱਖ ਹੋਣ ਵਾਲੇ ਜੀਆਂ ਨੂੰ ਬਥੇਰਾ ਸਮਝਾਇਆ ਗਿਆ ਕਿ ਸਾਂਝੇ ਚੁੱਲ੍ਹੇ ਨਾਲ ਘਰ ਦੇ ਜੀਆਂ ਦੀ ਕਮਾਈ ਵਿਚ ਬਰਕਤ ਪੈਂਦੀ ਹੈ ਪਰ ਕਿਸੇ ਨਾ ਮੰਨੀ। ਮੈਂ ਤਾਂ ਫਿਰ ਵੀ ਸਭ ਦਾ ਭਲਾ ਮੰਗਦਾ ਹਾਂ।

ਆਪਣੀ ਜਨਮ-ਦਾਤੀ ਪ੍ਰਤੀ ਪੂਰਾ ਵਫਾਦਾਰ ਰਹਿੰਦਾ ਹਾਂ। ਮੇਰੇ 'ਤੇ ਪੱਕਿਆ ਭੋਜਨ ਖਾ ਕੇ ਸਭ ਦੇ ਮੂੰਹੋਂ ਸਵਾਦ ਨਾਲ ਵਾਹ-ਵਾਹ ਨਿਕਲਣ ਲਗਦਾ ਹੈ। ਭੁੱਬਲ ਤੇ ਭੁੰਨੀਆਂ ਹੋਲ਼ਾਂ, ਆਲੂ ਅਤੇ ਸ਼ਕਰਕੰਦੀ ਦਾ ਸਵਾਦ ਸ਼ਹਿਰੀ ਲੋਕ ਕੀ ਜਾਣਨ? ਤੁਹਾਨੂੰ ਮੈਂ ਇਹ ਵੀ ਦੱਸ ਦੇਵਾਂ ਕਿ ਤਵੇ ਤੋਂ ਲੱਥੀ ਪਹਿਲੀ ਰੋਟੀ ਰੱਬ ਨੂੰ ਦਾਨ ਕਰਨ ਦਾ ਰਿਵਾਜ ਰਿਹਾ ਹੈ। ਹਿੰਦੂ ਲੋਕ ਇਹ ਰੋਟੀ ਪ੍ਰੋਹਿਤ ਲਈ ਤੇ ਸਿੱਖ ਲੋਕ ਭਾਈ ਜੀ ਲਈ ਰਾਖਵੀਂ ਰੱਖਦੇ। ਜੇ ਇਹ ਰੋਟੀ ਘਰ ਦੇ ਕਿਸੇ ਮੈਂਬਰ ਨੇ ਖਾਣੀ ਹੋਵੇ ਤਾਂ ਮਰਦ ਨੂੰ ਨਹੀਂ ਸੀ ਖਵਾਈ ਜਾਂਦੀ। ਮਰਦ ਨੂੰ ਇਹ ਰੋਟੀ ਨਾ ਖਵਾਉਣ ਪਿੱਛੇ ਇਹ ਲੋਕ ਧਾਰਨਾ ਕੰਮ ਕਰਦੀ ਸੀ ਕਿ ਪਹਿਲੀ ਰੋਟੀ ਖਾਣ ਵਾਲੇ ਮਰਦ ਨੂੰ ਸਰਕਾਰੇ-ਦਰਬਾਰੇ ਇੱਜ਼ਤ ਨਹੀਂ ਮਿਲਦੀ ਅਤੇ ਜੇ ਕਚਹਿਰੀ ਵਿਚ ਕੋਈ ਕੇਸ ਚੱਲ ਰਿਹਾ ਹੋਵੇ ਤਾਂ ਉਸ ਕੇਸ ਵਿਚ ਜਿੱਤ ਨਹੀਂ ਹੁੰਦੀ। ਮੇਰੇ ਪਾਸਿਆਂ ਨੂੰ ਸਹਾਰਾ ਬਣਾ ਕੇ ਜਦੋਂ ਸਵਾਣੀ ਭੁੱਬਲ ਤੇ ਅੱਧ-ਕੱਚਾ ਫੁਲਕਾ ਖੜ੍ਹਾ ਕਰਦੀ ਹੈ ਤਾਂ ਉਹ ਖੁਸ਼ੀ ਵਿਚ ਫੁੱਲ ਜਾਂਦਾ ਹਾਂ ਤੇ ਤੁਹਾਡੇ ਅਨੰਦ ਦਾ ਕਾਰਨ ਬਣਦਾ ਹਾਂ। ਪਤੈ ਇਸ ਤਰ੍ਹਾਂ ਫੁਲਾਇਆ ਫੁਲਕਾ ਕਿਸੇ ਨੂੰ ਕੋਈ ਨੁਕਸਾਨ ਨਹੀਂ ਸੀ ਦਿੰਦਾ ਪਰ ਅੱਜ ਗੈਸਾਂ ਤੇ ਫੁਲਕੇ ਫੁਲਾਉਣ ਵਾਲੀਆਂ ਦੁਚਿੱਤੀ ਵਿਚ ਹੀ ਰਹਿੰਦੀਆਂ ਨੇ ਕਿ ਕਿਤੇ ਅਜਿਹਾ ਕਰਨ ਨਾਲ ਗੈਸ ਦਾ ਅਸਰ ਫੁਲਕੇ ਵਿਚ ਨਾ ਆ ਜਾਵੇ। ਕਾਰਨ ਇਹ ਹੈ ਕਿ ਉਹ ਅਕਸਰ ਸੁਣਦੀਆਂ ਰਹਿੰਦੀਆਂ ਨੇ ਕਿ ਗੈਸ ਤੇ ਫੁੱਲਿਆ ਫੁਲਕਾ ਖਾਂਦੇ ਰਹਿਣ ਨਾਲ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਹੋਣ ਦਾ ਖਤਰਾ ਰਹਿੰਦਾ ਹੈ। ਉਂਝ ਵੀ ਰੇਡੀਉ, ਅਖਬਾਰ ਜਾਂ ਟੀ.ਵੀ ਵਿਚ ਕਦੇ ਸਟੋਵ ਫਟਣ ਦੀ ਖਬਰ ਸੁਣਦਾ ਹਾਂ ਅਤੇ ਕਦੇ ਗੈਸ-ਸਿਲੰਡਰ ਦੇ ਫਟਣ ਦੀ ਤਾਂ ਮੈਂ ਵੀ ਡਰ ਜਾਂਦਾ ਹੈ ਤੇ ਸਭਨਾ ਦੇ ਭਲੇ ਲਈ ਅਰਦਾਸ ਕਰਦਾ ਹਾਂ। ਆਮ ਲੋਕਾਂ ਨੂੰ ਤਾਂ ਗੈਸ ਸਿਲੰਡਰ ਮਿਲਦੇ ਵੀ ਔਖੇ ਹਨ ਤੇ ਮਹਿੰਗੇ ਵੀ ਬੜੇ ਪੈਂਦੇ ਹਨ। ਕਈ ਸ਼ਹਿਰੀ ਲੋਕ ਤਾਂ ਬਲੈਕ ਵਿਚ ਸਿਲੰਡਰ ਖਰੀਦ ਕੇ ਆਪਣਾ ਦਾਣਾ-ਪਾਣੀ ਤਿਆਰ ਕਰਦੇ ਹਨ। ਉਨ੍ਹਾਂ ਨੂੰ ਭਾਂਡੇ ਮਾਂਜਣ ਲਈ ਸਾਬਣ-ਸਰਫ ਤੇ ਵੱਖਰਾ ਖਰਚ ਕਰਨਾ ਪੈਂਦਾ ਹੈ। ਇਹ ਕੈਮੀਕਲ ਸਿਹਤ 'ਤੇ ਵੀ ਬੁਰਾ ਅਸਰ ਪਾਉਂਦੇ ਹਨ। ਜੇ ਭਾਂਡਿਆਂ 'ਤੇ ਘਿਉ ਜੰਮਿਆ ਹੋਵੇ ਤਾਂ ਪਾਣੀ ਗਰਮ ਕਰਕੇ ਭਾਂਡੇ ਮਾਂਜਣੇ-ਧੋਣੇ ਪੈਂਦੇ ਹਨ। ਮੇਰੀ ਵਰਤੋਂ ਕਰਨ ਵਾਲੇ ਇਸ ਝੰਜਟ ਤੋਂ ਵੀ ਬਚੇ ਰਹਿੰਦੇ ਹਨ। ਹੁਣ ਤੁਸੀਂ ਪੁੱਛੋਗੇ, ਉਹ ਕਿਵੇਂ? ਤਾਂ ਮੈਂ ਦੱਸਦਾ ਹਾਂ ਕਿ ਜਦੋਂ ਕੋਈ ਸਵਾਣੀ ਕੋਸੀ-ਕੋਸੀ ਸਵਾਹ ਨਾਲ ਭਾਂਡੇ ਮਾਂਜਦੀ ਹੈ ਤਾਂ ਭਾਂਡਿਆਂ 'ਤੇ ਜੰਮਿਆ ਘਿਉ ਤੁਰੰਤ ਉਤਰ ਜਾਂਦਾ ਹੈ ਤੇ ਭਾਂਡਿਆਂ 'ਤੇ ਜਿਹੜੀ ਚਮਕ ਆਉਂਦੀ ਹੈ, ਸੋ ਵੱਖਰੀ। ਸਵਾਹ ਨਾਲ ਮਾਂਜੇ ਗਏ ਪਿੱਤਲ ਦੇ ਭਾਂਡੇ ਤਾਂ ਸੋਨੇ ਵਾਂਗ ਲਿਸ਼ਕਣ ਲੱਗ ਜਾਂਦੇ ਤੇ ਘਰ ਦੀਆਂ ਕਨਸਾਂ ਤੇ ਸਜੇ ਬੜੇ ਹੀ ਸੋਹਣੇ ਲਗਦੇ। ਕਈ ਸਵਾਣੀਆਂ ਸਵਾਹ ਨਾਲ ਭਾਂਡਿਆਂ ਦੀ ਸੁੱਕ-ਮਾਂਜ ਕਰਕੇ ਆਤਮਿਕ ਤਸੱਲੀ ਮਹਿਸੂਸ ਕਰਦੀਆਂ ਰਹੀਆਂ ਹਨ ਕਿਉਂਕਿ ਉਨ੍ਹਾਂ ਵੇਲਿਆਂ ਵਿਚ ਹਰ ਘਰ ਵਿਚ ਨਲਕੇ ਜਾਂ ਟੂਟੀਆਂ ਨਹੀਂ ਸੀ ਲੱਗੀਆਂ ਹੁੰਦੀਆਂ। ਪਾਣੀ ਦੂਰੋਂ ਲਿਆਉਣਾ ਪੈਂਦਾ ਸੀ ਤੇ ਸੰਕੋਚ ਨਾਲ ਵਰਤਣਾ ਪੈਂਦਾ ਸੀ।



ਡਾ ਰਾਜਵੰਤ ਕੌਰ ਪੰਜਾਬੀ

ਪੰਜਾਬੀ ਸਮਾਜ ਵਿਚ ਮੈਨੂੰ ਬੜਾ ਮਾਣ-ਸਤਿਕਾਰ ਮਿਲਿਆ ਹੈ। ਘਰ ਵਿਚ ਬਾਲ ਦੇ ਜਨਮ ਤੋਂ ਬਾਅਦ ਮਿੱਥੇ ਸਮੇਂ 'ਤੇ ਜੱਚਾ ਨੂੰ 'ਚੌਂਕੇ ਚੜ੍ਹਾਉਣ' ਦੀ ਰੀਤ ਕੀਤੀ ਜਾਂਦੀ ਹੈ। ਬਾਕੀ ਪਰਿਵਾਰ ਦੇ ਮੈਂਬਰਾਂ ਦੀ ਸਹਾਇਤਾ ਨਾਲ ਉਹ ਮੇਰੇ ਉਤੇ ਖਿਚੜੀ ਜਾਂ ਭੋਜਨ ਤਿਆਰ ਕਰਦੀ ਹੈ ਜਿਸ ਨੂੰ ਬਰਾਦਰੀ ਵਿਚ ਵੀ ਵੰਡਿਆ ਜਾਂਦਾ ਹੈ। ਵਿਆਹ ਤੋਂ ਇਕ ਦਿਨ ਪਹਿਲਾਂ ਨਾਨਕੀਆਂ ਵਲੋਂ ਜਾਗੋ ਕੱਢਦਿਆਂ ਘਰਾਂ ਦੇ ਚੁੱਲ੍ਹੇ ਢਾਹ ਕੇ ਮਰਦ ਪ੍ਰਧਾਨ ਸਮਾਜ ਪ੍ਰਤੀ ਵਿਦਰੋਹੀ ਭਾਵਨਾਵਾਂ ਦਾ ਇਜ਼ਹਾਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਨਵੀਂ ਵਿਆਹੀ ਵਹੁਟੀ ਨੂੰ ਘਰ ਵਿਚ ਰਿੰਨ੍ਹਣ-ਪਕਾਉਣ ਦਾ ਕੰਮ ਆਰੰਭ ਕਰਾਉਣ ਲਈ ਪਹਿਲੀ ਵਾਰ ਚੌਂਕੇ ਚੜ੍ਹਾਉਣ ਵੇਲੇ 'ਚੌਂਕਾ ਨਵਾਂ ਕਰਨ' ਦੀ ਰੀਤ ਕੀਤੀ ਜਾਂਦੀ ਹੈ। ਜਦੋਂ ਉਹ ਮਹਿੰਦੀ ਰੰਗੇ ਤੇ ਚੂੜੇ ਵਾਲੇ ਹੱਥਾਂ ਨਾਲ ਮੇਰੇ ਉਤੇ ਪਹਿਲੀ ਵਾਰ ਮਿੱਠੇ ਚੌਲ, ਮਿੱਠੀ ਰੋਟੀ, ਕੜਾਹ ਜਾਂ ਖਿਚੜੀ ਬਣਾ ਕੇ ਘਰ ਦੇ ਜੀਆਂ ਨੂੰ ਖਵਾਉਂਦੀ ਹੈ ਤਾਂ ਸਾਰੇ ਜੀਅ ਉਸ ਨੂੰ ਸ਼ਗਨ ਦਿੰਦੇ ਹਨ ਤੇ ਮੈਂ ਧੁਰ ਅੰਦਰੋਂ ਉਸ ਨੂੰ ਸੁਹਾਗਣ-ਭਾਗਣ ਰਹਿਣ ਦੀ ਅਸੀਸ ਦਿੰਦਾ ਹਾਂ। ਜੇ ਪਿੰਡ ਵਿਚ ਕਿਸੇ ਪਰਿਵਾਰ ਦੇ ਜੀਅ ਦੀ ਮੌਤ ਹੋ ਜਾਂਦੀ ਤਾਂ ਕੋਈ ਘਰ ਉਨੀਂ ਦੇਰ ਚੁੱਲ੍ਹੇ ਅੱਗ ਨਾ ਬਾਲਦਾ ਜਿੰਨੀ ਦੇਰ ਮ੍ਰਿਤਕ ਦਾ ਸੰਸਕਾਰ ਕਰਕੇ ਲੋਕ ਮੁੜ ਨਾ ਆਉਂਦੇ। ਅਜਿਹਾ ਕਰਕੇ ਸਾਰਾ ਪਿੰਡ ਉਸ ਪਰਿਵਾਰ ਦਾ ਦੁੱਖ ਦੀ ਘੜੀ ਵਿਚ ਭਾਈਵਾਲ ਬਣਦਾ ਸੀ ਪਰ ਅੱਜ ਅਜਿਹੇ ਵੇਲੇ ਸਿਰਫ ਉਸੇ ਘਰ ਦੇ ਚੁਲ੍ਹੇ ਵਿਚ ਅੱਗ ਨਹੀਂ ਬਾਲੀ ਜਾਂਦੀ ਜਿਸ ਘਰ ਦਾ ਜੀਅ ਪੂਰਾ ਹੋ ਗਿਆ ਹੁੰਦਾ ਹੈ।

ਲੋਕ-ਕਹਾਣੀਆਂ ਰਾਹੀਂ ਤੁਸੀਂ ਸੁਣਿਆ ਹੀ ਹੋਣੈ ਕਿ ਮੇਰੇ ਨਿਵਾਸ-ਸਥਾਨ ਨੂੰ ਘਰ ਦੀ ਸਭ ਤੋਂ ਸੁਰੱਖਿਅਤ ਜਗ੍ਹਾ ਦਾ ਮਾਣ ਹਾਸਲ ਸੀ। ਇਸੇ ਲਈ ਘਰਵਾਲੇ ਘਰ ਦੀ ਸੰਪਤੀ ਭਾਵ ਸੋਨੇ, ਚਾਂਦੀ, ਮੁਹਰਾਂ ਅਤੇ ਕੀਮਤੀ ਚੀਜ਼ਾਂ ਨੂੰ ਕਿਸੇ ਘੜੇ, ਘੜੋਲੀ ਜਾਂ ਤੌਲੇ ਵਿਚ ਪਾ ਕੇ ਮੇਰੇ ਥੱਲੇ ਦੱਬ ਦਿੰਦੇ ਸਨ। ਲੈ ਆਪਣੀ ਸਵੈ-ਜੀਵਨੀ ਸੁਣਾਉਂਦਿਆਂ-ਸੁਣਾਉਂਦਿਆਂ ਮੈਨੂੰ ਇਕ ਲੋਕ-ਕਥਾ ਯਾਦ ਆ ਗਈ ਜਿਹੜੀ ਮੈਂ ਤੁਹਾਡੇ ਨਾਲ ਵੀ ਸਾਂਝੀ ਕਰਨੀ ਚਾਹੁੰਦੀ ਹਾਂ । ਕਿਸੇ ਬਾਦਸ਼ਾਹ ਦੇ ਘਰ ਕੋਈ ਔਲਾਦ ਨਹੀਂ ਸੀ। ਉਸ ਦੀਆਂ ਸੱਤ ਰਾਣੀਆਂ ਸਨ। ਔਲਾਦ ਪ੍ਰਾਪਤੀ ਦੇ ਹੱਲ ਲਈ ਉਹ ਕਿਸੇ ਰਿਸ਼ੀ ਕੋਲ ਗਿਆ। ਰਿਸ਼ੀ ਨੇ ਉਸ ਨੂੰ ਇਕ ਛੜੀ ਦਿੱਤੀ ਤੇ ਕਿਹਾ ਕਿ ਰਾਹ ਵਿਚ ਜਿਹੜਾ ਅੰਬ ਦਾ ਰੁੱਖ ਆਵੇ, ਉਸ ਤੋਂ ਇਸ ਛੜੀ ਰਾਹੀਂ ਸੱਤ ਅੰਬ ਲਾਹ ਲਈ ਤੇ ਸੱਤੇ ਰਾਣੀਆਂ ਨੂੰ ਖਾਣ ਲਈ ਦੇ ਦੇਵੀਂ। ਫਿਰ ਤੇਰੇ ਘਰ ਸੱਤੇ ਰਾਣੀਆਂ ਰਾਹੀਂ ਸੱਤ ਪੁੱਤਰ ਜਨਮ ਲੈਣਗੇ। ਰਾਜੇ ਨੇ ਖੁਸ਼ੀ-ਖੁਸ਼ੀ ਉਸੇ ਤਰ੍ਹਾਂ ਕੀਤਾ। ਕਰਨੀ ਰੱਬ ਦੀ ਛੇ ਰਾਣੀਆਂ ਨੇ ਤਾਂ ਆਪੋ-ਆਪਣੇ ਹਿੱਸੇ ਵਾਲੇ ਅੰਬ ਖਾ ਲਏ ਪਰ ਸੱਤਵੀਂ ਰਾਣੀ ਉਸ ਵੇਲੇ ਆਟਾ ਗੁੰਨ ਰਹੀ ਸੀ। ਉਸ ਨੇ ਆਪਣੇ ਹਿੱਸੇ ਦਾ ਅੰਬ ਆਲੇ ਵਿਚ ਰਖਵਾ ਲਿਆ ਜਿਥੋਂ ਇਕ ਨਿਉਲੇ ਨੇ ਉਸ ਅੰਬ ਨੂੰ ਜੂਠਾ ਕਰ ਦਿੱਤਾ। ਆਟਾ ਗੁੰਨਣ ਉਪਰੰਤ ਉਸ ਰਾਣੀ ਨੇ ਆਪਣਾ ਅੰਬ ਖਾ ਲਿਆ। ਨੌਂ ਮਹੀਨਿਆਂ ਬਾਦ ਛੇ ਰਾਣੀਆਂ ਨੇ ਸੁੰਦਰ ਰਾਜਕੁਮਾਰਾਂ ਨੂੰ ਜਨਮ ਦਿੱਤਾ ਪਰ ਸਤਵੀਂ ਰਾਣੀ ਦੇ ਘਰ ਨਿਉਲੇ ਨੇ ਜਨਮ ਲਿਆ। ਛੇ ਰਾਣੀਆਂ ਦੇ ਪੁੱਤ ਵੱਡੇ ਹੋ ਕੇ ਸੁਹਣੇ ਜਵਾਨ ਨਿਕਲੇ ਤੇ ਆਪੋ-ਆਪਣੀਆਂ ਮਾਵਾਂ ਤੋਂ ਆਗਿਆ ਮੰਗਣ ਲੱਗੇ ਕਿ ਅਸੀਂ ਕਮਾਉਣ ਜਾਣੈ। ਸਭ ਦੀਆਂ ਮਾਵਾਂ ਨੇ ਉਨ੍ਹਾਂ ਨੂੰ ਰਾਹ ਵਿਚ ਖਾਣ ਲਈ ਪਿੰਨੀਆਂ ਬਣਾ ਕੇ ਦਿੱਤੀਆਂ। ਸਾਰੇ ਆਪੋ ਆਪਣੇ ਘੋੜਿਆਂ ਤੇ ਸਵਾਰ ਹੋ ਨਿਕਲ ਪਏ ਰੁਜ਼ਗਾਰ ਦੀ ਭਾਲ ਵਿਚ। ਸਤਵੀਂ ਰਾਣੀ ਦੇ ਪੁੱਤ ਨਿਉਲੇ ਤੋਂ ਵੀ ਰਿਹਾ ਨਾ ਗਿਆ, ਉਸ ਨੇ ਵੀ ਮਾਂ ਤੋਂ ਆਗਿਆ ਮੰਗੀ। ਅਣਮੰਨੇ ਮਨ ਨਾਲ ਮਾਂ ਨੇ ਹਾਂ ਕਰਕੇ ਉਸ ਨੂੰ ਵੀ ਤੋਰ ਦਿੱਤਾ।

ਅੱਗੇ ਜਾਂਦਾ ਜਾਂਦਾ ਉਹ ਇਕ ਪਿੰਡ ਵਿਚ ਅਜਿਹੇ ਘਰ ਕੋਲ ਪੁੱਜਾ ਜਿਸ ਵਿਚ ਪਤੀ-ਪਤਨੀ ਆਪਸ ਵਿਚ ਗੱਲਾਂ ਕਰ ਰਹੇ ਸਨ। ਉਨ੍ਹਾਂ ਨੇ ਕਿਤੇ ਬਾਹਰ ਜਾਣਾ ਸੀ ਪਰ ਆਪਣਾ ਛੋਟਾ ਬਾਲ ਅਤੇ ਕਾਣੀ ਖੋਤੀ ਨਾਲ ਨਹੀਂ ਸਨ ਲਿਜਾ ਸਕਦੇ। ਨਿਉਲੇ ਨੇ ਤੁਰੰਤ ਮੌਕਾ ਸੰਭਾਲਿਆ ਅਤੇ ਆਪਣੀ ਪੇਸ਼ਕਸ਼ ਕੀਤੀ ਕਿ ਉਹ ਉਨ੍ਹਾਂ ਦੇ ਵਾਪਸ ਆਉਣ ਤਕ ਬੱਚੇ ਨੂੰ ਸੰਭਾਲ ਲਵੇਗਾ। ਪਤੀ-ਪਤਨੀ ਨੇ ਉਸ ਦੀ ਗੱਲ ਮੰਨ ਕੇ ਬੱਚਾ ਉਸ ਕੋਲ ਛੱਡ ਦਿੱਤਾ ਅਤੇ ਆਪ ਵਾਂਡੇ ਚਲੇ ਗਏ। ਉਨ੍ਹਾਂ ਦੇ ਜਾਣ ਪਿੱਛੋਂ ਨਿਉਲੇ ਨੇ ਬੱਚੇ ਨੂੰ ਕੀੜਿਆਂ ਦੇ ਭੌਣ ਉਤੇ ਬਿਠਾ ਦਿੱਤਾ ਤੇ ਘਰ ਦੀ ਦੌਲਤ ਬਾਰੇ ਪੁੱਛਿਆ ਕਿ ਕਿੱਥੇ ਪਈ ਹੈ? ਬੱਚੇ ਨੇ ਰੋਂਦਿਆਂ-ਰੋਂਦਿਆਂ ਦੱਸ ਦਿੱਤਾ ਕਿ ਚੁੱਲ੍ਹੇ ਥੱਲੇ ਸਭ ਕੁਝ ਦੱਬਿਆ ਹੋਇਆ ਹੈ। ਨਿਉਲੇ ਨੇ ਉਸ ਨੂੰ ਭੌਣ ਤੋਂ ਚੱਕਿਆ ਅਤੇ ਫਿਰ ਉਸ ਦੇ ਮਾਪਿਆਂ ਦੇ ਆਉਣ ਤਕ ਉਸ ਦੀ ਚੰਗੀ ਤਰ੍ਹਾਂ ਸੰਭਾਲ ਕਰਦਾ ਰਿਹਾ। ਜਦੋਂ ਬੱਚਾ ਸੁੱਤਾ ਤਾਂ ਉਸ ਨੇ ਚੁੱਲ੍ਹੇ ਥੱਲਿਉਂ ਸਾਰਾ ਖਜ਼ਾਨਾ ਕੱਢ ਕੇ ਕਾਣੀ ਖੋਤੀ ਨੂੰ ਗੁੜ ਵਿਚ ਰਲਾ ਕੇ ਖਵਾ ਦਿੱਤਾ। ਤਿੰਨ-ਚਾਰ ਦਿਨ ਬਾਅਦ ਘਰ ਦੇ ਮਾਲਕ ਵਾਪਸ ਆਏ ਤਾਂ ਉਨ੍ਹਾਂ ਨੇ ਨਿਉਲੇ ਨੂੰ ਕਿਹਾ ਕਿ ਮੰਗ ਲੈ ਜੋ ਕੁਝ ਮੰਗਣਾ ਹੈ। ਨਿਉਲੇ ਨੇ ਕਿਹਾ ਆਪਣੀ ਕਾਣੀ ਖੋਤੀ ਮੈਨੂੰ ਦੇ ਦਿਉ। ਉਨ੍ਹਾਂ ਨੇ ਬਥੇਰਾ ਸਮਝਾਇਆ ਕਿ ਉਹ ਕੁਝ ਹੋਰ ਮੰਗ ਲਵੇ ਪਰ ਉਹ ਨਾ ਮੰਨਿਆ ਅਤੇ ਅਖੀਰ ਕਾਣੀ ਖੋਤੀ ਲੈ ਕੇ ਘਰ ਨੂੰ ਤੁਰ ਪਿਆ।

ਘਰ ਜਾ ਕੇ ਉਸ ਨੇ ਦਰਵਾਜਾ ਖੜਕਾਇਆ। ਮਾਂ ਨੇ ਕਾਣੀ ਖੋਤੀ ਲਈ ਖੜ੍ਹੇ ਪੁੱਤ ਨਿਉਲੇ ਨੂੰ ਵੇਖਿਆ ਤਾਂ ਮੱਥੇ ਹੱਥ ਮਾਰਿਆ। ਨਿਉਲੇ ਨੇ ਅੰਦਰ ਜਾ ਕੇ ਮਾਂ ਨੂੰ ਸਾਰੀ ਗੱਲ ਦੱਸੀ। ਜਦੋਂ ਰਾਤ ਨੂੰ ਸਾਰੇ ਸੌਂ ਗਏ ਤਾਂ ਮਾਂ-ਪੁੱਤ ਨੇ ਕਾਣੀ ਖੋਤੀ ਨੂੰ ਕਿੱਲੇ ਨਾਲ ਬੰਨ੍ਹ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਕਾਣੀ ਖੋਤੀ ਨੇ ਗੁੜ ਵਿਚ ਨਿਗਲੀਆਂ ਸਾਰੀਆਂ ਮੁਹਰਾਂ ਬਾਹਰ ਕੱਢ ਦਿੱਤੀਆਂ। ਇਸ ਤਰ੍ਹਾਂ ਉਹ ਬਹੁਤ ਅਮੀਰ ਹੋ ਗਏ ਪਰ ਨਿਉਲੇ ਦੇ ਬਾਕੀ ਛੇ ਭਰਾ ਕੰਮ ਨਾ ਮਿਲਣ ਕਾਰਨ ਖਾਲੀ ਹੱਥ ਵਾਪਸ ਪਰਤ ਆਏ।

ਪਿਆਰ-ਮੁਹੱਬਤ ਨਾਲ ਸੰਬੰਧਤ ਬੋਲੀਆਂ ਵਿਚ ਚੁੱਲ੍ਹੇ ਦਾ ਥਾਂ-ਪੁਰ-ਥਾਂ ਜ਼ਿਕਰ ਹੋਇਆ ਮਿਲਦਾ ਹੈ। ਲੋਕ-ਮਨ ਵਲੋਂ ਚੁਲ੍ਹੇ ਦੇ ਸੁਭਾਅ ਤੇ ਗੁਣਾਂ ਨਾਲ ਮਨੁੱਖੀ ਫਿਤਰਤ ਦੀ ਕੀਤੀ ਗਈ ਤੁਲਨਾ ਦੀ ਉਦਾਹਰਣ ਵੇਖੋ

– ਵਿਹੜੇ ਦੇ ਵਿਚ ਪਈ ਏਂ ਭਾਬੀਏ, ਚਿੱਟਾ ਚਾਦਰਾ ਤਾਣੀ
ਸਾਨੂੰ ਵੇਖ ਕੇ ਘੁੰਡ ਕੱਢ ਲੈਂਦੀ, ਨਾ ਅੰਨ੍ਹੀ ਨਾ ਕਾਣੀ
ਲਾ ਕੇ ਦੋਸਤੀਆਂ, ਪਾ ਗਈ ਚੁੱਲ੍ਹੇ ਵਿਚ ਪਾਣੀ।

– ਜੋਬਨ ਦੇ ਵਿਚ ਮੱਚਿਆਂ ਰਹਿਨੈ, ਬਣਿਆ ਰਹਿਨੈਂ ਜਾਨੀ।
ਭਰ ਕੇ ਥੱਬਾ ਚੁੱਲ੍ਹੇ ਵਿਚ ਡਾਹ ਦੂ, ਉਡ ਜੂ ਰੰਗ ਬਦਾਮੀ
ਜੋਬਨ ਜਿੰਦ ਮੇਰੀ, ਹੋਈ ਨਾ ਕਿਸੇ ਦੀ ਸਾਨੀ।

ਘਰ ਦੀਆਂ ਜ਼ਿੰਮੇਵਾਰੀਆਂ ਸਾਂਭਣ ਦੇ ਬਾਵਜੂਦ ਜੇ ਪੰਜਾਬਣ ਮੁਟਿਆਰ ਦਾ ਪਤੀ ਟੋਕ-ਟਕਾਈ ਕਰੇ ਜਾਂ ਉਸ ਨੂੰ ਗਾਲ੍ਹ ਕੱਢਣ ਦੀ ਕੋਸ਼ਿਸ਼ ਕਰੇ ਤਾਂ ਉਹ ਬਰਦਾਸ਼ਤ ਨਹੀਂ ਕਰਦੀ। ਮਰਦ ਵਲੋਂ ਆਪਣੇ ਨਾਲ ਹੁੰਦੀ ਜ਼ਿਆਦਤੀ ਵੇਖ ਕੇ ਉਸ ਦੀ ਅਣਖ ਬਗਾਵਤ ਦਾ ਰੂਪ ਧਾਰ ਲੈਂਦੀ ਹੈ :

ਚੁੱਲ੍ਹੇ ਪਕਾਵਾਂ ਰੋਟੀਆਂ, ਕੋਈ ਹਾਰੇ ਧਰਦੀ ਦਾਲ।
ਜੈਤੋ ਦਾ ਕਿਲ੍ਹਾ ਵਿਖਾਦੂੰ, ਜੇ ਕੱਢੀ ਮਾਂ ਦੀ ਗਾਲ।

ਮਾਂ-ਧੀ ਦੇ ਰਿਸ਼ਤੇ ਵਾਂਗ ਚੁੱਲ੍ਹਾ ਔਰਤ ਦੇ ਦੁੱਖਾਂ ਦਾ ਹਾਣੀ ਵੀ ਰਿਹਾ ਹੈ।

ਚੁੱਲ੍ਹੇ ਬੈਠ ਕੇ ਧੂੰਏ ਦੇ ਪੱਜ ਰੋਵਾਂ
ਪਹਿਲੀ ਪੇਸ਼ੀ ਯਾਰ ਮਿਲ ਜੇ ਜਿੰਦੇ ਮੇਰੀਏ।

ਅੱਜ ਦੇ ਪਦਾਰਥਕ ਤੇ ਮਹਿੰਗਾਈ ਭਰੇ ਯੁੱਗ ਵਿਚ ਗਰੀਬਾਂ ਨੂੰ ਤਾਂ ਗੁਜ਼ਾਰਾ ਕਰਨਾ ਹੀ ਮੁਸ਼ਕਿਲ ਹੋ ਗਿਆ ਹੈ। ਇਸੇ ਕਰਕੇ ਪਿੰਡਾਂ ਦੇ ਲੋਕ ਅਤੇ ਪੰਜਾਬ ਵਿਚ ਰਹਿੰਦੇ ਪਰਵਾਸੀ ਮਜ਼ਦੂਰ ਅਜੇ ਮੇਰੀ ਵਰਤੋਂ ਕਰਦੇ ਹਨ। ਦਿਲ ਤੇ ਹੱਥ ਰੱਖ ਕੇ ਦੱਸੋ, ਕੀ ਪੰਜਾਬੀ ਸਮਾਜ ਮੇਰੇ ਯੋਗਦਾਨ ਨੂੰ ਭੁਲਾ ਸਕਦਾ ਹੈ?

# ਇੱਕ ਹੋਰ ਅਸਲੀ ਇਨਸਾਨ ਦੀ ਕਹਾਣੀ



ਮੈਟ ਕੁੱਕ ਕਦੇ ਵੀ ਦਸਤਾਨੇ ਉਤਾਰਨ 'ਚ ਸ਼ਰਮ ਮਹਿਸੂਸ ਕਰਨ ਵਾਲਾ ਆਦਮੀ ਨਹੀਂ ਰਿਹਾ। ਆਪੇ-ਉੱਸਰੇ ਇਸ ਰੋਹ ਭਰਪੂਰ ਵਿਅਕਤੀ ਨੇ ਘੱਟ ਹੀ ਕਿਤੇ ਅਜਿਹੀ ਚੁਣੌਤੀ ਦਾ ਸਾਹਮਣਾ ਕੀਤਾ ਹੋਵੇਗਾ, ਜਿਸਦਾ ਸਾਹਮਣਾ ਕਰਨ ਲਈ ਅਜੇ ਉਹ ਤਿਆਰ ਨਹੀਂ ਸੀ, ਜਦੋਂ ਉਹ ਜੂਨੀਅਰ ਅਲਬਰਟਾ ਹਾਕੀ ਟੀਮ ਵਿਚ ਖੇਡ ਰਿਹਾ ਸੀ। ਇਕ ਆਦਰਸ਼ ਵਿਦਿਆਰਥੀ, ਜਿਹੜਾ ਐਨ.ਸੀ.ਏ. ਏ. ਡਿਵੀਜ਼ਨ ਇਕ ਸਕੂਲ ਦਾ ਹਾਕੀ-ਵਜ਼ੀਫ਼ਾ ਪ੍ਰਾਪਤ ਕਰਨ ਦਾ ਸੁਪਨਾ ਲੈਂਦਾ ਸੀ। ਉਦੋਂ ਤੱਕ ਜਦੋਂ ਤੱਕ ਫਰਵਰੀ 2006 ਤੋਂ ਮਗਰੋਂ 18 ਸਾਲ ਦੀ ਉਮਰੇ ਉਸ ਵਿਚ ਕੈਂਸਰ ਦੇ ਲੱਛਣ ਪਾਏ ਗਏ।

''ਮੈਂ ਬਹੁਤ ਜ਼ਿਆਦਾ ਸਕੈਟਿੰਗ ਕਰ ਰਿਹਾ ਸੀ ਤੇ ਮੇਰੇ ਗਿੱਟੇ 'ਤੇ ਸੱਚਮੁੱਚ ਫੋੜਾ ਹੋ ਗਿਆ ਸੀ,'' ਐਡਮੈਂਟਨ ਦੇ ਜੰਮਪਲ਼ ਨੇ ਕਿਹਾ, ''ਮੈਂ ਡਾਕਟਰ ਨੂੰ ਮਿਲਣ ਗਿਆ ਅਤੇ ਦੋ ਹਫ਼ਤਿਆਂ ਦੇ ਵਿਚ-ਵਿਚ ਮੈਨੂੰ ਹੱਡੀ ਦੇ ਕੈਂਸਰ ਤੋਂ ਪੀੜਤ ਪਾਇਆ ਗਿਆ,-ਟੈਰੀ ਫੌਕਸ ਨੂੰ ਵੀ ਇਸੇ ਤਰ੍ਹਾਂ ਦਾ ਕੈਂਸਰ ਸੀ।''

ਮੈਟ ਲਈ ਅਚਾਨਕ ਉਸਦਾ ਸਮੁੱਚਾ ਜੀਵਨ ਹੀ ਬਦਲ ਗਿਆ ਸੀ। ਇਕੱਤੀ ਹਫ਼ਤਿਆਂ ਦੀ ਅਸਫ਼ਲ ਕੈਮੋਥੇਰੈਪੀ ਉਪਰੰਤ, ਕੁੱਕ ਨੇ ਅਪਣੀ ਲੱਤ ਖੱਬੇ ਗਿੱਟੇ ਹੇਠੋਂ ਕਟਵਾਉਣ ਦਾ ਫੈਸਲਾ ਕੀਤਾ।

''ਕੈਂਸਰ ਫੈਲ ਰਿਹਾ ਸੀ ਤੇ ਮੈਂ ਜਾਣਦਾ ਸੀ ਕਿ ਮੈਂ ਦੁਬਾਰਾ ਕੈਮੋਥੇਰੈਪੀ ਨਹੀਂ ਕਰਵਾ ਸਕਦਾ ਸੀ। ਮੈਂ ਜ਼ਿੰਦਗੀ ਭਰਪੂਰਤਾ ਨਾਲ ਜੀਣਾ ਚਾਹੁੰਦਾ ਸੀ ਅਤੇ ਮੈਂ ਮਹਿਸੂਸ ਕਰਦਾ ਸੀ ਕਿ ਮੈਂ ਜੀਅ ਸਕਦਾ ਸੀ ਜੇਕਰ ਅੰਗ ਕਟਵਾ ਲਵਾਂ।''

ਭਾਵੇਂ ਉੱਖੜਿਆ, ਖਿਝਿਆ ਤੇ ਭੈਅਭੀ ਹੋਇਆ ਉਹ ਕਦੇ ਦੁਬਾਰਾ ਦੌੜ ਨਹੀਂ ਸਕੇਗਾ, ਸਕੈਟ 'ਤੇ ਨਹੀਂ ਜਾ ਸਕੇਗਾ, ਤੈਰ ਨਹੀਂ ਸਕੇਗਾ। ਹੁਣ ਹਰ ਸਵੇਰ ਅਪਣੀਆਂ ਸਕੈਟਸ ਪਹਿਨਣ ਦੀ ਥਾਂ ਬਣਾਵਟੀ ਪੈਰ 'ਤੇ ਉੱਠੇਗਾ, ਪ੍ਰੰਤੂ ਉਹ ਜ਼ਿੰਦਗੀ ਦਾ ਆਮ ਪੱਧਰ ਹਾਸਲ ਕਰਨ ਲਈ ਸੰਘਰਸ਼ ਨਹੀਂ ਛੱਡੇਗਾ।

2007 ਵਿਚ ਏ.ਜੇ.ਐਚ.ਐਲ. ਦੇ ਮੁਕਾਬਲਿਆਂ ਵਿਚ ਅਪਣੇ ਭਰਾ ਬਰੈੱਡੀ ਨੂੰ ਖੇਡਦਿਆਂ ਦੇਖਦੇ ਹੋਏ, ਕੁੱਕ ਨੇ ਰਾਤ ਦੇ ਵਕਫ਼ਿਆਂ ਵਿਚ ਸਲੈੱਜ ਹਾਕੀ ਦਾ ਇਕ ਪ੍ਰਦਰਸ਼ਨੀ ਮੁਕਾਬਲਾ ਦੇਖਿਆ। ਅਪਣੇ ਭਰਾ ਰਾਹੀਂ, ਮੈਟ ਨੂੰ ਪਾਲ ਰੋਸੇਨ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ, ਜਿਹੜਾ ਕੈਨੇਡਾ ਸਲੈੱਜ ਹਾਕੀ ਟੀਮ ਦਾ ਗੋਲੀ ਅਤੇ ਉਲੰਪਿਕ ਵਿਚ ਸੋਨ ਤਗਮਾ ਜੇਤੂ ਸੀ। ਇਹ ਉਹ ਛਿਣ ਸਨ ਜਦੋਂ ਮੈਟ ਨੂੰ ਜ਼ਿੰਦਗੀ ਦਾ ਦੂਸਰਾ ਮੌਕਾ ਬਰਫ਼ ਉੱਪਰ ਸਲੈੱਜ ਹਾਕੀ ਦੀ ਖੇਡ ਖੇਡਣ ਦੇ ਰੂਪ ਵਿਚ ਮਿਲਿਆ।

''ਅਪਣੇ ਪਹਿਲੇ ਹੀ ਸਮੇਂ ਮੈਂ ਸਲੈੱਜ ਉੱਪਰ ਕੁੱਝ ਵੀ ਨਾ ਕਰ ਸਕਣ ਦੀ ਉਮੀਦ ਕੀਤੀ। ਇਹ ਖੇਡ ਸੱਚਮੁੱਚ ਬਹੁਤ ਔਖੀ ਸੀ,'' ਖੁੱਭ ਕੇ ਖੇਡੀ ਜਾਣ ਵਾਲੀ ਇਸ ਖੇਡ ਬਾਰੇ ਕੁੱਕ ਨੇ ਕਿਹਾ, ''ਪ੍ਰੰਤੂ ਇਕ ਦ੍ਰਿੜ ਹਾਕੀ ਖਿਡਾਰੀ ਵਜੋਂ ਮੇਰੇ ਸਮੁੱਚੇ ਕਿਰਦਾਰ ਨੇ ਸਫ਼ਲ ਹੋਣ 'ਚ ਮੇਰੀ ਸਹਾਇਤਾ ਕੀਤੀ। ਮੈਂ ਪੌਸ਼ਟਿਕ ਭੋਜਨ ਲੈਣਾ ਸ਼ੁਰੂ ਕਰ ਦਿੱਤਾ ਅਤੇ ਬਰਫ਼ 'ਤੇ ਚੜ੍ਹਨਾ ਆਰੰਭ ਕਰ ਦਿੱਤਾ, ਜਦੋਂ ਵੀ ਮੈਂ ਖੇਡ ਸਿੱਖਣ ਲਈ ਜਾ ਸਕਦਾ ਸੀ।'' ਜਿਉਂ ਹੀ ਹੌਲੀ-ਹੌਲੀ ਜੀਵਨ ਆਮ ਵਰਗਾ ਹੋਣ ਲੱਗਾ, ਕੁੱਕ ਦੀ ਜ਼ਿੰਦਗੀ ਨੇ ਸਤੰਬਰ 2007 ਵਿਚ ਇਕ ਹੋਰ ਤਿੱਖਾ ਮੋੜ ਕੱਟ ਲਿਆ, ਜਦੋਂ ਉਹ ਅਪਣੀ ਛਾਤੀ ਵਿਚ ਕੈਮੋਥੇਰੈਪੀ ਕਾਰਨ ਹੋਏ ਇਕ ਨਾੜੀ ਦੇ ਨੁਕਸਾਨ ਨੂੰ ਦੂਰ ਕਰਵਾਉਣ ਲਈ ਓਪਨ ਹਾਰਟ ਸਰਜਰੀ ਅਧੀਨ ਸੀ। ਅਪ੍ਰੈਲ 2008 ਵਿਚ ਉਸਦੀ ਇਕ ਹੋਰ ਸਰਜਰੀ ਹੋਈ, ਉਸਦੇ ਫੇਫੜਿਆਂ ਤੋਂ ਕੈਂਸਰ ਦਾ ਦਾਗ਼ ਮਿਟਾਉਣ ਲਈ।

ਕੈਂਸਰ ਤੋਂ ਮੁਕਤ ਹੋ ਕੇ ਹੁਣ ਉਹ ਚੱਲ ਫਿਰ ਸਕਦਾ ਸੀ, ਗੋਲਫ਼ ਖੇਡ ਸਕਦਾ ਸੀ। ਏਥੋਂ ਤੱਕ ਕਿ ਅਪਣੇ ਨਵੇਂ ਬਨਾਉਟੀ ਪੈਰ ਨਾਲ ਦੁਬਾਰਾ ਸਨੈਟ ਕਰਨੀ ਸਿੱਖ ਸਕਦਾ ਸੀ-ਪ੍ਰੰਤੂ ਹੋਰ ਭਰਿਆ ਹੋਣ ਵਜੋਂ ਉਸਨੂੰ ਅਪਣੇ-ਆਪ 'ਤੇ ਫਖ਼ਰ ਸੀ। ਖੇਡ 'ਚ ਇਸ ਵਾਰ ਕੈਨੇਡੀਅਨ ਰਾਸ਼ਟਰੀ ਚਿੰਨ੍ਹ ਪਹਿਨੇ ਹੋਏ ਉਹ ਪਿਆਰ ਕਰਦਾ ਸੀ-ਸਲੈੱਜ ਹਾਕੀ ਨੂੰ!

ਇੱਕੀ ਵਰ੍ਹਿਆਂ ਦਾ ਕੁੱਕ ਕੈਨੇਡਾ ਦੀ ਕੌਮੀ ਸਲੈੱਜ ਹਾਕੀ ਟੀਮ ਦਾ ਪ੍ਰਮੁੱਖ ਖਿਡਾਰੀ ਹੈ, ਜਿਸਨੇ ਜਪਾਨ ਵਿਖੇ ਹੋਈ ਚਾਰ ਰਾਸ਼ਟਰਾਂ ਦੀ ਚੈਂਪੀਅਨਸ਼ਿੱਪ ਵਿਚ ਸੋਨ ਤਮਗ਼ਾ ਜਿੱਤਿਆ ਤੇ ਪਿਛਲੇ ਮਹੀਨੇ ਵੈਨਕੂਵਰ ਵਿਚ ਹਾਕੀ ਕੈਨੇਡਾ ਕੱਪ ਜਿੱਤਿਆ। ''ਇਹ ਸੱਚਮੁੱਚ ਇਕ ਸੁਪਨੇ ਦਾ ਸੱਚ ਹੋਣਾ ਸੀ। ਮੈਂ ਜੋ ਵੀ ਕੀਤਾ ਉਸ ਵੱਲ ਧਿਆਨ ਦਿੱਤੇ ਬਗ਼ੈਰ ਅਪਣੇ ਦੇਸ਼ ਲਈ ਖੇਡਣਾ ਹੀ ਬਹੁਤ ਵੱਡੇ ਮਾਣ ਵਾਲੀ ਗੱਲ ਹੈ,'' ਕੁੱਕ ਨੇ ਕਿਹਾ, ''ਜੇਕਰ ਮੈਂ 2010 ਵਿਚ ਖੇਡਦਾ ਹਾਂ, ਮੈਂ ਜਾਣਦਾ ਹਾਂ ਕਿ ਇਹ ਮੇਰੇ ਪਰਿਵਾਰ ਲਈ ਵਿਸ਼ੇਸ਼ ਹੋਵੇਗਾ, ਜਿਹੜਾ ਇਸ ਸਫ਼ਰ ਦੌਰਾਨ ਮੇਰੇ ਅੰਗ ਸੰਗ ਰਿਹਾ ਹੈ। ਪ੍ਰੰਤੂ ਮੈਂ ਉਹਨਾਂ ਸਾਰੇ ਹਮਉਮਰ ਨੌਜਵਾਨਾਂ ਲਈ ਖੇਡਾਂਗਾ, ਜਿਹਨਾਂ ਨੂੰ ਮੈਂ ਕੈਂਸਰ ਇੰਨਟੀਚਿਊਟ ਵਿਚ ਮਿਲਿਆ ਸੀ ਅਤੇ ਜਿਹੜੇ ਲੜਾਈ ਹਾਰ ਗਏ, ਇਸ ਨੂੰ ਜਾਰੀ ਨਹੀਂ ਰੱਖ ਸਕੇ।''

ਮੈਟ ਕੁੱਕ ਦੀ ਸੰਘਰਸ਼, ਲਗਨ ਤੇ ਦ੍ਰਿੜ੍ਹਤਾ ਭਰੀ ਕਹਾਣੀ ਬੋਰਿਸ ਪੋਲਵਈ ਦੇ ਜਗਤ ਪ੍ਰਸਿੱਧ ਨਾਵਲ 'ਅਸਲੀ ਇਨਸਾਨ ਦੀ ਕਹਾਣੀ' ਦੇ ਨਾਇਕ ਦੀ ਗਾਥਾ ਨਾਲੋਂ ਘੱਟ ਨਹੀਂ, ਜਿਹੜਾਂ ਜੰਗ ਵਿਚ ਅਪਣੀਆਂ ਲੱਤਾਂ ਗਵਾ ਬੈਠਣ ਮਗਰੋਂ ਵੀ ਜੂਝਦਾ ਰਹਿੰਦਾ ਹੈ ਤੇ ਬੇਮਿਸਾਲ ਹਿੰਮਤ ਸਦਕਾ ਹਵਾਈ ਜਹਾਜ਼ ਉਡਾਉਣ ਦੇ ਯੋਗ ਹੋ ਜਾਂਦਾ ਹੈ।

# ਸਾਡੇ ਕੋਲ ਕਿਉਂ ਨਹੀਂ ਹਨ 1000 ਮਿਲਖਾ ਸਿੰਘ?

**ਅਭੈ ਵੈਦ**

ਜ਼ਮੀਨੀ ਹਕੀਕਤ ਇਹ ਹੈ ਕਿ ਭਾਰਤ ਉਦੋਂ ਤੱਕ ਤਮਗਾ ਨਹੀਂ ਜਿੱਤ ਸਕਦਾ, ਜਦੋਂ ਤੱਕ ਪੇਸ਼ੇਵਰ ਲੋਕਾਂ ਨੂੰ ਖੇਡ ਦੀ ਕਮਾਂਡ ਨਹੀਂ ਸੌਂਪੀ ਜਾਂਦੀ ਅਤੇ ਖੇਡਾਂ ਵਿਚ ਸਿਆਸਤਦਾਨਾਂ ਦੀ ਭੂਮਿਕਾ ਨੂੰ ਸਿਰਫ਼ ਸਮਾਰੋਹਾਂ ਤੱਕ ਹੀ ਸੀਮਤ ਨਹੀਂ ਕੀਤਾ ਜਾਂਦਾ।

ਹਾਲੇ ਨਾ ਤਾਂ ਕਹਾਣੀ ਦੀ ਪਹਿਲੀ ਲਾਈਨ ਲਿਖੀ ਗਈ ਹੈ ਅਤੇ ਨਾ ਹੀ ਪਹਿਲਾ ਸ਼ਾਰਟ ਲਿਆ ਗਿਆ ਹੈ। ਫੇਰ ਵੀ ਮਿਲਖਾ ਸਿੰਘ ਵੱਲੋਂ ਸਿਰਫ਼ ਇਕ ਰੁਪਏ ਵਿਚ ਆਪਣੀ ਜ਼ਿੰਦਗੀ ਦੀ ਕਹਾਣੀ ਫਿਲਮਕਾਰਾਂ ਨੂੰ ਵੇਚਣਾ ਕਾਫੀ ਪ੍ਰੇਰਣਾਦਾਇਕ ਸਿੱਧ ਹੋਇਆ ਹੈ।




ਮਿਲਖਾ ਸਿੰਘ ਨੇ ਆਪਣੇ ਮਾਤਾ-ਪਿਤਾ ਨੂੰ ਵੰਡ ਦੀ ਤ੍ਰਾਸਦੀ ਵਿਚ ਗੁਆ ਲਿਆ ਸੀ। ਉਨ੍ਹਾਂ ਦਾ ਸ਼ੁਰੂਆਤੀ ਜੀਵਨ ਮੁਸੀਬਤਾਂ ਨਾਲ ਦੋ-ਚਾਰ ਹੱਥ ਕਰਦਿਆਂ ਬੀਤਿਆ। ਉਨ੍ਹਾਂ ਦੇ ਨਾਂ ਦਾ ਜ਼ਿਕਰ ਹੀ ਸਾਡੇ ਅੰਦਰ ਰੋਮਾਂਚ ਦੀ ਲਹਿਰ ਪੈਦਾ ਕਰ ਦਿੰਦਾ ਹੈ। 1956 ਦੇ ਟੋਕੀਓ ਏਸ਼ੀਆਡ, 1958 ਦੀਆਂ ਕਾਰਡਿਫ ਕਾਮਨਵੈਲਥ ਖੇਡਾਂ ਅਤੇ 1960 ਦੇ ਰੋਮ ਉਲੰਪਿਕ ਵਿਚ ਸ਼ਾਨਦਾਰ ਪ੍ਰਦਰਸ਼ਨ ਦੇ ਚੱਲਦਿਆਂ ਉਨ੍ਹਾਂ ਨੂੰ 'ਉਡਣਾ ਸਿੱਖ' ਦੇ ਖਿਤਾਬ ਨਾਲ ਨਵਾਜਿਆ ਗਿਆ। ਜਦੋਂ ਉਨ੍ਹਾਂ ਨੇ ਆਪਣੇ ਜੀਵਨ 'ਤੇ ਬਣ ਰਹੀ ਫਿਲਮ ਵਿਚ ਸਹਿਯੋਗ ਕਰਨ ਦਾ ਇਰਾਦਾ ਕੀਤਾ ਤਾਂ ਉਨ੍ਹਾਂ ਦੇ ਇਸ ਫੈਸਲੇ ਦਾ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ। ਆਪਣੇ ਦੇਸ਼ ਨੂੰ ਖੇਡਾਂ ਵਿਚ ਤਰੱਕੀ ਕਰਦੇ ਦੇਖਣ ਦੀ ਉਨ੍ਹਾਂ ਦੀ ਡੂੰਘੀ ਖਾਹਿਸ਼ ਜਗਜਾਹਿਰ ਹੈ ਅਤੇ ਕੌਮਾਂਤਰੀ ਖੇਡਾਂ, ਖਾਸ ਤੌਰ 'ਤੇ ਅਥਲੈਟਿਕਸ ਵਿਚ ਭਾਰਤ ਦੇ ਮਾੜੇ ਪ੍ਰਦਰਸ਼ਨ ਕਾਰਨ ਉਨ੍ਹਾਂ ਨੂੰ ਬੇਹੱਦ ਦੁੱਖ ਪਹੁੰਚਦਾ ਹੈ।

ਬੇਸ਼ੱਕ ਉਨ੍ਹਾਂ ਦੇ ਜੀਵਨ 'ਤੇ ਬਣੀ ਫਿਲਮ ਕਈਆਂ ਲਈ ਪ੍ਰੇਰਣਾਦਾਇਕ ਹੋਵੇਗੀ, ਪਰ ਬਹਿਸ ਦਾ ਵਿਸ਼ਾ ਇਹ ਹੈ ਕਿ ਇਸ ਨਾਲ ਸਾਨੂੰ ਕੁੱਝ ਤਮਗੇ ਹਾਸਲ ਕਰਨ ਵਿਚ ਮਦਦ ਮਿਲੇਗੀ ਜਾਂ ਨਹੀਂ। ਜ਼ਮੀਨੀ ਹਕੀਕਤ ਇਹ ਹੈ ਕਿ ਭਾਰਤ ਉਦੋਂ ਤੱਕ ਨਹੀਂ ਜਿੱਤ ਸਕਦਾ, ਜਦੋਂ ਤੱਕ ਪੇਸ਼ੇਵਰ ਲੋਕਾਂ ਨੂੰ ਖੇਡਾਂ ਦੀ ਕਮਾਂਡ ਨਹੀਂ ਸੌਂਪੀ ਜਾਂਦੀ ਅਤੇ ਖੇਡਾਂ ਵਿਚ ਸਿਆਸਤਦਾਨਾਂ ਦੀ ਭੂਮਿਕਾ ਨੂੰ ਸਿਰਫ਼ ਸਮਾਰੋਹਾਂ ਤੱਕ ਹੀ ਸੀਮਤ ਨਹੀਂ ਕਰ ਦਿੱਤਾ ਜਾਂਦਾ। ਪਿਛਲੇ ਸਾਲ ਇੰਡੀਅਨ ਉਲੰਪਿਕ ਐਸੋਸੀਏਸ਼ਨ ਦੇ ਮੁਖੀ ਸੁਰੇਸ਼ ਕਲਮਾੜੀ ਦੀ ਨਿਗਰਾਨੀ ਵਿਚ ਪੁਣੇ ਵਿਚ ਕਾਮਨਵੈਲਥ ਯੂਥ ਗੇਮਜ਼ ਲਈ ਲਗਭਗ 200 ਕਰੋੜ ਰੁਪਇਆਂ ਦੀ ਲਾਗਤ ਨਾਲ ਕੌਮਾਂਤਰੀ ਪੱਧਰ ਦੇ ਸਪੋਰਟਸ ਕੰਪਲੈਕਸ ਦਾ ਨਿਰਮਾਣ ਹੋਇਆ। ਯੂਥ ਗੇਮਜ਼ ਤੋ ਬਾਅਦ ਹੀ ਖੇਡ ਸੰਗਠਨਾਂ ਵੱਲੋਂ ਸਿਖਲਾਈ ਕੈਂਪ ਜਾਂ ਟੂਰਨਾਮੈਂਟ ਲਈ ਕੰਪਲੈਕਸ ਦੀ ਵਧੇਰੇ ਵਰਤੋਂ ਨਹੀਂ ਕੀਤੀ ਜਾ ਸਕੀ ਅਤੇ ਇਸ ਦਾ ਕਾਰਨ ਹੈ, ਕਿਰਾਏ ਦੀਆਂ ਉਚੀਆਂ ਦਰਾਂ। ਇਸ ਤੋਂ ਬਾਅਦ ਕੰਪਲੈਕਸ ਨੂੰ ਮਨੋਰੰਜਨ ਸ਼ੋਅ ਜਾਂ ਕਾਲਜ ਦੇ ਯੁਵਕ ਮੇਲਿਆਂ ਲਈ ਕਿਰਾਏ 'ਤੇ ਦਿੱਤਾ ਜਾਣ ਲੱਗਾ। ਪੁਣੇ ਭਾਰਤੀ ਹਾਕੀ ਦਾ ਗੜ੍ਹ ਰਿਹਾ ਹੈ ਅਤੇ ਉਸ ਨੇ ਬਾਬੂ ਨਿਮਾਲ, ਜੋ ਫਿਲਿਪਸ ਅਤੇ ਧਨਰਾਜ ਪਿੱਲੇ ਵਰਗੇ ਖਿਡਾਰੀ ਹਾਕੀ ਨੂੰ ਦਿੱਤੇ ਹਨ। ਇਸ ਦੇ ਬਾਵਜੂਦ ਸ਼ਹਿਰ ਵਿਚ ਬੱਚਿਆਂ ਦੇ ਖੇਡਣ ਲਈ ਇਕ ਵੀ ਹਾਕੀ ਮੈਦਾਨ ਨਹੀਂ ਹੈ। ਇਕ ਨਵੇਂ ਬਣੇ ਹਾਕੀ ਸਟੇਡੀਅਮ ਦੀ ਇਸ ਹਦ ਤੱਕ ਹਾਲਤ ਕੀਤੀ ਜਾ ਰਹੀ ਹੈ ਕਿ ਮੈਦਾਨ ਦੇ ਸਾਧਨ ਤੱਕ ਚੋਰੀ ਚਲੇ ਗਏ। ਦੁੱਖ ਦੀ ਗੱਲ ਇਹ ਹੈ ਕਿ ਨਾ ਕਲਮਾੜੀ ਅਤੇ ਨਾ ਪੁਣੇ ਦੇ ਕਿਸੇ ਵੀ ਆਗੂ ਨੇ ਇਸ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ।

ਕੌਮਾਂਤਰੀ ਹਾਕੀ ਵਿਚ ਭਾਰਤ ਦੇ ਕਮਜ਼ੋਰ ਪ੍ਰਦਰਸ਼ਨ ਦਾ ਇਕ ਕਾਰਨ ਹੈ ਜੂਨੀਅਰ ਟੀਮਾਂ ਲਈ 'ਐਸਟ੍ਰੋਫ' ਮੈਦਾਨਾਂ ਦੀ ਕਮੀ। ਹਾਲੈਂਡ ਦੇ ਸਕੂਲਾਂ ਵਿਚ ਇਸ ਤਰ੍ਹਾਂ ਦੇ ਤਕਰੀਬਨ 400 ਖੇਡ ਮੈਦਾਨ ਹਨ। ਹਾਕੀ ਦਾ ਪੱਧਰ ਸੁਧਾਰਨ ਲਈ ਭਾਰਤ ਨੂੰ ਅਜਿਹੇ ਮੈਦਾਨਾਂ ਦੇ ਨਾਲ ਯੂਰਪੀ ਕੋਚ ਵੀ ਚਾਹੀਦੇ ਹਨ। ਅੱਜ ਭਾਰਤੀ ਖੇਡਾਂ ਨੂੰ ਸੈਂਕੜੇ ਮਿਲਖਾ ਸਿੰਘਾਂ ਦੀ ਲੋੜ ਹੈ। ਨਾਲ ਹੀ ਸਾਨੂੰ ਸੈਮ ਪਿਤ੍ਰੋਦਾ ਵਰਗੀ ਦੂਰ ਦ੍ਰਿਸ਼ਟੀ ਵੀ ਚਾਹੀਦੀ ਹੈ, ਜੋ ਬਦਲਾਵਾਂ ਦੀ ਰੂਪ ਰੇਖ ਤਿਆਰ ਕਰ ਸਕਦੇ ਹਨ। ਟੈਲੀਕਾਮ ਵਿਚ ਅਸੀਂ ਇਹ ਕਰ ਦਿਖਾਇਆ ਹੈ। ਅਸੀਂ ਖੇਡਾਂ ਵਿਚ ਵੀ ਇਹ ਕਰ ਸਕਦੇ ਹਾਂ। ਫਿਲਹਾਲ ਤਾਂ ਤਮਗਾ ਜਿੱਤਣਾ ਸਾਡੇ ਲਈ ਸੁਪਨਾ ਹੀ ਬਣਿਆ ਹੋਇਆ ਹੈ। ਇਕ ਪ੍ਰੇਰਣਾਦਾਇਕ ਫਿਲਮ ਨਾਲ ਅਸੀਂ ਚੰਗਾ ਮਹਿਸੂਸ ਕਰ ਸਕਦੇ ਹਾਂ। ਤਮਗਾ ਜਿੱਤਣਾ ਦੂਸਰੀ ਹੀ ਗੱਲ ਹੈ।

# ਕ੍ਰਿਕਟ: ਬਸ ਪੈਸੇ ਦੀ ਖੇਡ

**ਨਵੀਨ ਰਮਨ**

ਇਕ ਵੇਲਾ ਸੀ ਜਦੋਂ ਖਿਡਾਰੀ ਦਾ ਕੰਮ ਸਿਰਫ਼ ਖੇਡਣਾ ਹੁੰਦਾ ਸੀ। ਕ੍ਰਿਕਟ ਸਮੇਤ ਸਭ ਖੇਡਾਂ ਵਿਚ ਖਿਡਾਰੀ ਅਪਣੀ ਖੇਡ ਨੂੰ ਹੀ ਮੁੱਖ ਰੱਖਦਾ ਸੀ ਤੇ ਦਰਸ਼ਕ ਵੀ ਖਿਡਾਰੀ ਕੋਲੋਂ ਚੰਗੇ ਖੇਡ ਕਰਤੱਵ ਦੀ ਹੀ ਉਮੀਦ ਰੱਖਦਾ ਸੀ। 90 ਵਿਆਂ 'ਚ ਭਾਰਤੀ ਕ੍ਰਿਕਟ 'ਚ ਇਕ ਅਜਿਹਾ ਰੁਝਾਨ ਉੱਭਰਿਆ, ਜਿਸਨੇ ਸਮੁੱਚਾ ਖੇਡ ਦ੍ਰਿਸ਼ ਹੀ ਬਦਲ ਕੇ ਰੱਖ ਦਿੱਤਾ। ਕ੍ਰਿਕਟ 'ਚ ਪੈਸਾ ਭਾਰੂ ਹੋ ਗਿਆ। ਖਿਡਾਰੀ ਲਈ ਪੈਸਾ ਹੀ ਪ੍ਰਧਾਨ ਹੋ ਗਿਆ, ਜ਼ਰੂਰੀ ਨਹੀਂ ਹੈ ਕਿ ਪੈਸਾ ਜਿੱਤ ਕੇ ਹੀ ਹਾਸਲ ਹੋਵੇ, ਜੇਕਰ ਹਾਰ ਕੇ ਵੀ ਪੈਸਾ ਹਾਸਲ ਹੁੰਦਾ ਹੋਵੇ ਤਾਂ ਉਹ ਵੀ ਖਿਡਾਰੀ ਲਈ ਸਵਾਗਤਯੋਗ ਹੋ ਗਿਆ।

9 ਵੇਂ ਦਹਾਕੇ ਤੋਂ ਪਹਿਲਾਂ ਭਾਰਤੀ ਕ੍ਰਿਕਟ ਨੇ ਕਈ ਨਾਮਵਰ ਖਿਡਾਰੀ ਪੈਦਾ ਕੀਤੇ। ਇਹਨਾਂ ਖਿਡਾਰੀਆਂ ਦੀ ਚਰਚਾ ਭਾਵੇਂ ਸੀਮਤ ਸੀ ਪਰ ਖੇਡ ਜਗਤ ਵਿਚ ਸਾਖ਼ ਬਹੁਤ ਵੱਡੀ ਸੀ। ਖਿਡਾਰੀ ਵੀ ਅਪਣੀ ਖੇਡ ਸ਼ੈਲੀ ਨੂੰ ਨਿਖ਼ਾਰਨ ਉਪਰ ਪੂਰਾ ਜ਼ੋਰ ਲਗਾਉਂਦੇ ਸਨ। 9 ਵੇਂ ਦਹਾਕੇ 'ਚ ਆ ਕੇ ਖੇਡ ਨਾਲੋਂ ਪੈਸੇ ਦੀ ਅਹਿਮੀਅਤ ਵੱਧਣ ਲੱਗੀ, ਖਿਡਾਰੀਆਂ ਦਾ ਤੇ ਪੈਸੇ ਦਾ ਇਕ ਸਿੱਧਾ ਸਬੰਧ ਬਣ ਗਿਆ। ਇਹ ਸਬੰਧ ਕਦੇ ਖਿਡਾਰੀ ਅਤੇ ਮਾਣ-ਸਨਮਾਨ ਦਾ ਹੁੰਦਾ ਸੀ। ਸੱਟੇ ਬਾਜ਼ਾਰੀ ਦਾ ਦੌਰ ਸ਼ੁਰੂ ਹੋ ਗਿਆ, ਨਾ ਕੇਵਲ ਭਾਰਤ ਦੇ ਸਗੋਂ ਵਿਸ਼ਵ ਦੇ ਵੀ ਕਈ ਨਾਮੀ ਖਿਡਾਰੀ ਸੱਟੇਬਾਜ਼ੀ ਦੀ ਦਲਦਲ ਵਿਚ ਬੁਰੀ ਤਰ੍ਹਾਂ ਧਸ ਗਏ।



ਪੈਸਾ ਤੇ ਮੀਡੀਆ ਦੋ ਅਜਿਹੀਆਂ ਚੀਜ਼ਾਂ ਹਨ ਜਿਹਨਾਂ ਨੇ ਭਾਰਤੀ ਕ੍ਰਿਕਟ ਨੂੰ ਦਿਸ਼ਾਹੀਣ ਕਰ ਦਿੱਤਾ ਹੈ। ਅਜੋਕੇ ਇਲੈਕਟ੍ਰੋਨਿਕ ਮੀਡੀਏ ਨੇ ਤਾਂ ਅੱਤ ਹੀ ਮਚਾਈ ਹੋਈ ਹੈ। ਜ਼ਰਾ ਜਿੰਨੀ ਹਰਕਤ ਨੂੰ ਵੀ ਇਉਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਭੂਚਾਲ ਆ ਗਿਆ ਹੋਵੇ। ਕੋਈ ਕ੍ਰਿਕਟ ਖਿਡਾਰੀ ਕਿਸੇ ਵਿਰੋਧੀ ਟੀਮ ਦੇ ਖਿਡਾਰੀ ਨੂੰ ਘੂਰੀ ਵੱਟ ਕੇ ਦੇਖ ਲਵੇ ਤਾਂ ਖੰਭਾਂ ਦੀ ਡਾਰ ਬਨਾਉਣ ਦੀ ਤਰਜ਼ 'ਤੇ ਕਈ ਕਿੱਸੇ ਘੜ-ਘੜ ਪੇਸ਼ ਕੀਤੇ ਜਾਂਦੇ ਹਨ। ਖਿਡਾਰੀ ਨੂੰ ਮੀਡੀਏ ਦੀ ਇਸ ਪੇਸ਼ਕਾਰੀ ਨਾਲ ਪ੍ਰਸਿੱਧੀ ਮਿਲਦੀ ਹੈ, ਜਿਹੜੇ ਖਿਡਾਰੀ ਨੂੰ ਕੇਵਲ ਘੂਰੀ ਵੱਟਣ, ਗਾਲ੍ਹ ਕੱਢਣ ਆਦਿ ਨਾਲ ਹੀ ਪ੍ਰਸਿੱਧੀ ਪ੍ਰਾਪਤ ਹੋ ਜਾਂਦੀ ਹੈ, ਉਸਨੇ ਭਲਾ ਅਪਣੀ ਖੇਡ ਸੁਧਾਰ ਕੇ ਕੀ ਲੈਣਾ ਹੈ? ਇਲੈਕਟ੍ਰੋਨਿਕ ਮੀਡੀਏ 'ਚ ਹੋਈ ਚਰਚਾ ਹੀ ਅੱਜਕੱਲ੍ਹ ਕ੍ਰਿਕਟ ਖਿਡਾਰੀ ਦਾ ਕੈਰੀਅਰ ਹੋ ਨਿੱਬੜਦੀ ਹੈ। ਜ਼ਿਕਰਯੋਗ ਹੈ ਕਿ ਅਜਿਹਾ ਕਰਕੇ ਇਲੈਕਟ੍ਰੋਨਿਕ ਮੀਡੀਆ ਚੰਗੀ ਕਮਾਈ ਕਰ ਲੈਂਦਾ ਹੈ। ਕ੍ਰਿਕਟ ਦੀ ਚਰਚਾ ਲੋਕਾਂ 'ਚ ਇਸ ਖੇਡ ਲਈ ਕਰੇਜ਼ ਪੈਦਾ ਕਰਦੀ ਹੈ ਤੇ ਕ੍ਰਿਕਟ ਮੈਚ ਦਾ ਪ੍ਰਸਾਰਣ ਵਿਗਿਆਪਨ ਪੇਸ਼ ਕਰਨ ਲਈ ਬੜਾ ਢੁਕਵਾਂ ਸਮਾਂ ਪ੍ਰਦਾਨ ਕਰਦਾ ਹੈ।

ਆਈ.ਪੀ.ਐਲ. ਵਰਗੇ ਵਪਾਰਕ ਕ੍ਰਿਕਟ ਖੇਡ ਮੁਕਾਬਲਿਆਂ ਨੇ ਤਾਂ ਕ੍ਰਿਕਟ ਨੂੰ ਪੂਰੀ ਤਰ੍ਹਾਂ ਪੈਸੇ ਦੇ ਹਵਾਲੇ ਕਰ ਦਿੱਤਾ ਹੈ। ਖਿਡਾਰੀਆਂ ਦੀਆਂ ਸਿੱਧੀਆਂ ਹੀ ਬੋਲੀਆਂ ਲੱਗਦੀਆਂ ਹਨ। ਖਿਡਾਰੀ ਵਿਕਣ ਲੱਗ ਪਏ ਹਨ। ਇਕ-ਇਕ ਖਿਡਾਰੀ ਦੀ ਕੀਮਤ ਕਰੋੜਾਂ 'ਚ ਹੈ। ਪੈਸਾ ਖੇਡ ਤੇ ਖਿਡਾਰੀਆਂ ਦੇ ਦਰਮਿਆਨ ਆ ਖਲੋਤਾ ਹੈ, ਸੋਚਣ ਵਾਲੀ ਗੱਲ ਹੈ ਕਿ ਟੀਮਾਂ ਦੇ ਮਾਲਕ ਜੇਕਰ ਕਰੋੜਾਂ ਰੁਪਈਆਂ ਦੇ ਖਿਡਾਰੀ ਖਰੀਦਣ ਦੀ ਸਮਰੱਥਾ ਰੱਖਦੇ ਹਨ ਤਾਂ ਫਿਰ ਪੂਰਾ ਟੂਰਨਾਮੈਂਟ ਖਰੀਦਣਾ ਉਹਨਾਂ ਲਈ ਕਿੰਨੀ ਕੁ ਵੱਡੀ ਗੱਲ ਹੈ। ਘੱਟੋ-ਘੱਟ ਆਈ.ਪੀ.ਐਲ. ਟੂਰਨਾਮੈਂਟ ਤਾਂ ਇਹੋ ਪ੍ਰਭਾਵ ਪੈਦਾ ਕਰਦੇ ਹਨ। ਕ੍ਰਿਕਟ ਖਿਡਾਰੀ ਫਿਲਮ ਸਟਾਰਾਂ ਵਾਂਗ ਹੋ ਗਏ ਹਨ। ਚੰਗੇ (ਸਟਾਰਾਂ) ਖਿਡਾਰੀਆਂ ਵਾਲੀ ਟੀਮ ਨੂੰ ਦਰਸ਼ਕ ਵੀ ਜੁੜਦੇ ਹਨ ਤੇ ਟੀਮ ਮਾਲਕਾਂ ਦੀਆਂ ਜੇਬਾਂ ਵੀ ਫੁੱਲ ਹੋ ਜਾਂਦੀਆਂ ਹਨ। ਸੋ, ਇਹ ਹਸ਼ਰ ਕਰ ਦਿੱਤਾ ਹੈ ਪੈਸੇ ਨੇ ਇਕ ਜੈਂਟਲਮੈਨ ਖੇਡ ਦਾ।

ਕ੍ਰਿਕਟ ਮਾਹਿਰਾਂ ਦੀ ਹਾਲਤ ਹੋਰ ਵੀ ਹਾਸੋਹੀਣੀ ਹੈ। ਇਹ ਛੋਟੇ ਪਰਦੇ 'ਤੇ ਹੋਰ ਗੱਲਾਂ ਕਰਦੇ ਰਹਿੰਦੇ ਹਨ, ਮੈਦਾਨ ਵਿਚ ਕੁਝ ਹੋਰ ਹੀ ਵਾਪਰਦਾ ਹੈ। ਮਾਹਿਰਾਂ ਦਾ ਅਪਣਾ ਕ੍ਰਿਕਟ ਕੈਰੀਅਰ ਵੀ ਕੋਈ ਬਹੁਤਾ ਵਧੀਆ ਨਹੀਂ ਰਿਹਾ ਹੁੰਦਾ, ਇਹ ਕੇਵਲ ਟੀ.ਵੀ. ਸ਼ੋਅ ਲਈ ਸਮਾਂ ਟਪਾਉਣ ਖਾਤਰ ਰਸਮੀਂ ਗੱਲਾ ਕਰਦੇ ਹਨ ਤੇ ਕ੍ਰਿਕਟ ਸੱਟੇਬਾਜ਼ੀ ਦੇ ਸਨਮੁੱਖ ਇਹ ਗੱਲਾਂ ਵਿਚਾਰਸ਼ੀਲ ਬੰਦੇ ਨੂੰ ਤਾਂ ਬੜੀਆਂ ਅਜੀਬ ਲੱਗਦੀਆਂ ਹਨ।

ਭਾਰਤੀ ਤੇ ਵਿਸ਼ਵ ਕ੍ਰਿਕਟ ਜਿਸ ਰਾਹ ਪੈ ਗਈ ਹੈ, ਉਸ ਵਿਚ ਪੈਸੇ ਦੇ ਲੋਭ ਦੀ ਕੋਈ ਅੰਤਮ ਸੀਮਾ ਨਹੀਂ ਹੈ, ਇਸ ਕਰਕੇ ਲੱਗਦਾ ਨਹੀਂ ਕਿ ਕ੍ਰਿਕਟ ਦੇ ਭਲੇ ਦਿਨ ਕਦੇ ਪਰਤ ਵੀ ਸਕਣਗੇ!

## ਸ਼ਹੀਦ ਭਗਤ ਸਿੰਘ ਦਾ ਨਾਂ ਗਲਤ ਛਪਿਆ

ਬਾਲੌਦ- ਨ ਦ ਬਿਊਰੋ

ਭਾਰਤੀ ਰਿਜ਼ਰਵ ਬੈਂਕ ਦੀ ਕਲਕੱਤਾ ਟਕਸਾਲ ਨੇ ਸ਼ਹੀਦ-ਏ-ਆਜਮ ਭਗਤ ਸਿੰਘ ਦਾ ਨਾਂ ਸੰਗਤ ਸਿੰਘ ਪ੍ਰਕਾਸ਼ਿਤ ਕਰ ਦਿੱਤਾ ਹੈ। ਇਹ ਗਲਤੀ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਜਾਰੀ ਕੀਤੀ ਗਏ ਵਿਸ਼ੇਸ਼ ਸਿੱਕਿਆਂ ਦੀ ਪੈਕਿੰਗ ਉੱਤੇ ਪ੍ਰਕਾਸ਼ਿਤ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਇਹੀ ਪੈਕਿੰਗ ਦੇਸ਼-ਵਿਦੇਸ਼ ਦੇ ਤਮਾਮ ਸਿੱਕਾ ਘਰਾਂ ਨੂੰ ਭੇਜ ਦਿੱਤੀ ਗਈ ਹੈ। ਅਜਿਹੀ ਹੀ ਇਕ ਪੈਕਿੰਗ ਬਾਲੌਦ ਨਿਵਾਸੀ ਸਿੱਕਾ ਪ੍ਰੇਮੀ ਡਾ. ਪ੍ਰਦੀਪ ਜੈਨ ਨੂੰ ਜਦੋਂ ਮਿਲੀ ਤਾਂ ਉਹ ਹੈਰਾਨ ਰਹਿ ਗਏ। ਯਾਦ ਰਹੇ ਕਿ ਪਹਿਲਾਂ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਦੇ ਵਿਗਿਆਪਨ ਵਿਚ ਭੁੱਲ ਕੇ ਪਾਕਿਸਤਾਨ ਦੇ ਸੈਨਿਕ ਅਫਸਰ ਦੀ ਤਸਵੀਰ ਪ੍ਰਕਾਸ਼ਿਤ ਹੋ ਗਈ ਸੀ।

## ਸਜ਼ੂਕੀ ਵਲੋਂ ਲਾਂਚ ਨਵੀਂ ਲਗਜ਼ਰੀ ਕਾਰ ਕਿਜ਼ਾਸ਼ੀ ਮਿਲਵੁਡਜ਼ ਸਜ਼ੂਕੀ ਤੇ ਪੁੱਜੀ

ਐਡਮਿੰਟਨ - ਗਰਮੀਆ ਦੇ ਲੁੱਤਫ ਲਈ ਸਨਰੂਫ, ਸਰਦੀਆਂ 'ਚ ਗਰਮੀ ਦੇ ਅਹਿਸਾਸ ਲਈ ਲੈਦਰ ਇਨਟੀਰਿਅਰ,ਆਲ ਵੀਲ੍ਹ ਡਰਾਈਵ, ਆਟੋ ਟਰਾਂਸਮਿਸ਼ਨ ਜਿਹੀਆਂ ਖੂਬੀਆਂ ਨਾਲ ਲੈਸ ਕਿਜ਼ਾਸ਼ੀ ਸਜ਼ੂਕੀ ਵਲੋਂ ਲਾਂਚ ਕੀਤੀ ਮਿਡ-ਸਾਈਜ਼ਡ ਸੈਡਾਨ ਹੈ। 2.4 ਲਿਟਰ, 4 ਸਿਲੰਡਰ ਇੰਜਨ, ਸਰਦੀਆਂ 'ਚ ਨਿੱਘ ਲਈ ਗਰਮ ਹੋਣ ਵਾਲੀਆਂ ਸੀਟਾਂ, ਪੰਜ ਸਵਾਰੀਆਂ ਲਈ ਬਣੀ ਕਿਜ਼ਾਸ਼ੀ ਪੂਰੀਆਂ ਸਹੂਲਤਾਂ (ਫੁੱਲੀ ਲੋਡਿਡ) ਨਾਲ ਸੁਸੱਜਿਤ ਹੈ।ਮਿਲਵੁਡਜ਼ ਸਜ਼ੂਕੀ ਦੇ ਜੈਸੀ ਪਰਿਹਾਰ ਨੇ ਦੱਸਿਆ ਕਿ ਕਿਜ਼ਾਸ਼ੀ ਦੀ ਟੈਸਟ ਡਰਾਈਵ ਲਈ ਉਨ੍ਹਾਂ ਦੀ ਡੀਲਰਸ਼ਿਪ ਤੇ ਸਵਾਗਤ ਹੈ।

# 153 ਸਾਲ : ਮਹਿੰਗਾਈ 2667 ਗੁਣਾਂ

## ਹਰਿਆਣਾ ਦੇ ਅੰਕੜਾ ਵਿਭਾਗ ਦੇ ਕੋਲ ਉਪਲੱਬਧ ਰਿਕਾਰਡ ਤੋਂ ਖੁਲਾਸਾ

**ਮੋਹਿਤ ਧੁੱਪੜ-ਅੰਬਾਲਾ**

ਬਜ਼ੁਰਗ ਕਹਿੰਦੇ ਨੇ ਕਿ ਪਹਿਲਾਂ ਵਾਲਾ ਜ਼ਮਾਨਾ ਸਸਤਾ ਸੀ। ਹੁਣ ਮਹਿੰਗਾਈ ਵੱਧ ਗਈ ਹੈ। ਪਰ ਕੀ ਤੁਸੀਂ ਯਕੀਨ ਕਰੋਗੇ ਕਿ ਬੀਤੇ 153 ਸਾਲਾਂ ਵਿਚ ਮਹਿੰਗਾਈ 2667 ਗੁਣਾ ਵੱਧ ਗਈ ਹੈ। ਅਤੇ ਇਹ ਸੱਚ ਬਾਕਾਇਦਾ ਇਤਿਹਾਸ ਵਿਚ ਦਰਜ ਹੈ। ਹਰਿਆਣਾ ਦੇ ਅੰਕੜਾ ਵਿਭਾਗ ਦੇ ਕੋਲ ਕੁਝ ਅਜਿਹੇ ਦਸਤਾਵੇਜ਼ ਮੌਜੂਦ ਹਨ ਜਿਹੜੇ ਇਸ ਤੱਥ ਨੂੰ ਉਜਾਗਰ ਕਰਦੇ ਹਨ ਕਿ ਪਿਛਲੇ 153 ਸਾਲਾਂ ਵਿਚ ਮਹਿੰਗਾਈ ਬੇਹੱਦ ਵੱਧਦੀ ਗਈ।

ਅੰਕੜਾ ਵਿਭਾਗ ਹਰਿਆਣਾ ਦੇ ਕੋਲ 8 ਅਗਸਤ 1857 ਨੂੰ ਤਤਕਾਲੀਨ ਭਾਰਤ ਸਰਕਾਰ ਦੇ ਸਕੱਤਰ (ਬ੍ਰਿਟਿਸ਼ ਰਾਜ ਦੇ ਅਧੀਨ) ਜੀ ਐਫ ਐਡਮਸਟਨ ਦੀ ਰਿਪੋਰਟ ਹੈ। ਜਿਸ ਵਿਚ ਉਨ੍ਹਾਂ ਨੇ ਅਪਣੇ ਆਲਾ ਅਧਿਕਾਰੀਆਂ ਨੂੰ ਸਥਿਤੀਆਂ ਤੋਂ ਜਾਣੂ ਕਰਵਾਉਂਦੇ ਹੋਏ ਲਿਖਿਆ ਹੈ, '1857 ਦੇ ਸੈਨਿਕ ਵਿਦਰੋਹ ਵਿਚ ਵਿਦੇਸ਼ੀ ਤੋਪਖਾਨੇ ਦੇ ਨਾਲ ਦਿੱਲੀ ਦੇ ਬਾਹਰ ਆ ਚੁੱਕੇ ਸੀ ਪਰ ਉਨ੍ਹਾਂ ਦਾ ਹਮਲਾ ਤਾਕਤਵਰ ਨਹੀਂ ਸੀ। ਸਵੇਰੇ-ਸਵੇਰੇ ਤਿੰਨ ਸੋ ਘੋੜਸਵਾਰ ਵਿਦਰੋਹੀ ਸੈਨਿਕ ਸਾਡੇ ਵੱਲ ਕਸ਼ਮੀਰੀ ਗੇਟ ਤੋਂ ਆਏ, ਪਰ ਸਾਡੇ 'ਮੈਕਾਲੁਫ ਹਾਊਸ' ਨੂੰ ਦੇ ਤੋਪਖਾਨੇ ਨੇ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ। ਰਿਪੋਰਟ ਵਿਚ ਅੱਗੇ ਜਿਕਰ ਕੀਤਾ ਗਿਆ ਹੈ ਕਿ 'ਕੈਂਪ ਉਦਯੋਗ ਵਿਚ ਖੁਰਾਕ ਸਮੱਗਰੀ ਦੀ ਸਪਲਾਈ ਘੱਟ ਮਾਤਰਾ ਵਿਚ ਹੈ। ਹਾਲ ਹੀ 60 ਸੇਰ ਛੋਲੇ, 26 ਸੇਰ ਆਟਾ ਅਤੇ ਢਾਈ ਸੇਰ ਦੇਸੀ ਘਿਓ ਖਰੀਦਿਆ ਗਿਆ ਸੀ ਅਤੇ ਇਸ ਸਾਰੇ ਸਮਾਨ ਦੀ ਕੀਮਤ 1 ਰੁਪਏ ਅਦਾ ਕਰ ਦਿੱਤੀ ਗਈ।'

ਹੁਣ ਅਸੀਂ ਅੱਜ ਦੀ ਗੱਲ ਕਰਦੇ ਹਾਂ ਤਾਂ ਮਹਿੰਗਾਈ ਤਕਰੀਬਨ 2667 ਗੁਣਾ ਵੱਧ ਚੁੱਕੀ ਹੈ। ਕਿਉਂਕਿ ਅੱਜ ਦੇ ਭਾਅ ਦੇ ਮੁਤਾਬਿਕ 60 ਸੇਰ ਛੋਲੇ ਦੀ ਕੀਮਤ 1653 ਰੁਪਏ, 26 ਸੇਰ ਆਟੇ ਦੀ ਕੀਮਤ 420 ਰੁਪਏ ਹੈ ਅਤੇ ਦੇਸੀ ਘਿਓ ਦੀ ਕੀਮਤ 594 ਰੁਪਏ ਹੈ। ਇਹ ਸਮਾਨ ਜਿਹੜਾ ਅੱਜ ਤੋਂ 153 ਸਾਲ ਪਹਿਲਾਂ 1 ਰੁਪਏ ਵਿਚ ਆਉਂਦਾ ਸੀ ਅੱਜ 2667 ਰੁਪਏ ਵਿਚ ਆਉਂਦਾ ਹੈ। ਹਰਿਆਣਾ ਦੇ ਅੰਕੜਾ ਵਿਭਾਗ ਦੇ ਸਹਾਇਕ ਨਿਰਦੇਸ਼ਕ ਮਹਾਂਵੀਰ ਸਿੰਘ ਮਾਨ ਅਤੇ ਲੇਖਪਾਲ ਬਲਦੇਵ ਸਿੰਘ ਨੇ ਦੱਸਿਆ ਹੈ ਕਿ ਇਹ ਇਤਿਹਾਸਿਕ ਰਿਕਾਰਡ ਸਰਵੈ ਦੌਰਾਨ ਦਿੱਲੀ ਤੋਂ ਹੀ ਹਾਸਿਲ ਹੋਇਆ ਹੈ। ਜਿਸ ਨੂੰ ਮਹਿਫ਼ੂਜ ਰੱਖਿਆ ਗਿਆ ਹੈ।

# ਕਬੱਡੀ ਕੱਪ ਵਿਚ ਰਾਜਨੀਤਕ ਕੁਸ਼ਤੀ

ਜਲੰਧਰ ਨ ਦ ਬਿਊਰੋ-

ਸਰਕਲ ਸਟਾਇਲ ਕਬੱਡੀ ਵਰਲਡ ਕੱਪ ਵਿਚ ਰਾਜਨੀਤਕ ਕੁਸ਼ਤੀ ਸ਼ੁਰੂ ਹੋ ਗਈ ਹੈ। ਹੋਡਰਿੰਗਸ ਵਿਚ ਭਾਜਪਾ ਨੂੰ ਨਜ਼ਰਅੰਦਾਜ ਕਰਨ ਦੇ ਕਾਰਨ ਪਾਰਟੀ ਨੇ ਮੈਚਾਂ ਦਾ ਬਾਈਕਾਟ ਕਰ ਦਿੱਤਾ। ਭਾਜਪਾ ਦੇ ਦੋ ਵਿਧਾਇਕ ਡਿਪਟੀ ਉੱਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਮਿਲਣ ਹੈਲੀਪੈਡ ਤੱਕ ਤਾਂ ਆਏ ਪਰ ਉੱਥੋਂ ਗੁਰੂ ਗੋਬਿੰਦ ਸਿੰਘ ਸਟੇਡੀਅਮ ਨਹੀਂ ਗਏ। ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਵੀ ਮਹਿੰਦਰ ਦਾ ਕਹਿਣਾ ਹੈ ਕਿ ਪਾਰਟੀ ਦੇ ਨੇਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ।

ਜਲੰਧਰ ਭਾਜਪਾ ਦਾ ਗੜ੍ਹ ਹੈ, ਇਸ ਕਰਕੇ ਪਾਰਟੀ ਨੇ ਮੈਚਾਂ ਵਿਚ ਨਾ ਸ਼ਾਮਲ ਹੋਣ ਦਾ ਫੈਸਲਾ ਲਿਆ ਹੈ। ਰਵੀ ਮਹਿੰਦਰ ਪੰਜਾਬ ਦੇ ਸਥਾਨਕ ਮਾਮਲਿਆਂ ਦੇ ਮੰਤਰੀ ਮਨੋਰੰਜਨ ਕਾਲੀਆ ਦੇ ਕਾਫ਼ੀ ਨਜ਼ਦੀਕੀ ਦੋਸਤ ਮੰਨੇ ਜਾਂਦੇ ਹਨ। ਪੰਜਾਬ ਦੇ ਸਥਾਨਕ ਮਾਮਲਿਆਂ ਦੇ ਮੰਤਰੀ ਮਨੋਰੰਜਨ ਕਾਲੀਆ ਦਾ ਕਹਿਣਾ ਹੈ ਕਿ ਇਹ ਪਾਰਟੀ ਦਾ ਫੈਸਲਾ ਹੈ, ਇਸ ਕਰਕੇ ਉਹ ਇਸ ਮਾਮਲੇ ਨਾਲ ਜ਼ਿਆਦਾ ਜੁੜੇ ਹੋਏ ਨਹੀਂ ਹਨ। ਉੱਥੇ ਹੀ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਉਹਨਾਂ ਨੂੰ ਭਾਜਪਾ ਦੇ ਨਜ਼ਰਅੰਦਾਜ਼ ਕਰਨ ਦੀ ਕੋਈ ਵੀ ਜਾਣਕਾਰੀ ਨਹੀਂ ਹੈ। ਕਬੱਡੀ ਕੱਪ ਦੇ ਮੈਚਾਂ ਦੇ ਪ੍ਰਚਾਰ ਵਾਸਤੇ ਉਹਨਾਂ ਨੇ ਆਦੇਸ਼ ਦੇ ਰੱਖੇ ਸਨ ਕਿ ਪਾਰਟੀ ਪੱਧਰ ਤੋਂ ਵੀ ਉੱਪਰ ਆਯੋਜਨ ਕੀਤਾ ਜਾਵੇਗਾ। ਇਸ ਵਿਚ ਸਾਰਿਆਂ ਨੂੰ ਬੁਲਾਇਆ ਜਾਵੇ ਅਤੇ ਸਾਰਿਆਂ ਨੂੰ ਮਾਨ ਸਨਮਾਨ ਦਿੱਤਾ ਜਾਵੇ। ਜੇਕਰ ਇਸ ਵਿਚ ਭਾਜਪਾ ਨੂੰ ਨਜ਼ਰਅੰਦਾਜ਼ ਕਰਨ ਕੀਤਾ ਗਿਆ ਹੈ ਤਾਂ ਜ਼ਿੰਮੇਵਾਰ ਅਧਿਕਾਰੀਆਂ ਉੱਤੇ ਕਾਰਵਾਈ ਕੀਤੀ ਜਾਵੇਗੀ। ਸੁਖਬੀਰ ਬਾਦਲ ਬਠਿੰਡਾ ਤੋਂ ਹੈਲੀਕਾਪਟਰ ਵਿਚ ਜਲੰਧਰ ਪਹੁੰਚੇ ਤਾਂ ਹੈਲੀਪੈਡ ਉੱਤੇ ਉਹਨਾਂ ਦਾ ਸਵਾਗਤ ਕਰਨ ਵਾਲਿਆਂ ਵਿਚ ਭਾਜਪਾ ਦੀ ਤਰਫੋਂ ਵਿਧਾਇਕ ਕ੍ਰਿਸ਼ਨ ਦੇਵ ਭੰਡਾਰੀ ਅਤੇ ਫਿਰੋਜ਼ਪੁਰ ਦੇ ਸੰਸਦੀ ਸਕੱਤਰ ਸੁਖਪਾਲ ਸਿੰਘ ਨੰਨੂੰ ਵੀ ਸਨ। ਦੋਨੋਂ ਵਿਧਾਇਕ ਸੁਖਬੀਰ ਨੂੰ ਪੂਰੀ ਗਰਮਜੋਸ਼ੀ ਨਾਲ ਮਿਲੇ ਅਤੇ ਬਾਅਦ ਵਿਚ ਅਪਣੀਆਂ ਗੱਡੀਆਂ ਵਿਚ ਬੈਠ ਕੇ ਕਾਫ਼ਲੇ ਦੇ ਨਾਲ ਸਟੇਡੀਅਮ ਵਲ ਰਵਾਨਾ ਹੋ ਗਏ। ਰਸਤੇ ਵਿਚ ਸੁਖਪਾਲ ਨੰਨੂੰ ਅਤੇ ਭੰਡਾਰੀ ਦੀਆਂ ਗੱਡੀਆਂ ਸੁਖਬੀਰ ਦੇ ਕਾਫ਼ਿਲੇ ਵਿਚੋਂ ਨਿਕਲ ਕੇ ਦੂਸਰੇ ਪਾਸੇ ਚਲੀਆਂ ਗਈਆਂ। ਭੰਡਾਰੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਧਾਨ ਰਵੀ ਮਹਿੰਦਰ ਸਿੰਘ ਦੀ ਤਰਫੋਂ ਫੋਨ ਉੱਤੇ ਕਿਹਾ ਗਿਆ ਸੀ ਕਿ ਕਬੱਡੀ ਕੱਪ ਵਿਚ ਭਾਜਪਾ ਨੂੰ ਕੋਈ ਤਰਜ਼ੀਹ ਨਹੀਂ ਦਿੱਤੀ ਗਈ। ਇਸ ਲਈ ਇਸ ਵਿਚ ਭਾਜਪਾ ਦੇ ਨੇਤਾ ਸ਼ਾਮਲ ਨਹੀਂ ਹੋਣਗੇ।

## ਬਰਾੜ ਨੇ ਵੀ ਕੀਤਾ ਬਾਈਕਾਟ

ਜਲੰਧਰ ਕੈਂਟ ਤੋਂ ਅਕਾਲੀ ਵਿਧਾਇਕ ਜਗਬੀਰ ਸਿੰਘ ਬਰਾੜ ਨੇ ਵੀ ਕਬੱਡੀ ਕੱਪ ਦਾ ਬਾਈਕਾਟ ਕਰ ਦਿੱਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਜਿਹੜੇ ਕਾਰਡ ਛਪਵਾਏ ਗਏ ਹਨ, ਉਹਨਾਂ ਉੱਪਰ ਉਹਨਾਂ ਦਾ ਨਾਂ ਹੀ ਨਹੀਂ ਹੈ। ਉਹ ਜ਼ਿਲ੍ਹੇ ਵਿਚ ਸੱਤਾਧਾਰੀ ਪਾਰਟੀ ਦੇ ਵਿਧਾਇਕ ਹਨ। ਜਗਬੀਰ ਬਰਾੜ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਵੀ ਨਜ਼ਦੀਕੀ ਰਿਸ਼ਤੇਦਾਰ ਹਨ।

# Classified Plus

*Your guide to every search*

## Commercial Property

**Great $$$ Investment opportunity**

Near Chandigarh (India)
Good Rental Potential
500 Sq. Ft. (2nd Floor) Vacant,
Ready for Possession

For Sale in Shalimar Mega Mall, Sector 5 Panchkula

For Further Details Call
001 780 951 3814

**House For Sale by Owner**

2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.

**Ready for Possession.**

Contact: **780 965 7390** or **780 906 4497**

* * * *

**ਮੋਹਾਲੀ 'ਚ ਪਲਾਟ ਵਿਕਾਊ**

ਗ੍ਰੇਟਰ ਮੋਹਾਲੀ ਸੈਕਟਰ 127 'ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।

**ਸੰਪਰਕ: 011 91 97813 60066**

* * * *

**2 Story House For Sale By Owner In Leduc**

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. **House backs on to the City Park.** For details call **780 965 0808.**

* Newly Built Bi-Level House with KEYLESS ENTRY for Sale

* Don't Miss this Great opportunity… Must See the House

* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (**Main Kitchen has Granite Counter Tops**), 2 Furnaces, 2 Hot Water Tanks, 2 Laundries (1 Upstairs & 1 in the Basement). Finished/ Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, **Enjoy Barbecue on the Large Deck.** House has Stucco Exterior.

* Fully Finished 2 Basements having 2 Bedrooms 9' Ceiling and a Washroom each.

**For details/appointments**
**Contact 780 964 7001.**

## Matrimonial

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਸਮਾਰਟ, ਸਰਸਵਤ ਬ੍ਰਾਹਮਣ, 40 ਸਾਲ (ਦੇਖਣ ਵਿਚ ਛੋਟੇ ਲਗਦੇ), 5'-8" ਗਰੀਸ ਰਿਟਰਨ ਮੋਹਾਲੀ ਅਧਾਰਿਤ ਨਸ਼ਾ ਰਹਿਤ ਲੜਕੇ ਲਈ, ਯੋਗ ਲੜਕੀ ਦੀ ਲੋੜ। ਜਾਤ ਦਾ ਕੋਈ ਬੰਧਨ ਨਹੀਂ। ਸੰਪਰਕ : 97813-60066

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in


Blitz Auto Canada
Full Maintenance Service
Breaks
Muffler
Suspension
Steering
Lube & Oil
Tires
Batteries
WE CARE YOUR CAR BETTER
Contact: Umesh Amin
3207-97 Street, Edmonton, Alberta, T6N 1B7, Canada
Phone: 780 463 2886 Fax: 780 463 6536
E-mail: unamin@gmail.com


## Help Wanted

ਕੈਲਗਰੀ ਸਥਿਤ ਦਫਤਰ ਲਈ ਅੰਗਰੇਜ਼ੀ ਅਤੇ ਪੰਜਾਬੀ ਜਾਨਣ ਵਾਲੇ 'ਟੈਲੀਮਾਰਕੀਟਰ" ਦੀ ਲੋੜ ਹੈ।

ਹੋਰ ਜਾਣਕਾਰੀ ਵਾਸਤੇ ਫੋਨ 403 830 7007 'ਤੇ ਸੰਪਰਕ ਕਰੋ

ਜਾਂ

ਆਪਣੇ ਵੇਰਵੇ 403 717 0667 'ਤੇ ਫੈਕਸ ਕਰੋ।


City Estates
All Types of Property, Plots & Kothis available for Sale & Purchase in Chandigarh/Mohali.
* Newly Built 10 Marla Triple Story House for Sale in Sector 35-C, Chandigarh.
** 1 Kanal Kothis for Sale in Sector 10, 34 & 35 Chandigarh.
For More Info Contact:
City Estates
SCO 123, Phase 7, Mohali (Punjab)
011 91 98147 11263 or
011 91 98729 73304

# ਪੰਜਾਬ ਦੱਸ ਰਿਹਾ ਹੈ ਮੀਡੀਆ ਦਾ ਭਵਿੱਖ

**ਅਨਿਲ ਚਮੜੀਆ**

ਸ਼ੁਰੂ ਵਿਚ ਹੀ ਤੁਹਾਨੂੰ ਇਕ ਗੱਲ ਦੱਸ ਦੇਵਾਂ ਕਿ ਕੁਝ ਵਰ੍ਹੇ ਪਹਿਲਾਂ ਪੰਜਾਬ ਵਿਚ ਵਿਧਾਨ ਸਭਾ ਦੇ ਚੋਣ ਨਤੀਜਿਆਂ ਦੇ ਬਾਅਦ ਟੈਲੀਵਿਜ਼ਨ ਚੈਨਲਾਂ ਨੂੰ ਅੰਤਾਂ ਦੀਆਂ ਗਾਲਾਂ ਸੁਣਨ ਨੂੰ ਮਿਲੀਆਂ ਸਨ। ਇਹ ਸਾਰੇ ਚੋਣ ਸਰਵੇਖਣ ਗ਼ਲਤ ਸੁਣਨ ਕਰਕੇ ਮਿਲੀਆਂ ਸਨ। ਸਾਰੇ ਚੋਣ ਸਰਵੇਖਣ ਗ਼ਲਤ ਸਾਬਤ ਹੋ ਗਏ ਸਨ। ਪ੍ਰੈਸ ਰਿਪ੍ਰੋਟਰ ਕੁੱਟੇ ਜਾਣ ਤੋਂ ਵਾਲ-ਵਾਲ ਬਚੇ ਸਨ। ਉਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੋਸ਼ ਲਾਇਆ ਸੀ ਕਿ ਰਿਲਾਇੰਸ ਵਾਲਿਆਂ ਨੇ ਪੰਜਾਬ ਵਿਚ ਅਕਾਲੀ-ਭਾਜਪਾ ਦੇ ਗਠਬੰਧਨ ਨੂੰ ਹਰਾਉਣ ਲਈ ਬਹੁਤ ਵੱਡੀ ਰਕਮ ਖਰਚ ਕੀਤੀ ਸੀ। ਇਸੇ ਕੰਪਨੀ ਨੇ ਹੀ ਚੋਣ ਸਰਵੇਖਣਾਂ ਦੁਆਰਾ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਯੋਜਨਾ ਬਣਾਈ ਸੀ। ਪੰਜਾਬ ਵਿਚ ਅਕਾਲੀ ਦਲ ਅਤੇ ਕਾਂਗਰਸ ਵਿਚਕਾਰ ਪ੍ਰਾਪਤ ਵੋਟਾਂ ਦਾ ਫਰਕ ਪੰਜ ਪ੍ਰਤੀਸ਼ਤ ਨਾਲੋਂ ਵੀ ਘੱਟ ਸੀ। ਉਨ੍ਹਾਂ ਸਰਵੇਖਣਾਂ ਦੇ ਗ਼ਲਤ ਸਾਬਤ ਹੋਣ 'ਤੇ ਪ੍ਰਕਾਸ਼ ਸਿੰਘ ਬਾਦਲ, ਰਾਜਨਾਥ ਸਿੰਘ ਸਣੇ ਕਈ ਰਾਜਸੀ ਨੇਤਾਵਾਂ ਨੇ ਚੋਣ ਸਰਵੇਖਣਾਂ ਉਤੇ ਪਾਬੰਦੀ ਦੀ ਮੰਗ ਕੀਤੀ ਸੀ। ਫੇਰ ਵੀ ਲੋਕ ਸਭਾ ਦੇ ਚੋਣ ਸਰਵੇਖਣ ਇਕ ਸਮਾਨ ਨਹੀਂ ਸਨ। ਸਭ ਦੇ ਆਪੋ ਆਪਣੇ ਅਨੁਮਾਨ ਸਨ। ਮਣੀਪੁਰ, ਪੰਜਾਬ ਅਤੇ ਉਤਰਾਂਚਲ ਵਿਚ ਨਤੀਜੇ ਹੈਰਾਨੀਜਨਕ ਸਨ। ਇਸ ਵਾਰ ਪੰਜਾਬ ਵਿਚ ਮੀਡੀਆ ਨੂੰ ਲੈ ਕੇ ਕੋਈ ਗੱਲਬਾਤ ਨਹੀਂ ਹੋਈ ਜਦੋਂ ਕਿ ਚੋਣਾਂ ਮੀਡੀਆ ਦੁਆਰਾ ਹੀ ਲੜੀਆਂ ਗਈਆਂ। ਅਕਾਲੀ ਦਲ ਨੇ ਮੀਡੀਆ ਲਈ ਕਈ ਕਰੋੜਾਂ ਦੀ ਯੋਜਨਾ ਪਹਿਲਾਂ ਹੀ ਬਣਾ ਲਈ ਸੀ। ਕਿਥੋਂ ਆਇਆ ਇਹ ਪੈਸਾ? ਇਨ੍ਹਾਂ ਪੰਜ ਸਾਲਾਂ ਵਿਚ ਪੰਜਾਬ ਵਿਚ ਮੀਡੀਆ ਅੰਦਰ ਜੋ ਪਰਵਿਰਤੀਆਂ ਵਿਕਸਿਤ ਹੋਈਆਂ, ਉਨ੍ਹਾਂ ਨੂੰ ਜ਼ਰਾ ਧਿਆਨ ਨਾਲ ਦੇਖਣਾ ਅਤੇ ਸਮਝਣਾ ਚਾਹੀਦਾ ਹੈ।

ਪੰਜਾਬ ਵਿਚ ਇਸ ਵਾਰ ਇਹ ਕਹਾਵਤ ਬਹੁਤ ਮਸ਼ਹੂਰ ਹੋਈ ਕਿ ਆਲੂਆਂ ਨਾਲੋਂ ਸਸਤੇ ਪੱਤਰਕਾਰ ਹੋ ਗਏ ਸਨ। ਕਈ ਅਖਬਾਰਾਂ ਨੇ ਇਸ਼ਤਿਹਾਰਾਂ ਦੇ ਪੈਸੇ ਲੈ ਕੇ ਖਬਰਾਂ ਛਾਪੀਆਂ ਗਈਆਂ। ਸਥਾਨਕ ਪੱਤਰਕਾਰ ਇਸ਼ਤਿਹਾਰ ਇਕੱਠੇ ਕਰਨ ਵਾਲੇ ਏਜੰਟਾਂ ਵਾਂਗ ਸਰਗਰਮ ਸਨ। ਉਨ੍ਹਾਂ ਨੂੰ ਇਸ਼ਤਿਹਾਰ ਦਿਵਾਉਣ ਦਾ ਕਮਿਸ਼ਨ ਮਿਲਦਾ ਸੀ। ਪਰ ਕਈ ਵਾਰ ਅਜਿਹਾ ਵੀ ਹੋਇਆ ਕਿ ਅਖਬਾਰਾਂ ਦੇ ਮੁੱਖ ਦਫ਼ਤਰੋਂ ਹੀ ਉਮੀਦਵਾਰਾਂ ਨਾਲ ਸਿੱਧਾ ਸੌਦਾ ਤੈਅ ਹੋ ਜਾਂਦਾ ਸੀ ਤਾਂ ਕਿ ਕਮਿਸ਼ਨ ਦੀ ਰਾਸ਼ੀ ਨਾ ਦੇਣੀ ਪਵੇ। ਦੂਸਰੀ ਗੱਲ ਇਹ ਹੋਈ ਕਿ ਇਕ ਚੋਣ ਸਰਵੇਖਣ ਦੇ ਵਿਰੁੱਧ ਦੂਜੀ ਪਾਰਟੀ ਨੇ ਇਸ਼ਤਿਹਾਰ ਛਪਵਾਏ ਅਤੇ ਇਹ ਦਾਅਵਾ ਕੀਤਾ ਕਿ ਚੋਣ ਸਰਵੇਖਣ ਕਰਨ ਵਾਲੀ ਕੰਪਨੀ ਦੇ ਸਰਵੇਖਣ ਕਿੱਥੇ ਕਿੱਥੇ ਗ਼ਲਤ ਸਾਬਤ ਹੋਏ ਹਨ। ਤੀਜਾ ਦਿੱਲੀ ਵਿਚ ਭਾਜਪਾ ਸਾਂਸਦ ਦੁਆਰਾ ਚਲਾਏ ਜਾਣ ਵਾਲੇ ਅੰਗਰੇਜ਼ੀ ਅਖਬਾਰ ਦੇ ਚੰਡੀਗੜ੍ਹ ਐਡੀਸ਼ਨ ਦਾ ਮਾਲਕ ਕਾਂਗਰਸ ਨਾਲ ਜੁੜਿਆ ਹੋਇਆ ਹੈ। ਉਸ ਨੇ ਖਾਸ ਕਰਕੇ ਕਾਂਗਰਸ ਲਈ ਕੰਮ ਕੀਤਾ। ਇਥੇ ਸਰਵੇ ਕੰਪਨੀ ਅਤੇ ਅਖਬਾਰ ਦਾ ਨਾਂ ਲੈਣਾ ਕੋਈ ਦਿੱਕਤ ਨਹੀਂ ਪਰ ਇਹ ਜਾਣ ਬੁੱਝ ਕੇ ਨਹੀਂ ਦਿੱਤਾ ਜਾ ਰਿਹਾ ਤਾਂ ਕਿ ਇਹ ਨਾਵਾਂ ਦੀ ਉਲਝਣ ਦੀ ਬਜਾਏ ਵਿਆਪਕ ਨਜ਼ਰੀਏ ਤੋਂ ਦੇਖਿਆ ਜਾ ਸਕੇ। ਇਹ ਪਹਿਲੀ ਵਾਰ ਹੋਇਆ ਹੈ ਕਿ ਕਾਂਗਰਸ ਸਰਕਾਰ ਦੁਆਰਾ ਮੀਡੀਆ ਸਲਾਹਕਾਰ ਨੂੰ ਮੰਤਰੀ ਦਾ ਦਰਜਾ ਦਿੱਤਾ ਗਿਆ। ਇਹ ਸਲਾਹਕਾਰ ਛੋਟਾ ਵਰਕਰ ਸੀ। ਪਹਿਲੇ ਪੁਲਿਸ ਮਹਾਂਨਿਰਦੇਸ਼ਕ ਐਸ. ਐਸ. ਗਿੱਲ ਦਾ ਵੀ ਪ੍ਰੈਸ ਸਲਾਹਕਾਰ ਸੀ। ਉਸਦੇ ਪਰਿਵਾਰ ਵਾਲਿਆਂ ਨੇ ਭਾਜਪਾ ਸਾਂਸਦ ਦੇ ਅੰਗਰੇਜ਼ੀ ਅਖ਼ਬਾਰ ਵਿਚ ਪੈਸਾ ਲਾਇਆ । ਪੰਜਾਬ ਵਿਚ ਹਿੰਦੀ ਦੇ ਅਖਬਾਰਾਂ ਦੀ ਪਰਸਾਰ ਸੰਖਿਆ ਤੇਜ਼ੀ ਨਾਲ ਵਧੀ ਹੈ। ਜਿੱਥੇ ਜਿੱਥੇ ਹਿੰਦੀ ਦੇ ਅਖਬਾਰਾਂ ਦਾ ਵਿਸਥਾਰ ਹੋਇਆ ਹੈ। ਉਥੇ ਭਾਜਪਾ ਦੀ ਜਿੱਤ ਜਾਂ ਮਜ਼ਬੂਤੀ ਦੇਖੀ ਜਾ ਰਹੀ। ਦਿੱਲੀ ਤੋਂ ਇਕ ਬਿਲਡਰ ਜੈਨ ਦੁਆਰਾ ਸ਼ੁਰੂ ਕੀਤੇ ਗਏ ਪੰਜਾਬੀ ਚੈਨਲ ਨੂੰ ਅਪਣਾ ਕਾਰੋਬਾਰ ਪੰਜਾਬ ਵਿਚੋਂ ਸਮੇਟਣਾ ਪਿਆ ਹੈ। ਬਾਦਲ ਦੀ ਪਾਰਟੀ ਦੇ ਉਹ ਪਿੱਛੇ ਪਿਆ ਹੋਇਆ ਸੀ। ਪੂਰੀ ਈਮਾਨਦਾਰੀ ਦੇ ਨਾਲ ਉਹ ਕਾਂਗਰਸ ਦੇ ਨਾਲ ਸੀ। ਕੰਮ ਸਮੇਟਣ ਦੀ ਸਥਿਤੀ ਬਣਦੇ ਹੀ ਉਸਨੇ ਅਪਣੇ ਮੁਲਾਜ਼ਮਾਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ। ਲੋਕਾਂ ਅੰਦਰ ਉਸ ਚੈਨਲ ਦੇ ਸਿਸਟਮ ਦੀ ਕੋਈ ਖ਼ਬਰ ਨਹੀਂ ਹੈ। ਖ਼ਬਰ ਹੋਵੇ ਵੀ ਉਸਦੇ ਸਮਰਥਨ ਵਿਚ ਕੋਈ ਦਰਸ਼ਕ ਆਉਣਾ ਨਹੀਂ ਚਾਹੇਗਾ। ਰਾਜਨੀਤਕ ਲਾਬੀ ਦਾ ਜੁਗਾੜ ਹੋ ਗਿਆ ਤਾਂ ਅਖਬਾਰਾਂ ਵਿਚ ਕੁਝ ਛਪ ਗਿਆ ਅਤੇ ਸੰਸਦ ਵਿਚ ਵੀ ਕੋਈ ਬੋਲ ਪਿਆ। ਸੰਸਦ ਅੰਦਰ ਲਾਬੀਆਂ ਦੇ ਹੀ ਮੁੱਦੇ ਹੁੰਦੇ ਹਨ ਪਰ ਪੰਜਾਬ ਵਿਚ ਕੀ ਇਸ ਵਾਰ ਰਿਲਾਇੰਸ ਦੀ ਕੋਈ ਭੂਮਿਕਾ ਨਹੀਂ ਰਹੀ? ਰਿਲਾਇੰਸ ਪੰਜਾਬ ਵਿਚ ਅਪਣਾ ਕਾਰੋਬਾਰ ਤੇਜੀ ਨਾਲ ਫੈਲਾਅ ਰਿਹਾ ਹੈ। ਵੱਡੇ ਪੈਮਾਨੇ ਉੱਤੇ ਜ਼ਮੀਨ ਲਈ ਜਾ ਰਹੀ ਹੈ। ਕੀ ਉਹ ਪ੍ਰਕਾਸ਼ ਸਿੰਘ ਬਾਦਲ ਤੋਂ ਡਰ ਗਿਆ ਸੀ? ਆਖਿਰ ਉਸਨੇ ਅਪਣੀ ਭੂਮਿਕਾ ਕਿਸ ਤਰ੍ਹਾਂ ਅਦਾ ਕੀਤੀ?




*ਭਾਰਤ ਵਿਚ ਮੀਡੀਆ ਦੇ ਬਾਜ਼ਾਰ ਬਾਰੇ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਵਰ੍ਹਿਆਂ ਵਿਚ ਇਹ ਤਿੰਨ ਗੁਣਾ ਅਰਥਾਤ 42 ਹਜ਼ਾਰ ਕਰੋੜ ਸਾਲਾਨਾ ਦਾ ਬਾਜ਼ਾਰ ਹੋ ਜਾਏਗਾ। ਇਕ ਤਾਂ ਮੀਡੀਆ ਖੁਦ ਬਾਜ਼ਾਰ ਬਣ ਰਿਹਾ ਹੈ ਅਤੇ ਦੂਜਾ ਮੀਡੀਆ ਦੂਜੇ ਖੇਤਰਾਂ ਵਿਚ ਬਾਜ਼ਾਰ ਦੇ ਵਿਸਥਾਰ ਦਾ ਸਹਾਇਕ ਬਣ ਰਿਹਾ ਹੈ। ਦੇਸ਼ ਦੇ ਜਿਨ੍ਹਾਂ ਉਦਯੋਗ ਪਤੀਆਂ ਨੇ ਸਮਾਚਾਰ ਪੱਤਰਾਂ ਵਿਚ ਪਹਿਲਾਂ ਪੈਸਾ ਲਾਇਆ ਉਹਨਾਂ ਵਿਚੋਂ ਜ਼ਿਆਦਾਤਰ ਬਹੁਤ ਮਜ਼ਬੂਤ ਹੋ ਚੁੱਕੇ ਹਨ। ਮੀਡੀਆ ਦੇ ਬਾਰੇ ਇਕ ਖਾਸ ਗੱਲ ਇਹ ਹੈ ਕਿ ਜੇ ਉਸਦੀ ਭਰੋਸੇਯੋਗਤਾ ਇਕ ਵਾਰ ਬਣ ਗਈ ਤਾਂ ਉਹ ਲੰਮੇ ਸਮੇਂ ਤੱਕ ਚਲਦੀ ਹੈ। ਦਰਸ਼ਕ ਅਤੇ ਪਾਠਕ ਉਸਤੋਂ ਜਲਦੀ ਨਹੀਂ ਟੁੱਟਦੇ। ਭਾਵੇਂ ਉਹ ਉਹਨਾਂ ਦੇ ਹਿੱਤਾਂ ਵਿਰੁੱਧ ਸਿੱਧੇ ਜਾਂ ਅਸਿੱਧੇ ਢੰਗ ਨਾਲ ਕੰਮ ਕਰ ਰਿਹਾ ਹੋਵੇ। ਇੱਥੋਂ ਦੇ ਦਰਸ਼ਕ ਅਧਿਆਤਮਕ ਧਰਮਾਂ ਨਾਲ ਡੂੰਘੇ ਜੁੜੇ ਦਿਖਾਈ ਦਿੰਦੇ ਹਨ। ਉਥੇ ਤਾਂ ਕਿਸੇ ਵੀ ਉਤਪਾਦ ਅਤੇ ਸੰਗਠਨ ਦੇ ਨਾਲ ਉਹ ਧਰਮ ਦੀ ਤਰ੍ਹਾਂ ਹੀ ਜੁੜ ਜਾਂਦੇ ਹਨ।*

ਭਾਰਤ ਵਿਚ ਮੀਡੀਆ ਦੇ ਬਾਜ਼ਾਰ ਬਾਰੇ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਵਰ੍ਹਿਆਂ ਵਿਚ ਇਹ ਤਿੰਨ ਗੁਣਾ ਅਰਥਾਤ 42 ਹਜ਼ਾਰ ਕਰੋੜ ਸਾਲਾਨਾ ਦਾ ਬਾਜ਼ਾਰ ਹੋ ਜਾਏਗਾ। ਇਕ ਤਾਂ ਮੀਡੀਆ ਖੁਦ ਬਾਜ਼ਾਰ ਬਣ ਰਿਹਾ ਹੈ ਅਤੇ ਦੂਜਾ ਮੀਡੀਆ ਦੂਜੇ ਖੇਤਰਾਂ ਵਿਚ ਬਾਜ਼ਾਰ ਦੇ ਵਿਸਥਾਰ ਦਾ ਸਹਾਇਕ ਬਣ ਰਿਹਾ ਹੈ। ਦੇਸ਼ ਦੇ ਜਿਨ੍ਹਾਂ ਉਦਯੋਗ ਪਤੀਆਂ ਨੇ ਸਮਾਚਾਰ ਪੱਤਰਾਂ ਵਿਚ ਪਹਿਲਾਂ ਪੈਸਾ ਲਾਇਆ ਉਹਨਾਂ ਵਿਚੋਂ ਜ਼ਿਆਦਾਤਰ ਬਹੁਤ ਮਜ਼ਬੂਤ ਹੋ ਚੁੱਕੇ ਹਨ। ਮੀਡੀਆ ਦੇ ਬਾਰੇ ਇਕ ਖਾਸ ਗੱਲ ਇਹ ਹੈ ਕਿ ਜੇ ਉਸਦੀ ਭਰੋਸੇਯੋਗਤਾ ਇਕ ਵਾਰ ਬਣ ਗਈ ਤਾਂ ਉਹ ਲੰਮੇ ਸਮੇਂ ਤੱਕ ਚਲਦੀ ਹੈ। ਦਰਸ਼ਕ ਅਤੇ ਪਾਠਕ ਉਸਤੋਂ ਜਲਦੀ ਨਹੀਂ ਟੁੱਟਦੇ। ਭਾਵੇਂ ਉਹ ਉਹਨਾਂ ਦੇ ਹਿੱਤਾਂ ਵਿਰੁੱਧ ਸਿੱਧੇ ਜਾਂ ਅਸਿੱਧੇ ਢੰਗ ਨਾਲ ਕੰਮ ਕਰ ਰਿਹਾ ਹੋਵੇ। ਇੱਥੋਂ ਦੇ ਦਰਸ਼ਕ ਅਧਿਆਤਮਕ ਧਰਮਾਂ ਨਾਲ ਡੂੰਘੇ ਜੁੜੇ ਦਿਖਾਈ ਦਿੰਦੇ ਹਨ। ਉਥੇ ਤਾਂ ਕਿਸੇ ਵੀ ਉਤਪਾਦ ਅਤੇ ਸੰਗਠਨ ਦੇ ਨਾਲ ਉਹ ਧਰਮ ਦੀ ਤਰ੍ਹਾਂ ਹੀ ਜੁੜ ਜਾਂਦੇ ਹਨ।

ਕੰਪਨੀਆਂ ਨੂੰ ਸਮਾਜ ਦੀਆਂ ਇਨ੍ਹਾਂ ਕਮਜ਼ੋਰੀਆਂ ਦੀ ਜਾਣਕਾਰੀ ਹੁੰਦੀ ਹੈ। ਇਸ ਲਈ ਕੰਪਨੀਆਂ ਜਦੋਂ ਕਦੇ ਵੀ ਮੀਡੀਆ ਖੇਤਰ ਅੰਦਰ ਆਉਂਦੀਆਂ ਹਨ ਤਾਂ ਸਭ ਤੋਂ ਪਹਿਲਾਂ ਉਹ ਭਰੋਸੇਯੋਗਤਾ ਕਾਇਮ ਕਰਨ ਲਈ ਦਰਸ਼ਕਾਂ ਅਤੇ ਪਾਠਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੀਆਂ ਹਨ। ਇਥੋਂ ਤੱਕ ਕਿ ਉਹਨਾਂ ਦੇ ਸੰਘਰਸ਼ਾਂ ਨਾਲ ਵੀ ਮੋਢੇ ਨਾਲ ਮੋਢਾ ਮਿਲਾ ਕੇ ਚਲਦੀਆਂ ਦਿਖਾਈ ਦਿੰਦੀਆਂ ਹਨ। ਬਾਅਦ ਵਿਚ ਉਹ ਅਪਣਾ ਅਸਲੀ ਧੰਦਾ ਸ਼ੁਰੂ ਕਰਦੀਆਂ ਹਨ। 1990 ਦੇ ਬਾਅਦ ਨਵੀਆਂ ਆਰਥਕ ਨੀਤੀਆਂ ਦੇ ਆਉਣ ਤੋਂ ਬਾਅਦ ਕਈ ਨਵੇਂ ਬਾਜ਼ਾਰ ਪਤੀਆਂ ਨੇ ਅਪਣੀਆਂ-ਅਪਣੀਆਂ ਮੀਡੀਆ ਸੰਸਥਾਵਾਂ ਖੋਲ੍ਹਣ ਅਤੇ ਚਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਵਿਚੋਂ ਸਿੰਘਾਨੀਆ, ਡਾਲਮੀਆ ਤੋਂ ਲੈ ਕੇ ਅੰਬਾਨੀ ਤੱਕ ਹਨ। ਪਰ ਇਹਨਾਂ ਵਿਚੋਂ ਕਿਸੇ ਦੇ ਸਮਾਚਾਰ ਪੱਤਰ ਜਾਂ ਦੂਜੇ ਉਤਪਾਦ ਨਹੀਂ ਚੱਲੇ।

ਦਰਅਸਲ 1990 ਤੋਂ ਬਾਅਦ ਕਿਸੇ ਵੀ ਬਾਜ਼ਾਰਪਤੀ ਦੇ ਲਈ ਲੰਬੇ ਸਮੇਂ ਤਕ ਦਰਸ਼ਕ ਜਾਂ ਪਾਠਕ ਦੇ ਹਿੱਤ ਵਿਚ ਦਿਸਣ ਦੀ ਕਵਾਇਦ ਕਰਨਾ ਮੁਸ਼ਕਿਲ ਸੀ। ਦੂਜੀ ਗੱਲ ਇਹ ਵੀ ਹੈ ਕਿ ਉਹਨਾਂ ਬਾਜ਼ਾਰਪਤੀਆਂ ਨੇ ਜਿਨ੍ਹਾਂ ਪੱਤਰਕਾਰਾਂ ਦੇ ਜ਼ਰੀਏ ਅਪਣੀ ਵਿਸ਼ਵਾਸਪਾਤਰਤਾ ਬਣਾਉਣ ਦੀ ਕੋਸ਼ਿਸ਼ ਕੀਤੀ ਉਨ੍ਹਾਂ ਬਾਰੇ ਉਨ੍ਹਾਂ ਅੰਦਰ ਭੁਲੇਖਾ ਸੀ। ਉਹ ਅਸਲ ਵਿਚ ਦਲਾਲ ਸਨ। ਪੱਤਰਕਾਰ ਕਹਾਉਂਦੇ ਸਨ ਪਰ ਕੇਵਲ ਇਸ ਲਈ ਕਿ ਲਿਖ ਕੇ ਜਾਂ ਲਿਖਾ ਕੇ ਛਪ ਜਾਂਦੇ ਸਨ। ਪਰ ਉਹਨਾਂ ਦਾ ਸਰੋਕਾਰ ਕਦੇ ਵੀ ਸਮਾਜ ਦੇ ਸਵਾਲਾਂ ਦੇ ਨਾਲ ਨਹੀਂ ਰਿਹਾ। ਦੂਸਰੇ ਬਾਜ਼ਾਰਪਤੀ ਤਾਂ ਪਛੜ ਗਏ ਪਰ ਅੰਬਾਨੀ ਨੂੰ ਇਹ ਬਰਾਬਰ ਲੱਗਦਾ ਰਿਹਾ ਕਿ ਉਹਨਾਂ ਦੇ ਕੋਲ ਮੀਡੀਆ ਦੀ ਸਿੱਧੀ ਤਾਕਤ ਹੋਣੀ ਚਾਹੀਦੀ ਹੈ ਕਿਉਂਕਿ ਧੰਦੇ ਨੂੰ ਅਸਿੱਧੇ ਮੈਨੇਜ ਕਰਨ ਦੀ ਕੋਸ਼ਿਸ਼ ਬਹੁਤ ਟਿਕਾਊ ਨਹੀਂ ਹੋ ਸਕਦੀ ਹੈ। ਹੁਣ ਖ਼ਬਰ ਇਹ ਹੈ ਕਿ ਅੰਬਾਨੀ ਦੇ ਬੇਟੇ ਮੀਡੀਆ ਅੰਦਰ ਸਿੱਧੇ ਹੀ ਆ ਰਹੇ ਹਨ। ਚੈਨਲਾਂ ਅੰਦਰ ਪੈਸਾ ਲਾ ਰਹੇ ਹਨ। ਕਈ ਥਾਈਂ ਸਿੱਧੇ ਪੱਤਰਕਾਰਾਂ ਦੇ ਰਾਹੀਂ ਅਪਣੀ ਥਾਂ ਬਣਾਉਣ ਦੀ ਕੋਸ਼ਿਸ਼ ਵਿਚ ਹਨ ਪਰ ਇਥੇ ਸੁਆਲ ਅੰਬਾਨੀ ਦੀ ਮੀਡੀਆ ਯੋਜਨਾ ਉਤੇ ਗੱਲਬਾਤ ਦਾ ਨਹੀਂ ਹੈ। ਗੱਲਬਾਤ ਪੰਜਾਬ ਦੇ ਭੁਗੋਲ ਵਿਚ ਚੱਲ ਰਹੀ ਸੀ ਅਤੇ ਉਹ ਗੱਲਬਾਤ ਇਥੇ ਕਿਸ ਤਰ੍ਹਾਂ ਨਾਲ ਜੁੜਦੀ ਹੈ ਇਸ ਵੱਲ ਸੰਕੇਤ ਕਰਨਾ ਸੀ। ਦਰਅਸਲ ਅੰਬਾਨੀ ਨੇ ਇਸ ਦੌਰਾਨ ਕਈ ਸੰਸਥਾਵਾਂ ਅੰਦਰ ਪੈਸਾ ਲਾਇਆ ਹੈ। ਨਵੀਆਂ ਨਵੀਆਂ ਸੰਸਥਾਵਾਂ ਵਿਚ ਪੈਸੇ ਲੱਗੇ ਹੀ ਹਨ ਪਰ ਨਵੀਆਂ ਸੰਸਥਾਵਾਂ ਦੇ ਨਾਲ-ਨਾਲ ਬਾਜ਼ਾਰਪਤੀਆਂ ਨੇ ਇਕ ਵੱਡੀ ਕੋਸ਼ਿਸ਼ ਇਹ ਕੀਤੀ ਹੈ ਕਿ ਜਿਹਨਾਂ ਸੰਸਥਾਵਾਂ ਕੋਲ ਵਿਸ਼ਵਾਸਪਾਤਰਤਾ ਬਚੀ ਹੋਈ ਹੈ ਅਤੇ ਉਹ ਕਿਸੇ ਵੱਡੇ ਪੂੰਜੀਪਤੀ ਦੇ ਹੱਥ ਵਿਚ ਨਹੀਂ ਹਨ ਤਾਂ ਉਹਨਾਂ ਨੂੰ ਕਿਵੇਂ ਅਪਣੇ ਕਬਜ਼ੇ ਵਿਚ ਲਿਆ ਜਾਵੇ। ਦੇਸ਼ ਅੰਦਰ ਮੀਡੀਆ ਦਾ ਵਿਕਾਸ ਕਈ ਪੱਧਰਾਂ ਉੱਤੇ ਹੋਇਆ ਹੈ। ਕਈ ਸੰਸਥਾਵਾਂ ਸਹਿਕਾਰੀ ਸੰਮਤੀਆਂ ਦੇ ਤਹਿਤ ਚੱਲਦੀਆਂ ਹਨ ਜਿਵੇਂ ਯੂ.ਐਨ. ਆਈ. ਨੂੰ ਲੈ ਸਕਦੇ ਹਾਂ। ਉਹ ਅਖਬਾਰਾਂ ਦੀ ਅਜਿਹੀ ਸਹਿਕਾਰੀ ਸੰਮਤੀ ਹੈ ਜਿਸ ਉੱਤੇ ਕਿਸੇ ਦਾ ਕਬਜ਼ਾ ਨਹੀਂ ਰਿਹਾ। ਉਸ ਨੂੰ ਕਿਸੇ ਨੇ ਅਪਣੇ ਕਬਜ਼ੇ ਵਿਚ ਲੈਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਪਰ ਚਾਵਲ ਅਤੇ ਚੈਨਲ ਦੇ ਵਪਾਰੀ ਸੁਭਾਸ਼ ਚੰਦਰਾ ਨੇ ਉਸ ਨੂੰ ਅਪਣੇ ਕਬਜ਼ੇ 'ਚ ਕਰ ਲੈਣ ਦੀ ਪੂਰੀ ਵਾਹ ਲਾਈ ਸੀ। ਇਸੇ ਤਰ੍ਹਾਂ ਕਈ ਦੂਜੀਆਂ ਸੰਸਥਾਵਾਂ ਨੂੰ ਵੀ ਦੂਸਰੇ ਬਾਜ਼ਾਰਪਤੀਆਂ ਨੇ ਹੜੱਪਣ ਜਾਂ ਕਬਜ਼ੇ ਵਿਚ ਲੈਣ ਦੀ ਕੋਸ਼ਿਸ਼ ਅਲੱਗ ਅਲੱਗ ਤਰੀਕਿਆਂ ਨਾਲ ਕੀਤੀ ਹੈ। ਪੰਜਾਬ ਵਿਚ ਵੀ ਇਸ ਤਰ੍ਹਾਂ ਦੀਆਂ ਸੰਸਥਾਵਾਂ ਹਨ। ਉਥੇ ਇਕ ਤੱਥ ਇਸ ਰੂਪ ਵਿਚ ਸਾਹਮਣੇ ਆਇਆ ਕਿ ਸੰਪਾਦਕ ਦੀ ਨਿਯੁਕਤੀ ਵਿਚ ਕਾਫੀ ਦਿਲਚਸਪੀ ਦਿਖਾਈ ਗਈ। ਬਾਜ਼ਾਰਪਤੀਆਂ ਦੀ ਰਣਨੀਤੀ ਕਈ ਪੱਧਰਾਂ ਉੱਤੇ ਸਰਗਰਮ ਹੁੰਦੀ ਹੈ। ਕੀ ਇਹ ਪੁੱਛਿਆ ਜਾ ਸਕਦਾ ਹੈ ਕਿ ਸਾਡੇ ਦੇਸ਼ ਵਿਚ ਕਿੰਨੇ ਪੱਤਰਕਾਰਾਂ ਦੇ ਪਰਿਵਾਰ ਦੇ ਮੈਂਬਰ ਬਾਜ਼ਾਰਪਤੀਆਂ ਦੀਆਂ ਕੰਪਨੀਆਂ ਵਿਚ ਕੰਮ ਕਰ ਰਹੇ ਹਨ? ਜੇ ਕਿਸੇ ਪਾਰਟੀ ਨੇ ਪੰਜਾਬ ਵਿਚ ਕਿਸਾਨ ਅਤੇ ਕਿਸਾਨ ਦੇ ਨਾਲ 'ਸੇਜ਼' ਦਾ ਮਸਲਾ ਨਹੀਂ ਉਠਾਇਆ ਅਤੇ ਅਖਬਾਰਾਂ ਵਿਚ ਵੀ ਇਸ ਨੂੰ ਦਬਾਈ ਰੱਖਣ ਦੀ ਕੋਸ਼ਿਸ਼ ਕੀਤੀ ਹੈ ਤਾਂ ਇਸ ਨੂੰ ਕੀ ਕਿਹਾ ਜਾਵੇ? ਗੰਢ-ਤੁੱਪ ਅਤੇ ਚੁੱਪ ਦੇ ਕਈ ਰੂਪ ਹੁੰਦੇ ਹਨ। ਜਿਵੇਂ ਪੰਜਾਬ ਵਿਚ ਬਹੁਤ ਸਾਰੀਆਂ ਬੁਨਿਆਦੀ ਸਮੱਸਿਆਵਾਂ ਬਾਰੇ ਗੱਲਬਾਤ ਨਾ ਕੀਤੀ ਜਾਵੇ ਅਤੇ ਨਸ਼ਾਖੋਰੀ ਨੂੰ ਚੋਣਾਂ ਮੌਕੇ ਉਤੇ ਮੀਡੀਆ ਮੁੱਦਾ ਬਣਾਉਣ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਕੀ ਕਿਹਾ ਜਾ ਸਕਦਾ ਹੈ? ਸ਼ਰਾਬ ਦੇ ਮੁੱਦੇ ਨਾਲ ਦੋ ਕੰਮ ਜ਼ਰੂਰ ਹੋ ਸਕਦੇ ਹਨ। ਪਹਿਲਾਂ ਤਾਂ ਇਹ ਕਿ ਨਸ਼ਾਖੋਰੀ ਨਾਲ ਪਰੇਸ਼ਾਨ ਲੋਕਾਂ ਅੰਦਰ ਇਸਦੀ ਸਾਖ ਬਣ ਸਕਦੀ ਹੈ ਅਤੇ ਦੂਸਰਾ ਬਾਜ਼ਾਰਪਤੀਆਂ ਨੂੰ ਪਰੇਸ਼ਾਨ ਕਰਨ ਵਾਲੇ ਮੁੱਦੇ ਦੱਬੇ ਰਹਿ ਸਕਦੇ ਹਨ।

ਇਹਨਾਂ ਪ੍ਰਵਿਰਤੀਆਂ ਨੂੰ ਦੇਖ ਕੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚ ਮੀਡੀਆ ਦੇ ਅਧਿਐਨ ਤੋਂ ਚੁਣਾਵੀ ਤਸਵੀਰ ਨੂੰ ਨਹੀਂ ਸਮਝਿਆ ਜਾ ਸਕਦਾ। ਪੰਜਾਬ ਤੋਂ ਚੁਣਾਵੀ ਪੱਤਰਕਾਰਤਾ ਦੀ ਇਕ ਤਰ੍ਹਾਂ ਨਾਲ ਵਿਦਾਈ ਹੁੰਦੀ ਦਿਖਾਈ ਦੇ ਰਹੀ ਹੈ। ਲੋਕਤੰਤਰ ਅੰਦਰ ਇਸ ਤੋਂ ਜ਼ਿਆਦਾ ਗੰਭੀਰ ਗੱਲ ਹੋਰ ਕੀ ਹੋ ਸਕਦੀ ਹੈ ਕਿ ਮੀਡੀਆ ਸਿਰਫ ਦੋ ਪਾਰਟੀਆਂ ਦੇ ਉਮੀਦਵਾਰਾਂ ਨੂੰ ਸੰਬੋਧਤ ਕਰੇ। ਉਥੇ ਕਾਂਗਰਸ ਅਤੇ ਅਕਾਲੀ ਦਲ ਤੋਂ ਬਿਨਾ ਤੀਜਾ ਪੱਖ ਮੀਡੀਆ ਅੰਦਰ ਪੂਰੀ ਤਰ੍ਹਾਂ ਗਾਇਬ ਰਿਹਾ। ਉਮੀਦਵਾਰ ਇਕ ਅਰਥਾਂ ਵਿਚ ਜ਼ਿਆਦਾ ਖੁਸ਼ ਹੋਏ ਕਿ ਉਨ੍ਹਾਂ ਨੂੰ ਭਾਵੇ ਜਿੱਤ ਮਿਲੇ ਜਾਂ ਨਾ ਮਿਲੇ ਪਰ ਘੱਟੋ-ਘੱਟ ਇਕ ਉਮੀਦਵਾਰ ਬਣ ਕੇ ਇਕ ਫੰਡ ਜ਼ਰੂਰ ਤਿਆਰ ਕਰ ਲਿਆ। ਪੰਜਾਬ ਵਿਚ ਉਮੀਦਵਾਰਾਂ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਮੀਦਵਾਰ ਬਣਨ ਦੇ ਨਾਲ ਹੀ ਉਹਨਾਂ ਕੋਲ ਕਾਫੀ ਪੈਸਾ ਆ ਜਾਂਦਾ ਹੈ। ਉਹ ਚੋਣਾਂ ਤੋਂ ਬਾਅਦ ਵੀ ਖਰਚਣ ਦੇ ਕੰਮ ਆਉਂਦਾ ਰਹਿੰਦਾ ਹੈ। ਦਰਅਸਲ ਬਾਜ਼ਾਰਪਤੀਆਂ ਨੂੰ ਪੱਖ ਅਤੇ ਵਿਰੋਧ ਤੋਂ ਇਹ ਵਿਸ਼ਵਾਸ ਚਾਹੀਦਾ ਹੈ ਕਿ ਉਹ ਉਸਦੇ ਨਾਲ ਖੜ੍ਹਾ ਰਹੇਗਾ। ਪਿਛਲੀ ਵਾਰ ਪੱਖ ਵਾਲਿਆਂ ਨੇ ਉਹਨਾਂ ਨੂੰ ਵਿਸ਼ਵਾਸ ਦੁਆਇਆ ਸੀ ਅਤੇ ਇਸ ਵਾਰ ਉਹੋ ਵਿਸ਼ਵਾਸ ਵਿਰੋਧ ਵਾਲਿਆਂ ਨੇ ਦਿਵਾ ਦਿੱਤਾ। ਮੀਡੀਆ ਤੋਂ ਲੋਕਤੰਤਰ ਦੀ ਤਾਂ ਸ਼ਿਕਾਇਤ ਵਧਦੀ ਜਾ ਰਹੀ ਹੈ ਪਰ ਬਾਜ਼ਾਰ ਅਤੇ ਬਾਜ਼ਰਪਤੀ ਖੁਸ਼ ਹਨ। ਹੁਣੇ ਜਿਹੇ ਸੰਸਦ ਅੰਦਰ ਕਈ ਮੈਬਰਾਂ ਨੇ ਇਹ ਸ਼ਿਕਾਇਤ ਕੀਤੀ ਕਿ ਬਜਟ ਉਤੇ ਬਹਿਸ ਨੂੰ ਮੀਡੀਆ ਵਿਚ ਕੋਈ ਅਹਿਮੀਅਤ ਨਹੀਂ ਮਿਲਦੀ ਕੇਵਲ ਬਜਟ ਉੱਤੇ ਹੀ ਮਿਲਦੀ ਹੈ। ਬਜਟ ਆਉਣ ਤੋਂ ਪਹਿਲਾਂ ਮੀਡੀਆ ਬਹੁਤ ਸਰਗਰਮ ਰਹਿੰਦਾ ਹੈ। ਭਾਂਤ ਭਾਂਤ ਦੇ ਨਿਰਦੇਸ਼ ਵਿੱਤ ਮੰਤਰੀ ਨੂੰ ਦਿੰਦਾ ਹੈ। ਬਜਟ ਆਉਣ ਤੇ ਅਪਣੇ ਅਪਣੇ ਸਪੈਸ਼ਲਿਸਟਾਂ ਦੀ ਰਾਏ ਅਤੇ ਆਲੋਚਨਾਵਾਂ ਦੇ ਪੱਖ ਵਿਚ ਸਮਰਥਨ ਜੋੜਨ ਦੀ ਕੋਸ਼ਿਸ਼ ਕਰਦਾ ਹੈ। ਪਰ ਸੰਸਦ ਅੰਦਰ ਮੈਂਬਰਾਂ ਦੀਆਂ ਗੱਲਾਂ ਨੂੰ ਹਵਾ ਵਿਚ ਉਡਾ ਦਿੰਦਾ ਹੈ। ਪੰਜਾਬ ਦੀਆਂ ਚੋਣਾਂ ਵਿਚ ਦਿਖਣ ਵਾਲਾ ਮੀਡੀਆ ਭਾਰਤ ਦੇ ਲੋਕਤੰਤਰ ਉਤੇ ਰਾਜ ਕਰਨ ਜਾ ਰਿਹਾ ਹੈ।

### ਮਹਿੰਗੀ ਪਵੇਗੀ ਐਨ.ਆਰ.ਆਈ ਬਣਨ ਦੀ ਇੱਛਾ

## ਬਿਨਾਂ ਮਨਜ਼ੂਰੀ ਲਏ ਵਿਦੇਸ਼ ਵਿਚ ਰਹਿ ਰਹੇ ਅਧਿਆਪਕਾਂ ਉਪਰ ਕਸਿੱਆ ਜਾਵੇਗਾ ਸਿਕੰਜਾ

ਸੁਖਬੀਰ ਸਿੰਘ ਬਾਜਵਾ-ਚੰਡੀਗੜ੍ਹ

ਪੰਜਾਬ ਦੇ ਸਿੱਖਿਆ ਵਿਭਾਗ ਨੇ ਹੁਣ ਉਹਨਾਂ ਅਧਿਆਪਕਾਂ ਉੱਤੇ ਸਿਕੰਜਾ ਕਸੱਣ ਦਾ ਫੈਸਲਾ ਲਿਆ ਹੈ, ਜਿਹੜੇ ਵਿਦੇਸ਼ ਜਾ ਕੇ ਕੋਈ ਨਾ ਕੋਈ ਬਹਾਨਾ ਬਣਾ ਕੇ ਐਨ.ਆਈ.ਆਰ ਬਣ ਕੇ ਰਹਿ ਰਹੇ ਹਨ। ਅਜਿਹਾ ਸਿਕੰਜਾ ਉਹਨਾਂ ਅਧਿਆਪਕਾਂ ਉੱਤੇ ਕਸਿੱਆ ਜਾਵੇਗਾ, ਜਿਹੜੇ ਇਕ ਸਾਲ ਤੋਂ ਜ਼ਿਆਦਾ ਛੁੱਟੀ ਲੈ ਕੇ ਬਿਨਾਂ ਮਨਜ਼ੂਰੀ ਦੇ ਵਿਦੇਸ਼ਾਂ ਵਿਚ ਰਹਿ ਰਹੇ ਹਨ।

**ਬੱਚਿਆਂ ਦੀ ਪੜ੍ਹਾਈ ਹੁੰਦੀ ਹੈ ਖ਼ਰਾਬ-** ਵਿਭਾਗ ਦੇ ਉੱਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਇਹ ਪਤਾ ਹੋਵੇ ਕਿ ਵਿਦੇਸ਼ ਵਿਚ ਘੁੰਮਣ ਦੇ ਨਾਂ ਤੇ ਛੁੱਟੀ ਉਪਰ ਜਾ ਰਹੇ ਅਧਿਆਪਕ ਦੋ ਜਾਂ ਤਿੰਨ ਸਾਲ ਨਹੀ ਆਉਣਗੇ, ਤਾਂ ਉਸੇ ਹਿਸਾਬ ਨਾਲ ਵਿਭਾਗ ਵੀ ਸੰਬੰਧਿਤ ਸਕੂਲ ਵਿਚ ਉਸੇ ਵਿਸ਼ੇ ਦੇ ਅਧਿਆਪਕ ਦੀ ਤੈਨਾਤੀ ਕਰ ਸਕਦਾ ਹੈ। ਜੇਕਰ ਦੋ ਜਾਂ ਤਿੰਨ ਮਹੀਨੇ ਦੇ ਲਈ ਅਧਿਆਪਕ ਛੁੱਟੀ 'ਤੇ ਚਲਾ ਜਾਂਦਾ ਹੈ ਤਾਂ ਉਸਦੇ ਬਾਅਦ ਕੋਰੀਅਰ ਜਾਂ ਫੈਕਸ ਦੇ ਜ਼ਰੀਏ ਛੁੱਟੀ ਦੀ ਤਰੀਕ ਵਧਾਉਣ ਲਈ ਬੇਨਤੀ ਕਰਦਾ ਹੈ ਤਾਂ ਵਿਭਾਗ ਉਹਨਾਂ ਅਧਿਆਪਕਾਂ ਦੀ ਛੁੱਟੀ ਵਿਚ ਬਾਕਾਇਦਾ ਵਾਧਾ ਵੀ ਕਰਦਾ ਹੈ, ਪਰ ਨੁਕਸਾਨ ਤਾਂ ਸਭ ਤੋਂ ਜ਼ਿਆਦਾ ਸਕੂਲ ਦੇ ਬੱਚਿਆਂ ਦੀ ਪੜ੍ਹਾਈ ਦਾ ਹੀ ਹੁੰਦਾ ਹੈ।

**ਅਦਾਲਤਾਂ ਵਿਚ ਚਲੇ ਜਾਂਦੇ ਹਨ ਅਧਿਆਪਕ-** ਵਿਭਾਗ ਨੂੰ ਅਜਿਹੇ ਵੀ ਕਈ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸਦੇ ਵਿਚ ਅਧਿਆਪਕ ਪੰਜ ਜਾਂ ਇਸਤੋਂ ਵੱਧ ਸਾਲਾਂ ਤੱਕ ਬਿਨਾਂ ਛੁੱਟੀ ਲਏ ਵਿਦੇਸ਼ਾਂ ਵਿਚ ਰਹਿ ਰਹੇ ਹਨ ਅਤੇ ਵਿਭਾਗ ਨੇ ਉਹਨਾਂ ਨੂੰ ਅਹੁਦੇ ਤੋਂ ਖਾਰਜ ਕਰ ਦਿੱਤਾ ਹੈ। ਅਜਿਹੇ ਅਧਿਆਪਕ ਕੁਝ ਸਾਲਾਂ ਬਾਅਦ ਅਪਣੇ ਦੇਸ਼ ਪਰਤਣ ਤੋਂ ਬਾਅਦ ਵਿਭਾਗ ਦੇ ਫੈਸਲੇ ਨੂੰ ਚੁਣੌਤੀ ਦਿੰਦੇ ਹਨ ਅਤੇ ਦਬਾਰਾ ਨੌਕਰੀ ਜੁਆਇਨ ਕਰਨ ਲਈ ਮਨਜ਼ੂਰੀ ਮੰਗਦੇ ਹਨ, ਪਰ ਹੁਣ ਵਿਭਾਗ ਨੇ ਫੈਸਲਾ ਕੀਤਾ ਹੈ ਕਿ ਸੰਬੰਧਿਤ ਅਧਿਆਪਕਾਂ ਦੇ ਗ਼ੈਰ ਹਾਜ਼ਰ ਹੋਣ ਦੇ ਮੱਦੇਨਜ਼ਰ ਵਿਭਾਗ ਵਲੋਂ ਬਣਦੀ ਕਾਰਵਾਈ ਕੀਤੀ ਜਾਵੇਗੀ।


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ


Moga Painting Company
Serving Since 1985
Experts in Interior & Exterior Paint
Residential & Commercial Jobs
Experts in Colour Matching
Guaranteed Work
Reasonable Rates
Office Painting, Spray Painting, Staircase Railing, Stain & Varnish
SURJIT
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For FREE Estimates Call 780-934-3535


RESIDENTIAL | COMMERCIAL | INVESTMENT PROPERTIES
Harinder Hundal
Sales Representative
M.Sc. Eco. M.B.A.
Cell: 647-818-6880
Bus: 905-672-1234
Fax: 905-672-0672
hpshundal@gmail.com
HomeLife/United Realty Inc. Brokerage
Independently Owned & Operated
50 Sunnyvale Gate, Unit # 7, Brampton, ON L6S 0C4
Higher Standards Agents... Higher Results


Mulaquat
PRODUCTIONS
TV Program Mulaqat
Aired on VISION TV (Channel 60)
3.00 p.m. to 3.30 p.m. (Every Saturday)
Charanjit Brar
Producer & Host
647-300-8436


Are You at Risk? Stop by your Medicine Shoppe Pharmacy for a free Blood Pressure Test today. No appointment necessary
Transferring your prescription is easy.
With a simple exchange of information and no trouble at all, you can start to enjoy the one-to-one service and pharmacy-only focus that makes the move to The Medicine Shoppe Pharmacy a healthy one.
Coupon
$7.99
REXALL NATURALS
Omega 3
1000mg 90 Capsules
Coupon
$4.99
REXALL BRAND - ASA 81mg
Low Dose Enteric Coated - 120 Tablets
Coupons expires April 28, 2010
The Medicine Shoppe
PHARMACY
0210CustomRX_MS170
127 Millbourne Road East
Edmonton, AB
(780) 461-8648
Proud Supporter of the Alzheimer Society
Ask about our Alzheimers Caregiver Program today.
Jasbir Bhui
B.Sc. Pharm
Pharmacist/Owner


MILLWOODS SUZUKI
FOR THOSE WHO WANT IT ALL!
0% PURCHASE FINANCING FOR 72 MONTHS!
No Payments for 90 Days O.A.C.
NEW 2010 GRAND VITARA
NEW 2010 SX4 HATCHBACK
NEW 2010 SX4 SEDAN
$168 AT 0% APR
Bi-Weekly For 72 Months with $3,600 Down Payment
$135 AT 0% APR
Bi-Weekly For 72 Months with $2,175 Down Payment
$98 AT 0% APR
Bi-Weekly For 72 Months with $2,000 Down Payment
TEST DRIVE A Kizashi TODAY!
Every new Suzuki comes with a 5-year 100,000 kilometre powertrain limited warranty.
Introducing the New 2011 Kizashi
Loaded with Luxury Features.
Intelligent All Wheel Drive.
#1 SUZUKI DEALER IN ALBERTA
THE POWER OF CONTROL
SHOP 24/7 @ MILLWOODS SUZUKI.COM
OPEN SUNDAY 12PM - 4PM
3403-93 ST. ON THE AUTO ROW
1-888-478-6391
Jessy S. Prihar
Dealer Principal
BEST SERVICE! BEST PRICES! BEST SELECTION!
Mr. Greg Harrison
Sales Manager



Supreme Pizza
Punjabi Pizza
Menisa Plaza (on Millwood Road) 1079 Knottwood Road East NW Edmonton
Chicken Wings Hot, Honey Garlic
(780) 485-1213 or (780) 485-1231

1 Large Pizza with 4 Toppings, 2 Can Coke & 24 Wings

ਸੁਪਰੀਮ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ
ਪੰਜਾਬੀ ਸਟਾਈਲ ਪੀਜ਼ਾ



**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

Try Us Tonight For Best Deal
In Town
**3 For 1**
Any 3 Toppings
12" Medium - 14" Large

Buy 1 Get 1 Free

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.
2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**

BRIDGEPORT
HOMES LTD.

WE ASSURE BEATING MARKET PRICE



Lots available for Bi-Level Homes in Silverberry Area

New Town Homes in Silverberry (Preselling)



ਸਿਲਵਰਬੇਰੀ ਏਰੀਏ ਵਿਚ ਨਵਾਂ ਘਰ ਖਰੀਦਣ ਲਈ ਅੱਜ ਹੀ **ਡੌਲੀ ਚੌਹਾਨ** ਨੂੰ ਫੋਨ ਕਰੋ

For more information call: Dolly Chauhan Phone: 780-935-7718